
ਬਰੂਗਾਮ ਸਾਰਥੀ

Ravinder Kaur
B.A I
1088

ਮੇਰਾ ਪਾਕਿਸਤਾਨੀ
ਸਫ਼ਰਨਾਮਾ



ਮੇਰਾ ਪਾਕਿਸਤਾਨੀ ਸਫ਼ਰਨਾਮਾ

ਬਲਰਾਜ ਸਾਹਨੀ

ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ

1989

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ

ਮੁਦ੍ਰਕ : ਨਟਰਾਜ ਆਫ਼ਸੈਟ ਪ੍ਰਿੰਟਰਸ, ਦਿੱਲੀ

ਮੁੱਲ 18 ਰੁਪਏ

ਬੜੇ ਪਿਆਰ, ਸਤਿਕਾਰ ਤੇ ਮਾਨ ਨਾਲ
ਉਸ ਨਿਰਾਲੇ ਜਲੂਸ ਦੀ ਯਾਦ ਵਿਚ
ਮੈਂ ਇਹ ਪੁਸਤਕ ਬੇਗਮ ਕਮਾਲ ਅਹਿਮਦ ਨੂੰ
ਅਰਪਣ ਕਰਦਾ ਹਾਂ ।

— ਲੇਖਕ

ਮੇਰਾ
ਪਾਕਿਸਤਾਨੀ
ਸਫ਼ਰਨਾਮਾ

੧

੦ ੦ ੦

ਦਿੱਲੀ (੯ ਅਕਤੂਬਰ ੧੯੬੨)

'ਪਾਕਿਸਤਾਨ ਦੀ ਸੈਰ ਦਾ ਪ੍ਰੋਗਰਾਮ ਬਣਾਂਦਿਆਂ ਇਹ ਖ਼ਿਆਲ ਨਹੀਂ ਆਇਆ ਕਿ ਉਸ ਦਾ ਅਸਰ ਮੇਰੀ ਬੁੱਢੀ ਮਾਤਾ ਉਪਰ ਕੀ ਹੋਵੇਗਾ। ਉਸ ਨੂੰ ਮੇਰਾ ਜਾਣਾ ਬਿਲਕੁਲ ਪਸੰਦ ਨਹੀਂ ਆ ਰਿਹਾ। ਮੈਂ ਕਹਿਨਾਂ, "ਮਾਤਾ ਜੀ, ਜ਼ਰਾ ਸੋਚੋ ਤਾਂ ਸਹੀ ਮੈਂ ਪਿੰਡੀ ਜਾਸਾਂ, ਭੇਰੇ ਜਾਸਾਂ, ਪੁਰਾਣੇ ਆਪਣੇ ਘਰ ਵੇਖਸਾਂ, ਨਿੱਕਿਆਂ ਹੁੰਦਿਆਂ ਦੇ ਦੋਸਤਾਂ ਨੂੰ ਮਿਲਸਾਂ।"

"ਹੁਣ ਕਿਹੜੇ ਪਾਸੇ ਦੀ ਦੋਸਤੀ ਤੇ ਕਿਹੜੇ ਘਰ ਬਾਰ! ਸਾਡਾ ਹੁਣ ਕੇ ਲਗਾ ਰਹਿ ਗਿਐ ਉਹਨਾਂ ਥਾਵਾਂ ਨਾਲ!"

"ਉਹ ਤਾਂ ਕੋਈ ਨਹੀਂ, ਪਰ ਸੈਰ ਸਪਾਟਾ ਕਰਨ ਵਿਚ ਕੇ ਹਰਜ ਏ?"

"ਤੂੰ ਤਾਂ ਪੁੱਤਰ ਸੈਰ ਸਪਾਟੇ ਚੜ੍ਹਿਆ ਰਹਿਸੈਂ ਤੇ ਮੇਰੀ ਵਿਚੇ ਜਾਨ ਟੰਗੀ ਰਹਿਸੀ। ਬੜੇ ਮੂਰਖ ਲੋਕ ਨੇ ਉਹ। ਉਹਨਾਂ ਦਾ ਵਿਸਾਹ ਕੋਈ ਨਹੀਂ।"

"ਨਹੀਂ, ਸਾਰੀਆਂ ਬੀਤ ਗਈਆਂ ਗੱਲਾਂ। ਹੁਣ ਤਾਂ ਹਰ ਰੋਜ਼ ਲੋਕ ਆਉਂਦੇ ਜਾਂਦੇ ਰਹਿੰਦੇ ਨੇ। ਰਤੀ ਮਾਸਾ ਵੀ ਕੋਈ ਖ਼ਤਰਾ ਨਹੀਂ। ਚੰਗਾ ਲਓ, ਤੁਹਾਨੂੰ ਫ਼ਿਕਰ ਨਾ ਹੋਵੇ ਇਸ ਵਾਸਤੇ ਮੈਂ ਤੁਹਾਨੂੰ ਹਰ ਦੂਜੇ ਤਰੀਜੇ ਦਿਨ ਤਾਰ ਪਾ ਛੋੜਿਆ ਕਰਸਾਂ।"

ਟੁਰ ਤਾਂ ਪਿਆ ਘਰੋਂ ਪਰ ਮਾਤਾ ਜੀ ਦਾ ਚਿਹਰਾ ਵਟਿਆ ਹੋਇਆ

ਸੀ। ਮੇਰਾ ਸੁਆਦ ਅੱਧਾ ਰਹਿ ਗਿਆ। ਮੈਨੂੰ ਪਤਾ ਸੀ ਕਿ ਮੇਰੇ ਮੁੜਨ ਦੀ ਘੜੀ ਤੀਕ ਉਹਨਾਂ ਨੂੰ ਮੇਰੀ ਸੁਖ-ਸਾਂਦ ਦੀ ਚਿੰਤਾ ਲਗੀ ਰਹੇਗੀ।...

ਦਿੱਲੀ ਸਟੇਸ਼ਨ। ਪਲੈਟਫ਼ਾਰਮ 'ਤੇ ਕਾਫ਼ੀ ਚਿਰ ਭਟਕਣ ਤੋਂ ਬਾਅਦ ਪਤਾ ਲਗਿਆ ਕਿ ਪਾਕਿਸਤਾਨ ਵਾਲਾ ਡੱਬਾ ਗੱਡੀ ਦੇ ਬਿਲਕੁਲ ਅਖ਼ੀਰ ਵਿਚ ਲਗਾ ਹੋਇਆ ਹੈ। ਡੱਬੇ ਕੋਲ ਪੁਜਿਆ ਤਾਂ ਦਿਲ ਬੈਠ ਗਿਆ। ਬੜਾ ਹੀ ਨਾਕਸ ਸੀ। ਇੰਜ ਲਗਿਆ ਜਿਵੇਂ ਪਾਕਿਸਤਾਨ ਦੀਆਂ ਸਵਾਰੀਆਂ ਨਾਲ ਅਛੂਤਾਂ ਵਰਗਾ ਸਲੂਕ ਕੀਤਾ ਗਿਆ ਹੋਵੇ, ਜਿਵੇਂ ਉਹਨਾਂ ਨਾਲ ਰਲ ਕੇ ਮੈਂ ਵੀ ਹੁਣੇ ਤੋਂ ਆਪਣੇ ਦੇਸ਼ ਵਾਸੀਆਂ ਤੋਂ ਅੱਡ ਕਰ ਦਿਤਾ ਗਿਆ ਹੋਵਾਂ। ਨਿੱਘਰਦੇ ਜਾਂਦੇ ਦਿਲ ਨਾਲ ਮੈਂ ਸਾਮਾਨ ਅੰਦਰ ਰਖਵਾਇਆ ਤੇ ਕੁਲੀ ਨੂੰ ਵਿਦਿਆ ਕੀਤਾ।

ਚੰਗਾ, ਜੋ ਹੋਵੇਗਾ ਦੇਖਿਆ ਜਾਵੇਗਾ, ਹਾਲ ਦੀ ਘੜੀ ਤਾਂ ਚਾਅ ਲਥ ਗਿਆ। ਉਪਰ ਵਾਲੇ ਫੱਟੇ 'ਤੇ ਇਕ ਮੁਸਾਫ਼ਰ ਦਾ ਬਿਸਤਰਾ ਵਿਛਿਆ ਹੋਇਆ ਸੀ, ਪਰ ਉਹ ਆਪ ਕਿਤੇ ਗਿਆ ਹੋਇਆ ਸੀ। ਪਤਾ ਨਹੀਂ ਕਿਹੋ ਜਿਹਾ ਆਦਮੀ ਹੋਵੇਗਾ? ਕਿੰਜ ਉਸ ਦੇ ਨਾਲ ਨਿਭੇਗੀ? ਡੱਬੇ ਦੇ ਆਸ ਪਾਸ ਫ਼ਿਲਮ ਐਕਟਰ ਨੂੰ ਵੇਖਣ ਲਈ ਭੀੜਾਂ ਜਮ੍ਹਾਂ ਹੋ ਜਾਂਦੀਆਂ ਹਨ, ਅਜ ਇਕ ਬੰਦਾ ਵੀ ਨੇੜੇ ਨਹੀਂ ਢੁਕਿਆ, ਜਿਵੇਂ ਪਾਕਿਸਤਾਨ ਜਾਣਾ ਕੋਈ ਬਹੁਤ ਵੱਡਾ ਅਪਰਾਧ ਹੋਵੇ।

ਡੱਬੇ ਦੀ ਖ਼ਸਤਾ ਹਾਲਤ ਨੂੰ ਵੇਖ ਫੇਰ ਦੁਖ ਹੋਇਆ। ਭੈੜੇ ਡੱਬੇ ਲਾਣ ਦਾ ਮਕਸਦ ਜੇ ਪਾਕਿਸਤਾਨੀਆਂ ਦਾ ਅਪਮਾਨ ਕਰਨਾ ਹੈ ਤਾਂ ਨਾਲ ਆਪਣੇ ਦੇਸ ਦਾ ਵੀ ਤਾਂ ਅਪਮਾਨ ਹੁੰਦਾ ਹੈ। ਜਦੋਂ ਇਹ ਡੱਬਾ ਲਾਹੌਰ ਪੁਜੇਗਾ ਤਾਂ ਉਥੋਂ ਦੇ ਲੋਕ ਸਾਡੀ ਰੇਲਵੇ ਦੇ ਬਾਰੇ ਕੀ ਰਾਇ ਕਾਇਮ ਕਰਨਗੇ? ਪਰਾਏ ਦੇਸ ਨੂੰ ਜਾਣ ਵਾਲੇ ਡੱਬੇ ਤਾਂ ਖ਼ਾਸ ਤੌਰ 'ਤੇ ਚੜਕ-ਭੜਕ ਵਾਲੇ ਚਾਹੀਦੇ ਹਨ, ਤਾਂ ਜੋ ਰੋਅਬ ਪਏ।

ਮੇਰਾ ਸਾਥੀ ਆ ਗਿਆ। ਪੱਕਾ ਰੰਗ, ਖ਼ੂਬ ਕੱਦਾਵਰ ਤੇ ਭਰਿਆ ਭਰਿਆ ਜੁੱਸਾ? ਤੇੜ ਕਲੇਜੀ ਰੰਗ ਦੀ ਚਾਦਰ। ਉਹਨੂੰ ਵੇਖ ਕੇ ਵੀ ਮੈਂ ਘਾਬਰ ਗਿਆ। ਤੇ ਆਪਣੀ ਰੱਖਿਆ ਲਈ ਸੁਚੇਤ ਰਹਿਣਾ ਸੋਚਿਆ। ਬੜਾ ਕੱਟੜ ਜਿਹਾ ਪਾਕਿਸਤਾਨੀ ਜਾਪ ਰਿਹਾ ਸੀ। ਪਰ ਝਟ ਕੁ ਪਿਛੋਂ ਪਤਾ ਚਲਿਆ

ਕਿ ਉਹ ਇਕ ਹਿੰਦੂ ਸੱਜਣ ਸਨ, ਤੇ ਕੇਵਲ ਜਲੰਧਰ ਤੀਕ ਜਾ ਰਹੇ ਸਨ। ਬੋਲ ਚਾਲ ਜ਼ਿਲਾ ਸ਼ਾਹਪੁਰ ਦੀ ਸੀ, ਜੋ ਮੇਰਾ ਆਪਣਾ ਵੀ ਪੁਸ਼ਤੈਨੀ ਵਤਨ ਹੈ। ਮੈਂ ਭੇਰੇ ਦਾ ਤੇ ਉਹ ਸਰਗੋਧੇ ਦੇ ਨਿਕਲੇ। ਬੜੇ ਮੌਜੀ ਤਬੀਅਤ ਦੇ ਆਦਮੀ ਸਨ। ਰਾਤੀਂ ਕਾਫ਼ੀ ਦੇਰ ਤਕ ਉਹਨਾਂ ਨਾਲ ਗੱਲਾਂ ਹੁੰਦੀਆਂ ਰਹੀਆਂ। ਉਹ ਮੁੜ-ਵਸਾਊ ਮਹਿਕਮੇ ਦੇ ਅਫ਼ਸਰ ਹਨ। ਪਾਕਿਸਤਾਨ ਦੇ ਕਈ ਵਾਰੀ ਚੱਕਰ ਲਗਾ ਚੁੱਕੇ ਹਨ।

ਦਿੱਲੀਓਂ ਗੱਡੀ ਟੁਰਨ ਤੋਂ ਪਹਿਲਾਂ ਹੀ ਸਾਡੀ ਆਪਸ ਵਿਚ ਕਾਫ਼ੀ ਖੁਲ੍ਹ-ਡੁਲ੍ਹ ਹੋ ਗਈ। ਡੱਬੇ ਦੇ ਬਾਹਰ ਦਰਸ਼ਕਾਂ ਦੀ ਭੀੜ ਵੀ ਹਮੇਸ਼ਾ ਵਾਂਗ ਸਜ ਗਈ ਸੀ। ਸ਼ੁਰੂ ਸ਼ੁਰੂ ਵਿਚ ਮੇਰੇ ਅੰਦਰ ਭੈ ਪੈਦਾ ਹੋਣ ਦਾ ਕਾਰਨ ਵਹਿਮ ਤੋਂ ਛੁਟ ਹੋਰ ਕੁਝ ਨਹੀਂ ਸੀ। ਜਿਵੇਂ ਵਹਿਮ ਜੰਮਿਆਂ, ਉਂਜੇ ਮਰ ਵੀ ਗਿਆ। ਡੱਬੇ ਨੂੰ ਸਭ ਤੋਂ ਪਿਛੇ ਜੋੜਨ ਦਾ ਕਾਰਨ ਕੇਵਲ ਇਹੋ ਸੀ ਕਿ ਉਸ ਨੂੰ ਅੰਮ੍ਰਿਤਸਰ ਪੁਜ ਕੇ ਆਸਾਨੀ ਨਾਲ ਕਟ ਕੇ ਦੂਜੇ ਪਲੈਟਫ਼ਾਰਮ 'ਤੇ ਲਿਜਾਇਆ ਜਾ ਸਕੇ। ਡੱਬੇ ਦੇ ਘਟੀਆ ਹੋਣ ਦਾ ਵੀ ਏਸ ਮਿੱਤਰ ਨੇ ਕਾਰਨ ਦਸਿਆ। ਇਹ ਡੱਬਾ ਦਰਅਸਲ ਉਸ ਗੱਡੀ ਦਾ ਭਾਗ ਹੈ ਜਿਹੜੀ ਕੇਵਲ ਅੰਮ੍ਰਿਤਸਰ ਤੇ ਲਾਹੌਰ ਵਿਚਾਲੇ ਚਲਦੀ ਹੈ। ਮਸਾਂ ਤੀਹ ਕੁ ਮੀਲ ਦਾ ਪੈਂਡਾ ਹੋਣ ਕਰ ਕੇ ਸਾਡੀ ਰੇਲਵੇ ਨੂੰ ਚੰਗਾ ਇੰਜਣ ਜਾਂ ਚੰਗੇ ਡੱਬੇ ਲਾਉਣ ਵਿਚ ਕੋਈ ਲਾਭ ਨਹੀਂ। ਬਹੁਤਾ ਕਰ ਕੇ ਪਾਕਿਸਤਾਨੋਂ ਅੰਮ੍ਰਿਤਸਰ ਪੁਜਦਿਆਂ ਹੀ ਯਾਤਰੂ ਦਿੱਲੀ, ਕਲਕੱਤੇ, ਬੰਬਈ ਆਦਿ ਦੂਰ ਦੂਰ ਥਾਵਾਂ ਲਈ ਤੇਜ਼ ਰਫ਼ਤਾਰ ਗੱਡੀਆਂ ਉਤੇ ਸੁਆਰ ਹੋ ਜਾਂਦੇ ਹਨ। ਇਸ ਵਿਚ ਵਿਤਕਰੇ ਵਾਲੀ ਕੋਈ ਗੱਲ ਨਹੀਂ। ਇਹ ਸੇਵਾ ਵੀ ਸਿਰਫ਼ ਹਿੰਦੁਸਤਾਨ ਹੀ ਕਰਦਾ ਹੈ ਪਾਕਿਸਤਾਨ ਦੀ ਕੋਈ ਗੱਡੀ ਸਰਹਦ ਪਾਰ ਕਰ ਕੇ ਇਧਰ ਨਹੀਂ ਆਉਂਦੀ।

ਮੇਰੇ ਸਾਥੀ ਨੇ ਮੈਨੂੰ ਵਿਸ਼ਵਾਸ ਦਿਵਾਇਆ ਕਿ ਮੇਰਾ ਪਾਕਿਸਤਾਨ ਦਾ ਸਫ਼ਰ ਬੜਾ ਪੁਰ-ਲੁਤਫ਼ ਰਹੇਗਾ। "ਮਹਿਮਾਨ-ਨਵਾਜ਼ੀ ਉਹਨਾਂ ਲੋਕਾਂ ਤੇ ਖ਼ਤਮ ਏ," ਉਹਨਾਂ ਕਿਹਾ, "ਤੁਹਾਨੂੰ ਸਿਰ ਅੱਖਾਂ 'ਤੇ ਚੁਕ ਲੈਣਗੇ। ਤੇ ਕਿਸੇ ਕਿਸਮ ਦਾ ਤੁਹਾਨੂੰ ਕੋਈ ਖ਼ਤਰਾ ਨਹੀਂ ਬੇਸ਼ਕ ਖ਼ੁਸ਼ੀ ਨਾਲ ਜਿਥੇ ਮਰਜ਼ੀ ਜਾਓ। ਹਾਂ, ਪਰ ਗੱਲ-ਬਾਤ ਸੋਚ-ਸਮਝ ਕੇ ਕਰਨਾ। ਖ਼ੁਫ਼ੀਆ ਪੁਲਿਸ ਤੁਹਾਡੀ ਹਰ ਨਕਲੋ-ਹਰਕਤ ਉਤੇ ਨਿਗਾਹ ਰਖੇਗੀ।"

ਗੱਲਾਂ ਦੇ ਦੌਰਾਨ ਉਹ ਕਾਫ਼ੀ ਦੇਰ ਚੁੱਪ ਹੋ ਜਾਂਦੇ ਸਨ, ਜਿਵੇਂ

ਪਾਕਿਸਤਾਨੀਆਂ ਬਾਰੇ ਪੂਰੀ ਤਰ੍ਹਾਂ ਰਾਇ ਕਾਇਮ ਨਾ ਕਰ ਸਕੇ ਹੋਣ ਜਾਂ ਸ਼ਾਇਦ ਉਹਨਾਂ ਨੂੰ ਓਥੇ ਕੀਤੀਆਂ ਆਪਣੀਆਂ ਸੈਰਾਂ ਯਾਦ ਆ ਰਹੀਆਂ ਹੋਣ। ਇਕ ਪਾਸੇ ਉਹ ਤਾਰੀਫ਼ ਵੀ ਰੱਜ ਕੇ ਕਰਦੇ ਤੇ ਦੂਜੇ ਪਾਸੇ ਨਿੰਦਿਆ ਵੀ ਚੋਖੀ ਮਿਕਦਾਰ ਵਿਚ, "ਹੋ ਆਓ, ਤੁਸੀਂ ਆਪ ਸਭ ਕੁਝ ਵੇਖ ਲਓਗੇ। ਏਸ ਵਾਰੀ ਤਾਂ ਤੁਹਾਨੂੰ ਖ਼ੂਬ ਸੁਆਦ ਆਵੇਗਾ, ਪਰ ਤੁਹਾਡਾ ਦੋਬਾਰਾ ਜਾਣ 'ਤੇ ਦਿਲ ਅਗੋਂ ਸ਼ੈਦ ਨਾ ਹੀ ਕਰੇ।"

ਬੜੇ ਹੀ ਮਿਲਣਸਾਰ ਤੇ ਵਿਚਾਰਵਾਨ ਸੱਜਣ ਸਨ। ਮੈਨੂੰ ਡੂੰਘੀ ਨੀਂਦੇ ਸੁੱਤਿਆਂ ਵੇਖ ਕੇ ਚੁੱਪ-ਚਾਪ ਕਿਸੇ ਉਰਲੇ ਹਟੇਸ਼ਨ ਉਤੇ ਹੀ ਲਹਿ ਗਏ ਸਨ ਤਾਂ ਜੋ ਤੜਕੇ ਵੇਲੇ ਉਹਨਾਂ ਦੇ ਮੂੰਹ-ਹੱਥ ਧੋਣ ਆਦਿ ਨਾਲ ਮੇਰੀ ਨੀਂਦ ਖ਼ਰਾਬ ਨਾ ਹੋਵੇ। ਪਰ ਜਦੋਂ ਗੱਡੀ ਜਲੰਧਰ ਪੁਜੀ ਤਾਂ ਮੈਂ ਜਾਗ ਚੁਕਿਆ ਸਾਂ। ਇਹ ਵੇਖ ਕੇ ਉਹ ਬੜੇ ਪਿਆਰ ਨਾਲ ਨਮਸਤੇ ਕਹਿਣ ਆਏ, ਤੇ ਆਪਣੇ ਹੱਥ ਵਿਚ ਫੜਿਆ ਹੋਇਆ ਇਕ ਨਾਵਲ ਮੈਨੂੰ ਭੇਟ ਕਰ ਗਏ।

੧੦ ਅਕਤੂਬਰ, ੧੯੬੨

ਮੂੰਹ ਨੂੰ ਤੌਲੀਏ ਵਿਚ ਲੁਕਾ ਕੇ ਮੈਂ ਸੱਜਰੀ ਸਵੇਰ ਦੇ ਠੰਢੇ ਠੰਢੇ ਚਾਨਣ ਵਿਚ ਚੰਗੀ ਚੰਗੀ ਲਗਦੀ ਜਲੰਧਰ ਸਟੇਸ਼ਨ ਦੀ ਚਹਿਲ-ਪਹਿਲ ਵੇਖਦਾ ਰਿਹਾ। ਮਨ ਵਿਚ ਖ਼ਿਆਲ ਉਠਿਆ : ਸਿਹਤ-ਵੱਨੇ ਲੋਕ ਹਾਂ ਅਸੀਂ ਪੰਜਾਬੀ, ਪਰ ਢਿੱਲੇ ਤੇ ਝੱਲੇ ਝੱਲੇ। ਜਲੰਧਰ-ਨਿਵਾਸੀ ਜਿਹੜੇ ਏਸ ਵੇਲੇ ਮਿੱਠੀ ਨੀਂਦਰ ਸੁੱਤੇ ਪਏ ਹੋਣਗੇ, ਜਾਂ ਸ਼ੈਦ ਹੁਣੇ ਹੁਣੇ ਅੱਖਾਂ ਖੋਲ੍ਹੀਆਂ ਹੋਣਗੀਆਂ।... ... ...

ਜਦੋਂ ਗੱਡੀ ਤੁਰੀ ਤਾਂ ਕੰਬਲ ਵਿਚ ਸਿਰ ਮੂੰਹ ਵਲ੍ਹੇਟ ਕੇ ਥੋੜਾ ਚਿਰ ਹੋਰ ਸੌਂ ਲੈਣ ਦਾ ਲਾਲਚ ਕੀਤਾ। ਗੱਡੀ ਦੇ ਸਫ਼ਰ ਵਿਚ ਇਹ ਸਵੇਰ ਵੇਲੇ ਦੀ ਨੀਂਦਰ ਸਚਮੁਚ ਬੜੀ ਸੁਆਦਲੀ ਹੁੰਦੀ ਹੈ। ਮਨ ਵਿਚੋਂ ਪਾਕਿਸਤਾਨ ਯਾਤਰਾ ਦੀ ਸਫ਼ਲਤਾ ਲਈ ਅਰਦਾਸ ਕਰਦਿਆਂ ਇਹ ਸਤਰਾਂ ਉਭਰ ਆਈਆਂ :

ਭੁੱਖਾਂ ਲੈ ਕੇ ਚਲਿਆਂ ਰੱਬਾ ਲਾਹਵੀਂ,
ਆਸਾਂ ਦੀ ਟਹਿਣੀ 'ਤੇ ਫੁੱਲ ਖਿੜਾਵੀਂ।
ਗ਼ੈਰ-ਮੁਲਕੀਏ ਹੋ ਗਏ ਮੇਰੇ ਵਤਨੀਂ,
ਹੋਰ ਉਹਨਾਂ ਨੂੰ ਨਾ ਹੁਣ ਗ਼ੈਰ ਬਣਾਵੀਂ।

ਅੰਮ੍ਰਿਤਸਰ ਸਟੇਸ਼ਨ ਗੱਡੀ ਸਾਢੇ ਅੱਠ ਪੁਜੀ । ਮਕਾਨਾਂ ਦੀਆਂ ਕੰਧਾਂ ਉਤੇ, ਉਰਦੂ ਅਤੇ ਗੁਰਮੁਖੀ ਵਿਚ ਅਜੀਬ ਅਜੀਬ ਇਸ਼ਤਿਹਾਰੀ ਸੁਰਖ਼ੀਆਂ ਲਿਖੀਆਂ ਵੇਖੀਆਂ । ਇਕ ਵਿਚ ਬੜੀ ਵੰਗਾਰ ਸੀ, "ਐਨਕ ਤੋੜ ਸੁਰਮਾ ।" ਖ਼ੈਰੇ, ਲਾਹੌਰ ਦੀਆਂ ਕੰਧਾਂ 'ਤੇ ਕਿਹੋ ਜਿਹੇ ਇਸ਼ਤਿਹਾਰ ਪੜ੍ਹਨ ਨੂੰ ਮਿਲਣਗੇ ? ਪਿਛਲੀ ਵਾਰੀ ਲਾਹੌਰ ਦਾ ਸਟੇਸ਼ਨ ਓਦੋਂ ਵੇਖਿਆ ਸੀ ਜਦੋਂ ਕੰਧਾਂ ਟੁਟ ਰਹੀਆਂ ਸਨ, ਅੱਗਾਂ ਬਲ ਰਹੀਆਂ ਸਨ ।

ਗੱਡੀ ਰੁਕਦਿਆਂ ਹੀ ਥੈਲਾ ਲਟਕਾਈ ਇਕ ਆਦਮੀ ਜਿਸ ਦਾ ਪਹਿਰਾਵਾ ਲਾਲਿਆਂ ਵਾਲਾ ਅਤੇ ਅੱਖਾਂ ਡਾਕੂਆਂ ਵਾਲੀਆਂ ਸਨ, ਹਿੰਦੁਸਤਾਨੀ ਪੈਸਾ ਪਾਕਿਸਤਾਨੀ ਪੈਸੇ ਵਿਚ ਤਬਦੀਲ ਕਰਨ ਲਈ ਆ ਵੜਿਆ ।

ਸਰਮਾਏਦਾਰੀ ਨਿਜ਼ਾਮ ਵਿਚ ਹਰ ਆਦਮੀ ਦਾ ਅੰਦਰਲਾ ਬੇਈਮਾਨ ਹੋ ਜਾਂਦਾ ਹੈ । ਮੇਰੀ ਜੇਬ ਵਿਚ ਕੁਲ ਮਿਲਾ ਕੇ ਇਕ ਸੌ ਦਸ ਰੁਪਏ ਸਨ । ਜੇ ਸਾਰੇ ਦੇ ਸਾਰੇ ਤਬਦੀਲ ਕਰਾ ਲਵਾਂ ਤਾਂ ਸੰਭਵ ਹੈ ਸਾਰੇ ਈ ਪੈਸੇ ਕਸਟਮ ਵਾਲੇ ਮੈਨੂੰ ਅਗੇ ਲਿਜਾਣ ਦੇਣ । ਉਂਜ ਤਾਂ ਸਿਰਫ਼ ਪੰਝੱਤਰ ਰੁਪਏ ਦੇਸੋਂ ਬਾਹਰ ਲੈ ਜਾਣ ਦੀ ਇਜਾਜ਼ਤ ਹੈ । ਮੈਂ ਸੌ ਦਾ ਨੋਟ ਉਸ ਨੂੰ ਫੜਾਂਦਿਆਂ ਆਪਣੇ ਲਾਲਚ ਦੀ ਤਸਦੀਕ ਕਰਨ ਖ਼ਾਤਰ ਪੁੱਛਿਆ, "ਪੰਝੱਤਰ ਤੋਂ ਜ਼ਿਆਦਾ ਕੀ...?"

"ਆਹੋ ਜੀ, ਤੇ ਅਸਾਂ ਤੁਹਾਨੂੰ ਕਿਹੜੇ ਵਧ ਦੇਣੇ ਐਂ," ਉਹਨੇ ਵਿਚੋਂ ਟੋਕਦਿਆਂ ਪੰਝੀ ਰੁਪਏ ਹਿੰਦੁਸਤਾਨੀ ਤੇ ਬਾਕੀ ਰਕਮ ਪਾਕਿਸਤਾਨੀ ਨੋਟਾਂ ਵਿਚ ਛੇਤੀ ਛੇਤੀ ਗਿਣ ਕੇ ਹਵਾਲੇ ਕੀਤੀ ਤੇ ਟੁਰਦਾ ਬਣਿਆਂ । ਉਹਦੀ ਫੁਰਤੀ ਨੇ ਹਣ ਮੈਨੂੰ ਡੋਬੂ ਪਾ ਦਿਤੇ । ਖ਼ੈਰੇ ਕੌਣ ਸੀ ਤੇ ਕੌਣ ਨਹੀਂ ਸੀ ? ਪਤਾ ਨਹੀਂ ਅਸਲੀ ਨੋਟ ਦਿਤੇ ਸੂ ਕਿ ਨਕਲੀ ? ਭਲਾ ਮੈਨੂੰ ਇਕ ਅਣਜਾਣ ਆਦਮੀ ਨਾਲ ਸੌਦਾ ਕਰਨ ਦੀ ਕੀ ਜਲਦੀ ਪਈ ਸੀ ? ਰੁਪਏ ਪਾਕਿਸਤਾਨ ਪੁਜ ਕੇ ਨਹੀਂ ਸਨ ਬਦਲੇ ਜਾ ਸਕਦੇ ? ਇਸ ਸੌਦੇ ਦਾ ਮੈਨੂੰ ਫ਼ਾਇਦਾ ਕੀ ਹੋਇਆ ? ਜੇ ਵਾਹ ਪਾਣਾ ਈ ਸੀ ਤਾਂ ਫੇਰ ਆਪਣੇ ਮੂੰਹੋਂ ਪੰਝੱਤਰ ਕਹਿਣ ਦੀ ਕੀ ਲੋੜ ਸੀ ? ਜੇ ਨਾ ਬੋਲਦਾ ਤਾਂ ਸ਼ੈਦ ਉਹ ਚੁੱਪ ਚਾਪ ਸੌ ਹੀ ਬਦਲ ਦੇਂਦਾ, ਆਪਣੀ ਗ਼ੈਰ-ਕਾਨੂੰਨੀ ਕਮਿਸ਼ਨ ਕਟ ਕੇ । ਮੇਰੇ ਬੋਲਣ ਨਾਲ ਉਸ ਨੂੰ ਜ਼ਰੂਰ ਮੇਰੇ ਪਾਰਸਾ ਹੋਣ ਦਾ ਸ਼ਕ ਪੈ ਗਿਆ ਹੋਣੈਂ । ਏਸੇ ਕਰ ਕੇ ਜਲਦੀ ਖਿਸਕਣ ਦੀ ਕੀਤੀ ਉਹਨੇ ? ਉਹ ਜਾਅਲੀ ਨੋਟ ਥਮਾ ਗਿਆ

ਹੋਵੇ ਤਾਂ ਕੀ ਕਰ ਸਕਨਾਂ ? ਤੇ ਲਾਹੌਰ ਪੁਜ ਕੇ ਕੀ ਹੋਵੇਗਾ ? ਬੰਬਈਓਂ ਤੁਰਨ ਵੇਲੇ ਡਾਕਟਰ ਅਹਿਮਦ ਨੂੰ, ਜਿਨ੍ਹਾਂ ਮੈਨੂੰ ਪਾਕਿਸਤਾਨ ਆਉਣ ਦਾ ਸੱਦਾ ਦਿਤਾ ਸੀ, ਤਾਰ ਜ਼ਰੂਰ ਪਾਈ ਸੀ ਤੇ ਦਿੱਲੀ, ਤੁਰਨ ਤੋਂ ਪਹਿਲਾਂ, ਉਹਨਾਂ ਦਾ ਜੁਆਬ ਵੀ ਆ ਗਿਆ ਸੀ । ਫੇਰ ਵੀ ਪਹਿਲੇ ਹੀ ਦਿਨ ਉਹਨਾਂ ਤੋਂ ਪੈਸੇ ਤਾਂ ਨਹੀਂ ਮੰਗਣ ਲਗ ਪੈਣਾ ? ਕੀ ਪਤਾ ਉਹਨਾਂ ਮੇਰੇ ਠਹਿਰਨ ਦਾ ਇੰਤਜ਼ਾਮ ਕਿਸੇ ਹੋਟਲ ਵਿਚ ਕੀਤਾ ਹੋਵੇ । ਨਾ ਹੋਵੇ ਤਕਲੀਫ਼ ਤਾਂ ਭਾਵੇਂ ਨਾ ਈ ਹੋਵੇ, ਪਰ ਜੇ ਆ ਖਲੋਤੀ ਤਾਂ ਫੇਰ ? ਮੈਨੂੰ ਆਪਣੇ ਉਤੇ ਗੁੱਸਾ ਆਉਣ ਲਗ ਪਿਆ । ਬੇਕਾਇਦਾ ਕੰਮ ਕਰਨ ਦਾ ਮੈਨੂੰ ਲੋਭ ਹੀ ਕਿਉਂ ਹੋਇਆ ? ਪ੍ਰਦੇਸ-ਯਾਤਰਾ ਦਾ ਏਨਾ ਤਜਰਬਾ ਹੁੰਦਿਆਂ ਵੀ ਕਿਵੇਂ ਮੈਂ ਭੁੱਲ ਗਿਆ ਕਿ ਸਰਹਦੀ ਪੜਾਵਾਂ 'ਤੇ ਕਈ ਤਰ੍ਹਾਂ ਦੀਆਂ ਚਾਰ ਸੌ ਵੀਹਾਂ ਹੋ ਜਾਂਦੀਆਂ ਹਨ । ਤੇ ਚਾਰ ਸੌ ਵੀਹ ਕਰਨ ਵਾਲਿਆਂ ਨੂੰ ਸ਼ਹਿ ਵੀ ਹਮਾਤੜਾਂ ਦੇ ਗੁੱਝੇ ਲਾਲਚ ਤੋਂ ਮਿਲਦੀ ਹੈ ।... ਇਕ ਰੇਲਵੇ ਕਰਮਚਾਰੀ ਨੇ ਮੈਨੂੰ ਪਛਾਣ ਲਿਆ, ਮੇਰੇ ਕੋਲ ਆਇਆ, ਮੈਂ ਉਸ ਬੰਦੇ ਬਾਰੇ ਪੁੱਛਿਆ । ਉਹਨੇ ਦਸਿਆ ਕਿ ਖ਼ਾਸ ਖ਼ਾਸ ਬੰਦਿਆਂ ਨੂੰ ਨਕਦੀ ਤਬਦੀਲ ਕਰਨ ਦਾ ਠੇਕਾ ਮਿਲਿਆ ਹੋਇਆ ਹੈ, ਮੈਂ ਕੋਈ ਨਾਵਾਜਬ ਗੱਲ ਨਹੀਂ ਕੀਤੀ । ਇਕ ਹੋਰ ਵਹਿਮ ਦੂਰ ਹੋਇਆ ।

ਪਲੈਟਫ਼ਾਰਮ 'ਤੇ ਬਹੁਤ ਸਾਰੇ ਲੋਕ ਕੇਲੇ ਖ਼ਰੀਦ ਰਹੇ ਸਨ । ਪਾਕਿਸਤਾਨ ਵਿਚ ਚੰਗੀ ਕਿਸਮ ਦਾ ਕੇਲਾ ਨਹੀਂ ਹੁੰਦਾ, ਇਸ ਲਈ ਬਾਹਰੋਂ ਜਾਂਦਾ ਹੈ । ਏਥੇ ਭਾਅ ਅੱਠ ਆਨੇ ਦਰਜਨ ਲਾਹੌਰ ਤਿੰਨ ਰੁਪਏ । ਮੈਂ ਵੀ ਪੰਜ ਦਰਜਨ ਖ਼ਰੀਦ ਕੇ ਪੱਛੀ ਵਿਚ ਪੁਆ ਲਏ । ਆਪਣੇ ਮੇਜ਼ਬਾਨ ਲਈ ਸੌਗ਼ਾਤ ਦਾ ਕੰਮ ਦੇਣਗੇ ।

ਡੱਬਾ ਨਾਲ ਦੇ ਪਲੈਟਫ਼ਾਰਮ ਉਤੇ ਪਾਕਿਸਤਾਨ ਵਾਲੀ ਗੱਡੀ ਨਾਲ ਜੋੜ ਦਿਤਾ ਗਿਆ । ਵਾਤਾਵਰਣ ਫੇਰ ਕੁਝ ਔਖਾ ਔਖਾ ਤੇ ਨਕਲੀ ਨਕਲੀ ਹੋ ਗਿਆ । ਸਰਹਦੀ ਥਾਵਾਂ. ਪੁਲਸ ਤੇ ਕਸਟਮ ਅਫ਼ਸਰਾਂ ਦੀ ਬਹੁਲਤਾ ਕਾਰਨ, ਆਪੇ ਇੰਜ਼ ਮਹਿਸੂਸ ਹੋਣ ਲਗ ਪੈਂਦਾ ਹੈ ।

ਫ਼ਿਲਮ ਐਕਟਰ ਹੋਣ ਦੀਆਂ ਜਿਥੇ ਪਰੇਸ਼ਾਨੀਆਂ ਹਨ, ਓਥੇ ਫ਼ਾਇਦੇ ਵੀ ਘਟ ਨਹੀਂ । ਸਭ ਤੋਂ ਵੱਡਾ ਫ਼ਾਇਦਾ ਇਹ ਕਿ ਹਰ ਕੋਈ ਮਦਦ ਬੜੇ ਚਾਅ

ਨਾਲ ਤੇ ਬੇਗ਼ਰਜ਼ ਹੋ ਕੇ ਕਰਦਾ ਹੈ। ਮੈਨੂੰ ਖ਼ਾਕੀ ਵਰਦੀ ਵਾਲੇ ਅਫ਼ਸਰਾਂ ਨੇ ਬੜੇ ਹੀ ਪ੍ਰੇਮ ਨਾਲ ਆਪਣੇ ਕੋਲ ਬਿਠਾ ਲਿਆ ਤੇ ਕਿਹਾ, "ਤੁਸੀਂ ਆਪਣੇ ਸਾਮਾਨ ਦੀ ਪਰਵਾਹ ਨਾ ਕਰੋ। ਡੱਬੇ ਵਿਚ ਹੀ ਅਸੀਂ ਉਸ ਦੀ ਦੇਖ ਦਾਖ ਕਰ ਲਵਾਂਗੇ।"

ਘੰਟਾ ਡੇਢ ਮੈਂ ਉਥੇ ਬੈਠਾ ਰਿਹਾ ਤੇ ਉਹਨਾਂ ਦਾ ਕੰਮ ਕਾਰ ਵੇਖਦਾ ਰਿਹਾ। ਬੜੀ ਸਿਰ ਖਪਾਈ ਦਾ ਕੰਮ ਹੈ ਤੇ ਡਿਊਟੀਆਂ ਲੰਮੀਆਂ ਹਨ, ਸਵਾਰੀਆਂ ਵਧ ਤੋਂ ਵਧ ਕਪੜਾ ਹਿੰਦੁਸਤਾਨੋਂ ਲਿਜਾਣ ਦੀ ਕੋਸ਼ਸ਼ ਕਰਦੀਆਂ ਹਨ, ਕਿਉਂਕਿ ਏਥੋਂ ਨਾਲੋਂ ਓਥੇ ਮਹਿੰਗਾ ਹੈ।

ਇਕ ਬਾਂਕਾ ਜਿਹਾ ਮੁਸਲਮਾਨ ਗੱਭਰੂ ਇਕ ਅਫ਼ਸਰ ਨੂੰ ਖ਼ੁਸ਼ ਕਰਨ ਦੀਆਂ ਬੜੇ ਚੁਸਤ ਢੰਗ ਨਾਲ ਕੋਸ਼ਸ਼ਾਂ ਕਰ ਰਿਹਾ ਸੀ। ਉਹਦੇ ਤੇੜ ਸਿਲਕ ਦੀ ਨੀਲੀ ਨਵੀਂ ਨਕੋਰ ਚਾਦਰ ਸੀ, ਜਿਹਨੂੰ ਯਕੀਨਨ ਉਹ ਵੇਚ ਦੇਵੇਗਾ। ਦਸ ਬਾਰਾਂ ਹੋਰ ਚਾਦਰਾਂ ਉਸ ਦੇ ਸਾਮਾਨ ਵਿਚ ਸਨ। ਅਫ਼ਸਰ ਨੇ ਪੰਜ ਮਾਫ਼ ਕੀਤੀਆਂ, ਪਰ ਉਹ ਤਿੰਨ ਹੋਰ ਬਿਨਾਂ ਟੈਕਸ ਦਿਤੇ ਲੈ ਜਾਣਾ ਚਾਹੁੰਦਾ ਸੀ। ਕਦੇ ਹੱਥ ਜੋੜਦਾ, ਕਦੇ ਅਫ਼ਸਰ ਦੀਆਂ ਲੱਤਾਂ ਘੁਟਣ ਲੱਗ ਪੈਂਦਾ। ਮੇਰਠ ਵਾਲੇ ਪਾਸੇ ਦਾ ਆਦਮੀ ਸੀ ਸ਼ੈਦ। ਪਟੇ ਬੜੇ ਸੁਹਣੇ ਵਾਹੇ ਹੋਏ, ਮੂੰਹ ਵਿਚ ਪਾਨ, ਬੋਸਕੀ ਦੀ ਕਮੀਜ਼, ਬਟਨ ਖੁਲ੍ਹੇ। ਉਹਦੀਆਂ ਹਰਕਤਾਂ ਇਕ ਸੁਘੜ ਮਸਖ਼ਰੇ ਐਕਟਰ ਵਰਗੀਆਂ ਸਨ। ਅਖ਼ੀਰ ਜਦ ਉਹਦਾ ਸਾਮਾਨ ਪਾਸ ਹੋ ਗਿਆ ਤਾਂ ਉਹਨੇ ਆਪਣੀ ਜੇਬ ਵਿਚੋਂ ਖ਼ੁਸ਼ਬੂਦਾਰ ਚੁਰਟਾਂ ਦਾ ਪੈਕਟ ਕਢਿਆ ਤੇ ਚੁਰਟ ਵੰਡਣੇ ਸ਼ੁਰੂ ਕੀਤੇ। ਕੋਈ ਵੀ ਲੈਣ ਨੂੰ ਤਿਆਰ ਨਹੀਂ ਸੀ, ਪਰ ਉਹ ਜ਼ਬਰਦਸਤੀ ਸਾਡੇ ਬੋਝਿਆਂ ਵਿਚ ਇਕ ਇਕ ਪਾਈ ਜਾਂਦਾ ਸੀ, ਆਖੇ 'ਕਿਸੇ ਹੋਰ ਨੂੰ ਪਿਆ ਦੇਣਾ।' ਜੰਗਲੇ ਤੋਂ ਬਾਹਰ ਜਾ ਕੇ ਉਹਨੇ ਆਪਣਾ ਸਾਮਾਨ ਗੱਡੀ ਵਿਚ ਰਖਾਇਆ, ਤੇ ਫੇਰ ਮੁੜ ਕੇ ਜੰਗਲੇ ਕੋਲ ਆ ਖਲੋਤਾ। ਉਹਦੀਆਂ ਅੱਖਾਂ ਵਿਚ ਅਪਣੱਤ ਦੀ ਭਾਵਨਾ ਸੀ ਜਿਵੇਂ ਕਹਿ ਰਹੀਆਂ ਹੋਣ: "ਤੁਹਾਨੂੰ ਕਿਵੇਂ ਸਮਝਾਵਾਂ ਕਿ ਮੈਂ ਤੁਹਾਡਾ ਆਪਣਾ ਹੀ ਬੰਦਾ ਹਾਂ। ਹਿੰਦੁਸਤਾਨੀ ਹੋਣ ਦਾ ਮੈਨੂੰ ਓਨਾ ਹੀ ਮਾਣ ਏਂ ਜਿੰਨਾ ਤੁਹਾਨੂੰ। ਮੈਨੂੰ ਆਪਣੇ ਤੋਂ ਵਖਰਾ ਨਾ ਸਮਝੋ।" ਉਹਦਾ ਅੱਧਾ ਪਰਵਾਰ ਪਾਕਿਸਤਾਨ ਵਿਚ ਸੀ ਤੇ ਅੱਧਾ ਹਿੰਦੁਸਤਾਨ ਵਿਚ। ਆਪਣੇ ਕਿਸੇ ਰਿਸ਼ਤੇਦਾਰ ਦੀ ਸ਼ਾਦੀ 'ਤੇ ਉਹ ਕੁਝ ਦਿਨਾਂ ਲਈ ਲਾਹੌਰ ਜਾ ਰਿਹਾ ਸੀ। ਮੈਨੂੰ ਅਫ਼ਸਰਾਂ

ਨੇ ਦਸਿਆ ਕਿ ਇਸ ਗੱਡੀ ਦੇ ਯਾਤਰੂਆਂ ਵਿਚ ਵਡੀ ਸੰਖਿਆ ਇਹੋ ਜਿਹੇ ਲੋਕਾਂ ਦੀ ਹੀ ਹੁੰਦੀ ਹੈ।

ਗੱਡੀ ਤੁਰੀ ਤੇ ਮੇਰੀਆਂ ਅੱਖਾਂ ਸਰਹੱਦ ਵੇਖਣ ਲਈ ਪਾਟਣ ਲਗ ਪਈਆਂ। ਇਕ ਸਕਿਊਰਿਟੀ ਅਫ਼ਸਰ ਮੇਰੇ ਨਾਲ ਆ ਕੇ ਬਹਿ ਗਏ ਸਨ। ਇਹ ਗੱਡੀ ਨੂੰ ਸਰਹੱਦ ਪੁਚਾ ਕੇ ਉਤਰ ਜਾਣਗੇ। ਦੂਜੇ ਪਾਸੇ ਪਾਕਿਸਤਾਨੀ ਅਫ਼ਸਰ ਉਹਨਾਂ ਦੀ ਥਾਂ ਲੈ ਲਏਗਾ।

ਅਟਾਰੀ ਸਟੇਸ਼ਨ ਉਤੇ ਗੱਡੀ ਦਾ ਡਰਾਈਵਰ ਤੇ ਫ਼ਾਇਰਮੈਨ ਮੈਨੂੰ ਇੰਜਨ ਵਿਚ ਬੈਠ ਕੇ ਸਰਹੱਦ ਵੇਖਣ ਦਾ ਸੱਦਾ ਦੇਣ ਆਏ। ਕਿਹੋ ਜਿਹੀ ਝਾਤੀ ਹੋਵੇਗੀ ਇਹ? ਕੀ ਦੋਹਾਂ ਪਾਸੇ ਪੁਲਸ ਤੇ ਫ਼ੌਜ ਦਾ ਪਹਿਰਾ ਹੋਵੇਗਾ? ਕਿਸ ਤਰ੍ਹਾਂ ਦੀ ਹੱਦ-ਬੰਦੀ ਕੀਤੀ ਗਈ ਹੋਵੇਗੀ? ਕੀ ਕੋਈ ਕੰਡਿਆਂ ਵਾਲੀ ਤਾਰ ਵਿਛਾਈ ਗਈ ਹੋਵੇਗੀ? ਕਿੰਨੀ ਦੂਰ ਤਕ ਵਿਛਾਈ ਗਈ ਹੋਵੇਗੀ ਇਹ ਤਾਰ ਇੰਜਨ ਟਾਂਗੇ ਵਿਚ ਜੁਤੇ ਹੋਏ ਕਿਸੇ ਬੁੱਢੇ ਘੋੜੇ ਵਾਂਗ ਹੰਭਲੇ ਮਾਰਦਾ ਟੁਰ ਰਿਹਾ ਸੀ, ਤੇ ਆਸੇ ਪਾਸੇ ਵਿਸ਼ਾਲ ਮਾਰੂ-ਥਲ ਜਿਹਾ ਦਿਸ ਰਿਹਾ ਸੀ।

ਅਚਾਨਕ ਇਕ ਦਰਖ਼ਤ ਹੇਠ ਕੁਝ ਸਿਪਾਹੀ ਲੇਟੇ ਅਰਾਮ ਕਰਦੇ ਦਿੱਸੇ। ਉਸੇ ਵੇਲੇ ਡਰਾਈਵਰ ਨੇ ਕਿਹਾ, "ਬਸ ਜੀ, ਇਹੋ ਹਦ ਏ!" ਤੇ ਥੋੜੀ ਜਿਹੀ ਵਿਥ ਪਿਛੋਂ ਮੈਂ ਖੇਤਾਂ ਵਿਚ ਮੁਸਲਮਾਨ ਕਿਸਾਨ, ਉਹਨਾਂ ਦੀਆਂ ਤੀਵੀਆਂ ਤੇ ਬੱਚਿਆਂ ਨੂੰ ਵੇਖਣ ਲਗ ਪਿਆ। ਮੈਂ ਹੁਣ ਪਾਕਿਸਤਾਨ ਵਿਚ ਸਾਂ, ਮੁਸਲਮਾਨਾਂ ਦੇ ਮੁਲਕ ਵਿਚ, ਇਕ ਗ਼ੈਰ ਮੁਲਕ ਵਿਚ! ਪਰ ਇਹ ਲੋਕ ਤਾਂ ਮੈਂ ਪਹਿਲਾਂ ਦੇ ਵੇਖੇ ਹੋਏ ਹਨ। ਪੇਂਡੂਆਂ ਦਾ ਖ਼ਿਆਲ ਕਰਦਿਆਂ ਇਹਨਾਂ ਲੋਕਾਂ ਦੀ ਤਸਵੀਰ ਹੀ ਤਾਂ ਮੇਰੇ ਮਨ ਵਿਚ ਆਉਂਦੀ ਸੀ। ਨਾ ਇਹ ਲੋਕ ਨਵੇਂ ਨਿਕਲੇ ਤੇ ਨਾ ਹੀ ਓਪਰੇ...... ਮੈਨੂੰ ਕਿਹੜਾ ਅਨੋਖਾਪਣ ਵੇਖਣ ਦੀ ਏਨੀ ਉਡੀਕ ਸੀ? ਹਾਂ ਇਕ ਫ਼ਰਕ ਜ਼ਰੂਰ ਸੀ, ਕਿਤੇ ਕੋਈ ਸਿੱਖ ਸਰਦਾਰ ਨਜ਼ਰੀਂ ਨਹੀਂ ਸੀ ਪੈਂਦਾ।

ਪਾਕਿਸਤਾਨ ਦਾ ਪਹਿਲਾ ਸਟੇਸ਼ਨ ਵਾਘਾ ਆ ਗਿਆ। ਗੱਡੀ ਰੁਕੀ। ਮੈਂ ਪਲੇਟਫ਼ਾਰਮ ਉਤੇ ਉਤਰਿਆ। ਜਦੋਂ ਆਪਣੇ ਡੱਬੇ ਵਲ ਜਾ ਰਿਹਾ ਸਾਂ, ਇਕ ਚਿੱਟੀ ਦਾੜ੍ਹੀ ਵਾਲੇ ਬਜ਼ੁਰਗ ਨੇ ਬਾਰੀ ਵਿਚੋਂ ਨਿਉਂ ਕੇ ਮੇਰੇ ਨਾਲ ਹਥ ਮਿਲਾਇਆ ਤੇ ਕਿਹਾ, "ਬਲਰਾਜ ਸਾਹਨੀ ਸਾਹਿਬ, ਚੰਦ ਅਲਫ਼ਾਜ਼ ਇਸ ਨਾਚੀਜ਼ ਸੇ ਭੀ ਸੁਨਤੇ ਜਾਈਏ। ਮੇਰੀ ਉਮਰ ਕੇ ਆਦਮੀ ਕੋ ਫ਼ਿਲਮੇਂ ਦੇਖਨੇ ਕਾ ਬਹੁਤ ਕਮ ਸ਼ੌਕ ਹੋਤਾ ਹੈ, ਮਗਰ ਆਪ ਕੀ ਫ਼ਿਲਮ ਮੈਂ ਹਮੇਸ਼ਾ ਦੇਖਤਾ ਹੂੰ,

ਔਰ ਮੁਝੇ ਆਪ ਕੋ ਦੇਖ ਕਰ ਜੋ ਮੁਸੱਰਤ ਹੂਈ ਹੈ ਬਿਆਨ ਨਹੀਂ ਕਰ ਸਕਤਾ। ਆਪ ਇਨਸਾਨੀ ਜਜ਼ਬਾਤ ਕੋ ਹਕੀਕਤ ਬਨਾ ਕਰ ਪੇਸ਼ ਕਰਤੇ ਹੈਂ। ਆਪ ਕੀ ਫ਼ਿਲਮੇਂ ਇਖ਼ਲਾਕੀ ਔਰ ਤਮੱਦੁਨੀ ਏਤਬਾਰ ਸੇ ਬੁਲੰਦ ਹੋਤੀ ਹੈਂ। ਆਪ ਸੇ ਦਰਖ਼ਾਸਤ ਹੈ ਕਿ ਅਪਨੇ ਇਨਸਾਨੀ ਮਿਯਾਰ ਕੋ ਕਭੀ ਮਤ ਛੋੜੀਏਗਾ। ਅੱਲਾ ਤੱਲਾ ਆਪ ਕੋ ਖ਼ੁਸ਼ ਰਖੇ।"

ਮੈਂ ਭੌਂਚਕ ਹੋ ਕੇ ਉਸ ਵਲ ਵੇਖਦਾ ਈ ਰਹਿ ਗਿਆ, ਮੇਰੇ ਮੂੰਹੋਂ ਇਕ ਲਫ਼ਜ਼ ਵੀ ਨਾ ਨਿਕਲ ਸਕਿਆ। ਪਰ ਜਦੋਂ ਆਪਣੇ ਡੱਬੇ ਵਿਚ ਪੁੱਜਾ ਤਾਂ ਅੰਦਰ ਜਜ਼ਬਿਆਂ ਦਾ ਤੂਫ਼ਾਨ ਜਿਹਾ ਉਠ ਰਿਹਾ ਸੀ।

ਡੱਬੇ ਵਿਚ ਇਕ ਠੇਠ ਲਾਹੌਰੀ ਬੋਲੀ ਬੋਲਣ ਵਾਲੇ ਪਾਕਿਸਤਾਨੀ ਸਕਿਉਰਿਟੀ ਅਫ਼ਸਰ ਆ ਗਏ; ਇਹੋ ਇਕ ਫ਼ਸਟ ਕਲਾਸ ਦਾ ਡੱਬਾ ਸੀ, ਇਸ ਕਰਕੇ ਸ਼ੈਦ ਅਫ਼ਸਰ ਏਥੇ ਹੀ ਆ ਕੇ ਬਹਿੰਦੇ ਹਨ। ਤੀਹ ਕੁ ਸਾਲ ਦੀ ਉਮਰ ਸੀ, ਵੇਖਣ ਵਿਚ ਚੰਗੇ ਸੁਹਣੇ, ਗੋਰੇ ਚਿੱਟੇ। ਉਹਨਾਂ ਮੇਰਾ ਪਾਸਪੋਰਟ ਵੇਖਿਆ, ਇਕ ਫ਼ਾਰਮ ਭਰਨ ਲਈ ਦਿਤਾ। ਉਹਨਾਂ ਦੇ ਅੰਦਾਜ਼ ਤੋਂ ਸਾਫ਼ ਦਿਸ ਰਿਹਾ ਸੀ ਕਿ ਉਹ ਮੇਰੇ ਨਾਂ ਤੋਂ ਜਾਣੂ ਹਨ, ਪਰ ਇਸ ਗੱਲ ਨੂੰ ਜ਼ਾਹਿਰ ਨਹੀਂ ਕਰ ਰਹੇ। ਇਸ ਗੱਲ ਦੀ ਬੜੀ ਖ਼ੁਸ਼ੀ ਹੋਈ ਕਿ ਉਹਨਾਂ ਮੇਰੇ ਨਾਲ ਅੰਗਰੇਜ਼ੀ ਜਾਂ ਉਰਦੂ ਵਰਤਣ ਦੀ ਖੇਚਲ ਨਾ ਕੀਤੀ। ਉਹਨਾਂ ਦੀ ਪੰਜਾਬੀ ਸੁਣ ਕੇ ਮੈਨੂੰ ਬੜਾ ਸੁਆਦ ਆ ਰਿਹਾ ਸੀ, ਤੇ ਪਰਦੇਸੀ ਪਣੇ ਦਾ ਅਹਿਸਾਸ ਘਟਦਾ ਜਾ ਰਿਹਾ ਸੀ:

"ਲਾਹੌਰ ਵਿਚ ਤੁਸੀਂ ਕਿਥੇ ਠਹਿਰੋਗੇ ਜੀ?" ਉਹਨਾਂ ਨੇ ਪੁੱਛਿਆ।

ਮੈਂ ਬੜੇ ਸ਼ੌਕ ਨਾਲ ਬੋਝੇ ਵਿਚੋਂ ਇਕ ਤਾਰ ਕੱਢ ਕੇ ਵਿਖਾਈ ਜੋ ਮੈਨੂੰ ਅੰਮ੍ਰਿਤਸਰੋਂ ਟੁਰਨ ਤੋਂ ਝੱਟ ਕੁ ਪਹਿਲਾਂ ਮਿਲੀ ਸੀ, ਤੇ ਜਿਸ ਨੇ ਮੇਰੀਆਂ ਸਾਰੀਆਂ ਚਿੰਤਾਵਾਂ ਦੂਰ ਕਰ ਦਿਤੀਆਂ ਸਨ:

"ਕਿਰਪਾ ਕਰਕੇ ਹਿੰਦੁਸਤਾਨੀ ਮੁਸਾਫ਼ਰ ਬਲਰਾਜ ਸਾਹਨੀ ਨੂੰ ਲੱਭੋ ਤੇ ਦਸੋ ਕਿ ਉਹ ਗੌਰਮਿੰਟ ਕਾਲਜ ਲਾਹੌਰ ਦੇ ਪ੍ਰਿੰਸੀਪਲ ਕੋਲ ਠਹਿਰਨਗੇ। — ਡਾ: ਨਜ਼ੀਰ ਅਹਿਮਦ।"

੨

ooo

ਗੱਡੀ ਰੁਕੀ। ਮੈਂ ਬਾਰੀ ਵਿਚੋਂ ਝਾਤ ਮਾਰ ਕੇ ਲਾਹੌਰ ਸਟੇਸ਼ਨ ਦੀਆਂ ਬੁਰਜੀਆਂ ਵਲ ਵੇਖਿਆ।

ਮੈਨੂੰ ਲਾਹੌਰ ਕਦੇ ਵੀ ਬਹੁਤਾ ਯਾਦ ਨਹੀਂ ਸੀ ਆਉਂਦਾ। ਬਹੁਤਾ ਕਰ ਕੇ ਪਿੰਡੀ ਲਈ ਜੀਅ ਤੜਫਦਾ ਸੀ। ਇਸ ਦੇ ਕਈ ਕਾਰਨ ਸਨ। ਇਕ ਤਾਂ ਮੈਂ ਬਚਪਨ ਤੋਂ ਦਿਸ-ਹੱਦੇ ਤੇ ਪਹਾੜ ਵੇਖਣ ਦਾ ਆਦੀ ਸਾਂ। ਜਦੋਂ ਪਿੰਡੀ ਛਡ ਕੇ ਗੌਰਮਿੰਟ ਕਾਲਜ, ਲਾਹੌਰ ਦੇ ਨਿਊ ਹੋਸਟਲ ਵਿਚ ਆ ਡਟਿਆ ਤਾਂ ਉਹਦੇ ਕੋਠੇ ਤੋਂ ਕਿਸੇ ਪਾਸੇ ਕੋਈ ਪਹਾੜ ਨਾ ਵੇਖ ਕੇ ਮੈਨੂੰ ਇੰਜ ਜਾਪਿਆ ਜਿਵੇਂ ਕੁਦਰਤ ਦੇ ਕਿਸੇ ਬਹੁਤ ਵੱਡੇ ਨੇਮ ਦਾ ਉਲੰਘਣ ਹੋ ਗਿਆ ਹੋਵੇ। ਉਹ ਘਬਰਾਹਟ ਮੈਨੂੰ ਅਜੇ ਤਕ ਨਹੀਂ ਭੁੱਲੀ।

ਦੂਜੇ, ਗਰਮੀਆਂ ਵਿਚ ਲਾਹੌਰ ਦੀ ਹਨੇਰੀ ਤੇ ਸਰਦੀਆਂ ਵਿਚ ਧੂੰਆਂ ਮੇਰੇ ਲਈ ਨਰਕ ਦਾ ਰੂਪ ਸਨ। ਸਾਡੇ ਪਿੰਡੀ ਝਟ ਦਾ ਝਟ ਹਨੇਰੀ-ਝੱਖੜ ਝੁੱਲਦਾ ਤੇ ਫੇਰ ਪਾਣੀ ਵਰ੍ਹਣ ਲਗ ਪੈਂਦਾ। ਮਤਲਾ ਸਾਫ਼ ਸ਼ਫ਼ਾਫ਼ ਹੋ ਜਾਂਦਾ ਤੇ ਬਾਰੀਆਂ ਬੂਹੇ ਭੱਜਣ ਦੀ ਔਝੜ ਵੀ ਚੰਗੀ ਲਗਣ ਲਗ ਪੈਂਦੀ। ਰਾਤਾਂ ਠੰਢੀਆਂ ਹੋ ਜਾਂਦੀਆਂ।

ਇਹਦੇ ਉਲਟ, ਲਾਹੌਰ ਵਿਚ ਇਕ ਵਾਰੀ ਗ਼ੁਬਾਰ ਉਠ ਪਏ ਤਾਂ ਕਿਤਨੇ ਕਿਤਨੇ ਦਿਨ ਸਾਹ ਲੈਣਾ ਵੀ ਔਖਾ ਹੋ ਜਾਂਦਾ ਸੀ। ਇਕ ਸਵੇਰ

ਨਿਊ ਹੋਸਟਲ ਦੀ ਛਤ ਤੋਂ ਬਿਸਤਰਾ ਗੋਲ ਕਰ ਕੇ ਜਦੋਂ ਹੇਠਾਂ ਆਪਣੇ ਕਿਊਬੀਕਲ ਵਿਚ ਆਇਆ ਤਾਂ ਸ਼ੀਸ਼ੇ ਵਿਚ ਆਪਣਾ ਮੂੰਹ ਵੇਖ ਕੇ ਡਰ ਗਿਆ, ਕਾਲਾ ਚੁਆਤੀ ਹੋਇਆ ਪਿਆ ਸੀ । ਤੇ ਇੰਜ ਸਰਦੀਆਂ ਵਿਚ ਧੂੰਏਂ ਨਾਲ ਕੇਵਲ ਅੱਖੀਆਂ ਹੀ ਨਹੀਂ, ਸਰੀਰ ਦੀਆਂ ਹੱਡੀਆਂ ਵੀ ਸੜੂ ਸੜੂ ਕਰਨ ਲਗ ਪੈਂਦੀਆਂ ਸਨ ।

ਫੇਰ, ਪਿੰਡੀ ਇਕ ਛੋਟਾ ਸ਼ਹਿਰ ਸੀ । ਅੰਗਰੇਜ਼ੀ ਰਾਜ ਦੀਆਂ ਕੁਟਲ-ਨੀਤੀਆਂ, ਲੋਕ-ਜੀਵਨ ਉਪਰ ਪੂਰੀ ਤਰ੍ਹਾਂ ਹਾਵੀ ਨਹੀਂ ਸਨ ਹੋਈਆਂ । ਮਹੱਲੇਦਾਰੀਆਂ ਤੇ ਬਿਰਾਦਰੀਆਂ ਦੇ ਮੇਲ-ਮਿਲਾਪ ਕਾਇਮ ਸਨ, ਦੋਸਤੀਆਂ ਵਿਚ ਖ਼ਲੂਸ ਤੇ ਮਿਠਾਸ ਸੀ । ਸ਼ਰਾਫ਼ਤ ਤੇ ਨਿਰਮਾਣਤਾ ਦੀ ਕਦਰ ਸੀ । ਫ਼ਿਰਕੂਪਣੇ ਦਾ ਜ਼ਹਿਰੀਲਾ ਬੂਟਾ ਵਧ ਜ਼ਰੂਰ ਰਿਹਾ ਸੀ, ਪਰ ਮਜ਼ਬੂਤ ਹਾਲੀਂ ਨਹੀਂ ਸੀ ਹੋਇਆ । ਪਰ ਲਾਹੌਰ ਵਡਾ ਕੇਂਦਰੀ ਸ਼ਹਿਰ ਹੋਣ ਕਰਕੇ ਨਵੇਂ ਫ਼ੈਸ਼ਨ ਦੀ "ਸਭਿਅਤਾ" ਦੇ ਰੰਗ ਵਿਚ ਰੰਗਿਆ ਜਾ ਚੁੱਕਿਆ ਸੀ । ਏਥੇ ਪੈਸੇ ਤੇ ਰਸੂਖ਼ ਦੇ ਆਦਰਸ਼ਾਂ ਨੇ ਪੁਰਾਣੇ ਢੰਗ ਦੀਆਂ ਵਜ਼ੇਦਾਰੀਆਂ ਸਭ ਖ਼ਤਮ ਕਰ ਦਿਤੀਆਂ ਸਨ । ਹੂਰਾ ਮਾਰ ਕੇ ਅੱਗੇ ਵਧਣ ਲਈ ਸਭ ਤਰ੍ਹਾਂ ਦੇ ਹੀਲੇ, ਮੰਦੇ ਤੇ ਚੰਗੇ, ਜਾਇਜ਼ ਪ੍ਰਵਾਨ ਕੀਤੇ ਜਾ ਚੁੱਕੇ ਸਨ । ਮਾਹੌਲ ਵਿਚ ਹਦ ਦਰਜੇ ਦਾ ਕੋਰਾਪਨ ਆ ਚੁੱਕਿਆ ਸੀ, ਤੇ ਵਿਦਿਆਰਥੀ-ਜੀਵਨ ਉਪਰ ਵੀ ਇਸ ਦਾ ਕੁਦਰਤੀ ਤੌਰ 'ਤੇ ਪ੍ਰਭਾਵ ਸੀ । ਖੇਡਾਂ ਵਿਚ ਤੇ ਪੜ੍ਹਾਈ ਵਿਚ, ਕੀ ਸਭ ਪਾਸੇ ਗੁੱਝੀਆਂ ਚਾਲਾਂ ਚਲੀਆਂ ਜਾਂਦੀਆਂ ਸਨ, ਜੋ ਮੁਫ਼ਸਲ ਤੋਂ ਆਏ ਮੁੰਡਿਆਂ ਲਈ ਅਨੋਖੀਆਂ ਤੇ ਭੁੰਦਲਾਊ ਸਨ । ਫ਼ਿਰਕੂ ਖਿੱਚੋਤਾਣ ਇਤਨੀ ਤੇਜ਼ੀ ਨਾਲ ਵਧ ਰਹੀ ਸੀ ਕਿ ਭਵਿੱਖ ਦੀਆਂ ਭਿਆਨਕ ਹੋਣੀਆਂ ਦਾ ਆਕਾਰ ਸਾਫ਼ ਦਿਖਾਈ ਦੇ ਜਾਂਦਾ ਸੀ ।

ਮਤਲਬ ਇਹ ਕਿ ਲਾਹੌਰ ਦੀ ਰੰਗੀਨ ਕਾਲਜੀਏਟ ਜ਼ਿੰਦਗੀ ਦੇ ਭਰਪੂਰ ਸੁਆਦ ਮਾਣਦਿਆਂ ਹੋਇਆਂ ਵੀ ਮੈਂ ਉਸ ਦੇ ਬੇਥਵ੍ਹੇ-ਪਣ ਦੇ ਅਹਿਸਾਸ ਤੋਂ ਕਦੇ ਮੁਕਤ ਨਹੀਂ ਸਾਂ ਹੋ ਸਕਿਆ । ਇਕ ਖ਼ਲਾਅ ਜਿਹਾ ਮੈਂ ਹਮੇਸ਼ਾ ਮਹਿਸੂਸ ਕਰਦਾ ਰਹਿੰਦਾ ਸਾਂ, ਜਿਹਦਾ ਕਾਰਨ ਨਾ ਤਾਂ ਮੈਂ ਸਮਝਦਾ ਸਾਂ ਤੇ ਨਾ ਮੈਨੂੰ ਕੋਈ ਸਮਝਾਣ ਵਾਲਾ ਸੀ । ਮੈਂ ਸੋਚਦਾ ਸਾਂ ਸ਼ਾਇਦ ਲਾਹੌਰ ਦੇ ਪਾਣੀ ਵਿਚ ਹੀ ਕੋਈ ਨੁਕਸ ਹੋਵੇਗਾ । ਮੈਂ ਲਾਹੌਰ ਨੂੰ ਆਪਣਾ ਕਦੇ ਨਹੀਂ ਸਾਂ ਆਖ ਸਕਿਆ ।

ਪਰ ਅਜ ਲਾਹੌਰ ਸਟੇਸ਼ਨ ਦੇ ਗੇਰਵੇ ਬੁਰਜ ਵੇਖ ਕੇ ਖੌਰੇ ਮੈਨੂੰ ਕੀ ਹੋ

ਗਿਆ ? ਇੰਜ ਜਾਪਿਆ ਜਿਵੇਂ ਉਹਨਾਂ ਲਈ ਮੇਰੀ ਰੂਹ ਜੁਗਾਂ ਜੁਗਾਂ ਤੋਂ ਤਰਸ ਰਹੀ ਸੀ । ਅੰਦਰ ਦੇ ਕਿਸੇ ਦੱਬੇ ਸੋਮੇਂ ਵਿਚੋਂ ਪਿਆਰ ਤੇ ਆਦਰ ਫੁਟ ਪਿਆ । ਫੁਟ ਬੋਰਡ ਤੋਂ ਪੈਰ ਹੇਠਾਂ ਲਾਹੁਣ ਤੋਂ ਪਹਿਲਾਂ ਮੈਂ ਹੱਥ ਨਾਲ ਧਰਤ ਨੂੰ ਛੁਹ ਕੇ ਪਰਣਾਮ ਕੀਤਾ ।

ਡਾਕਟਰ ਨਜ਼ੀਰ ਅਹਿਮਦ (ਗੌਰਮਿੰਟ ਕਾਲਜ ਲਾਹੌਰ ਦੇ ਅਜੋਕੇ ਪ੍ਰਿੰਸੀਪਲ) ਮੈਨੂੰ ਲੈਣ ਲਈ ਯੂਨੀਵਰਸਿਟੀ ਦੀ ਇਕ ਜ਼ਰੂਰੀ ਮੀਟਿੰਗ ਵਿਚੋਂ ਉਠ ਕੇ ਆ ਗਏ ਸਨ । ਉਹਨਾਂ ਦੇ ਰਸੂਖ਼ ਨੇ ਕਸਟਮ, ਪਾਸਪੋਰਟ ਆਦਿ ਦੀਆਂ ਔਖੀਆਂ ਘਾਟੀਆਂ ਮਿੰਟਾਂ ਵਿਚ ਪਾਰ ਕਰਾ ਦਿਤੀਆਂ, ਸਗੋਂ ਅਫ਼ਸਰਾਂ ਨੇ ਬੜੇ ਆਦਰ ਨਾਲ ਮੈਨੂੰ ਚਾਹ ਵੀ ਪਿਲਾਈ । ਡਾਕਟਰ ਨਜ਼ੀਰ ਅਹਿਮਦ ਬੜੇ ਸੰਤੁਸ਼ਟ ਸਨ ਕਿ ਉਹਨਾਂ ਦੇ ਮਹਿਮਾਨ ਨੂੰ ਸਾਮਾਨ ਸਮੂਨ ਖੋਲ੍ਹਣ ਦੀ ਜ਼ਹਿਮਤ ਨਹੀਂ ਕਰਨੀ ਪਈ, ਪਰ ਮੈਂ ਇਸ ਉਤਾਵਲ ਤੋਂ ਜ਼ਰਾ ਵੀ ਸੰਤੁਸ਼ਟ ਨਹੀਂ ਸਾਂ । ਮੇਰਾ ਦਿਲ ਇਕ ਇਕ ਪਲੈਟਫ਼ਾਰਮ ਗਾਹਣ ਦੀਆਂ ਸੱਧਰਾਂ ਲਾਹਣ ਲਈ ਕਰ ਰਿਹਾ ਸੀ ।

ਸ਼ਾਮ ਦੇ ਚਾਰ ਵਜੇ ਹਨ । ਕਾਫ਼ੀ ਚਿਰ ਸੌਂ ਲਿਆ ਹੈ ਮੈਂ । ਜਿਸਮ ਵਿਚ ਤਾਜ਼ਗੀ ਆ ਗਈ ਹੈ । ਜੀਅ ਕਰਦਾ ਹੈ ਝਟ ਸੜਕਾਂ 'ਤੇ ਉਠ ਦੌੜਾਂ । ਗੌਰਮਿੰਟ ਕਾਲਜ ਦੇ ਟਾਵਰ ਦੀ ਉਹੋ ਪੁਰਾਣੀ ਘੜੀ ਟਨ-ਟਨ ਕਰਦੀ ਹੈ ਯਾਰਾਂ ਵਜਾਏ ਸੁ ਸ਼ੈਦ । ਉਹੋ ਪੁਰਾਣੀ ਬੇ-ਪਰਵਾਹੀ ਉਸ ਦੀ, ਜਿਸ ਬਾਰੇ ਤਰ੍ਹਾਂ ਤਰ੍ਹਾਂ ਦੇ ਲਤੀਫ਼ੇ ਘੜੇ ਜਾਂਦੇ ਸਨ । ਅਜੀਬ ਝਰਨਾਟਾਂ ਛਿੜਦੀਆਂ ਹਨ ਇਹਦੀ ਟਨ-ਟਨ ਸੁਣ ਕੇ । ਯਾਦਾਂ ਨਹੀਂ ਉਜਾਗਰ ਹੁੰਦੀਆਂ — ਕੇਵਲ ਇਕ ਡੂੰਘਾ ਜਿਹਾ ਟਿਕਾਅ, ਤਸਕੀਨ ਜਿਹੀ; ਜਿਵੇਂ ਕੜਕਦੀ ਧੁੱਪ ਵਿਚ ਦੂਰ ਦੂਰ ਉਡਾਰੀਆਂ ਮਾਰ ਕੇ ਮੁੜਿਆ ਭੁੱਖਾ ਪਿਆਸਾ ਪੰਛੀ ਆਲ੍ਹਣੇ ਦਾ ਸੁਆਦ ਮਾਣ ਰਿਹਾ ਹੋਵੇ । ਦੂਰੋਂ ਟਾਂਗਿਆਂ ਦੀਆਂ ਟੱਲੀਆਂ, ਕਾਲਜ ਦੇ ਸਾਹਮਣੇ ਫਲ ਵੇਚਣ ਵਾਲਿਆਂ ਦੀਆਂ ਵਾਜਾਂ...... ।

ਜਿਸ ਬੰਗਲੇ ਵਿਚ ਮੈਂ ਠਹਿਰਿਆ, ਓਸ ਜ਼ਮਾਨੇ ਵਿਚ ਜੀ. ਡੀ. ਸੋਂਧੀ ਸਾਹਿਬ ਦੀ ਰਿਹਾਇਸ਼-ਗਾਹ ਸੀ । ਉਹੋ ਨਿਮ੍ਹੇਂ ਨਿਮ੍ਹੇਂ ਚਾਨਣ ਵਾਲੇ ਠੰਡੇ ਠੰਡੇ ਕਮਰੇ, ਜਾਲੀਦਾਰ ਦਰਵਾਜ਼ੇ । ਗ਼ੁਸਲਖ਼ਾਨੇ ਵਿਚ ਤੌਲੀਆ ਖਿਲਾਰਨ ਵਾਲਾ ਰੈਕ । ਇਹ ਸਭ "ਭਵਾਨੀ ਜੰਕਸ਼ਨ" ਫ਼ਿਲਮ ਵਿਚ ਬੜੀ ਯਥਾਰਥਕਤਾ ਨਾਲ ਵਿਖਾਇਆ ਗਿਆ ਸੀ । ਭਾਵੇਂ ਫ਼ਿਲਮ ਬੜੀ ਘਟੀਆ ਸੀ, ਫੇਰ ਵੀ

ਬੰਬਈ ਦੇ ਸਿਨਮਾ-ਹਾਲ ਵਿਚ ਬੈਠਾ, ਅੱਜ ਤੋਂ ਦਸ ਸਾਲ ਪਹਿਲਾਂ, ਮੈਂ ਲਾਹੌਰ ਲਈ ਓਦਰ ਪਿਆ ਸਾਂ।

ਸਾਡੇ ਵੇਲੇ ਇਹਨਾਂ ਬੰਗਲਿਆਂ ਵਿਚ ਵੜਦਿਆਂ ਲੱਤਾਂ ਕੰਬਦੀਆਂ ਹੁੰਦੀਆਂ ਸਨ। ਪ੍ਰੋਫ਼ੈਸਰਾਂ ਦਾ ਧਮਾਕੇਦਾਰ ਅੰਗਰੇਜ਼ੀ ਡਰਾਵਾ ਹੁੰਦਾ ਸੀ। ਪਰ ਹੁਣ ਉਹ ਗੱਲ ਬਿਲਕੁਲ ਨਹੀਂ। ਬਾਹਰੋਂ ਘੰਟੀ ਵਜਦਿਆਂ ਸਾਰ ਡਾਕਟਰ ਨਜ਼ੀਰ ਅਹਿਮਦ ਖ਼ੁਦ ਦੌੜ ਕੇ ਬਾਹਰ ਜਾਂਦੇ ਹਨ, ਕੋਈ ਦਰਬਾਨ ਨਹੀਂ, ਵਰਦੀ ਵਾਲਾ ਪਹਿਰੇਦਾਰ ਨਹੀਂ। ਨਜ਼ੀਰ ਸਾਹਿਬ ਨੇ ਮੈਨੂੰ ਆਪਣਾ ਸੌਣ ਵਾਲਾ ਕਮਰਾ ਦੇ ਦਿਤਾ ਹੈ। ਉਸ ਵਿਚ ਕਪੜਿਆਂ ਦੀ ਅਲਮਾਰੀ ਨਾ ਹੋਣ ਦਾ ਉਹਨਾਂ ਨੂੰ ਅਫ਼ਸੋਸ ਸੀ। ਕਹਿਣ ਲਗੇ, "ਯਾਰ, ਮੈਂ ਵਾਰਡਰੋਬ ਨਹੀਂ ਰਖੀ ਹੋਈ, ਤੈਨੂੰ ਤਕਲੀਫ਼ ਹੋਵੇਗੀ ਦਰਅਸਲ ਮੇਰੇ ਕੋਲ ਇਤਨੇ ਕਪੜੇ ਈ ਹੈ ਨਹੀਂ। ਐਵੇਂ ਖ਼ਾਹਮਖ਼ਾਹ ਕੌਣ ਵਖ਼ਤ ਪਾਏ। ਜੇ ਤੈਨੂੰ ਲੋੜ ਹੋਵੇ ਤਾਂ ਤਕੱਲਫ਼ ਨਾ ਕਰੀਂ, ਤੈਨੂੰ ਮੰਗਾ ਦਿਆਂਗਾ।" ਕਿਤਨਾ ਚੰਗਾ ਲਗਿਆ ਸੀ ਮੈਨੂੰ ਇਹ ਸੁਣ ਕੇ। ਗੌਰਮਿੰਟ ਕਾਲਜ ਲਾਹੌਰ ਲਈ ਕਦੇ ਅਜਿਹੇ ਪ੍ਰਿੰਸੀਪਲ ਦੀ ਵੀ ਮੈਂ ਕਲਪਨਾ ਕਰ ਸਕਦਾ ਸਾਂ?

ਡਾਕਟਰ ਨਜ਼ੀਰ ਕਮਰੇ ਵਿਚ ਦਾਖ਼ਲ ਹੋਏ ਤੇ ਕਿਹਾ — "ਆਓ ਬਾਹਰ ਲਾਅਨ ਵਿਚ ਬਹਿ ਕੇ ਚਾਹ ਪੀਵੀਏ।" ਉਹਨਾਂ ਦੇ ਅੰਦਾਜ਼ ਵਿਚ ਕੋਈ ਉਚੇਚ ਨਹੀਂ, ਜਿਵੇਂ ਮੇਰੀਆਂ ਖ਼ਾਹਸ਼ਾਂ ਨੂੰ ਮੇਰੇ ਬਿਨ-ਆਖੇ ਸਮਝਦੇ ਹੋਣ। ਬਾਹਰ ਲਾਅਨ ਵਿਚ ਜਾ ਬੈਠੇ। ਉਹੋ ਮਖ਼ਮਲ ਵਰਗਾ ਘਾਹ, ਸੁਡੌਲ ਪਿੰਡੇ ਵਾਂਗ ਰੱਜੀ-ਪੁਜੀ ਮਿੱਟੀ, ਕਿਆਰਿਆਂ ਵਿਚ ਮਹਿਕਦੇ ਗੁਲਾਬ ਦੇ ਫੁੱਲ, ਦਰਖ਼ਤਾਂ ਦੀਆਂ ਸੰਘਣੀਆਂ ਛਾਵਾਂ। ਮੈਂ ਭਲਾ ਕਿਵੇਂ ਭੁੱਲ ਗਿਆ ਕਿ ਪਿੰਡੀਓਂ ਲਾਹੌਰ ਆ ਕੇ ਮੇਰੀ ਆਤਮਾ ਨੇ ਪਹਿਲੀ ਵਾਰ ਮੋਕਲਾਪਨ ਅਨੁਭਵ ਕੀਤਾ ਸੀ। ਕਿਵੇਂ ਬਹਾਨੇ ਪਾ ਪਾ ਕੇ ਮੈਂ ਲਾਹੌਰ ਨਠ ਪੈਂਦਾ ਸਾਂ?... ...

ਇਕ ਘਟਨਾ ਯਾਦ ਆਈ। ਐਮ. ਏ. ਪਾਸ ਕਰਨ ਤੋਂ ਬਾਅਦ ਪਿੰਡੀ ਆਪਣੇ ਪਿਤਾ ਜੀ ਦੀ ਸਰਪ੍ਰਸਤੀ ਵਿਚ ਕਪੜੇ ਦਾ ਵਪਾਰ ਕਰਦਾ ਸਾਂ। ਨਵੀਂ ਨਵੀਂ ਮੇਰੀ ਸ਼ਾਦੀ ਹੋਈ ਸੀ। ਮੇਰਾ ਭਰਾ ਭੀਸ਼ਮ ਅਜੇ ਵੀ ਗੌਰਮਿੰਟ ਕਾਲਜ ਵਿਚ ਸੀ, ਐਮ. ਏ. ਕਰ ਰਿਹਾ ਸੀ। ਉਹਦਾ ਖ਼ਤ ਆਇਆ, "ਕਾਲਜ ਦਾ ਨਵਾਂ ਡਰਾਮਾ ਅਗਲੇ ਸਨੀਚਰ ਤੇ ਐਤਵਾਰ ਖੇਡਿਆ ਜਾ ਰਿਹਾ ਹੈ, ਮੈਂ ਵੀ

ਹਿੱਸਾ ਲੈ ਰਿਹਾਂ। ਜ਼ਰੂਰ ਆਓ ਵੇਖਣ।" ਪਿਤਾ ਜੀ ਮੈਨੂੰ ਅੱਥਰਾ ਢੱਗਾ ਸਮਝ ਕੇ ਜ਼ਰਾ ਕੱਸ ਕੇ ਕਿੱਲੇ ਨਾਲ ਬੰਨ੍ਹਦੇ ਸਨ। ਉਹਨਾਂ ਤੋਂ ਮੰਗਿਆਂ ਇਜਾਜ਼ਤ ਮਿਲਣੀ ਨਾਮੁਮਕਨ ਵੇਖ ਕੇ ਮੈਂ ਸਨੀਚਰ ਦੀ ਦੁਪਹਿਰ ਇਕ ਖ਼ਤ ਲਿਖ ਕੇ ਉਹਨਾਂ ਦੀ ਮੇਜ਼ ਤੇ ਰਖ ਦਿਤਾ, ਜਿਸ ਦਾ ਲਬੋਲੁਬਾਬ ਸੀ ਕਿ ਜਿਵੇਂ ਸਰਕਾਰੀ ਦਫ਼ਤਰਾਂ ਵਿਚ ਸਨੀਚਰ ਦਾ ਅੱਧਾ ਦਿਨ ਤੇ ਐਤਵਾਰ ਦਾ ਪੂਰਾ ਦਿਨ ਛੁੱਟੀ ਹੁੰਦੀ ਹੈ, ਏਸੇ ਤਰ੍ਹਾਂ ਵਪਾਰੀ ਦਫਤਰਾਂ ਵਿਚ ਵੀ ਹੋਣੀ ਚਾਹੀਦੀ ਹੈ; ਤੇ ਬੰਦਾ ਛੁੱਟੀ ਕਿਵੇਂ ਗੁਜ਼ਾਰੇ ਇਹ ਵੀ ਉਸ ਦੀ ਮਨ-ਮਰਜ਼ੀ 'ਤੇ ਨਿਰਭਰ ਹੋਣਾ ਚਾਹੀਦਾ ਹੈ, ਅਤੇ ਏਸ ਅਸੂਲ ਦੇ ਮਾਤਹਿਤ ਮੈਂ ਆਪਣੀ ਬੀਵੀ ਨੂੰ ਨਾਲ ਲੈ ਕੇ "ਵੀਕਐਂਡ" ਲਈ ਲਾਹੌਰ ਜਾ ਰਿਹਾਂ, ਸੋਮਵਾਰ ਸਵੇਰੇ ਡਿਊਟੀ 'ਤੇ ਹਾਜ਼ਰ ਹੋ ਜਾਵਾਂਗਾ।

ਮੈਨੂੰ ਪਤਾ ਸੀ ਪਿਛੋਂ ਘਰ ਵਿਚ ਖ਼ੂਬ ਰੌਲਾ ਪਵੇਗਾ। ਪੁੱਤਰ ਦਾ ਇਜਾਜ਼ਤ ਲਏ ਬਿਨਾਂ ਜਾਣਾ ਮਾਫ਼ ਕੀਤਾ ਜਾ ਸਕਦਾ ਹੈ, ਪਰ ਨੂੰਹ ਦਾ ਕਦੇ ਨਹੀਂ। ਪਰ ਦੋਵੇਂ ਅਲੜ੍ਹ ਸਾਂ। ਵਾਪਸ ਆ ਕੇ ਵੇਖਿਆ ਜਾਵੇਗਾ। ਦੋ ਪਈਆਂ ਵਿੱਸਰ ਗਈਆਂ, ਯਾਰਾਂ ਦੀਆਂ ਦੂਰ ਬਲਾਈਂ।

ਲਾਹੌਰ ਪੁਜਾ ਡਰਾਮਾ ਵੇਖਿਆ, ਬੜੀਆਂ ਐਸ਼ਾਂ ਕੀਤੀਆਂ। ਦੂਜੀ ਰਾਤ ਬਾਕੀ ਦੇ ਪੈਸਿਆਂ ਨਾਲ ਦੋ ਥਰਡ ਕਲਾਸ ਦੀਆਂ ਟਿਕਟਾਂ ਖ਼ਰੀਦੀਆਂ। ਬਾਰਾਂ ਵਜੇ ਦੀ ਗੱਡੀ ਚੜ੍ਹੇ। ਭੀੜ ਬਹੁਤ ਸੀ। ਦਮੋ ਨੂੰ ਵਖਰੇ ਜ਼ਨਾਨੇ ਡੱਬੇ ਵਿਚ ਬਿਠਾਇਆ। ਰਾਤ ਸਾਰੀ ਮੈਂ ਉਹਦੀ ਸੁਰਤ ਸੋਝੀ ਨਾ ਕਰ ਸਕਿਆ, ਹਾਲਾਂਕਿ ਨਵੇਂ ਪਤੀ ਨੂੰ ਆਪਣੀਆਂ ਜ਼ਿਮੇਵਾਰੀਆਂ ਦਾ ਅਹਿਸਾਸ ਬਹੁਤ ਹੁੰਦੈ! ਸਵੇਰੇ ਜ਼ਰਾ ਚਿਰਾਕੇ ਅੱਖ ਖੁਲ੍ਹੀ ਤੇ ਅਗਲਾ ਸਟੇਸ਼ਨ ਆਉਂਦਿਆਂ ਹੀ ਮੈਂ ਜ਼ਨਾਨੇ ਡੱਬੇ ਵਲ ਤੁਰ ਪਿਆ। ਪਰ ਓਥੇ ਜਾ ਕੇ ਵੇਖਿਆ, ਡੱਬਾ ਖ਼ਾਲ-ਮਖ਼ਾਲੀ! ਇਕ ਬੁੱਢੀ ਤੀਵੀਂ ਬੈਠੀ ਸੀ। ਉਸ ਅੱਗੇ ਮੈਂ ਦਮੋ ਦਾ ਸਾਰਾ ਹੁਲੀਆ ਬਿਆਨ ਕੀਤਾ, ਪਰ ਉਸ ਨੇ ਤਾਂ ਉਹੋ ਜਿਹੀ ਕਿਸੇ ਕੁੜੀ ਨੂੰ ਵੇਖਿਆ ਨਹੀਂ ਸੀ। ਮੇਰੀਆਂ ਅੱਖਾਂ ਅਗੇ ਸਰ੍ਹੋਂ ਫੁਲ ਪਈ। ਛੋਟਾ ਜਿਹਾ ਸਟੇਸ਼ਨ ਸੀ। ਗੱਡੀ ਝਟ ਤੁਰ ਪਈ, ਤੇ ਮੈਂ ਬੇਹੋਸ਼ੀ ਜਿਹੀ ਦੀ ਹਾਲਤ ਵਿਚ ਫੇਰ ਆਪਣੇ ਡੱਬੇ ਵਿਚ ਸੁਆਰ ਹੋ ਗਿਆ। ਅਗਲੇ ਸਟੇਸ਼ਨ ਤੀਕ ਜੋ ਮੇਰਾ ਹਾਲ ਹੋਇਆ ਰੱਬ ਕਿਸੇ ਨੂੰ ਨਾ ਵਿਖਾਏ। ਮੈਨੂੰ ਕੀ ਮੌਤ ਪਈ ਸੀ ਉਹਨੂੰ ਅਲੱਗ ਡੱਬੇ ਵਿਚ ਬਿਠਾਲਣ ਦੀ? ਖ਼ੌਰੇ ਕੀ ਵਾਪਰ ਗਿਆ? ਇਕ ਵਾਰੀ ਗੁਆਚੀ ਹੋਈ ਨੇ ਫੇਰ ਕਿਥੇ

ਲਭਣੈ ? ਮਜ਼ਲੂਮ ਦੀ ਕਾਨੂੰਨ ਦੇ ਅੱਗੇ ਵੀ ਤਾਂ ਕੋਈ ਸੁਣਵਾਈ ਨਹੀਂ । ਕਿਸੇ ਨੇ ਸਾਥ ਨਹੀਂ ਦੇਣਾ । ਹੁਣ ਮੈਂ ਘਰ ਜਾ ਕੇ ਕੀ ਮੂੰਹ ਵਿਖਾਵਾਂਗਾ ? ਸਾਰਾ ਸ਼ਹਿਰ ਉਲਟਾ ਮੈਨੂੰ ਹੀ ਫਿਟਕਾਰੇਗਾ — ਫਲ ਮਿਲ ਗਿਆ ਫ਼ੈਸ਼ਨ ਪਿੱਟਿਆਂ ਨੂੰ, ਏਨੀ ਅੱਤ ਜੋ ਚਾਈ ਹੋਈ ਸੀ । ਸੁਰੱਖਿਅਤਾ ਤੇ ਬੇ-ਫ਼ਿਕਰੀ ਸਾਡੇ ਦੇਸ਼ ਵਿਚ ਕਿਤਨੀ ਛਿਣ-ਭੰਗਰ ਚੀਜ਼ ਸੀ, ਇਹਦਾ ਮੈਨੂੰ ਪਹਿਲੀ ਵਾਰ ਅਹਿਸਾਸ ਹੋਇਆ । ਕਿਤਨੇ ਥੋੜੇ ਜਿਹੇ ਉੱਚੇ ਦਰਜੇ ਦੇ ਲੋਕਾਂ ਲਈ ਬਣੀ ਸੀ ਇਹ ? ਤੇ ਉਹ ਵੀ ਬਦ-ਕਿਸਮਤੀ ਨਾਲ ਜੇ ਕੋਈ ਗ਼ਲਤ ਕਦਮ ਚੁਕ ਲੈਣ ਤਾਂ ਕਾਲੀ ਰੰਗਤ ਦੇ ਹੋਣ ਦੀ ਪੂਰੀ ਸਜ਼ਾ ਉਹਨਾਂ ਨੂੰ ਵੀ ਭੁਗਤਣੀ ਪਏਗੀ । ਆਸਰਾ ਨਹੀਂ, ਸਹਾਰਾ ਨਹੀਂ, ਪੁੱਛ ਪਰਤੀਤ ਨਹੀਂ । ਇਨਸਾਨ ਦੀ ਵੁਕਅੱਤ ਇਕ ਕੀੜੇ ਮਕੌੜੇ ਤੁਲ ਵੀ ਨਹੀਂ ਸੀ......।

ਨੀਮ-ਮੁਰਦਾ ਜਿਹਾ ਅਗਲੇ ਸਟੇਸ਼ਨ ਤੇ ਫੇਰ ਦੌੜ ਪਿਆ । ਪਤਾ ਲਗਿਆ ਗੱਡੀ ਦੇ ਅਗਲੇ ਹਿੱਸੇ ਇਕ ਹੋਰ ਜ਼ਨਾਨਾ ਡੱਬਾ ਵੀ ਹੈ । ਉਸ ਤੀਕ ਪੁਜਿਆ । ਬਾਰੀ ਵਿਚ ਦਮੋ ਪਿੰਡੀ ਨੂੰ ਉਡੀਕਦੀ ਬਣੀ-ਸੰਵਰੀ ਨਿਸਚਿੰਤ ਬੈਠੀ ਸੀ ! ਮੈਨੂੰ ਬੇਹਾਲ ਵੇਖ ਕੇ ਬੜੀ ਹੈਰਾਨ ਹੋਈ ਤੇ ਹੱਸੀ । ਰਾਤੀਂ ਡੱਬਾਂ ਖ਼ਾਲੀ ਹੁੰਦਾ ਵੇਖ ਕੇ ਉਹ ਇਕ ਦੋ ਹੋਰ ਤੀਵੀਂਆਂ ਨਾਲ ਇਸ ਦੂਜੇ ਡੱਬੇ ਵਿਚ ਆ ਗਈ ਸੀ । ਜਿਤਨੀ ਛੇਤੀ ਦੁਨੀਆਂ ਗੁਆਚੀ ਉਤਨੀ ਛੇਤੀ ਲਭ ਵੀ ਗਈ। ਪਰ ਅਗੋਂ ਲਈ ਮੈਂ ਅਵੱਲੀਆਂ ਆਵਾਰਾ-ਗਰਦੀਆਂ ਤੋਂ ਤੌਬਾ ਕਰ ਲਈ, ਉਸ ਹੌਲ ਨੂੰ ਮੈਂ ਕਦੇ ਨਹੀਂ ਭੁਲਾ ਸਕਿਆ......

ਕੀ ਹੁਣ ਵੀ ਪਿੰਡੀ ਤੇ ਲਾਹੌਰ ਦੀ ਜਨਤਾ ਲਈ ਸੁਰੱਖਿਅਤਾ ਕੇਵਲ ਬਾ-ਰਸੂਖ਼ ਤੇ ਪਹੁੰਚਾਂ ਵਾਲੇ ਲੋਕਾਂ ਨੂੰ ਹੀ ਨਸੀਬ ਹੈ ?......ਮੇਰੇ ਆਪਣੇ ਦੇਸ਼ ਹਿੰਦੁਸਤਾਨ ਵਿਚ ਕੀ ਹਾਲ ਹੈ ? ਸਾਧਾਰਨ ਜਨਤਾ ਇਸ ਆਜ਼ਾਦੀ ਦੇ ਦੌਰ ਵਿਚ ਵੀ ਕਿਤੇ ਅਨਾਥ ਹੀ ਤਾਂ ਨਹੀਂ ?

ਮੋਟਰ ਵਿਚ ਬਹਿ ਕੇ ਅਸੀਂ ਸੈਰ ਲਈ ਨਿਕਲੇ । ਜ਼ਿਲਾ ਕਚਹਿਰੀ ਵਾਲੇ ਮੋੜ ਤੋਂ ਰਾਵੀ ਰੋਡ ਤੇ ਪੈ ਗਏ । ਗੌਰਮਿੰਟ ਕਾਲਜ ਦੇ ਫਾਟਕ ਕੋਲ ਇਕ ਮੀਲ-ਪੱਥਰ ਹੁੰਦਾ ਸੀ । ਨਿਊ ਹੋਸਟਲ ਤੋਂ ਸੜਕ ਪਾਰ ਕਰ ਕੇ ਕਾਲਜ ਜਾਂਦਿਆਂ ਮੈਂ ਆਪਮੁਹਾਰੇ ਉਸ ਵਲ ਨਜ਼ਰ ਮਾਰ ਕੇ ਲੰਘਦਾ ਹੁੰਦਾ ਸਾਂ :— "ਰਾਵਲਪਿੰਡੀ—੧੭੮ ਮੀਲ, ਗੁਜਰਾਂਵਾਲਾ—੩੯ ਮੀਲ, ਜਿਹਲਮ—੧੧੮ ਮੀਲ ।" ਹੁਣ ਇਸ ਮੀਲ-ਪੱਥਰ ਦਾ ਸ਼ਰੀਰ ਵਧ ਕੇ ਚੌਣਾ ਹੋ ਗਿਆ ਹੈ ਤੇ

ਹੋਰ ਵੀ ਕਿਤਨੇ ਫ਼ਾਸਲਿਆਂ ਦੀ ਤਫ਼ਸੀਲ ਲਿਖੀ ਹੋਈ ਹੈ :—ਕਰਾਚੀ—੮੯੭ ਮੀਲ, ਮੁਲਤਾਨ—੨੬੩ .....। ਔਹ ਲੰਘ ਗਈ ਸੈਂਟਰਲ ਟ੍ਰੇਨਿੰਗ ਕਾਲਜ ਵਲ ਜਾਂਦੀ ਸੜਕ ! ਇਸੇ ਪਾਸੇ ਰੈਟੀਗਨ ਰੋਡ ਤੇ ਮੇਰੇ ਫੁੱਫੜ ਜੀ ਦਾ ਘਰ ਸੀ ਉਹਨਾਂ ਦੇ ਲਾਗੇ ਪ੍ਰੋਫ਼ੈਸਰ ਰੁਚੀਰਾਮ ਸਾਹਨੀ ਰਹਿੰਦੇ ਸਨ । ਇਕ ਸ਼ੈਦ ਪਾਰਸੀਆਂ ਦਾ ਮੰਦਰ ਵੀ ਸੀ, ਜਿਦੇ ਨਾਲ ਦੀ ਗਲੀ ਵਿਚੋਂ ਲੰਘ ਕੇ ਪ੍ਰੋਫ਼ੈਸਰ ਗੁਲਬਹਾਰ ਸਿੰਘ ਅਤੇ ਪ੍ਰੋਫ਼ੈਸਰ ਮਦਨ ਗੋਪਾਲ ਸਿੰਘ ਦੇ ਘਰ ਜਾਈਦਾ ਸੀ। ਅਹਿ ਭਾਟੀ ਵਲੋਂ ਆਉਂਦੀ ਸੜਕ ਰਲ ਗਈ। ਔਹ 'ਗੁਰੂਦੱਤ ਭਵਨ' ਆ ਗਿਆ, ਵੇਖਾਂ ਤਾਂ ਸਹੀ ਹੁਣ ਇਥੇ ਕੀ ਬੋਰਡ ਲਗਾ ਹੋਇਐ ?......ਡਰਾਈਵਰ ਮੋਟਰ ਨੂੰ ਇਤਨਾ ਤੇਜ਼ ਕਿਉਂ ਦੁੜਾਈ ਜਾਂਦਾ ਹੈ ?

ਕਾਲਜ ਦੇ ਜ਼ਮਾਨੇ ਵਿਚ ਰਾਵੀ ਰੋਡ ਦੀ ਸੈਰ ਸਾਈਕਲ ਜਾਂ ਟਾਂਗਿਆਂ ਤੇ ਕਰੀਦੀ ਸੀ । ਅਜ ਇਹ ਮੋਟਰ ਬੇ-ਰਹਿਮੀ ਨਾਲ ਜ਼ਿਹਨ ਵਿਚ ਜੁਗਰਾਫ਼ੀਆ ਬਦਲਦੀ ਜਾ ਰਹੀ ਹੈ। ਜਿਹੜੀਆਂ ਥਾਂਵਾਂ ਮੇਰੀ ਕਲਪਨਾ ਵਿਚ ਦੂਰ ਦੂਰ ਸਨ ਉਹ ਚੱਪੇ ਚੱਪੇ ਦੀ ਵਿਥ ਤੇ ਆ ਗਈਆਂ ਹਨ। ਅੱਖ ਦੇ ਫੇਰ ਵਿਚ ਜਾਮਾ ਮਸਜਿਦ ਦੇ ਆਲੀਸ਼ਾਨ ਗੁੰਬਦ ਦਿਸ ਪਏ, ਫੇਰ ਮਿੰਟੋ ਪਾਰਕ। ਇਹਨੂੰ ਹੁਣ ਮੁਹੰਮਦ ਇਕਬਾਲ ਪਾਰਕ ਕਹਿੰਦੇ ਨੇ । ਲਾਹੌਰ ਦੀ ਤਸਵੀਰ ਇਕ ਦਮ ਸਰਲ ਤੇ ਸੰਖੇਪ ਹੋ ਗਈ। ਗੋਲ ਬਾਗ਼ ਦੀ ਗੋਲਾਈ ਬੜੇ ਨੁਮਾਇਸ਼ੀ ਢੰਗ ਨਾਲ ਸ਼ਹਿਰ ਦੇ ਦੁਆਲੇ ਘੁੰਮ ਰਹੀ ਸੀ । ਗੁਰੂ ਅਰਜਨ ਦੇਵ ਦੀ ਸਮਾਧ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ, ਪੁਰਾਣਾ ਕਿਲ੍ਹਾ, ਸਾਰੀਆਂ ਥਾਂਵਾਂ ਦਾ ਮਹੱਲੇ-ਵਕੂਹ ਨਵੇਂ ਸਿਰਿਓਂ ਜ਼ਿਹਨ ਵਿਚ ਬਿਠਾਇਆ। ਭਲਾ ਵਿਦਿਆਰਥੀ ਜੀਵਨ ਵਿਚ ਇਹਨਾਂ ਪਾਸੇ ਆਉਂਦਾ ਕਦੋਂ ਸਾਂ ? ਉਦੋਂ ਮੈਂ ਸਾਹਿਬ ਬਹਾਦਰ ਸਾਂ । ਗੋਰਿਆਂ ਵਾਂਗ ਸੋਲਾ ਹੈਟ ਪਾਈ ਮਾਲ ਰੋਡ ਤੇ ਮੈਕਲੋਡ ਰੋਡ ਨੂੰ ਹੀ ਚੰਬੜਿਆ ਰਹਿੰਦਾ ਸਾਂ। ਬਹੁਤ ਹੋਇਆ ਕਦੀ ਨਿਰਬਤ ਰੋਡ ਦਾ ਵੀ ਫੇਰਾ ਮਾਰ ਲਿਆ। ਪਰ ਐਤਕੀ ਪੱਕਾ ਦੇਸੀ ਆਦਮੀ ਬਣ ਕੇ ਲਾਹੌਰ ਦੀਆਂ ਗਲੀਆਂ ਦੇ ਗੇੜੇ ਲਾਵਾਂਗਾ।..... ਸ਼ਹਿਰ ਦੀ ਫ਼ਸੀਲ ਵਿਚ, ਉੱਚੀ ਜਿਹੀ ਢੱਕੀ ਤੇ ਇਕ ਪੁਰਾਣਾ ਦਰਵਾਜ਼ਾ ਦਿਸਿਆ (ਨਾਂ ਭੁੱਲ ਗਿਆ ! . ...ਕਾਬਲੀ ਦਰਵਾਜ਼ਾ ?) ਮੈਨੂੰ ਸ਼ਹਿਰ ਵਲ ਹਾਬੜੀਆਂ ਨਜ਼ਰਾਂ ਸੁਟਦਾ ਵੇਖ ਕੇ ਡਾਕਟਰ ਨਜ਼ੀਰ ਨੇ ਤਜਵੀਜ਼ ਪੇਸ਼ ਕੀਤੀ ਕਿ ਏਸ ਦਰਵਾਜ਼ੇ ਦੇ ਪਿਛੇ ਕਰਕੇ, ਇਕ ਤੰਗ ਗਲੀ ਵਿਚ, ਉਹਨਾਂ ਦਾ ਆਬਾਈ ਮਕਾਨ

ਹੈ, ਉਥੇ ਇਕ ਰਾਤ ਜਾ ਕੇ ਰਿਹਾ ਜਾਏ। ਕਿਤਨਾ ਖ਼ੁਸ਼ ਹੋਇਆ ਮੈਂ ! ਪਾਕਿਸਤਾਨ ਆਉਣ ਦਾ ਸਭ ਤੋਂ ਵਡਾ ਲਾਲਚ ਹੀ ਤਾਂ ਮੈਨੂੰ ਇਹੋ ਸੀ। ਰੱਜ ਕੇ ਆਪਣੀ ਪੰਜਾਬੀ ਬੋਲੀ ਸੁਣਾਂ—ਮਾਝੀ, ਲਹਿੰਦੀ, ਪੋਠੋਹਾਰੀ, ਮੇਰੀਆਂ ਆਪਣੀਆਂ ਮਾਤ-ਬੋਲੀਆਂ ਜਿਨ੍ਹਾਂ ਤੋਂ ਮੈਂ ਉਮਰ ਦਾ ਇਤਨਾ ਵਡਾ ਹਿੱਸਾ ਵਿਮੁਖ ਰਹਿ ਕੇ ਬਿਤਾ ਛਡਿਆ ਸੀ। ਕਿਤਨਾ ਵੱਡਾ ਗੁਨਾਹ ਕੀਤਾ ਮੈਂ। ਪਰ ਫੇਰ ਵੀ ਉਹਨਾਂ ਮੈਨੂੰ ਨਹੀਂ ਵਿਸਾਰਿਆ। ਮੈਨੂੰ ਪਛਤਾਂਦਾ ਤੇ ਆਪਣੇ ਵਲ ਪਰਤ ਕੇ ਆਉਂਦਾ ਵੇਖ ਉਹਨਾਂ ਬਾਹਾਂ ਖੋਲ੍ਹ ਕੇ ਮੈਨੂੰ ਗਲ ਨਾਲ ਲਾ ਲਿਆ। ਬੁੱਕਾਂ ਭਰ ਭਰ ਅਣਮੋਲ ਰਤਨ-ਮੋਤੀ ਮੇਰੀਆਂ ਜੇਬਾਂ ਵਿਚ ਭਰਨੇ ਸ਼ੁਰੂ ਕਰ ਦਿਤੇ, ਜਿਵੇਂ ਨਿੱਕਿਆਂ ਹੁੰਦਿਆਂ ਮੇਰੀ ਮਾਂ ਰੇਵੜੀਆਂ, ਪਿੰਨੀਆਂ ਤੇ ਚਲਗੋਜ਼ਿਆ ਨਾਲ ਮੇਰੀਆਂ ਜੇਬਾਂ ਭਰਦੀ ਹੁੰਦੀ ਸੀ। ਕਿਤਨੀ ਪਿਆਰੀ ਹੈ ਲਾਹੌਰ ਵਾਲਿਆਂ ਦੀ ਬੋਲੀ। ਏਥੇ ਇਹ ਕਿਤਨੀ ਸਜਰੀ ਸਜਰੀ ਲਗਦੀ ਹੈ ਜਿਵੇਂ ਪੈਲੀਆਂ ਵਿਚ ਲਹਿਲਹਾਂਦੀ ਸੁਨਹਿਰੀ ਸਰ੍ਹੋਂ, ਜਿਵੇਂ ਖੂਹਾਂ ਦੇ ਵਗਦੇ ਪਾਣੀ। ਬੰਬਈ ਵਿਚ ਮੇਰੇ ਅਨੇਕਾਂ ਮਿੱਤਰ ਇਹੋ ਬੋਲੀ ਬੋਲਦੇ ਹਨ, ਪਰ ਉਥੇ ਇਹ ਕੰਨਾਂ ਨੂੰ ਬੇਹੀ ਬੇਹੀ ਜਿਹੀ ਲਗਦੀ ਹੈ।

ਰੇੜ੍ਹਿਆਂ ਜਿਹਾਂ ਅਗੇ ਬਾਂਕੇ ਘੋੜੇ ਜੋਤ ਕੇ ਸ਼ਾਮ ਨੂੰ ਸੈਰ ਲਈ ਨਿਕਲ ਪੈਣਾ ਮਾਝਿਆ ਛੈਲਿਆਂ ਦਾ ਖ਼ਾਸ ਸ਼ੌਕ ਹੈ। ਗਲ ਮਲਮਲ ਦਾ ਕੁੜਤਾ, ਜਾਂ ਚਿੱਟੀ ਫਤੂਹੀ ਤੇੜ ਚਾਦਰ, ਹੱਥਾਂ ਵਿਚ ਫੁੱਲਾਂ ਦੇ ਗਜਰੇ। ਕਿਤਨੇ ਹੁਸੀਨ ਗੋਰੇ ਗੋਰੇ, ਤੇ ਸੂਹਦੇ ਸੂਹਦੇ ਜਿਹੇ ਚਿਹਰੇ ਹਨ ਇਹਨਾਂ ਦੇ। ਇੰਜ ਝਟ ਲੰਘ ਜਾਂਦੇ ਹਨ ਕੋਲੋਂ (— ਦੋਸਤ ਦੀ ਮੋਟਰ ਏ ਨਹੀਂ ਤਾਂ ਗਾਲ੍ਹ ਚਾ ਕਢਾਂ ਸੁ !) ਔਹ ਲੰਘ ਗਿਆ ! ਕਿਤਨਾ ਹੁਸਨ ਦੀ ਮੂਰਤ ਗਭਰੂਟ ਸੀ ! ਇਤਨਾ ਸੁਹਣਾ ਆਦਮੀ ਤਾਂ ਘਟ ਹੀ ਦੇਖਿਆ ਹੋਵੇਗਾ ਕਿਤੇ ਦੁਨੀਆਂ ਵਿਚ ! ਵਾਹਿਸ ਦੀ ਗੱਲ ਯਾਦ ਆਈ—

"ਨਾਜ਼ਾਂ ਪਾਲਿਆ ਦੁੱਧ ਮਲਾਈਆਂ ਵੇ।"

ਮਨ ਨੇ ਪਲਟਾ ਖਾਧਾ "ਛਡ ਉਏ ਯਾਰ, ਇਹ ਤਾਂ ਮੁਸਲਮਾਨ ਨੇ, ਗ਼ੈਰ-ਮੁਲਕੀ ਨੇ। ਕਿਤਨੇ ਹਿੰਦੂ ਮਾਰੇ ਇਹਨਾਂ, ਕਿਤਨੀਆਂ ਅੱਗਾਂ ਲਾਈਆਂ, ਕਿਤਨੀਆਂ ਤੀਵੀਆਂ ਬੇਇੱਜ਼ਤ ਕੀਤੀਆਂ, ਕਿਵੇਂ ਭੁੱਲ ਗਿਉਂ ਉਹ ਗੱਲਾਂ ?

'ਆਹੋ ! ਚੰਗਾ। ਹੁਣ ਮੈਂ ਗ਼ੈਰ ਸਮਝ ਕੇ ਹੀ ਵੇਖਾਂਗਾ ਇਹਨਾਂ ਨੂੰ ... ਪਰ

ਹਾਏ, ਕਰਾਂ ਤਾਂ ਕੀ ਕਰਾਂ ? ਇਹ ਫੇਰ ਮੁਸਲਮਾਨ ਨਹੀਂ ਦਿਸਦੇ, ਗ਼ੈਰ ਨਹੀਂ ਜਾਪਦੇ। ਜੋ ਕੁਕਰਮ ਜਿਸ ਨੇ ਕੀਤੇ ਆਪੇ ਪਿਆ ਹਿਸਾਬ ਦੇਸੀ ਮੈਨੂੰ ਤਾਂ ਨਹੀਂ ਕਿਸੇ ਮੁਨਸਫ਼ ਬਿਠਾਇਆ ?'

ਬਾਗ਼ਬਾਨਪੁਰੇ ਚੋਖੀ ਨਵੀਂ ਆਬਾਦੀ ਹੈ। ਸੁਹਣੇ ਸੁਹਣੇ ਤੇ ਪੱਕੇ ਪੱਕੇ ਬੰਗਲੇ; ਆਵਾਜਾਈ ਵੀ ਬਹੁਤ। ਪਰ ਪੁਰਾਣੀ ਵਜ੍ਹਾ ਦੇ ਲਾਹੌਰੀ ਟਾਂਗੇ ਨਹੀਂ ਪਏ ਦਿਸਦੇ। ਡਰਾਈਵਰ ਨੇ ਦਸਿਆ ਹੁਣ ਹਰ ਪਾਸੇ ਪਿਸ਼ਾਵਰੀ ਟਾਂਗੇ ਦਾ ਰਿਵਾਜ ਹੋ ਗਿਆ ਹੈ। ਪਿੰਡੀ ਸਿਰਫ਼ ਤਿੰਨ ਸਵਾਰੀਆਂ ਬਹਿੰਦੀਆਂ ਸਨ, ਏਥੇ ਹਾਲਾਂ ਵੀ ਚਾਰ ਦਾ ਹੀ ਦਸਤੂਰ ਹੈ। ਅਸੀਂ ਪਿੰਡੀ ਵਾਲੇ ਲਾਹੌਰੀ ਟਾਂਗੇ ਨੂੰ ਢਿਚਕੂ ਢਿਚਕੂ ਆਖ ਕੇ ਟਿਚਕਰਾਂ ਕਰਦੇ ਹੁੰਦੇ ਸਾਂ। ਅਖ਼ੀਰ ਪਿੰਡੀ ਦੀ ਜਿੱਤ ਹੋਈ ਨਾ ? ਬੜੀ ਖ਼ੁਸ਼ੀ ਹੋਈ ਸੋਚ ਕੇ। ਪਰ ਦੂਜੇ ਦਿਨ ਮਨ ਵਿਚ ਉਹੋ ਪਲਟਾ...'ਤੈਨੂੰ ਕੀ ਲਗੇ ਪਿੰਡੀ ਤੇ ਲਾਹੌਰ ਨਾਲ ? ਖਾਹਮਖ਼ਾਹ ਪਰਾਈ ਛਾਹ ਤੇ ਮੁੱਛਾਂ ਮੁਨਵਾ ਰਿਹਾ ਹੈਂ।'

'ਚੰਗਾ। ਮੈਂ ਬਿਗਾਨਾ ਤੇ ਬਿਗਾਨਾ ਸਹੀ। ਪਰ ਪਿੰਡੀ ਤੇ ਲਾਹੌਰ ਨੂੰ, ਇਥੋਂ ਦਿਆਂ ਟਾਂਗਿਆਂ ਨੂੰ, ਰਜ ਕੇ ਵੇਖਣ ਦੀ ਤਾਂ ਖੁਲ੍ਹ ਹੈ ਨਾ ਮੈਨੂੰ ? ਸਲਾਮਤ ਰਹਿਣ ਸਦਾ। ਇਹਨਾਂ ਨੂੰ ਤੱਤੀ ਵਾ ਨਾ ਲਗੇ। ਇਹਨਾਂ ਦੀਆਂ ਮੁਰਾਦਾਂ ਪੂਰੀਆਂ ਹੋਣ। ਇਹਨਾਂ ਦੇ ਬੱਚੇ ਜੀਣ......'

ਔਹ ਸਿੱਖ ਨੈਸ਼ਨਲ ਕਾਲਜ ਦੀ ਇਮਾਰਤ ਸੀ। ਇਸ ਹਿਸਾਬ ਨਾਲ ਔਹ ਹੋਈ ਨਹਿਰ ਵਲੋਂ ਆਂਦੀ ਸੜਕ.... । ਆਹੋ ਠੀਕ...ਮੁਗ਼ਲਪੁਰੇ ਦਾ ਇੰਜਨੀਅਰਿੰਗ ਕਾਲਜ, ਹੁਣ ਇਹਨੂੰ ਯੂਨੀਵਰਸਿਟੀ ਦਾ ਦਰਜਾ ਮਿਲ ਗਿਆ ਹੈ। ਏਥੋਂ ਹੀ ਨੇੜੇ ਪੀਰ ਮੀਆਂ ਮੀਰ ਦਾ ਮਜ਼ਾਰ ਹੈ, ਜਿਸ ਨੇ ਅੰਮ੍ਰਿਤਸਰ ਵਿਚ ਸਿੱਖਾਂ ਦੇ ਸੁਨਹਿਰੀ ਹਰਿਮੰਦਰ ਦਾ ਨੀਂਹ-ਪੱਥਰ ਰਖਿਆ ਸੀ। ਦਾਰਾ ਸ਼ਿਕੋਹ ਦਾ ਗੁਰੂ ਸੀ ਉਹ। ਦਾਰਾ ਸ਼ਿਕੋਹ, ਜਿਸ ਨੇ ਉਪਨਿਸ਼ਦਾਂ ਦੇ ਤਰਜਮੇ ਫ਼ਾਰਸੀ ਵਿਚ ਕਰਾਏ ਸਨ। ਪਰ ਹੁਣ ਅਜਿਹੀਆਂ ਇਤਿਹਾਸਕ ਘਟਨਾਵਾਂ ਦਾ ਕੋਈ ਮਤਲਬ ਨਹੀਂ ਨਿਕਲਦਾ।...

ਸ਼ਾਲੀਮਾਰ ਬਾਗ਼ ਜਾ ਪੁਜੇ, ਜਿਥੇ ਪੰਝੀ ਸਾਲ ਹੋਏ ਮੈਂ ਪਹਿਲੀ ਵਾਰ ਸਿਗਰਟ ਫੂਕਿਆ ਸੀ, ਤੇ ਖੰਘ ਖੰਘ ਕੇ ਬੁਰੇ ਹਾਲ ਹੋ ਗਿਆ ਸਾਂ। ਮੈਂ ਤੇ ਇਕ ਮੇਰਾ ਪਿਆਰਾ ਦੋਸਤ ਖ਼ਾਹਮਖ਼ਾਹ ਸਾਈਕਲਾਂ ਫੜ ਕੇ ਸ਼ਾਲੀਮਾਰ ਵਲ ਟੁਰ ਪੈਂਦੇ ਸਾਂ। ਦਿਲ ਵਿਚ ਦੱਬੀਆਂ ਆਸਾਂ — ਅਜ ਜ਼ਰੂਰ ਕੋਈ

ਹੁਸੀਨਾ ਦਿਸੇਗੀ, ਮੇਰੇ ਵਲ ਚਾਅ ਨਾਲ ਵੇਖੇਗੀ। ਫਿਰ ਸਾਡੀ ਦੋਸਤੀ ਹੋ ਜਾਵੇਗੀ, ਜ਼ਿੰਦਗੀ ਵਿਚ ਕੋਈ ਉਨਮਾਦ-ਭਰਿਆ ਝੂਟਾ ਆਵੇਗਾ। ਪਰ ਸ਼ਾਮ ਤੀਕ ਆਸਾਂ ਦੇ ਸਾਰੇ ਮਹਿਲ ਟੁੱਟ-ਫੁਟ ਜਾਂਦੇ। ਸਿਵਾਏ ਨਿਕੰਮੇ ਚੱਕਰ ਮਾਰਨ, ਪਾਟੀਆਂ ਪਾਟੀਆਂ ਅੱਖਾਂ ਨਾਲ ਚੁਪਾਸੀਂ ਘੂਰਨ, ਤੇ ਸਿਗਰਟ ਫੂਕ ਫੂਕ ਕੇ ਜੰਟਲਮੈਨੀ ਵਿਖਾਣ ਦੇ, ਕੁਝ ਹਾਸਲ ਨਾ ਹੁੰਦਾ। ਹਾਂ, ਪਰ ਸਾਈਕਲ 'ਤੇ ਬਾਰਾਂ ਮੀਲ ਗੇੜੇ ਮਾਰਨ ਨਾਲ ਭੁੱਖ ਜ਼ਰੂਰ ਤੇਜ਼ ਹੋ ਜਾਂਦੀ, ਜਿਸ ਦੇ ਹਲ ਕਰਨ ਲਈ ਕਦੇ 'ਸਟਿਫਲਜ਼' ਤੇ ਕਦੇ 'ਲੋਰੈਂਗ' ਵਲ ਟੁਰ ਪੈਂਦੇ। ਉਥੇ ਪੁਜਦਿਆਂ ਪੁਜਦਿਆਂ ਸੁੱਤੀਆਂ ਹਸਰਤਾਂ ਦੇ ਨਾਗ ਫੇਰ ਜਾਗ ਪੈਂਦੇ। ਖੌਰੇ ਰੈਸਤਰਾਂ ਵਿਚ ਹੀ ਕੋਈ ਰੂਪਮਤੀ ਉਡੀਕ ਰਹੀ ਹੋਵੇ ?

ਭਵਿੱਖ ਦਾ ਸੂਰਜ ਹੁਣ ਅਤੀਤ ਦੇ ਪਹਾੜਾਂ ਪਿਛੇ ਜਾ ਡੁੱਬਿਆ ਸੀ। ਕੇਵਲ ਹੌਲੇ ਹੌਲੇ ਫਿੱਕੀ ਪੈਂਦੀ ਯਾਦਾਂ ਦੀ ਲਾਲੀ ਆਕਾਸ਼ ਵਿਚ ਰਹਿ ਗਈ ਸੀ। ਕਰ ਲਏ ਰੋਮਾਂਸ ਜਿਹੜੇ ਕਰਨੇ ਸਨ, ਖੇਡ ਲਈਆਂ ਸਭ ਖੇਡਾਂ। ਹੁਣ ਤਾਂ ਬਕੌਲ-ਸ਼ਖਸੇ :

ਬਾਗੀਚਾ-ਏ ਅਤਫ਼ਾਲ ਹੈ ਦੁਨੀਆਂ ਮੇਰੇ ਆਗੇ,
ਹੋਤਾ ਹੈ ਸ਼ਬੋ ਰੋਜ਼ ਤਮਾਸ਼ਾ ਮੇਰੇ ਆਗੇ।'

ਡਾਕਟਰ ਨਜ਼ੀਰ ਅਹਿਮਦ ਨੇ ਮੈਨੂੰ ਆਪਣੇਂ ਖ਼ਿਆਲਾਂ 'ਤੇ ਛਡ ਦਿਤਾ ਹੈ। ਚਾਹ ਮੰਗਾਂਦੇ ਹਨ। ਚੁੱਪ ਚਾਪ ਸਰੂ ਦੇ ਇਕ ਬੂਟੇ ਹੇਠ, ਘਾਹ 'ਤੇ ਬੈਠ ਕੇ ਚੁਸਕੀ ਲਾਂਦੇ ਹਾਂ। ਸ਼ਾਮ ਦੀ ਖ਼ਾਮੋਸ਼ੀ ਦੀਆਂ ਵਾਜਾਂ ਸੁਣਦੇ ਹਾਂ। ਰਹਿ ਰਹਿ ਕੇ ਆਪ-ਬੀਤੀਆਂ ਫੁੱਲ-ਝੜੀਆਂ ਵਾਂਗ ਛੁਟ ਛੁਟ ਪੈਂਦੀਆਂ ਹਨ, ਜਿਵੇਂ ਅਜ ਏਥੇ 'ਚਿਰਾਗ਼ਾਂ ਦਾ ਮੇਲਾ' ਹੋ ਰਿਹਾ ਹੋਵੇ! ..... ਅਖ਼ੀਰ ਪਿਆਰ ਹੋਇਆ ਵੀ ਤਾਂ ਸੀ ਇਕ ਕੁੜੀ ਨਾਲ, ਸਾਰੀ ਉਮਰ ਉਸ ਇਕੋ ਦੇ ਨਾਉਂ ਦੀ ਹੀ ਤਾਂ ਮਾਲਾ ਜਪੀ ਸੀ : ਉਸ ਮਹਿਰਾਬਦਾਰ ਦਰਵਾਜ਼ੇ ਦੇ ਦੋਹਾਂ ਪਾਸੇ ਬੜੇ ਨਿੱਕੇ ਨਿੱਕੇ ਥੜਿਆਂ ਉਪਰ ਖਲੋ ਕੇ ਅਸਾਂ ਵਾਰੋ ਵਾਰੀ ਇਕ ਦੂਜੇ ਦੇ ਫ਼ੋਟੋ ਖਿੱਚੇ ਸਨ ... ... ਕਿਵੇਂ ਉਹਦੇ ਸਾਰੇ ਪਰਵਾਰ ਨੂੰ ਸ਼ਾਲੀਮਾਰ ਪਿਕਨਿਕ 'ਤੇ ਚਲਣ ਲਈ ਸਿਰ ਧੜ ਦੀ ਬਾਜ਼ੀ ਲਾ ਕੇ ਪ੍ਰੇਰਦਾ ਸਾਂ... ਕਿਤਨੇ ਤਰਲੇ, ਕਿਤਨੀ ਸਿਆਸਤ, ਕਿਤਨੀਆਂ ਸਮਾਜਤਾਂ...

ਏਸੇ ਦਰਵਾਜ਼ੇ ਵਿਚੋਂ ਕਦੇ ਹੁਮ ਹੁਮਾ ਕੇ ਪਿੰਡਾਂ ਦੇ ਲੋਕ ਚਿਰਾਗ਼ਾਂ ਦੇ

ਮੇਲੇ ਦੀਆਂ ਰੌਣਕਾਂ ਵੇਖਣ ਆਉਂਦੇ ਹੋਣਗੇ। ਔਹ, ਉਥੇ ਬਾਦਸ਼ਾਹ ਬੈਠਦਾ ਹੋਵੇਗਾ। ਤਲਾਅ ਦੇ ਐਨ ਵਿਚਕਾਰ, ਦੋਹਾਂ ਕਿਨਾਰਿਆਂ ਤੇ ਬਣੀਆਂ ਬਾਰਾਂਦਰੀਆਂ ਵਿਚੋਂ, ਚਿਰਾਗਾਂ ਤੇ ਫੁਹਾਰਿਆਂ ਦੀ ਝਿਲਮਿਲ ਵਿਚ ਆਪਣੇ ਜ਼ਰੀ ਲਿਬਾਸਾਂ ਨੂੰ ਗ਼ਲਤਾਨ ਕਰਦੇ ਹੋਏ, ਗੀਤਕਾਰ ਤੇ ਨਿਰਤਕ-ਨਰਤਕੀਆਂ ਤੁਰ ਕੇ ਹਜ਼ੂਰ ਅਗੇ ਪੇਸ਼ ਹੁੰਦੇ ਤੇ ਆਪਣਾ ਹੁਨਰ ਵਿਖਾਉਂਦੇ ਹੋਣਗੇ...

ਫੇਰ ਮੈਨ ਵਿਚ ਉਹੋ ਕੁਚੱਜੀਆਂ ਵਾਜਾਂ। ਲਾਹੌਰ ਵਾਲਾ ਸ਼ਾਹਜਹਾਨ ਦਰਅਸਲ ਪਾਕਿਸਤਾਨੀ ਸੀ, ਆਗਰੇ ਵਾਲਾ ਸ਼ਾਹਜਹਾਨ ਹਿੰਦੁਸਤਾਨੀ ਸੀ... ਪਰ ਨਹੀਂ ਘੜੀ ਮੁੜੀ ਇਹ ਕਸਕਾਂ ਤੇ ਚੀਸਾਂ ਨਹੀਂ ਉਠਣ ਦੇਣੀਆਂ ਚਾਹੀਦੀਆਂ। ਸਿਆਸਤ ਦੀਆਂ ਪੇਚੀਦਗੀਆਂ ਨਾਲ ਮੇਰਾ ਕੀ ਵਾਹ ? ਮੈਂ ਇਕ ਮਹਿਮਾਨ ਸਾਂ, ਡਾਕਟਰ ਨਜ਼ੀਰ ਮੇਰੇ ਮੇਜ਼ਬਾਨ ਸਨ। ਇਹੋ ਜਿਹੇ ਸਵਾਲ ਦਿਲ ਵਿਚ ਉਠਾਣੇ ਹੀ ਸ਼ਾਇਸਤਗੀ ਤੋਂ ਬਾਹਰ ਦੀ ਗੱਲ ਹੈ। ਭਾਵੇਂ ਕਿਤਨਾ ਵੀ ਪਿਆਰ ਕਿਉਂ ਨਾ ਹੋਵੇ ਮੈਨੂੰ, ਫੇਰ ਵੀ ਹੁਣ ਇਹ ਪਰਾਇਆ ਸ਼ਾਲੀਮਾਰ ਹੈ। ਏਸੇ ਹਿਸਾਬ ਨਾਲ ਡਾਕਟਰ ਨਜ਼ੀਰ ਵੀ ਪਰਾਏ ਹਨ। ਪਰ ਕਿਉਂ ਬਾਰ ਬਾਰ ਉਹਨਾਂ ਤੋਂ ਪੁੱਛਣ ਨੂੰ ਜੀਅ ਕਰਦੈ, 'ਨਜ਼ੀਰ ਸਾਹਿਬ, ਤੁਹਾਡੀ ਮੇਰੀ ਮੁਲਾਕਾਤ ਬਹੁਤ ਪੁਰਾਣੀ ਨਹੀਂ। ਪਿਛਲੇ ਸਾਲ ਤੁਸੀਂ ਬੰਬਈ ਆਏ ਤੇ ਮੈਂ ਤੁਹਾਨੂੰ ਮਿਲਿਆ, ਬਸ। ਫੇਰ ਤੁਹਾਡੇ ਕੋਲ ਬਹਿ ਕੇ ਮੈਨੂੰ ਇਤਨਾ ਸੁਕੂਨ, ਇਤਨਾ ਸਬਰ ਕਿਉਂ ਨਸੀਬ ਹੁੰਦੈ, ਜੋ ਬੰਬਈ ਵਿਚ ਮੇਰੇ ਲਈ ਨਾਯਾਬ ਹੈ ?' ਅਜੇ ਨਹੀਂ, ਪਰ ਪੁੱਛਾਂਗਾ ਜ਼ਰੂਰ। ਡਾਕਟਰ ਨਜ਼ੀਰ ਅਹਿਮਦ ਇਕ ਗ਼ੈਰ-ਮਾਮੂਲੀ ਇਨਸਾਨ ਹੈ ਬਿਨਾਂ ਸ਼ਕ !

ਮੁੜ ਬਾਹਰ ਆ ਕੇ ਮੋਟਰ ਵਿਚ ਬਹਿਣ ਵੇਲੇ ਇਕ ਅਧਖੜ ਜਿਹੀ ਮੰਗਤੀ, ਉਂਗਲ ਨਾਲ ਅੱਠਾਂ ਕੁ ਵਰ੍ਹਿਆਂ ਦੀ ਬਾਲੜੀ, ਅਤਿ-ਮੈਲੇ ਫਟੇ ਪੁਰਾਣੇ ਕਪੜੇ ਹਥ ਅਡ ਕੇ ਲਿਲਕਾਂ ਭੰਨਦੀ "ਵੀਰਾ ਜੀਉਂਦਾ ਰਹੇਂ, ਕਦੇ ਤੱਤੀ ਹਵਾ ਨਾ ਲਗੇ। ਅੱਲਾ ਤੇਰੀਆਂ ਮੁਰਾਦਾਂ ਪੂਰੀਆਂ ਕਰੇ, ਇਕਬਾਲ ਵਡੇ ਕਰੇ, ਤੇਰੇ ਬੱਚੇ ਜੀਣ......।"

ਕਿਉਂ ਚੋ ਚੋ ਪੈਂਦੀਆਂ ਹਨ ਚੰਦਰੀਆਂ ਅੱਖੀਆਂ। ਇਹ ਤੀਵੀਂ ਮੇਰੀ ਕੀ ਲਗਦੀ ਏ ? ਉਹ ਪਾਕਿਸਾਨੀ, ਮੈਂ ਹਿੰਦੁਸਤਾਨੀ ... ...।

੩

O O O

ਲਾਹੌਰ, ੧੧ ਅਕਤੂਬਰ, ੧੯੬੨

ਰਾਤੀਂ ਬੜ ਚਾਅ ਨਾਲ ਫ਼ੈਸਲਾ ਕਰ ਕੇ ਸੁੱਤਾ ਸਾਂ ਕਿ ਸਵੇਰੇ ਮੂੰਹ-ਹਨੇਰੇ ਲੰਮੀ ਸੈਰ 'ਤੇ ਨਿਕਲ ਜਾਵਾਂਗਾ। ਪਰ ਵੇਲਾ ਆਉਣ ਉਤੇ ਜੋਸ਼ ਠੰਢਾ ਹੋਇਆ ਪਿਆ ਸੀ। ਬਿਸਤਰੇ ਵਿਚ ਲੇਟਿਆਂ ਲੇਟਿਆਂ ਖ਼ਿਆਲ ਆਉਣ ਲਗ ਪਏ, 'ਜਿਸ ਦੇਸ਼ ਦੀ ਹੋਂਦ ਦਾ ਆਧਾਰ ਫ਼ਿਰਕਾ ਪ੍ਰਸਤੀ ਹੋਵੇ, ਉਸ ਵਿਚ ਬੰਦਾ ਕਿੰਜ ਖੁਲ੍ਹ ਕੇ ਸਾਹ ਲੈ ਸਕਦਾ ਹੈ, ਖ਼ਾਸ ਕਰ ਜਦ ਉਹ ਆਪ ਪਸੰਦੀਦਾ ਫ਼ਿਰਕੇ ਦਾ ਆਦਮੀ ਨਾ ਹੋਵੇ ? ਫ਼ਿਰਕਾ ਪ੍ਰਸਤੀ ਨਾਲ ਕਿਤਨੀ ਨਫ਼ਰਤ ਕੀਤੀ ਜਾਂਦੀ ਸੀ, ਕਿਤਨਾ ਉਸ ਦੇ ਨਤੀਜਿਆਂ ਤੋਂ ਡਰ ਲਗਦਾ ਸੀ, ਪਰ ਅਖ਼ੀਰ ਵਿਚ ਏਥੇ ਉਹ ਇਕ ਤਸਲੀਮ-ਸ਼ੁਦਾ ਅਤੇ ਕਾਨੂੰਨ ਵਲੋਂ ਨਿਵਾਜੀ ਹੋਈ ਹਕੀਕਤ ਬਣ ਗਈ। ਜੇ ਹਿੰਦੁਸਤਾਨ ਕੇਵਲ ਹਿੰਦੂ ਦਾ ਮੁਲਕ ਪ੍ਰਵਾਨ ਕਰ ਲਿਆ ਜਾਏ, ਹਰ ਵੇਲੇ ਮੰਦਰਾਂ ਦੇ ਟੱਲ ਖੜਕਿਆ ਕਰਨ ਤੇ ਘੂਰ ਘੂਰ ਕੇ ਜੰਞੂਆਂ ਤੇ ਬੋਦੀਆਂ ਦਾ ਸ਼ੁਮਾਰ ਕੀਤਾ ਜਾਏ, ਤਾਂ ਕੀ ਉਹ ਰਹਿਣ ਦੇ ਕਾਬਿਲ ਮੁਲਕ ਰਹਿ ਜਾਏਗਾ ?'

ਫੇਰ ਮਨ ਵਿਚ ਸੁਆਲ ਉਠਿਆ, 'ਕੀ ਹੁਣ ਤੀਕ ਭਾਰਤ ਨੂੰ ਅਸੀਂ ਸਹੀ ਮਾਅਨਿਆਂ ਵਿਚ ਅਧਰਮੀ ਗਣਰਾਜ (Secular Democracy) ਬਣਾ ਸਕੇ ਹਾਂ ? ਭਾਵੇਂ ਧਾਰਮਕ ਰੁਚੀਆਂ ਦਾ ਆਦਮੀ ਨਾ ਸਹੀ ਫੇਰ ਵੀ ਬਹੁ-ਗਿਣਤੀ

ਵਾਲੇ ਫਿਰਕੇ ਦਾ ਜੀਵ ਹਾਂ : ਮੈਨੂੰ ਕੀ ਪਤਾ ਘਟ-ਗਿਣਤੀ ਵਾਲੇ ਫ਼ਿਰਕੇ ਆਪਣੇ ਆਪ ਨੂੰ ਹਿੰਦੂਆਂ ਦੇ ਸਮਾਨ ਸੁਰੱਖਿਅਤ ਅਤੇ ਆਜ਼ਾਦ ਮਹਿਸੂਸ ਕਰਦੇ ਹਨ ਕਿ ਨਹੀਂ ? ਕਦੇ ਮੈਂ ਇਸ ਸਮੱਸਿਆ ਉਪਰ ਗੰਭੀਰਤਾ ਨਾਲ ਜਾਂਚ-ਪੜਤਾਲ ਕੀਤੀ ਹੈ ? ਕਦੇ ਮੈਂ ਜਾਣਨ ਦੀ ਕੋਸ਼ਸ਼ ਕੀਤੀ ਹੈ ਕਿ ਮੁਸਲਮਾਨ ਜਨਤਾ ਕਿਵੇਂ ਰਹਿੰਦੀ ਹੈ, ਉਸ ਦੇ ਦ੍ਰਿਸ਼ਟੀਕੋਣ ਕੀ ਹਨ ? ਕੁਰਾਨ ਸ਼ਰੀਫ਼ ਦਾ ਅਧਿਅਨ ਵੀ ਬੰਬਈਓਂ ਟੁਰਨ ਤੋਂ ਕੁਝ ਦਿਨ ਪਹਿਲਾਂ ਕੀਤਾ ਸੀ, ਉਹ ਵੀ ਸ਼ੈਦ ਆਪਣੀ ਸੁਰੱਖਿਅਤਾ ਦੀ ਗ਼ਰਜ਼ ਤੋਂ ਮਜਬੂਰ ਹੋ ਕੇ । ਪਰ ਉਸ ਨਾਲ ਮੇਰੇ ਮਨ ਦੇ ਕਿਤਨੇ ਭਰਮ ਦੂਰ ਹੋਏ ਸਨ, ਹਜ਼ਰਤ ਮੁਹੰਮਦ ਦੀ ਜ਼ਾਤ ਅਤੇ ਉਹਨਾਂ ਦੀ ਸਿਖਿਆ ਲਈ ਦਿਲ ਵਿਚ ਕਿਤਨਾ ਆਦਰ ਪੈਦਾ ਹੋਇਆ ਸੀ । ਪਰ ਹਾਲਾਂ ਵੀ ਮੇਰੇ ਅੰਦਰ ਕਿਤਨਾ ਅਗਿਆਨ ਹੈ, ਕਿਤਨੇ ਤਅੱਸਬ ਹਨ । ਇਹਨਾਂ ਨੂੰ ਦੂਰ ਕਰਨ ਲਈ ਅਸੀਂ ਲੋਕ ਕਿਤਨੇ ਕੁ ਉਪਰਾਲੇ ਕਰਦੇ ਹਾਂ ? ਕੀ ਹਾਲਾਂ ਵੀ ਸਾਡੇ ਦੇਸ਼ ਵਿਚ ਅਛੂਤਾਂ ਨਾਲ ਪਸ਼ੂਆਂ ਵਾਲਾ ਸਲੂਕ ਨਹੀਂ ਕੀਤਾ ਜਾਂਦਾ ? ਹੋ ਸਕਦੈ ਹਿੰਦੂਆਂ ਦੇ ਤੁਰ ਜਾਣ ਨਾਲ ਪਾਕਿਸਤਾਨ ਦੇ ਮੁਸਲਮਾਨਾਂ ਨੇ ਸ਼ੁਕਰ ਕੀਤਾ ਹੋਵੇ । ਉਹਨਾਂ ਦੀ ਕੋਈ ਵੀ ਤਾਂ ਗੱਲ ਹਿੰਦੂਆਂ ਨੂੰ ਚੰਗੀ ਨਹੀਂ ਸੀ ਲੱਗਦੀ ਹੁੰਦੀ । ਹਰ ਵੇਲੇ ਹਿੰਦੂਆਂ ਦੀਆਂ ਨੁਕਤਾਚੀਨ ਨਿਗਾਹਾਂ ਉਹਨਾਂ ਨੂੰ ਸੱਲਦੀਆਂ ਰਹਿੰਦੀਆਂ ਸਨ, ਉਹਨਾਂ ਦੇ ਸਵੈ-ਮਾਣ ਨੂੰ ਡਸਦੀਆਂ ਰਹਿੰਦੀਆਂ ਸਨ... ...।

'ਪਰ ਦੂਜੇ ਪਾਸੇ ਇਹ ਵੀ ਤਾਂ ਮੰਨਣਾ ਹੀ ਪਏਗਾ ਕਿ ਹਿੰਦੁਸਤਾਨ ਦਾ ਵਿਧਾਨ ਨਿਆਂਕਾਰੀ ਹੈ, ਅਗਾਂਹ-ਵਧੂ ਹੈ । ਓਥੇ ਕਾਨੂੰਨੀ ਤੌਰ 'ਤੇ ਤਾਂ ਇਕ ਫ਼ਿਰਕੇ ਨੂੰ ਪੂੂਰਤਾ ਮੁਯੱਸਰ ਨਹੀਂ, ਭਾਵੇਂ ਅੰਦਰ-ਖਾਤੇ ਕਿਤਨੀਆਂ ਬੁਰਾਈਆਂ ਮੌਜੂਦ ਹਨ ? ਓਥੇ ਕਦੇ ਨਾ ਕਦੇ ਅਗਿਆਨਤਾ ਦੂਰ ਹੋਣ ਦੀ, ਦਿਲਾਂ ਦੇ ਮੋਕਲੇ ਹੋਣ ਦੀ, ਆਸ ਤਾਂ ਕੀਤੀ ਜਾਂ ਸਕਦੀ ਹੈ ? ਪਰ ਪਾਕਿਸਤਾਨ ਦਾ ਵਿਧਾਨ ਹੀ ਜਦ... .. ?'

ਰਾਤੀਂ ਲੁਹਾਰੀ ਦਰਵਾਜ਼ਿਉਂ ਫੁਲਾਹ ਦੀਆਂ ਦਾਤਣਾਂ ਖ਼ਰੀਦੀਆਂ ਸਨ । ਉਹਨਾਂ ਵਲ ਧਿਆਨ ਜਾਂਦਿਆਂ ਸ਼ੌਕ ਫਿਰ ਜਾਗ ਪਏ । ਵੇਖਾਂ ਤਾਂ ਸਹੀ ਪਿੰਡੀ ਦੀ ਫੁਲਾਹ ਨਾਲ ਟੱਕਰ ਖਾਂਦੀਆਂ ਨੇ ਕਿ ਨਹੀਂ ? ਫੁਲੇਰਿਆਂ ਦੀਆਂ ਹੱਟੀਆਂ ਲਾਗੇ ਭੁੰਜੇ ਬੈਠੇ ਹਏ ਇਕ ਬੰਦੇ ਨੇ ਕਿਵੇਂ ਸੁਰੀਲੀ ਹੇਕ ਮਾਰੀ "ਓਏ ਭਲਵਾ......ਨੰ......ਅੰ ! ਬਾਊਰਾਂ ਨੂੰ ਫੁਲਾਹ ਦੀ ਗੱਠੀ ਕਢ ਦੇ ਜ਼ਰਾ !"

ਅੰਗੀਠੀ ਤੋਂ ਦਾਤਣਾਂ ਚੁਕ ਕੇ ਗ਼ੁਸਲਖ਼ਾਨੇ ਵਿਚ ਚਲਾ ਗਿਆ। ਸ਼ੇਵ ਕੀਤਾ, ਨ੍ਹਾਤਾ ਧੋਤਾ, ਤੇ ਫੇਰ ਕੈਮਰੇ ਮੋਢੇ ਉਤੇ ਸੁਟ ਕੇ ਨਿਕਲ ਪਿਆ ਬਾਹਰ।

ਆਪਣੇ ਪੁਰਾਣੇ ਨਿਊ ਹੋਸਟਲ ਅਗੋਂ ਲੰਘਿਆ। ਰੁਕ ਜਾਂ ਥੋੜੀ ਦੇਰ ? ਫ਼ੋਟੋ ਖਿਚ ਲਾਂ ? ਨਹੀਂ, ਨਹੀਂ ਮਤੇ ਕੋਈ ਵੇਖ ਕੇ ਖ਼ਾਹਮਖ਼ਾਹ ਸ਼ਕ ਕਰਨ ਲਗ ਪਏ। ਮੇਰਾ ਕੌਣ ਮੁਹਾਫ਼ਜ਼ ਏ ਏਥੇ ? ਸਚ ਕਿਤਨਾ ਡਰਪੋਕ ਹਾਂ ਮੈਂ। ਇਹ ਤਾਂ ਮੇਰਾ ਆਪਣਾ ਹੋਸਟਲ ਹੈ। ਖ਼ੈਰ, ਹੋਸਟਲ ਵੀ ਤਾਂ ਹੁਣ ਮੇਰੇ ਵਾਂਗ ਥੱਕਿਆ ਥੱਕਿਆ ਤੇ ਪੁਰਾਣਾ ਪੁਰਾਣਾ ਹੋ ਗਿਆ ਹੈ। ਸਮੇਂ ਨੇ ਇਹਨੂੰ ਵੀ ਮੇਰੇ ਵਾਂਗ ਅਧਖੜ ਕਰ ਛਡਿਆ ਹੈ। ਅਫ਼ਸੋਸ ਦੀ ਥਾਂ ਤਸਕੀਨ ਹੋਈ ਵੇਖ ਕੇ।

ਹੋਸਟਲ ਦੇ ਸਾਹਮਣੇ ਵਾਲਾ ਥਾਣਾ ਹਾਲਾਂ ਵੀ ਮੌਜੂਦ ਸੀ। ਇਹਦੇ ਹਾਤੇ ਵਿਚ, ਥਕੇਵਾਂ ਲਾਹਣ ਲਈ, ਕਿਸੇ ਕਿਸੇ ਰਾਤ ਸਿਪਾਹੀ ਆਪਣੇ ਪਿੰਡਾਂ ਦੇ ਮਾਹੀਏ ਤੇ ਢੋਲੇ ਛੋਹ ਦੇਂਦੇ, ਜੋ ਅਸਾਂ ਅੰਗਰੇਜ਼ੀ ਰਾਗ-ਵਿਦਿਆ ਦੇ ਉਪਾਸ਼ਕ ਵਿਦਿਆਰਥੀਆਂ ਲਈ "ਭੈਕੜਾ ਅੱਡਣ" ਤੁਲ ਸੀ। ਅਸੀਂ ਚੀਕਾਂ ਮਾਰ ਮਾਰ ਕੇ ਉਹਨਾਂ ਨੂੰ "ਸ਼ਟ ਅਪ" ਆਖਦੇ, ਅਸਭਿਅਤਾ ਭਰੀਆਂ ਨਕਲਾਂ ਲਾ ਕੇ ਖਿਝਾਂਦੇ, ਹਰ ਮੁਮਕਿਨ ਢੰਗ ਨਾਲ ਉਹਨਾਂ ਦਾ ਮਜ਼ਾ ਖ਼ਰਾਬ ਕਰ ਕੇ ਖ਼ੁਸ਼ ਹੁੰਦੇ।

ਥਾਣੇ ਲਾਗਿਉਂ ਟ੍ਰੇਨਿੰਗ ਕਾਲਜ ਵਲ ਜਾਂਦੀ ਗਲੀ ਵਿਚੋਂ ਲੰਘ ਕੇ ਆਪਣੀ ਭੂਆ ਦੇ ਘਰ ਜਾਂਦਾ ਹੁੰਦਾ ਸਾਂ। ਅਜ ਵੀ ਲੰਘਿਆ ਉਧਰੋਂ, ਪਰ ਸਹਿਮ ਸਹਿਮ ਕੇ, ਮਤੇ ਕਿਤੇ ਮੇਰੀ ਚਾਲ ਢਾਲ ਵਿਚ ਹਿੰਦੂਆਂ ਵਾਲੀ ਵਿਸ਼ੇਸ਼ਤਾ ਨਾ ਪ੍ਰਗਟ ਹੋ ਜਾਏ। ਪਰ ਗਲੀ ਦੀ ਗ਼ਰੀਬੜੀ ਜਿਹੀ ਵਸੋਂ ਨੂੰ ਜਿਹੜੀ ਸਿਰ 'ਤੇ ਬਿਨਾਂ ਬੁਲਾਏ ਆਣ ਖਲੋਤੀ ਸਵੇਰ ਦੇ ਸੁਆਗਤ ਵਿਚ ਡਰੇ ਹੋਏ ਘੋਗੇ ਵਾਂਗ ਹੌਲੇ ਹੌਲੇ ਸਿੰਗ ਬਾਹਰ ਕਢ ਰਹੀ ਸੀ, ਮੇਰੇ ਵਲ ਅੱਖ ਚੁਕ ਕੇ ਵੇਖਣ ਦੀ ਵੀ ਫ਼ੁਰਸਤ ਨਹੀਂ ਸੀ। ਮੋੜ ਤੇ ਹਲਵਾਈ ਦੀ ਦੁਕਾਨ, ਜਿਥੇ ਸੋਡਾਵਾਟਰ, ਸਿਗਰਟ, ਪਾਨ ਅਤੇ ਅਖ਼ਬਾਰ ਆਦਿ ਵੀ ਵਿਕਿਆ ਕਰਦੇ ਸਨ, ਓਸੇ ਦੀ ਓਸੇ ਤ੍ਰਾਂ ਮੌਜੂਦ ਸੀ। ਜਿਸ ਪਟੜੇ ਤੋਂ ਹਿੰਦੂ ਹਲਵਾਈ ਉਠ ਕੇ ਚਲਾ ਗਿਆ ਮੁਸਲਮਾਨ ਹਲਵਾਈ ਆ ਕੇ ਬਹਿ ਗਿਆ, ਬਸ ਇਤਨਾ ਹੀ ਫ਼ਰਕ ਸੀ। ਇਹ ਸ਼ੈਦ "ਓਧਰੋਂ" ਕਿਸੇ ਪਟੜੇ ਤੋਂ ਉਠ ਕੇ ਆ ਗਿਆ ਹੋਣੈ ! ਮੁਸਲਮਾਨ ਨੂੰ ਹਲਵਾਈ ਦੇ ਰੂਪ ਵਿਚ ਵੇਖਣਾ ਅਜੀਬ ਲਗਦਾ ਸੀ।

ਪਾਰਸੀ ਇਬਾਦਤਖ਼ਾਨੇ ਦੇ ਸਾਹਮਣੇ ਮੇਰੀ ਭੂਆ ਦਾ ਘਰ ਵੀ ਉਸੇ ਦਾ ਉਸੇ ਤਰ੍ਹਾਂ ਖੜਾ ਸੀ। ਉਸ ਦਾ ਮੂੰਹ-ਮੱਥਾ ਮੈਨੂੰ ਖ਼ਾਮੋਸ਼ੀ ਨਾਲ ਪਛਾਣਨ ਤੇ ਆਪਣੀ

ਪਰਵੱਸਤਾ ਜਤਾਣ ਲਗ ਪਿਆ। ਫ਼ੋਟੋ ਖਿਚ ਕੇ ਉਹਦੇ ਜਜ਼ਬਿਆਂ ਦਾ ਅਨਾਦਰ ਕਰਨਾ ਮੈਨੂੰ ਮੁਨਾਸਬ ਨਾ ਦਿਸਿਆ। ਉਸ ਤੋਂ ਅਗੇ ਪ੍ਰੋਫ਼ੈਸਰ ਰੁਚੀਰਾਮ ਹੋਰਾਂ ਦੀ ਕੋਠੀ ਵੇਖੀ। ਉਥੇ ਮੇਰੀ ਨਿੱਕੀ ਭੂਆ ਰਹਿੰਦੀ ਹੁੰਦੀ ਸੀ। ਅਜ ਕਲ੍ਹ ਉਹ ਡੇਹਰਾਦੂਨ ਵਿਚ ਹੈ। ਅਜ ਉਸ ਦੀ ਕੋਠੀ ਤਾਂ ਵੇਖ ਲਈ, ਪਰ ਵੰਡ ਤੋਂ ਬਾਅਦ ਉਹਨੂੰ ਮਿਲਣ ਦਾ ਅਵਸਰ ਹਾਲਾਂ ਤਕ ਨਸੀਬ ਨਹੀਂ ਹੋਇਆ। ਇਹਨਾਂ ਕੋਠੀਆਂ ਕੋਲੋਂ ਇਕ ਗਲੀ ਮੁਵੇਸ਼ੀ ਹਸਪਤਾਲ ਵਾਲੀ ਸੜਕ ਨੂੰ ਜਾਂਦੀ ਹੈ। ਇਸ ਗਲੀ ਵਿਚ ਮੇਰੇ ਸੰਸਕ੍ਰਿਤ ਦੇ ਪ੍ਰੋਫ਼ੈਸਰ ਗੁਲਬਹਾਰ ਸਿੰਘ ਜੀ ਦਾ ਘਰ ਸੀ, ਜੋ ਹੁਣ ਸੁਰਗਵਾਸ ਹੋ ਚੁਕੇ ਹਨ। ਬੜਾ ਪਿਆਰ ਕਰਦੇ ਸਨ ਉਹ ਮੈਨੂੰ। ਮਵੇਸ਼ੀ ਹਸਪਤਾਲ ਵਾਲੀ ਸੜਕ 'ਤੇ ਪੁਜ ਕੇ ਆਪਣੇ ਅੰਗਰੇਜ਼ੀ ਦੇ ਹਰਮਨ ਪਿਆਰੇ ਪ੍ਰੋਫ਼ੈਸਰ ਮਦਨ ਗੋਪਾਲ ਸਿੰਘ ਦੀ ਕੋਠੀ ਵੇਖੀ, ਜਿਦ੍ਹੀ ਮਮਟੀ 'ਤੇ "ਓਮ" ਓਸੇ ਦਾ ਓਸੇ ਤਰ੍ਹਾਂ ਉਕਰਿਆ ਹੋਇਆ ਸੀ। ਆਪ ਉਹ ਵੰਡ ਦੇ ਫ਼ਸਾਦਾਂ ਵਿਚ ਮਾਰੇ ਗਏ ਸਨ।

ਇਹ ਪਰਕਰਮਾ ਸੰਪੂਰਨ ਕਰ ਕੇ ਫੇਰ ਵਾਪਸ ਕਚਹਿਰੀ ਰੋਡ 'ਤੇ ਆ ਗਿਆ। ਡੀ. ਏ. ਵੀ. ਕਾਲਜ ਦੇ ਫਾਟਕ ਉਪਰ ਹੁਣ "ਇਸਲਾਮੀਆ ਕਾਲਜ" ਦਾ ਬੋਰਡ ਲਗਾ ਹੋਇਆ ਹੈ; ਪਰ ਇਮਾਰਤ ਦੀ ਮਹਿਰਾਬ ਉਪਰ ਨਾਗਰੀ ਵਿਚ "ਦਯਾਨੰਦ ਐਂਗਲੋਵੈਦਿਕ ਕਾਲਜ" ਓਸੇ ਦਾ ਓਸੇ ਤਰ੍ਹਾਂ ਲਿਖਿਆ ਹੋਇਆ ਹੈ। ਡੀ. ਏ. ਵੀ. ਕਾਲਜ ਦੇ ਹੋਸਟਲ ਅਗੋਂ ਗੋਲਬਾਗ਼ ਵਲ ਲੰਘ ਕੇ ਫੇਰ ਸਾਂਦਾ ਰੋਡ ਵਲ ਟੁਰ ਪਿਆ। ਰਾਹ ਵਿਚ ਥਾਂ ਥਾਂ 'ਤੇ ਸਨਸਨੀਖ਼ੇਜ਼ ਸੁਰਖ਼ੀਂ ਵਾਲਾ ਇਕ ਇਸ਼ਤਿਹਾਰ ਲਗਿਆ ਹੋਇਆ ਸੀ :

"ਕਿਆ ਆਪ ਚਾਹਤੇ ਹੈਂ ਕਿ ਹਿੰਦੁਸਤਾਨੀ
ਹਮਾਰੀ ਬਹੂ ਬੇਟੀਓਂ ਕੋ ਉਠਾ ਕਰ ਲੇ ਜਾਏਂ ?"

ਹੋ ਸਕਦਾ ਹੈ ਕਿਸੇ ਸਿਆਸੀ ਪਾਰਟੀ ਦੀ ਵੰਗਾਰ ਹੋਵੇ, ਜਾਂ ਭਾਵੇਂ ਅੰਮ੍ਰਿਤਸਰ ਵਾਂਗ ਏਥੋਂ ਦੇ ਕਿਸੇ ਹਕੀਮ ਨੇ ਵੀ "ਐਨਕ ਤੋੜ" ਕਿਸਮ ਦਾ ਸੁਰਮਾ ਤਿਆਰ ਕੀਤਾ ਹੋਵੇ ? ਠੀਕ ਗੱਲ ਹੈ। ਜੇ ਬੀਨਾਈ ਚੰਗੀ ਹੋਵੇਗੀ ਤਾਂ "ਬਹੂ ਬੇਟੀਆਂ" ਦੀ ਰਖਵਾਲੀ ਚੰਗੀ ਤਰ੍ਹਾਂ ਹੋ ਸਕੇਗੀ, ਤੇ ਉਹ ਹਿੰਦੁਸਤਾਨੀਆਂ ਹਥੋਂ ਉਧਾਲੇ ਜਾਣ ਦੇ ਖ਼ਤਰੇ ਤੋਂ ਬਚ ਜਾਣਗੀਆਂ। ਵਰਤਮਾਨ ਯੁਗ ਦੇ ਸਭਿਆਚਾਰ ਵਿਚ ਹਰ ਚੀਜ਼ ਇਸ਼ਤਿਹਾਰੀ ਹੁੰਦੀ ਜਾ ਰਹੀ ਹੈ। ਬਹਰ ਹਾਲ ਇਸ਼ਤਿਹਾਰ ਨੂੰ ਪੜ੍ਹਨ ਦੀ ਮੈਨੂੰ ਕੋਈ ਉਤਸੁਕਤਾ ਨਹੀ ਹੋਈ।

ਅਗੋਂ ਇਕ ਪਗਾਲ ਆਦਮੀ ਆਉਂਦਾ ਦਿਸਿਆ, ਜਿਹੜਾ ਲੀਡਰ ਅੰਦਾਜ਼ ਨਾਲ ਸਿਰ ਹਿਲਾ ਹਿਲਾ ਕੇ ਸ਼ਰਹ ਤੇ ਹਦੀਸ ਦੇ ਨੁਕਤੇ ਬਿਆਨ ਕਰ ਰਿਹਾ ਸੀ ।

ਯੂਨੀਵਰਸਿਟੀ ਗਰਾਉਂਡ ਵਾਲੇ ਮੋੜ 'ਤੇ ਚਾਹ ਪਾਣੀ ਦੀ ਨਿੱਕੀ ਜਿਹੀ ਦੁਕਾਨ ਦਿਸੀ । ਮਲੇਸ਼ੀਏ ਦੀ ਸਲਵਾਰ ਕਮੀਜ਼ ਪਾਈ ਇਕ ਮੱਸ ਫੁਟ ਮੁੰਡਾ ਮੇਜ਼ ਕੁਰਸੀਆਂ ਪੂੰਝ ਰਿਹਾ ਸੀ । ਮੈਂ ਕੋਲ ਜਾ ਕੇ ਕਿਹਾ, "ਕਿਉਂ ਭਈ, ਇਕ ਚਾਹ ਦੀ ਪਿਆਲੀ ਮਿਲੇਗੀ ?"

ਜੁਆਬ ਵਿਚ ਉਹ ਹੱਸਣ ਲਗ ਪਿਆ, ਜਿਵੇਂ ਮੈਂ ਉਹਨੂੰ ਕੁਤਕੁਤਾਰੀ ਕਰ ਦਿਤੀ ਹੋਵੇ ।

"ਇਸ ਵਿਚ ਹੱਸਣ ਦੀ ਕੀ ਗੱਲ ਹੈ ?" ਮੈਂ ਹੈਰਾਨ ਹੋ ਕੇ ਪੁੱਛਿਆ ।

ਉਸ ਲਈ ਹਾਸਾ ਰੋਕਣਾ ਹੀ ਮੁਸ਼ਕਲ ਹੋ ਗਿਆ । ਬਦਸਤੂਰ ਕੁਰਸੀਆਂ ਸਾਫ਼ ਕਰਦਾ ਕਰਦਾ ਅਖ਼ੀਰ ਬੋਲਿਆ, "ਹਾਲੇ ਦੁੱਧ ਨਹੀਂ ਆਇਆ ।"

ਉਹਦਾ ਗੋਰਾ ਰੂੰ ਚਿਹਰਾ ਲਾਲ ਸੁਰਖ਼ ਹੁੰਦਾ ਜਾ ਰਿਹਾ ਸੀ ।

ਉਸ ਦੀ ਮੂਰਖਤਾ ਉਪਰ ਹੈਰਾਨ ਹੁੰਦਾ ਮੈਂ ਅਗੇ ਟੁਰ ਪਿਆ । ਕੰਬਖ਼ਤ ਹੱਸਿਆ ਕਿਸ ਗੱਲ 'ਤੇ ਸੀ ? ਬਹੁਤ ਸੋਚਣ ਬਾਅਦ ਇਕੋ ਕਾਰਨ ਸਮਝ ਵਿਚ ਆਇਆ । ਉਹ ਜ਼ਰੂਰ ਮੇਰੀ ਪੰਝੀਆਂ ਸਾਲਾਂ ਤੋਂ ਪਰਦੇਸਾਂ ਵਿਚ ਭਟਕਦੀ ਜ਼ੰਗ-ਲਗੀ ਪੰਜਾਬੀ ਬੋਲਚਾਲ 'ਤੇ ਹਸਿਆ ਹੋਣੈ । ਮੈਂ ਗਾਹਕਾਂ ਵਾਂਗ ਨਹੀਂ, ਸ਼ੈਦ ਫ਼ਕੀਰਾਂ ਵਾਂਗ ਚਾਹ ਦੀ ਮੰਗ ਪੇਸ਼ ਕੀਤੀ ਸੀ ।

ਸੜਕ ਦੇ ਦੂਜੇ ਬੰਨੇ ਇਕ ਚਾਹ ਵਾਲਾ ਭੁੰਜੇ ਦੁਕਾਨ ਲਾ ਕੇ ਬੈਠਾ ਹੋਇਆ ਸੀ । ਉਹਦੇ ਆਲੇ ਦੁਆਲੇ ਗ਼ਰੀਬੜੇ ਗਾਹਕਾਂ ਦੀ ਕਚਹਿਰੀ ਲਗੀ ਹੋਈ ਸੀ । ਮੈਨੂੰ ਇਥੇ ਕਿਸ ਨੇ ਪਛਾਣਨਾ ਸੀ ? ਮੈਂ ਹਿੰਮਤ ਕਰ ਕੇ ਕੋਲ ਜਾ ਖਲੋਤਾ ਤੇ ਐਤਕੀ ਜ਼ਰਾ ਰੋਅਬ ਤੇ ਮੁਹਾਵਰੇ ਨਾਲ ਫ਼ਰਮਾਇਸ਼ ਕੀਤੀ, "ਭਲਵਾਨ ਜੀ, ਇਕ ਚਾਹ ਦਾ ਪਿਆਲਾ ਸਾਨੂੰ ਵੀ ਬਣਾ ਕੇ ਦੇਣਾ ਜ਼ਰਾ ।"

ਪਰ ਨਿਸ਼ਾਨਾ ਫੇਰ ਖ਼ਤਾ ਹੋ ਗਿਆ । ਇਹ ਯੂ. ਪੀ. ਵਾਲੇ ਪਾਸੇ ਦਾ ਬੰਦਾ ਨਿਕਲ ਆਇਆ ।

"ਹਜ਼ੂਰ ਨਮਕੀਨ ਹੈ," ਉਹ ਬੜੀ ਨਿਮਰਤਾ ਨਾਲ ਬੋਲਿਆ ।

"ਕੋਈ ਬਾਤ ਨਹੀਂ, ਨਮੀਕਨ ਹੀ ਪੀ ਲੇਂਗੇ," ਹਿੰਦੀ ਬੋਲਦਿਆਂ ਮੈਂ ਆਰਜ਼ੀ ਜਿਹਾ ਸੁਖੱਲ ਮਹਿਸੂਸ ਕੀਤਾ ।

ਚਾਹ ਇਕਦਮ ਬੇ-ਸੁਆਦੀ ਸੀ, ਤੇ ਪਿਆਲੇ ਗੰਦੇ। ਪਰ ਅਨੋਖ ਅਨੁਭਵ ਦਾ ਕੁਝ ਨਾ ਕੁਝ ਲੁਤਫ਼ ਵੀ ਜ਼ਰੂਰ ਹੁੰਦਾ ਹੈ। ਗਾਹਕਾਂ ਦੀ ਜੁੰਡਲੀ ਵਿਚੋਂ ਇਕ ਆਦਮੀ ਨੇ, ਜੋ ਬਿਹਾਰ ਵਾਲੇ ਪਾਸੇ ਦਾ ਜਾਪਦਾ ਸੀ, ਮੇਰੇ ਆਗਮਨ ਕਾਰਨ ਰੁਕੀ ਗੱਲ-ਬਾਤ ਦਾ ਸਿਲਸਿਲਾ ਫੇਰ ਚਾਲੂ ਕੀਤਾ —

"ਅਜੀ ਸਾਹਬ, 'ਜੋ ਮਰਦ ਅਕੇਲਾ ਕਮ ਸੇ ਕਮ ਏਕ ਸੌ ਔਰਤੋਂ ਪਰ ਹਾਵੀ ਨਾ ਹੋ ਸਕੇ ਭਲਾ ਵੋਹ ਮਰਦ ਕਾਹੇ ਕਾ ? ਹਮਾਰੇ ਇਲਾਕੇ ਮੇਂ ਏਕ ਖ਼ਾਨਜ਼ਾਦੇ ਥੇ। ਸਾਠ ਸਾਲ ਕੀ ਉਮਰ ਮੇਂ ਬਾਰਾਂ ਸਾਲ ਕੀ ਲੜਕੀ ਸੇ ਨਿਕਾਹ ਪੜ੍ਹਵਾ ਲੀਯਾ। ਖ਼ੁਦਾ ਝੂਟ ਨਾ ਬੁਲਵਾਏ ਪਹਿਲੀ ਬੀਵੀਓਂ ਸੇ ਲੜਕੇ ਲੜਕੀਓਂ ਔਰ ਦੁਹਤੋਂ ਪੋਤੋਂ ਕੀ ਤਾਦਾਦ ਸੈਂਕੜੋਂ ਤਕ ਪਹੁੰਚਤੀ ਥੀ। ਫਿਰ ਭੀ ਚੱਟਾਨ ਕੀ ਤਰ੍ਹਾਂ ਅਪਨੀ ਜਗ੍ਹਾ ਕਾਇਮ ਥੇ। ਛੋਕਰੀ ਕੋ ਦੋ ਤੀਨ ਬਰਸ ਖ਼ੂਬ ਖਿਲਾਇਆ ਪਿਲਾਇਆ, ਜਵਾਨ ਕੀਯਾ, ਫਿਰ ਕਿਆ, ਹਰ ਸਾਲ ਬੱਚਾ ਜਨਤੀ ਥੀ। ਏਕ ਹਕੀਮ ਸਾਹਿਬ ਉਨ ਕੋ ਰੋਜ਼ਾਨਾ ਏਕ ਚਾਵਲ ਕੇ ਦਾਨੇ ਕੇ ਬਰਾਬਰ ਗੋਲੀ ਖਾਨੇ ਕੋ ਦੀਯਾ ਕਰਤੇ ਥੇ। ਪਰ ਸ਼ਰਤ ਯਿਹ ਕਿ ਸਾਥ ਮੇਂ ਖ਼ੁਰਾਕ ਹੋ। ਭਈ ਕਿਯਾ ਕੀਯਾ ਖਾਤੇ ਥੇ ਵੋ, ਕਿਯਾ ਨ ਖਾਤੇ ਥੇ! ਅਜੀ ਅਗਰ ਖ਼ੁਰਾਕ ਤਗੜੀ ਨਾ ਹੋ ਸਭੀ ਅੰਗੋਂ ਮੇਂ ਜ਼ਹਿਰ ਫੈਲ ਜਾਏ ਦਵਾਈ ਕਾ, ਇਤਨੀ ਤੇਜ਼ ਥੀ ਕੰਬਖ਼ਤ। ਪਚਾਸ ਬਰਸ ਸੇ ਕਮ ਉਮਰ ਕਾ ਆਦਮੀ ਤੋਂ ਉਸੇ ਖਾ ਨਹੀਂ ਸਕਤਾ-ਵਹੀਂ ਖ਼ਤਮ ਹੋ ਜਾਏ......"

ਇਸ ਆਦਮੀ ਦੇ ਅੰਦਾਜ਼ ਵਿਚ ਬੜੀ ਜਾਣੀਜਾਣਤਾ ਸੀ। ਇੰਜ ਜਾਪਦਾ ਸੀ ਜਿਵੇਂ ਕਾਫ਼ੀ ਚਿਰ ਤੋਂ ਸੁੱਤਿਆਂ ਦੀ ਕਾਮ-ਵਾਸ਼ਨਾ ਨੂੰ ਉਭਾਰ ਰਿਹਾ ਹੈ। ਪਰ ਉਹਦੀਆਂ ਗੱਲਾਂ ਦਾ ਪ੍ਰਤਿਕਰਮ ਜੁੰਡਲੀ ਤੋਂ ਰਤਾ ਕੁ ਅਲਗ ਹੋ ਕੇ ਬੈਠੇ, ਹੁੱਕਾ ਪੀਂਦੇ, ਇਕ ਕਾਮੇ ਜਿਹੇ 'ਤੇ ਕੁਝ ਹੋਰ ਤਰ੍ਹਾਂ ਦਾ ਹੋਇਆ। ਉਹ ਅੱਧ-ਵਿਚਾਲੇ ਰੋਸ-ਭਰੇ ਅੰਦਾਜ਼ ਨਾਲ ਆਪਣੀ ਦਾਤਰੀ ਤੇ ਪੱਠਿਆਂ ਦੀ ਪੰਡ ਚੁਕ ਕੇ ਉਠ ਖਲੋਤਾ ਤੇ ਇਹ ਕਹਿ ਕੇ ਟੁਰਦਾ ਬਣਿਆ, "ਆਹੋ ਮੀਯਾਂ, ਸਭ ਦੌਲਤਾਂ ਦੀਆਂ ਬਰਕਤਾਂ ਨੇ... ...।"

ਜੁੰਡਲੀ ਉਪਰ ਉਸ ਦੀ ਗੱਲ ਦਾ ਕਾਫ਼ੀ ਅਸਰ ਪਿਆ, ਤੇ ਖ਼ਾਮੋਸ਼ੀ ਛਾ ਗਈ। ਫੇਰ ਇਕ ਲੰਮੇ ਝਾਟੇ ਤੇ ਦਾੜ੍ਹੀ ਵਾਲੇ ਮਲੰਗ ਨੇ ਉੱਚੀ ਉੱਚੀ ਉਰਦੂ ਦੇ ਸ਼ਿਅਰ ਪੜ੍ਹਨੇ ਸ਼ੁਰੂ ਕਰ ਦਿਤੇ।

ਯੂਨੀਵਰਸਿਟੀ ਗਰਾਊਂਡ ਦੇ ਨਾਲ ਨਾਲ ਟੁਰਦਾ, ਦਰਖ਼ਤਾਂ ਦੀ

ਜਾਣੀ-ਪਛਾਣੀ ਛਾਂ ਦਾ ਸੁਖ ਮਾਣਦਾ, ਚਬੁਰਜੀ ਅਪੜ ਗਿਆ। ਅਗੋਂ ਜੱਟਾਂ ਦੀ ਇਕ ਝੂਮਦੀ ਝਾਮਦੀ ਟੋਲੀ ਆ ਰਹੀ ਸੀ। ਉਹਨਾਂ ਨਾਲ ਘੜੀ ਗੱਲ-ਬਾਤ ਕਰਨ ਦਾ ਲਾਲਚ ਮੈਂ ਨਾ ਵਰਜ ਸਕਿਆ। ਪਿੰਡ ਨਾਥਣ ਬਾਵਿਆਂ ਵਾਲੇ ਦੇ ਵਸਨੀਕ ਸਨ ਉਹ। ਸ਼ਹਿਰ ਵਲ ਖ਼ਰੀਦੋ-ਫ਼ਰੋਖ਼ਤ ਕਰਨ ਜਾ ਰਹੇ ਸਨ। ਮੈਂ ਉਹਨਾਂ ਨੂੰ ਰੋਕ ਆਪਣਾ ਪ੍ਰੀਚੈ ਦਿਤਾ ਤੇ ਫ਼ੋਟੋ ਖਿੱਚਣ ਦੀ ਇਜਾਜ਼ਤ ਮੰਗੀ। ਉਹਨਾਂ ਨੂੰ ਅਚੰਭਾ ਮੇਰੇ ਭਾਰਤੀ ਜਾਂ ਹਿੰਦੂ ਹੋਣ ਉਪਰ ਇਤਨਾ ਨਹੀਂ ਸੀ ਜਿਤਨਾ ਇਸ ਗੱਲ 'ਤੇ ਕਿ ਇਕ ਪਤਲੂਨ ਵਾਲਾ ਬਾਊ ਪੇਂਡੂਆਂ ਨਾਲ ਦੋਸਤੀ ਲਾਉਣ ਦੀ ਤਕਲੀਫ਼ ਕਰ ਰਿਹਾ ਹੈ। ਬੰਬਈ ਸ਼ਹਿਰ ਬਾਰੇ ਤੇ ਹਿੰਦੀ ਫ਼ਿਲਮਾਂ ਬਾਰੇ ਉਹਨਾਂ ਮੇਰੇ ਕੋਲੋਂ ਇਕੋ ਸਾਹ ਕਿਤਨੇ ਈ ਸੁਆਲ ਪੁੱਛ ਛਡੇ, ਤੇ ਫੇਰ ਫ਼ੋਟੋ ਖਿਚਵਾਣਾ ਵੀ ਪਰਵਾਨ ਕਰ ਲਿਆ। ਬੜੀ ਸੁਆਦਲੀ ਮਿਲਣੀ ਸੀ ਉਹ।

ਕਿਨੇਰਡ ਕਾਲਜ ਦੇ ਨੇੜੇ ਇਕ ਕੋਠੀ ਵਿਚ ਕਦੇ ਮੈਂ ਪੂਰਾ ਸਾਲ ਤੰਬੂ ਲਾ ਕੇ ਰਿਹਾ ਸਾਂ — ਨਿਊ ਹੋਸਟਲ ਵਿਚੋਂ ਧੱਕਿਆ ਜਾਣ ਕਰ ਕੇ। ਧੱਕੇ ਜਾਣ ਦੇ ਕਾਰਨਾਂ ਵਿਚੋਂ ਇਕ ਇਹ ਸੀ — ਡਾਰਮਿਟਰੀਆਂ ਵਿਚ ਟੈਨਸ ਖੇਡਣਾ ਤੇ ਸ਼ੀਸ਼ੇ ਭੰਨਣਾ। ਕੋਠੀ ਮੇਰੇ ਇਕ ਪਿਆਰੇ ਜਮਾਤੀ ਦੀ ਸੀ। ਉਸ ਦੇ ਪਿਤਾ ਬੜੇ ਉਦਾਰ ਤੇ ਬਾਰਸੂਖ ਆਦਮੀ ਸਨ। ਕੋਠੀ ਦੀ ਬੜੀ ਜ਼ਮੀਨ ਸੀ। ਉਸ ਦੀ ਇਕ ਨੁਕਰੇ ਤੰਬੂ ਲਾਣ ਦੀ ਇਜਾਜ਼ਤ ਆਸਾਨੀ ਨਾਲ ਮਿਲ ਗਈ। ਪਰ ਸੌਦਾ ਮੇਰੇ ਮਿੱਤਰ ਦੇ ਪਿਤਾ ਨੂੰ ਮਹਿੰਗਾ ਪਿਆ। ਜਦੋਂ ਵੀ ਉਹ ਘਰ ਵਿਚ ਕੋਈ ਵਡੀ ਪਾਰਟੀ ਕਰਦੇ ਤੰਬੂ ਵਿਚ ਕਾਲਜ ਦੇ ਮੁੰਡਿਆਂ ਦੀ ਪਾਰਟੀ ਮੁਫ਼ਤੋ ਮੁਫ਼ਤ ਹੋ ਜਾਇਆ ਕਰਦੀ।

ਕੋਠੀ ਦੇ ਫਾਟਕ ਕੋਲ ਖਲੋ ਮੈਂ ਖ਼ਾਲੀ ਪਈ ਥਾਂ ਨੂੰ ਵੇਖ ਵੇਖ ਕੇ ਉਹਨਾਂ ਰੰਗੀਲੇ ਦਿਨਾਂ ਨੂੰ ਯਾਦ ਕਰਨ ਲਗ ਪਿਆ। ਕਦੇ ਕਦੇ ਛੁੱਟੀ ਵਾਲੇ ਦਿਨ ਕੋਠੀ ਦੇ ਹਾਤੇ ਵਿਚ ਕ੍ਰਿਕਟ ਵੀ ਲਗਦੀ ਸੀ। ਬੈਟਸਮੈਨ ਦਾ ਜਿਹੜਾ ਟੁੱਲਾ ਗੇਂਦ ਨੂੰ ਉਛਾਲ ਕੇ ਮੇਰੇ ਤੰਬੂ ਉਤੇ ਲਿਆ ਸੁਟੇ, ਛੱਕਾ ਗਿਣਿਆਂ ਜਾਂਦਾ ਸੀ; ਤੇ ਹਰ ਛੱਕੇ ਪਿਛੋਂ ਘੱਟੇ ਦੀ ਇਕ ਮੋਟੀ ਤਹਿ ਤੰਬੂ ਦੇ ਅੰਦਰ ਪਏ ਸਾਮਾਨ ਉਪਰ ਜੰਮ ਜਾਂਦੀ ਸੀ; ਪਰ ਨਰਾਜ਼ ਹੋਣ ਦੀ ਥਾਂ ਮੈਂ ਆਪ ਇਹਨੂੰ ਖੇਡ ਦਾ ਇਕ ਕਰਾਮਾਤੀ ਅੰਗ ਸਮਝਦਾ ਸਾਂ।

ਕੋਠੀ ਦੇ ਦੋਵੇਂ ਫਾਟਕ ਦਿਨੇ ਰਾਤੀਂ ਖੁਲ੍ਹੇ ਰਹਿੰਦੇ ਸਨ ਤੇ ਮੇਰਾ ਤੰਬੂ ਇਕ ਦੇ ਬਿਲਕੁਲ ਨੇੜੇ ਸੀ, ਇਸ ਕਾਰਨ ਮਨ ਦੀ ਕਿਸੇ ਹੇਠਲੀ ਤਹਿ ਵਿਚ

ਚੋਰ ਚਕਾਰ ਦਾ ਖ਼ਤਰਾ ਬਣਿਆ ਰਹਿੰਦਾ ਸੀ। ਇਕ ਰਾਤ ਟਾਮਸ ਹਾਰਡੀ ਦਾ ਦੁਖਾਂਤਕ ਨਾਵਲ "ਟੈੱਸ" ਪੜ੍ਹਦਾ ਪੜ੍ਹਦਾ ਦੇਰ ਨਾਲ ਸੁੱਤਾ। ਨੀਂਦਰ ਵੀ ਚੰਦਰੀ ਜਿਹੀ ਆਈ। ਘੜੀ ਮੁੜੀ ਕੁਸੱਪਨ ਆਉਂਦੇ ਤੇ ਅੱਖ ਖੁਲ੍ਹ ਜਾਂਦੀ। ਇਕ ਵਾਰੀ ਜਾਗੋਮੀਟੇ ਦੀ ਹਾਲਤ ਵਿਚ ਇੰਜ ਦਿਸਿਆ ਜਿਵੇਂ ਤੰਬੂ ਵਿਚ ਚੋਰ ਵੜ ਆਇਆ ਹੈ ਅਤੇ ਛੇਤੀ ਨਾਲ ਏਧਰ ਉਧਰ ਟੁਰਦਾ ਕੋਈ ਚੀਜ਼ ਢੂੰਡ ਰਿਹਾ ਹੈ। ਪਹਿਲਾਂ ਤਾਂ ਮੈਂ ਡਰ ਨਾਲ ਸਹਿਮ ਗਿਆ, ਫੇਰ ਅਭੜਵਾਹੇ ਅੰਗਰੇਜ਼ਾਂ ਵਾਲੀ ਵਾਜ ਬਣਾ ਕੇ ਚੀਕਣਾ ਸ਼ੁਰੂ ਕਰ ਦਿਤਾ — "ਕੋਨ ਹਾਏ, ਯੂ ਬਲੱਡੀ ਡੈਮ-ਫੂਲ, ਕਾਲਾ ਆਡਮੀ, ਚਲਾ ਜਾਓ ਏਕਡਮ, ਨਹੀਂ ਟੋ ਹਮ ਗੋਲੀ ਮਾਰ ਡੇਗਾ।"

ਪਰ ਇਸ ਧੌਂਸ ਦਾ ਕੋਈ ਅਸਰ ਨਾ ਹੋਇਆ। ਚੋਰ ਉਸੇ ਤਰ੍ਹਾਂ ਨਿਧੜਕ ਹੋ ਕੇ ਟੁਰ ਫਿਰ ਰਿਹਾ ਸੀ। ਹੁਣ ਮੈਥੋਂ ਇਕ ਵਡੀ ਗ਼ਲਤੀ ਹੋ ਗਈ। ਮੈਂ ਮੱਛਰਦਾਨੀ ਦੇ ਅੰਦਰਵਾਰ ਲਗੇ ਬਿਜਲੀ ਦੇ ਲੰਪ ਦਾ ਬਟਨ ਦਬਾ ਦਿਤਾ ਜਿਸ ਕਾਰਨ ਬਾਹਰ ਦਾ ਕੁਝ ਦਿਸਣ ਦੀ ਥਾਂ ਕੇਵਲ ਮੱਛਰਦਾਨੀ ਦੇ ਅੰਦਰਵਾਰ ਜਗਮਗ ਹੋ ਗਈ। ਹੁਣ ਤਾਂ ਮੈਨੂੰ ਆਪਣੀ ਜਾਨ ਬਚਾਣ ਦੀ ਪੈ ਗਈ। ਝੱਟ ਬੱਤੀ ਬੁਝਾ ਕੇ ਤੰਬੂ ਦੀ ਕੰਧ ਵਾਲੇ ਪਾਸਿਓਂ ਖਿਸਕ ਕੇ ਮੰਜੇ ਦੇ ਹੇਠਾਂ ਲੁਕਣ ਦੀ ਕੀਤੀ। ਨੰਗ ਧੜੰਗ ਸਾਂ। ਫ਼ਰਸ਼ 'ਤੇ ਪਿਆ ਆਖ਼ਰਾਂ ਦੀ ਸਰਦੀ ਵਿਚ ਖ਼ੌਰੇ ਕਿਤਨੀ ਦੇਰ ਠਰਦਾ ਰਿਹਾ, ਪਰ ਦੁਸ਼ਮਨ ਦਾ ਹਮਲਾ ਕੋਈ ਨਾ ਹੋਇਆ, ਤੇ ਹੌਲੀ ਹੌਲੀ ਮੇਰੀ ਹੋਸ਼ ਵੀ ਟਿਕਾਣੇ ਆ ਗਈ। ਮਲੂਮ ਹੋਇਆ ਕਿ ਬਾਹਰ ਸੜਕ ਉਤੇ ਲਗੇ ਬਿਜਲੀ ਦੇ ਖੰਭੇ ਦੀ ਰੌਸ਼ਨੀ ਤੰਬੂ ਦੇ ਦਰਵਾਜ਼ਿਆਂ ਉਪਰ ਲਟਕਦੀਆਂ, ਤੇ ਹਵਾ ਨਾਲ ਹਿਲਦੀਆਂ ਚਿਕਾਂ ਵਿਚੋਂ ਛਣ ਕੇ ਦੋ ਲੱਤਾਂ ਦੇ ਟੁਰਨ ਦਾ ਵਹਿਮ ਪੈਦਾ ਕਰ ਰਹੀ ਸੀ। ਇਤਨੀ ਦੇਰ ਵਿਚ ਮੇਰਾ ਹਾਲ ਪਾਹਰਿਆ ਸੁਣ ਕੇ ਘਰ ਦੇ ਬੰਦੇ ਨਠ ਕੇ ਆ ਗਏ, ਤੇ ਮੈਨੂੰ ਬੜਾ ਹੀ ਸ਼ਰਮਸਾਰ ਹੋਣਾ ਪਿਆ ... ...।

ਅਜ ਉਸ ਘਟਨਾ ਨੂੰ ਯਾਦ ਕਰ ਕੇ ਫੇਰ ਸ਼ਰਮਸਾਰ ਹੋ ਰਿਹਾ ਸਾਂ। ਆਪਣੇ ਕਿਸੇ ਹਮਵਤਨ ਨੂੰ ਡਰਾਣ ਲਈ — ਭਾਵੇਂ ਉਹ ਚੋਰ ਵੀ ਹੋਵੇ — ਫ਼ਰੰਗੀਆਂ ਵਾਂਗ ਭੌਂਕਣਾਂ ਕਿਤਨੀ ਘਿਨੌਣੀ ਮਨੋਬਿਰਤੀ ਦਾ ਸੂਚਕ ਸੀ।

ਚੌਂਕ ਉਤੇ ਪੁਜ ਕੇ ਸਮਝ ਨਾ ਆਇਆ ਕਿ ਹੁਣ ਅਗੋਂ ਕੀ ਕਰਾਂ। ਵਕਤ ਟਪਾਣ ਲਈ ਬਦੇਸ਼ੀ ਸੈਲਾਨੀਆਂ ਵਾਂਗ ਚਬੁਰਜੀ ਨੂੰ ਅੰਦਰੋਂ ਬਾਹਰੋਂ ਬੜੇ

ਗ਼ੌਰ ਨਾਲ ਵੇਖਣ ਲਗ ਪਿਆ, ਹਾਲਾਂ ਕਿ ਵੇਖਣ ਵਾਲੀ ਕੋਈ ਖ਼ਾਸ ਚੀਜ਼ ਉਥੇ ਨਹੀਂ ਸੀ। ਫੇਰ ਇਕ ਟਾਂਗੇ ਵਾਲੇ ਨੂੰ "ਮੁਜ਼ੰਗ ਮੁਜ਼ੰਗ" ਪੁਕਾਰਦਿਆਂ ਸੁਣ ਕੇ ਉਹਦੇ ਟਾਂਗੇ 'ਤੇ ਜਾ ਚੜ੍ਹਿਆ। ਧੁਪਾਂ ਜ਼ੋਰ ਦੀਆਂ ਚੜ੍ਹ ਆਈਆਂ ਸਨ, ਆਵਾਜਾਈ ਚੋਖੀ ਵਧ ਗਈ ਸੀ। ਇਕ ਬਸ ਸਟਾਪ ਉਤੇ ਕਾਲੇ ਬੁਰਕੇ ਪਾਈ ਖਲੋਤੀਆਂ ਕਾਲਜੀਏਟ ਕੁੜੀਆਂ ਦਾ, ਪੰਛੀਆਂ ਵਰਗਾ, ਵੱਡਾ ਸਾਰਾ ਝੁਰਮਟ ਸੀ। ਅਜਿਹੇ ਝੁਰਮਟ ਕਲ੍ਹ ਵੀ ਮੈਂ ਕਈ ਥਾਂ ਵੇਖੇ ਸਨ। ਮੰਨਿਆਂ ਬੁਰਕਾਪੋਸ਼ੀ ਪਿਛਾਂਹ-ਖਿਚੂ ਚੀਜ਼ ਸਹੀ, ਪਰ ਕੁੜੀਆਂ ਲਈ ਤਾਲੀਮ ਤਾਂ ਉਤਨੀ ਹੀ ਆਮ ਹੋ ਗਈ ਜਾਪਦੀ ਹੈ ਜਿਤਨੀ ਹੋਰ ਕਿਸੇ ਦੇਸ਼ ਵਿਚ। ਨਾਲੇ ਇਹ ਬੁਰਕਾ ਪੁਰਾਣੇ ਜ਼ਮਾਨੇ ਦੇ ਤੰਬੂ-ਨੁਮਾ ਬੁਰਕਿਆਂ ਵਰਗਾ ਨਹੀਂ। ਇਹ ਹੁਸਨ ਨੂੰ ਲਕਾਉਂਦਾ ਹੈ ਜਾਂ ਹੋਰ ਵੀ ਨਿਖਾਰਦਾ ਹੈ — ਵਿਚਾਰਨ ਵਾਲੀ ਗੱਲ ਹੈ! ਬਸਾਂ, ! ਮੋਟਰਾਂ ਟੈਕਸੀਆਂ ਮੁਲਤਾਨ ਰੋਡ ਉਤੇ ਦੂਰ ਦੂਰ ਜਾਂਦੀਆਂ ਦਿਸ ਰਹੀਆਂ ਸਨ, ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਏਸ ਪਾਸੇ ਸ਼ਹਿਰ ਦੀ ਆਬਾਦੀ ਬਹੁਤ ਵਧ ਗਈ ਹੈ।

ਟਾਂਗੇ ਵਾਲਾ ਕਿਹੜੀ ਕਿਹੜੀ ਸੜਕ ਤੋਂ ਲੰਘ ਕੇ ਮੁਜ਼ੰਗ ਜਾਏਗਾ, ਇਹ ਨਕਸ਼ਾ ਯਾਦ ਵਿਚ ਨਹੀਂ ਸੀ ਆ ਰਿਹਾ, ਪਰ ਮੈਨੂੰ ਜਾਪਿਆ ਕਿ ਇਧਰੋਂ ਇਕ ਸੜਕ ਬਾਹਰਵਾਰ ਲਾਰੰਸ ਗਾਰਡਨ ਨੂੰ ਵੀ ਜਾਂਦੀ ਸੀ।

ਮਨੁੱਖ ਦਾ ਜੀਵਨ ਦਰਅਸਲ ਇਕ ਜੀਵਨ ਨਹੀਂ; ਉਹ ਪੜਾਅ ਪੜਾਅ 'ਤੇ ਸੰਪੂਰਨ ਕੀਤੇ ਅਨੇਕ ਜੀਵਨਾਂ ਦਾ ਸਮੂਹ ਹੈ। ਅਤੇ ਮੈਂ ਆਪਣੇ ਅਜਿਹੇ ਇਕ ਜੀਵਨ ਦਾ ਇਸ ਲਾਰੰਸ ਗਾਰਡਨ ਵਲ ਜਾਂਦੀ ਸੜਕ 'ਤੇ ਭੋਗ ਪਾਇਆ ਸੀ... ...

ਇਹੋ ਜਿਹੀ ਹੀ ਇਕ ਸਵੇਰ ਸੀ। ਮੈਂ ਤੇ ਮੇਰੀ ਪ੍ਰੀਤਮਾ ਆਪਣੇ ਆਪਣੇ ਘਰੋਂ ਸੈਰ ਦਾ ਬਹਾਨਾ ਕਰ ਕੇ ਨਿਕਲੇ ਹੋਏ, ਭਟਕਦੇ ਭਟਕਦੇ, ਉਸ ਸੜਕ 'ਤੇ ਆ ਗਏ ਸਾਂ। ਹੱਥ ਵਿਚ ਹੱਥ ਨਹੀਂ ਸਨ ਪਾਏ ਉਸ ਦਿਨ, ਮੂੰਹਾਂ ਦੇ ਸੋਕੇ ਤੇ ਕੁੜਿੱਤਣਾਂ ਕਾਰਨ ਗੱਲ ਕਰਨਾ ਵੀ ਔਖਾ ਔਖਾ ਮਹਿਸੂਸ ਹੁੰਦਾ ਸੀ। ਮੈਂ ਉਸ ਅਗੇ ਤਜਵੀਜ਼ ਰਖੀ ਸੀ ਕਿ ਕਿਧਰੇ ਨਠ ਜਾਣ ਦੀ ਵਿਉਂਤ ਬਣਾਈਏ। ਉਸ ਜੁਆਬ ਦਿਤਾ ਸੀ, "ਵਿਉਂਤਾਂ ਬਣਾਣ ਦੀ ਲੋੜ ਨਹੀਂ ਜੇ ਨਠਣਾ ਹੈ ਤਾਂ ਏਸੇ ਵੇਲੇ ਨਠ ਚਲੋ। ਇਕ ਵਾਰੀ ਘਰ ਪਰਤ ਕੇ ਮੇਰੇ ਕੋਲੋਂ ਫੇਰ ਨਹੀਂ ਕਿਧਰੇ ਜਾਇਆ ਜਾਣਾ।" ਪਰ ਮੈਨੂੰ ਬਿਨਾਂ

ਤਿਆਰੀ ਨਠਣਾ ਅਸੰਭਵ ਦਿਸਦਾ ਸੀ । ਤੇ ਉਹ ਪੁੱਛਦੀ ਸੀ, "ਕੀ ਤਿਆਰੀ ? ਕਿਸ ਕਿਸਮ ਦੀ ਤਿਆਰੀ ?"

ਅਜ ਪੰਝੀ ਵਰ੍ਹਿਆਂ ਬਾਅਦ ਪਿਛੇ ਮੁੜ ਕੇ ਵੇਖਦਿਆਂ ਮੈਨੂੰ ਆਪਣੀ ਮੂਰਖਤਾ ਤੇ ਉਸ ਦੀ ਸਿਆਣਪ ਉਤੇ ਹੈਰਾਨ ਹੋਣਾ ਪੈ ਰਿਹਾ ਹੈ ।

ਉਹ ਬਾਲੜੀ, ਜਿਨ੍ਹੇਂ ਮੇਰੀ ਐਮ. ਏ. ਦੀ ਡਿਗਰੀ ਦੇ ਮੁਕਾਬਲੇ ਵਿਚ ਮਸਾਂ ਮੈਟ੍ਰਿਕ ਪਾਸ ਕੀਤਾ ਸੀ, ਖ਼ੌਰੇ ਕਿਵੇਂ ਜਾਣ ਗਈ ਸੀ ਕਿ ਜਿਥੇ ਜਾਨ ਦੀ ਬਾਜ਼ੀ ਲਾਉਣੀ ਹੋਵੇ ਓਥੇ ਵਿਉਂਤਾਂ ਬਣਾਣ ਤੇ ਆਸਰੇ ਢੂੰਡਣ ਦੀ ਜ਼ਰੂਰਤ ਨਹੀਂ ਰਹਿੰਦੀ । ਸਾਡੇ ਪ੍ਰੇਮ ਦੇ ਸੁਪਨ-ਮਹੱਲ ਤੋਂ ਬਾਹਰ ਚਵ੍ਹਾਂ ਪਾਸੇ ਹਨੇਰਾ ਹੀ ਹਨੇਰਾ ਸੀ । ਜੀਵਨ ਦਾ ਨਾ ਮੈਨੂੰ ਕੋਈ ਤਜਰਬਾ ਸੀ ਨਾ ਉਹਨੂੰ ; ਫੇਰ ਵੀ ਹਨੇਰੇ ਵਿਚ ਛਾਲ ਮਾਰਨ ਦਾ ਉਹਨੂੰ ਡਰ ਨਹੀਂ ਸੀ, ਮੈਂ ਝਿਜਕ ਰਿਹਾ ਸਾਂ । ਸ਼ੈਦ ਉਹ ਜਾਣ ਗਈ ਸੀ ਕਿ ਵਿਉਂਤਾਂ ਬਣਾਣ ਦੀਆਂ ਗੱਲਾਂ ਕਰ ਕੇ ਦਰਅਸਲ ਮੈਂ ਆਪਣੀ ਕਾਇਰਤਾ ਨੂੰ ਲੁਕਾ ਰਿਹਾ ਸਾਂ ।

ਬੜੀ ਭਿਆਨਕ ਹਾਲਤ ਸੀ ਸਾਡੀ, ਤੇ ਉਸੇ ਅਨੁਕੂਲ ਉਹ ਸੜਕ ਵੀ ਬੜੀ ਭਿਆਨਕ ਸੀ ; ਜਿਵੇਂ ਸੈਣਤਾਂ ਨਾਲ ਹੋਣੀ ਦੇ ਝਾਉਲੇ ਵਿਖਾ ਰਹੀ ਹੋਵੇ ! ਹਰ ਪਾਸੇ ਕਬਰਿਸਤਾਨ, ਖ਼ਨਕਾਹਾਂ ਦੇ ਖੰਡਰ, ਨਹਿਸ਼ ਦਰਖ਼ਤਾਂ ਉਪਰ ਬੈਠੀਆਂ ਗਿੱਧਾਂ ਦੀਆਂ ਕਤਾਰਾਂ, ਸੂਲਾਂ ਵਾਂਗ ਤਿੱਖੀਆਂ ਤੇ ਮੋਏ ਪਸ਼ੂਆਂ ਦੇ ਜਬਾੜਿਆਂ ਵਾਂਗ ਲਿਸ਼ਕਦੀਆਂ ਕਿੱਕਰ ਦੀਆਂ ਕੰਡਿਆਲੀਆਂ ਵਾੜਾਂ... ...

ਮੈਂ ਵੇਖਿਆ ਟਾਂਗੇ ਵਾਲਾ ਓਸ ਸੜਕ ਉਤੇ ਪੈ ਗਿਆ ਹੈ । ਮੈਂ ਤੌਖਲੇ ਨਾਲ ਉਹਨੂੰ ਰੋਕਿਆ — "ਨਹੀਂ ਭਾਈਆ, ਇਸ ਸੜਕੋਂ ਨਹੀਂ, ਕਿਸੇ ਹੋਰ ਪਾਸੋਂ ਚਲ ।"

"ਜੀ ਔਹ, ਅਗਾਂਹ ਅਸੀਂ ਖੱਬੇ ਨੂੰ ਭੌਂ ਜਾਣਾਂ, ਏਸ ਸੜਕ ਨੂੰ ਕੀ ਕਰਨੈਂ ਅਸੀਂ ?"

ਓਸੇ ਦੀ ਓਸੇ ਤਰ੍ਹਾਂ ਵੀਰਾਨ ਪਈ ਸੀ ਉਹ ਸੜਕ, ਜ਼ਰਾ ਵੀ ਨਹੀਂ ਸੀ ਬਦਲੀ । ਹਾਂ, ਪਰ ਕਬਰਿਸਤਾਨਾਂ ਵਿਚ ਮੇਰੇ "ਜੀਵਨ" ਦੀ ਕਬਰ ਦਾ ਵਾਧਾ ਜ਼ਰੂਰ ਸੀ ।

ਝੰਗ ੧੨ ਅਕਤੂਬਰ, ੧੯੬੨

ਮਘਿਆਣਾ ਗੈੱਸਟ ਹਾਊਸ ਦੇ ਵਰਾਂਡੇ ਵਿਚ ਕੁਰਸੀ ਡਾਹ ਕੇ ਬੈਠਾ ਮੈਂ ਡਾਇਰੀ ਦੇ ਵਰਕੇ ਪੂਰੇ ਕਰ ਰਿਹਾਂ। ਸਾਹਮਣੇ ਬੇਰੀ ਦਾ ਦਰਖ਼ਤ ਹੈ, ਜਿਸ ਦੇ ਹੇਠ ਇਕ ਟਾਂਗਾ, ਤੇ ਘੋੜੀ ਨੂੰ ਭੁੰਜੇ ਪੈਰਾਂ ਭਾਰ ਬਹਿ ਕੇ ਪੱਠੇ ਪਾਂਦਾ ਟਾਂਗੇ ਵਾਲਾ, ਮੈਨੂੰ ਉਡੀਕ ਰਹੇ ਹਨ। ਲਿਖਦਿਆਂ ਲਿਖਦਿਆਂ ਘੜੀ ਮੁੜੀ ਮੇਰੀ ਨਿਗਾਹ ਉਹਨਾਂ ਵਲ ਜਾਂਦੀ ਹੈ, ਅਤੇ ਹਰ ਵਾਰ ਰੱਜਵਾਂ ਜਿਹਾ ਸੁਖ ਮਹਿਸੂਸ ਕਰ ਕੇ ਮੁੜ ਆਉਂਦੀ ਹੈ। ਜੀਵਨ ਵਿਚ ਪਹਿਲੀ ਵਾਰ ਮੈਂ ਝੰਗ ਆਇਆ ਹਾਂ। ਹਾਲੀ ਇਕ ਘੰਟਾ ਵੀ ਨਹੀਂ ਹੋਇਆ ਬਸਾਂ ਦੇ ਅੱਡੇ ਤੋਂ ਇਥੇ ਆਇਆਂ। ਅੱਡਾ ਵੀ ਸ਼ਹਿਰੋਂ ਬਾਹਰ ਹੈ, ਤੇ ਇਹ ਗੈੱਸਟ ਹਾਊਸ ਵੀ। ਮਤਲਬ ਇਹ ਕਿ ਹਾਲੀ ਮੈਂ ਸ਼ਹਿਰ ਦਾ ਉੱਕਾ ਕੁਝ ਨਹੀਂ ਵੇਖਿਆ, ਤੇ ਨਾ ਮੇਰੀ ਹਾਲੀ ਕਿਸੇ ਨਾਲ ਜਾਣ-ਪਛਾਣ ਹੋਈ ਹੈ। ਫੇਰ ਵੀ ਅਜੀਬ ਤਰ੍ਹਾਂ ਦਾ ਸਕੂਨ ਦਿਲ ਨੂੰ ਮਹਿਸੂਸ ਹੋ ਰਿਹਾ ਹੈ ਜਿਵੇਂ ਦੂਰ ਦਰਾਜ਼ ਦੇ ਸਫ਼ਰ ਕਰ ਕੇ ਮੈਂ ਆਪਣੇ ਘਰ ਮੁੜ ਆਇਆ ਹੋਵਾਂ। ਹਿੰਦੁਸਤਾਨ ਦਾ ਮੈਂ ਚੱਪਾ ਚੱਪਾ ਗਾਹਿਆ ਹੈ, ਬੜੀਆਂ ਰੀਝਾਂ ਤੇ ਉਮੰਗਾ ਨਾਲ। ਪਰ ਕਿਸੇ ਨਵੇਂ ਸ਼ਹਿਰ ਵਿਚ ਪਹੁੰਚ ਕੇ ਪਹਿਲੇ ਇਕ ਦੋ ਦਿਨ ਜ਼ਰੂਰ ਓਪਰਾਪਨ ਮਹਿਸੂਸ ਕਰਦਾ ਹਾਂ, ਪਰ ਏਥੇ ਕੋਈ ਓਪਰਾ-ਪਨ ਮਹਿਸੂਸ ਈ ਨਹੀਂ ਹੁੰਦਾ। ਗੈੱਸਟ ਹਾਊਸ ਮੈਨੂੰ ਆਪਣਾ ਘਰ ਜਾਪ ਰਿਹਾ ਹੈ। ਪੁਜਦਿਆਂ ਸਾਰ ਬੜੇ ਇਤਮੀਨਾਨ ਨਾਲ ਨ੍ਹਾਤਾ-ਧੋਤਾ, ਡੱਟ ਕੇ ਨਾਸ਼ਤਾ ਕੀਤਾ। ਫੇਰ ਡਾਇਰੀ ਲਿਖਣ ਬਹਿ ਗਿਆ, ਜਿਵੇਂ ਕਿਸੇ ਗੱਲ ਦੀ ਜਲਦੀ ਨਾ ਹੋਵੇ, ਦਿਮਾਗ਼ ਦੀਆਂ ਸਾਰੀਆਂ ਬੇਚੈਨੀਆਂ ਮੁਕ ਗਈਆਂ ਹੋਣ। ਕਿਉਂ ਨਹੀਂ ਮੇਰੇ ਪਿਉ ਦਾਦੇ ਦਾ ਦੇਸ, ਜਿਥੇ ਮੈਂ ਬਚਪਨ ਵਿਚ ਖੇਡਿਆ ਹੁਣ ਏਥੋਂ ਉਤਨਾ ਹੀ ਦੂਰ ਰਹਿ ਗਿਆ ਹੈ ਜਿਤਨਾ ਬੰਬਈਉਂ ਪੂਨਾ। ਬੇਰੀ ਗਵਾਹ ਹੈ, ਸਾਵੇ ਕਚੂਰ ਤੋਤੇ ਗਵਾਹ ਹਨ, ਧਰਤ, ਅਕਾਸ਼ ਤੇ ਪੌਣ ਗਵਾਹ ਹਨ।

ਸਵੇਰੇ ਛੇ ਵਜੇ ਡਾਕਟਰ ਨਜ਼ੀਰ ਅਹਿਮਦ ਨਾਲ ਮੋਟਰ ਵਿਚ ਬਹਿ ਕੇ ਲਾਹੌਰੋਂ ਤੁਰਿਆ ਸਾਂ। ਉਹਨਾਂ ਲਾਇਲਪੁਰ ਐਗਰੀਕਲਚਰਲ ਕਾਲਜ ਦੇ ਮੁੰਡਿਆਂ ਦਾ ਇਮਤਿਹਾਨ ਲੈਣ ਜਾਣਾ ਸੀ। ਲਾਹੌਰ ਵਿਚ ਹਾਲੀ ਬਹੁਤ ਕੁਝ ਵੇਖਣਾ ਸੀ, ਅਣਗਿਣਤ ਮਿੱਤਰਾਂ ਨੂੰ ਮਿਲਣਾ ਗਿਲਣਾ ਸੀ। ਮਸਾਂ ਡੇਢ ਦਿਨ

ਈ ਤਾਂ ਓਥੇ ਬਿਤਾਇਆ ਸੀ, ਪਰ ਮੋਟਰ 'ਤੇ ਇਤਨੀ ਲੰਮੀ ਸੈਰ 'ਤੇ ਨਿਕਲ ਪੈਣ ਦਾ ਲਾਲਚ ਮੈਂ ਵਰਜ ਨਾ ਸਕਿਆ । ਮਨ ਨੂੰ ਇਹ ਆਖ ਕੇ ਦਿਲਾਸਾ ਦੇ ਲਿਆ ਕਿ ਝੰਗ, ਭੇਰਾ, ਪਿੰਡੀ ਆਦਿ ਦੀ ਯਾਤਰਾ ਖ਼ਤਮ ਕਰ ਕੇ ਪਾਕਿਸਤਾਨ ਅਖ਼ੀਰਲੇ ਤਿੰਨ ਚਾਰ ਦਿਨ ਫੇਰ ਲਾਹੌਰ ਵਿਚ ਹੀ ਗੁਜ਼ਾਰਾਂਗਾ ।

ਤੇ ਸੱਚ ਮੁਚ ਇਸ ਮੋਟਰ ਦੀ ਸੈਰ ਦੀਆਂ ਕਈ ਅਭੁੱਲ ਝਾਕੀਆਂ ਸਨ । ਸਰਘੀ ਵੇਲੇ ਰਾਵੀ ਦੀ ਤਹਿ ਉਪਰ ਭਾਫ ਜਿਹੀ, ਜਿਵੇਂ ਸਜਰੇ ਚੋਏ ਦੁੱਧ ਦੀ ਬਾਲਟੀ ਵਿਚੋਂ ਉਠਦੀ ਹੈ । ਰਾਵੀ ਦੀ ਭਰੀ ਭਰੀ ਛਾਤੀ । ਬਾਰਾਂਦਰੀ, ਜਿਹੜੀ ਪਹਿਲਾਂ ਦਰਿਆ ਦੇ ਕੰਢੇ ਉਤੇ ਹੁੰਦੀ ਸੀ, ਹੁਣ ਵਿਚ ਆ ਗਈ ਹੈ, ਤੇ ਅਜਬ ਬਹਾਰ ਦੇਂਦੀ ਹੈ । ਮੈਂ ਫ਼ੋਟੋ ਖਿਚਣ ਦੀ ਗ਼ਰਜ਼ ਨਾਲ ਮੋਟਰ ਰੁਕਵਾਈ, ਪਰ ਪਹਿਰੇਦਾਰ ਨੇ ਵਰਜ ਦਿਤਾ । ਕੁਝ ਚਿਰ ਖਲੋ ਕੇ ਦੋਵੇਂ ਖ਼ਾਮੋਸ਼ੀ ਨਾਲ ਨਜ਼ਾਰਾ ਵੇਖਦੇ ਰਹੇ । ਡਾਕਟਰ ਨਜ਼ੀਰ ਨੇ ਦਸਿਆ ਕਿ ਆਸ ਪਾਸ ਦਿਆਂ ਬੇਲਿਆਂ ਵਿਚ ਪੈਦਲ ਲੰਮੀਆਂ ਸੈਰਾਂ ਕਰਨ ਦਾ ਉਹਨਾਂ ਨੂੰ ਬੜਾ ਸ਼ੌਕ ਹੈ । ਕਿੱਸਿਆਂ ਵਿਚ ਬਾਰਾਂ ਤੇ ਬੇਲਿਆਂ ਬਾਰੇ ਪੜ੍ਹਿਆ ਹੋਇਆ ਸੀ, ਪਰ ਇਹ ਨਹੀਂ ਸੀ ਪਤਾ ਇਹ ਕੀ ਹੁੰਦੇ ਹਨ । ਆਪਣੀ ਅਗਿਆਨਤਾ ਨੂੰ ਪ੍ਰਗਟ ਕਰਦਿਆਂ ਸੰਗ ਜ਼ਰੂਰ ਮਹਿਸੂਸ ਹੋਈ, ਪਰ ਪੁੱਛ ਈ ਲਿਆ । ਸਫ਼ਰ ਦੇ ਦੌਰਾਨ ਡਾਕਟਰ ਨਜ਼ੀਰ ਨੇ ਬਾਰਾਂ ਵੀ ਵਿਖਾਈਆਂ ਤੇ ਬੇਲੇ ਵੀ । ਬੇਲੇ ਉਹ ਜਿਥੇ ਮਹੀਆਂ ਚਾਰਦੇ ਰਾਂਝੇ ਨੂੰ ਹੀਰ ਚੂਰੀ ਖੁਆਣ ਜਾਂਦੀ ਸੀ । ਬਾਰਾਂ ਉਹ ਜਿਨ੍ਹਾਂ ਉਪਰ ਮਿਰਜ਼ੇ ਖ਼ਾਨ ਦੀ ਬੱਕੀ ਝੱਖੜ ਵਾਂਗ ਝੁੱਲਦੀ ਸੀ ।

(ਅਗਿਆਨਤਾ ਦੂਰ ਕਰਨ ਦਾ ਅਜਿਹਾ ਇਕ ਹੋਰ ਜਤਨ ਕੁਝ ਦਿਨ ਬਾਅਦ ਝੰਗ ਤੋਂ ਬਸ ਵਿਚ ਸਰਗੋਧੇ ਜਾਂਦਿਆਂ ਵੀ ਕੀਤਾ ।. ਡਰਾਈਵਰ ਤੋਂ ਪੁੱਛਿਆ "ਕਿਉਂ ਜੀ, ਡਾਚੀ ਤੇ ਊਠ ਦਾ ਕੀ ਫ਼ਰਕ ਹੁੰਦਾ ਹੈ ?" ਤੇ ਅਗੋਂ ਉਹ ਹੱਸ ਕੇ ਬੋਲਿਆ, "ਜੀ ਉਹ ਦੁੱਧ ਦੇਂਦੀ ਹੈ ।"

ਡਾਕਟਰ ਨਜ਼ੀਰ ਦੇ ਮੂੰਹੋਂ ਕਈ ਹੋਰ ਪੱਲੇ ਬੰਨ੍ਹਣ ਜੋਗ ਲਫ਼ਜ਼ ਸੁਣੇ — ਥਮਲੇ, ਤੇਗ਼ (ਇਹਦਾ ਮਤਲਬ ਹੁਣ ਫੇਰ ਭੁੱਲ ਗਿਆ ਹੈ !) ਨੂਰ-ਪਾਕ ਦਾ ਵੇਲਾ (ਮਤਲਬ, ਅੰਮ੍ਰਿਤ ਵੇਲਾ) । ਡੇਰਾ ਬਾਬਾ ਨਾਨਕ ਕੋਲੋਂ ਲੰਘੇ ਤਾਂ ਉਹਨਾਂ ਕਿਹਾ, "ਇਹ ਹਮੇਸ਼ਾਂ ਤੋਂ ਬੜਾ ਮਰਦੁਮ-ਖ਼ੇਜ਼ ਇਲਾਕਾ ਰਿਹਾ ਹੈ ।"

ਕਿਤਨਾ ਸੁਹਣਾ ਲਫ਼ਜ਼ ਸੀ ਮਰਦੁਮ-ਖ਼ੇਜ਼ ! ਮੋੜ ਉਤੇ ਉਰਦੂ ਵਿਚ ਆਦਰ-ਪੂਰਨ ਬੋਰਡ ਲਗਿਆ ਸੀ — "ਡੇਰਾ ਬਾਬਾ ਨਾਨਕ ਸਾਹਿਬ ਜੀ" ! ਅੱਗੇ ਜਾ ਕੇ 'ਟੋਭਾ ਟੇਕ ਸਿੰਘ' ਨਾਂ ਦਾ ਪਿੰਡ ਆਇਆ। ਡਾਕਟਰ ਨਜ਼ੀਰ ਨੇ ਦਸਿਆ ਕਿ ਉਹ ਵੀ ਬੜੇ ਉੱਚੇ ਦਰਜੇ ਦਾ ਬੰਦਾ ਹੋ ਗੁਜ਼ਰਿਆ ਹੈ।

ਲਾਹੌਰ ਤੇ ਲਾਇਲਪੁਰ ਦੇ ਅੱਧ-ਵਿਚਾਲੇ ਇਕ ਪਿੰਡ ਚਾਹ ਪੀਣ ਲਈ ਰੁਕੇ। ਡਰਾਈਵਰ ਨੇ ਚਾਹ ਨਹੀਂ ਪੀਤੀ । ਆਪਣੀ ਰਲੀ-ਮਿਲੀ ਦੁਆਬੀ ਮਾਝੀ ਬੋਲੀ ਵਿਚ ਕਹਿਣ ਲੱਗਾ, "ਅਸੀਂ ਤਾਂ ਜੀ ਬਹੁਤ ਥੱਕੇ ਹੋਈਏ ਤਾਂ ਦੁੱਧ ਦਾ ਪਿਆਲਾ ਭਰ ਕੇ ਬਸ ਅਈਨਾ ਕੁ ਰੰਗ (ਮਤਲਬ ਚਾਹ) ਪਾ ਲਈਨੇ ਆਂ।"

ਹੋਰ ਪਿੰਡਾਂ ਦੀ ਮਾਲੀ ਹਾਲਤ ਵੀ ਪਹਿਲੀ ਨਜ਼ਰੇ ਨਾ ਬਹੁਤ ਮਾੜੀ ਜਾਪਦੀ ਸੀ, ਤੇ ਨਾ ਬਹੁਤ ਚੰਗੀ । ਆਜ਼ਾਦੀ ਤੋਂ ਪਹਿਲਾਂ ਪੱਛਮੀ ਪੰਜਾਬ ਦੇ ਪਿੰਡ ਜਿਸ ਤਰ੍ਹਾਂ ਦੇ ਹੁੰਦੇ ਸਨ ਉਸੇ ਤਰ੍ਹਾਂ ਜਾਪਦਾ ਸੀ। ਦਿਹਾਤ ਵਿਚ ਉਸਾਰੂ ਯੋਜਨਾਵਾਂ ਦੀ ਕੋਈ ਉਘ ਸੁਘ ਨਹੀਂ ਦਿਸੀ। ਪਰ ਦਾਅਵੇ ਨਾਲ ਕਹਿਣ ਜੋਗਾ ਹੋਣ ਲਈ ਮੋਟਰ ਦੀ ਧੂੜ ਉਡਾਂਦਿਆਂ ਲੰਘ ਜਾਣਾ ਕਾਫ਼ੀ ਨਹੀਂ, ਡੂੰਘੇਰੇ ਮੁਤਾਲੇ ਦੀ ਲੋੜ ਹੁੰਦੀ ਹੈ।

ਚਾਹ ਵਾਲੀ ਦੁਕਾਨ ਉਤੇ ਇਕ ਵੰਨਗੀ ਦੀ ਮਠਿਆਈ ਵੀ ਵਿਕ ਰਹੀ ਸੀ, ਜੋ ਸਾਡੇ ਭੇਰੇ ਸ਼ਾਦੀ ਵਿਆਹ ਦੇ ਮੌਕੇ ਉਤੇ ਸ਼ਰੀਕਾਂ ਨੂੰ ਵੰਡੀ ਜਾਂਦੀ ਸੀ । ਚਿਰਾਂ ਤੋਂ ਉਸ ਦਾ ਨਾਂ ਯਾਦ ਵਿਚ ਤਰਦਾ ਸੀ, ਪਰ ਪਕੜ ਵਿਚ ਨਹੀਂ ਸੀ ਆਉਂਦਾ, ਮਹਿਸੂਸ ਕੀਤਾ, ਪੁੱਛਣ 'ਤੇ ਮਲੂਮ ਹੋਇਆ ਇਹਨੂੰ 'ਬਿਦਾਣਾ' ਆਖਦੇ ਹਨ। ਬੜੀ ਤਸੱਲੀ ਹੋਈ।

੪

O O O

ਪਰਸੋਂ ਸ਼ਾਲਾਮਾਰ ਬਾਗ ਵਿਚ ਚਾਹ ਪੀਂਦਿਆਂ ਡਾਕਟਰ ਨਜ਼ੀਰ ਤੋਂ ਪੁੱਛਣ 'ਤੇ ਜੀਅ ਕੀਤਾ ਸੀ ਕਿ ਉਹਦਾ ਜੀਵਨ-ਦ੍ਰਿਸ਼ਟੀਕੋਣ ਕੀ ਹੈ ? ਜਦੋਂ ਮੋਟਰ ਦੁਬਾਰਾ ਤੁਰੀ ਤਾਂ ਇਹ ਸਵਾਲ ਪੁੱਛ ਈ ਲਿਆ ।

ਮੈਂ ਪਹਿਲਾਂ ਦਸ ਚੁੱਕਾ ਹਾਂ ਕਿ ਡਾਕਟਰ ਨਜ਼ੀਰ ਦੀ ਦਰਵੇਸ਼ਾਂ ਵਾਲੀ ਸਾਦਗੀ ਤੇ ਸਾਫ਼-ਗੋਈ ਤੋਂ ਮੈਂ ਬਹੁਤ ਪ੍ਰਭਾਵਤ ਹੋਇਆ ਸਾਂ । ਉਹਨਾਂ ਦੀ ਖ਼ਾਮੋਸ਼ੀ ਵਿਚ ਵੀ ਇਕ ਤਰ੍ਹਾਂ ਦੀ ਵੰਗਾਰ ਸੀ, ਜਿਵੇਂ ਕਹਿ ਰਹੀ ਹੋਵੇ, "ਮਨੁੱਖੀ ਪਿਆਰ ਹੀ ਦੁਨੀਆਂ ਦੀ ਸਭ ਤੋਂ ਕੀਮਤੀ ਤੇ ਵਡੀ ਚੀਜ਼ ਹੈ । ਬਾਕੀ ਸਭ ਅਡੰਬਰ ਹੈ, ਤੇ ਅਡੰਬਰਾਂ ਵਿਚ ਪੈਣਾ ਜੀਵਨ ਨੂੰ ਖ਼ਰਾਬ ਕਰਨਾ ਹੈ ।"

ਨਜ਼ੀਰ ਸਾਹਿਬ ਦੀ ਮੋਟਰ ਪੁਰਾਣੇ ਮਾਡਲ ਦੀ ਬੇਬੀ ਮਾਰਿਸ ਹੈ (ਇਕ ਅਜਿਹੇ ਮੁਲਕ ਵਿਚ ਜਿਥੇ ਮੋਟਰਾਂ ਦੀ ਦਰਾਮਦ ਉਪਰ ਕੋਈ ਕੰਟਰੋਲ ਨਹੀਂ, ਤੇ ਹਰ ਵੰਨਗੀ ਦੇ ਨਵੇਂ ਮਾਡਲ ਬੜੇ ਸਸਤੇ ਭਾਅ ਮਿਲ ਜਾਂਦੇ ਹਨ !) ਉਹ ਗੌਰਮਿੰਟ ਕਾਲਜ ਲਾਹੌਰ ਦੇ ਪ੍ਰਿੰਸੀਪਲ ਦੇ ਰੁਤਬੇ ਦਾ ਵਿਖਾਲਾ ਨਹੀਂ ਕਰਦੀ, ਕੇਵਲ ਜ਼ਰੂਰਤ ਪੂਰੀ ਕਰਦੀ ਹੈ । ਪਰ ਜਿਸ ਪ੍ਰੇਮ ਨਾਲ ਡਰਾਈਵਰ ਉਸ ਦੀ ਦੇਖ-ਭਾਲ ਕਰਦਾ ਹੈ, ਜਿਵੇਂ ਉਹਨੂੰ ਵਰਤਦਾ ਹੈ : ਆਪ-ਮੁਹਾਰੇ ਇਕ ਸੁਥਰਾ ਤੇ ਸੁਖਾਵਾਂ ਮਾਹੌਲ ਪੈਦਾ ਹੋ ਜਾਂਦਾ ਹੈ, ਜਿਸ ਉਪਰ ਨਵੇਂ ਤੋਂ ਨਵੇਂ ਮਾਡਲ ਦੀ ਗਰਾਂਡੀਲ ਸ਼ੈਵਰਲੇ

ਦਾ ਮਾਲਕ ਵੀ ਰਸ਼ਕ ਖਾ ਸਕਦਾ ਹੈ । ਡਾਕਟਰ ਨਜ਼ੀਰ ਦੇ ਪੈਰੀਂ ਸਾਧਾਰਨ ਪੇਂਡੂਆਂ ਵਾਲਾ ਖੁਸਾ ਹੈ, ਕੋਰੇ ਜਿਹੇ ਰੰਗ ਦੀ ਪਾਪਲਿਨ ਦੀ ਪਤਲੂਨ, ਖ਼ਾਕੀ ਟਵਿਲ ਦਾ ਕੋਟ, ਸਾਦੀ ਜਹੀ ਟਾਈ । ਮਤਲਬ ਇਹ ਕਿ ਪਹਿਰਾਵੇ ਵਿਚ ਨਾ ਤਾਂ ਸਾਦਗੀ ਦਾ ਤੇ ਨਾ ਹੀ ਅਮੀਰੀ ਦਾ ਉਚੇਚਾ ਪ੍ਰਦਰਸ਼ਨ ਹੈ ।

"ਮੈਂ ਕੋਈ ਕੱਟੜ ਮਜ਼੍ਹਬੀ ਆਦਮੀ ਨਹੀਂ ਹਾਂ," ਨਜ਼ੀਰ ਕਹਿਣ ਲਗੇ, "ਕੁਰਾਨ ਸ਼ਰੀਫ਼ ਨੂੰ ਅਵੱਸ਼ ਮੁਕੱਦਸ ਤਸਲੀਮ ਕਰਦਾ ਹਾਂ, ਪਰ ਇਸ ਦਾ ਇਹ ਮਤਲਬ ਨਹੀਂ ਕਿ ਦੂਜੇ ਮਜ਼੍ਹਬਾਂ ਦੀਆਂ ਕਿਤਾਬਾਂ ਦਾ ਮੈਂ ਇਹਤਰਾਮ ਨਹੀਂ ਕਰਦਾ । ਅੱਲਾਹ, ਭਗਵਾਨ ਜਾਂ ਗਾਡ (God) ਨੂੰ ਵਖ ਵਖ ਮਜ਼੍ਹਬਾਂ ਵਾਲੇ ਲੋਕ ਬੇਸ਼ਕ ਵਖ ਵਖ ਢੰਗ ਨਾਲ ਪੂਜਦੇ ਹੋਣ, ਪਰ ਉਸ ਦੀ ਆਪਣੀ ਜ਼ਾਤ ਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ! ਜੇ ਉਹ ਹੈ ਤਾਂ ਇਕ ਹੈ — ਤਿੰਨ ਚਾਰ ਖ਼ੁਦਾ ਨਹੀਂ ਹੋ ਸਕਦੇ । ਫੇਰ, ਮੈਂ ਇਕ ਸਾਇੰਸਦਾਨ ਹਾਂ । ਕਈ ਵਾਰੀ ਸਾਇੰਸ ਅਜਿਹੇ ਨਤੀਜੇ ਕਢਦੀ ਹੈ ਜਿਨ੍ਹਾਂ ਮੁਤਾਬਕ ਕਾਇਨਾਤ ਨੂੰ ਰੱਬ ਦੀ ਲੋੜ ਹੀ ਨਹੀਂ ਜਾਪਦੀ । ਕੁਦਰਤ ਬਜ਼ਾਤੇ-ਖ਼ੁਦ ਸਭ ਤਾਕਤਾਂ ਦੀ ਮਾਲਕ ਦਿਸਣ ਲਗ ਪੈਂਦੀ ਹੈ, ਆਪ ਹੀ ਕਾਨੂੰਨ ਬਣਾਣ ਤੇ ਆਪ ਹੀ ਉਹਨਾਂ ਉਪਰ ਚਲਣ ਵਾਲੀ । ਇਸ ਪੱਖ ਤੋਂ ਖ਼ੁਦਾ ਨੂੰ ਮੰਨਣਾ ਖ਼ੈਰੇ ਗ਼ਲਤ ਈ ਹੋਵੇ; ਪਰ ਜਦੋਂ ਇਹ ਸ਼ੰਕਾ ਮੇਰੇ ਮਨ ਵਿਚ ਉਠਦਾ ਹੈ ਤਾਂ ਮੈਂ ਆਪਣੇ ਆਪ ਤੋਂ ਪੁਛਨਾਂ 'ਜੇ ਇਹ ਦੁਨੀਆਂ ਰੱਬ ਨੇ ਨਹੀਂ ਬਣਾਈ, ਆਪਣੇ ਆਪ ਬਣ ਗਈ ਹੈ, ਤਾਂ ਫੇਰ ਇਹ ਮੇਰੀਆਂ ਰੁਚੀਆਂ, ਮੇਰੀਆਂ ਮਰਜ਼ੀਆਂ ਤੇ ਖ਼ਾਹਿਸ਼ਾਂ ਦੇ ਇਤਨੀ ਅਨੁਕੂਲ ਕਿਉਂ ਹੈ ? ਕੁਦਰਤ ਨੂੰ ਕੀ ਪਿਆ ਸੀ ਮੇਰੀ ਪਸੰਦ ਦਾ ਖ਼ਿਆਲ ਰਖਣ ਦਾ ?"

ਇਹ ਦ੍ਰਿਸ਼ਟੀਕੋਣ ਅਧਿਆਤਮਕ ਸੀ ਜਾਂ ਵਿਗਿਆਨਕ, ਮੈਂ ਕਹਿ ਨਹੀਂ ਸਕਦਾ ; ਪਰ ਇਸ ਵਿੰਚ ਸ਼ਾਇਰਾਨਾ ਸੁਹੱਪਣ ਜ਼ਰੂਰ ਸੀ, ਅਤੇ ਜੀਵਨ-ਵਰਤਾਰੇ ਵਿਚ ਨਜ਼ੀਰ ਸ਼ਾਇਦ ਏਸੇ ਸੁਹੱਪਣ ਦਾ ਅਭਿਲਾਖੀ ਹੈ । ਉਹ ਮਨੁੱਖਾਂ, ਕੌਮਾਂ ਤੇ ਦੇਸ਼ਾਂ ਦੇ ਔਗੁਣਾਂ ਵਲ ਧਿਆਨ ਦੇਣ ਦੀ ਥਾਂ ਗੁਣਾਂ ਅਤੇ ਸਮਾਨਤਾਵਾਂ ਦਾ ਖੋਜੀ ਹੈ । ਉਹ ਵਖਰੇਵਿਆਂ ਤੇ ਤੰਗ-ਖ਼ਿਆਲੀਆਂ ਦੀਆਂ ਕੰਧਾਂ ਤੋੜਨਾ ਚਾਹੁੰਦਾ ਹੈ । ਸ਼ਾਇਦ ਏਸੇ ਕਾਰਨ ਉਹ ਮੇਰੇ ਨਾਲ ਰਾਜਨੀਤਕ ਜਾਂ ਸਮਾਜਕ ਪ੍ਰਸ਼ਨਾਂ ਉਪਰ ਬਹਿਸ ਨਹੀਂ ਛੇੜਦਾ । ਉਹ ਇਹੋ ਚਾਹੁੰਦਾ ਹੈ ਕਿ ਪਾਕਿਸਤਾਨ ਵਿਚ ਮੇਰਾ ਵਕਤ ਸੁਹਣਾ ਗੁਜ਼ਰੇ, ਮੈਂ ਫੇਰ ਵੀ ਆਵਾਂ ।

ਜਨਤਾ ਹਰ ਥਾਂ ਇਹੋ ਜਿਹੀ ਹੈ, ਉਹਦੇ ਗੁਣ ਦੋਸ਼ ਇਕੋ ਜਿਹੇ ਹਨ, ਦਵੈਸ਼ ਦਾ ਕੋਈ ਲਾਭ ਨਹੀਂ। ਦੋਹਾਂ ਦੇਸ਼ਾਂ ਵਿਚਾਲੇ ਫੇਰ ਮਿੱਤਰਤਾ ਹੋਏ, ਝਗੜੇ-ਝੇੜੇ ਮਿਟਣ, ਦਿਲ ਦੀ ਡੂੰਘੀ, ਗੁੱਝੀ ਤੇ ਅਮਿੱਟ ਤਾਂਘ ਉਹਦੇ ਬੋਲਾਂ ਅਤੇ ਉਹਦੀਆਂ ਖ਼ਾਮੋਸ਼ੀਆਂ ਵਿਚ ਵੀ, ਨਿਰੰਤਰ ਛਲਕਦੀ ਹੈ।

ਮੇਰੇ ਮਨ ਵਿਚ ਖ਼ਿਆਲ ਉਠਿਆ — "ਹਿੰਦੁਸਤਾਨ ਹਜ਼ਾਰਾਂ ਵਰ੍ਹਿਆਂ ਤੋਂ ਫ਼ਲਸਫ਼ੇ ਦਾ ਘਰ ਰਿਹਾ ਹੈ। ਜੀਵ ਕੀ ਹੈ ? ਪ੍ਰਕਿਰਤੀ ਕੀ ਤੇ ਪਰਮਾਤਮਾ ਕੀ ਹੈ ? ਇਹਨਾਂ ਸਵਾਲਾਂ ਦੇ ਜੁਆਬ ਢੂੰਡਣਾ ਨਾ ਕੇਵਲ ਸਾਡੇ ਦੇਸ਼ ਦੇ ਵਿਦਵਾਨਾਂ ਦਾ ਬਲਕਿ ਜਨਤਾ ਦਾ ਵੀ ਹਮੇਸ਼ਾ ਤੋਂ ਸ਼ੁਗ਼ਲ ਰਿਹਾ ਹੈ। ਯੂਰਪੀਨ ਆਲੋਚਕਾਂ ਨੇ ਸਾਡੀ ਏਸ ਪ੍ਰਵਿਰਤੀ ਦੀ ਕਾਫ਼ੀ ਹਾਸੀ ਉਡਾਈ ਹੈ, ਇਹਨੂੰ ਸਾਡੀ ਸਿਥਲਤਾ, ਜਹਾਲਤ ਅਤੇ ਮੁਫ਼ਲਿਸੀ ਦਾ ਕਾਰਨ ਦਸਿਆ ਹੈ — ਅਖੇ, ਇਹ ਲੋਕ ਕਿਵੇਂ ਤਰੱਕੀ ਕਰ ਸਕਦੇ ਹਨ, ਇਹਨਾਂ ਨੂੰ ਤਾਂ ਨਰਲੋਕ ਨਾਲੋਂ ਪਰਲੋਕ ਵਧੇਰੇ ਪਿਆਰਾ ਹੈ।

"ਨਿਸ਼ਚੇ ਉਹਨਾਂ ਦੀ ਆਲੋਚਨਾ ਖੋਖਲੀ ਅਤੇ ਨਾਜਾਇਜ਼ ਹੈ; ਪਰ ਕੀ ਸਾਡੇ ਦੇਸ਼ ਦੇ ਆਪਣੇ ਪੜ੍ਹੇ ਲਿਖੇ ਦਾਨਿਸ਼ਵਰ ਤਬਕੇ ਦਾ ਨਜ਼ਰੀਆ ਉਹਨਾਂ ਯੂਰਪੀਨਾਂ ਵਰਗਾ ਹੀ ਨਹੀਂ ? ਕੀ ਅਸੀਂ ਵੀ ਤਰੱਕੀ ਤੇ ਵਿਕਾਸ ਦੇ ਸਵਾਲਾਂ ਉਪਰ ਗ਼ੌਰ ਕਰਨ ਵੇਲੇ ਧਰਮ ਤੇ ਫ਼ਲਸਫ਼ੇ ਨੂੰ ਛਿੱਥੇ ਪੈ ਕੇ ਬਲਾਏ-ਤਾਕ ਨਹੀਂ ਰਖ ਦੇਂਦੇ ? ਕੀ ਕਿਸਾਨਾਂ ਮਜ਼ਦੂਰਾਂ ਬਾਰੇ ਸਾਡਾ ਚਿੰਤਨ ਕੇਵਲ ਉਹਨਾਂ ਦੀਆਂ ਆਰਥਕ ਸਮੱਸਿਆਵਾਂ ਤਕ ਸੀਮਤ ਨਹੀਂ ਰਹਿ ਜਾਂਦਾ ? ਜਿਸ ਹਦ ਤਕ ਉਹ ਲੋਕ ਅਨਿਆਂ ਦੀਆਂ ਪੀੜਾਂ ਨੂੰ ਸਬਰ ਨਾਲ ਸਹਿ ਜਾਂਦੇ ਹਨ ਅਸੀਂ ਉਹਨਾਂ ਨੂੰ ਜਾਹਿਲ ਤੇ ਅੰਧ-ਵਿਸ਼ਵਾਸੀ ਆਖਦੇ ਹਾਂ। ਸਾਡੀਆਂ ਨਜ਼ਰਾਂ ਵਿਚ ਸਭ ਪੁਰਾਣੀਆਂ ਧਰਮ-ਪੁਸਤਕਾਂ, ਸਭ ਮਤ-ਮਤਾਂਤਰ, ਸਭ ਔਲੀਏ, ਮਹਾਤਮਾ ਤੇ ਸੰਤ ਵਿਕਾਸ ਦੇ ਰਾਹ ਵਿਚ ਬਾਧਾ ਪਾਣ ਵਾਲਾ ਢਕਵੰਜ ਹਨ। ਅਸੀਂ ਭੁੱਲ ਜਾਂਦੇ ਹਾਂ ਕਿ ਆਪਣੇ ਵੇਲਿਆਂ ਦੇ ਉਹਨਾਂ ਬਜ਼ੁਰਗਾਂ ਨੇ ਜੋ ਕੁਝ ਕੀਤਾ ਸਰਬੱਤ ਦੇ ਭਲੇ ਨੂੰ ਮੁਖ ਰਖ ਕੇ ਕੀਤਾ, ਅਤੇ ਨਿਡਰਤਾ ਨਾਲ ਆਪਣੇ ਰਾਹ 'ਤੇ ਚਲ ਕੇ ਪ੍ਰਾਣਾਂ ਤਕ ਦੀਆਂ ਆਹੂਤੀਆਂ ਦੇ ਦਿਤੀਆਂ। ਆਪਣੀ ਏਸ ਅਗਿਆਨਤਾ ਅਤੇ ਬਿਮੁਖਤਾ ਦਾ ਨਤੀਜਾ ਇਹ ਹੁੰਦਾ ਹੈ ਕਿ ਲੋਕਾਂ ਲਈ ਦਿਲ ਵਿਚ ਸੱਚਾ ਹਿਤ ਰਖਦਿਆਂ ਹੋਇਆਂ ਵੀ ਅਸੀਂ ਉਹਨਾਂ ਦੇ ਦਿਲਾਂ ਨਾਲ ਸਾਂਝ ਨਹੀਂ ਪਾ ਸਕਦੇ। ਅਸੀਂ ਭੁੱਲ ਜਾਂਦੇ ਹਾਂ ਕਿ ਸਾਡੇ ਦੇਸ਼ ਦੇ ਮਨੁੱਖ

ਦੀਆਂ ਰੂਹਾਨੀ ਭੁੱਖਾਂ ਉਨੀਆਂ ਹੀ ਤੀਬਰ ਹਨ ਜਿੰਨੀਆਂ ਜਿਸਮਾਨੀ। ਇਹ ਉਸ ਦੇ ਪੱਛੜੇ-ਪਨ ਦਾ ਸਬੂਤ ਨਹੀਂ, ਸਗੋਂ ਉਸ ਦੀ ਉਚੇਰੀ ਸਭਿਆਚਾਰਕ ਪੱਧਰ ਦਾ ਪ੍ਰਮਾਣ ਹੈ। ਅਸੀਂ ਆਪਣੀ ਧੁਰ ਪ੍ਰਾਚੀਨ ਵਕਤਾਂ ਤੋਂ ਅਟੁੱਟ ਚਲੀ ਆ ਰਹੀ ਸੰਸਕ੍ਰਿਤੀ ਦੇ ਅਣਮੋਲ ਵਿਰਸੇ ਵਲੋਂ, ਜਿਹੜੀ ਜਨਤਾ ਦੇ ਹੱਡਾਂ ਵਿਚ ਰਚੀ ਹੋਈ ਹੈ, ਅਵੇਸਲਾ ਹੋ ਕੇ, ਉਹਨੂੰ ਨਿਗੂਣਾ ਤੇ ਨਕਾਰਾ ਸਮਝ ਕੇ, ਅਜਿਹੀ ਥਾਂ ਸੁੱਟ ਛੱਡਿਆ ਹੈ ਜਿਥੇ ਸੁਆਰਥੀ ਸ਼ਰਾਰਤੀ ਲੁਟੇਰੇ ਉਹਨੂੰ ਆਸਾਨੀ ਨਾਲ ਭ੍ਰਿਸ਼ਟ ਸਕਦੇ ਹਨ, ਉਹਨੂੰ ਆਪਣੇ ਨਾਪਾਕ ਆਸ਼ਿਆਂ ਲਈ ਵਰਤ ਸਕਦੇ ਹਨ, ਵਿਕਾਸ ਲਈ ਪਰਮ-ਸਹਾਈ ਚੀਜ਼ਾਂ ਨੂੰ ਵਿਨਾਸ਼ ਦਾ ਸਾਧਨ ਬਣਾ ਸਕਦੇ ਹਨ। ਸਾਡੇ ਮਹਾਂਪੁਰਖਾਂ ਦੀ ਸਿਖਿਆ ਅੱਗੇ-ਵਧੂਆਂ ਦਾ ਸਾਥ ਦੇਣ ਨੂੰ ਤਾਂਘਦੀ ਹੈ, ਪਰ ਉਹਨਾਂ ਵਲੋਂ ਦੁਰਕਾਰੀ ਹੋਈ ਉਹ ਪਾਖੰਡਾਂ ਅਤੇ ਪਤਵੰਤੇ ਗੁਰਗਿਆਂ ਦੇ ਹੱਥ ਵਿਚ ਜਾ ਪੈਂਦੀ ਹੈ। ਨਤੀਜਾ ਇਹ ਕਿ ਜਨਤਾ ਦੇ ਦਿਮਾਗ਼ ਤਾਂ ਅੱਗੇ-ਵਧੂਆਂ ਵਲ ਹੰਭਲਾ ਮਾਰਦੇ ਹਨ, ਪਰ ਉਹਨਾਂ ਦੇ ਦਿਲ ਪਿੱਛੇ-ਖਿਚੂਆਂ ਦੇ ਅਧੀਨ ਰਹਿ ਜਾਂਦੇ ਹਨ। ਭਲਾ ਉਹ ਸਾਂਝਾਂ ਕਿਵੇਂ ਮਜ਼ਬੂਤ ਹੋ ਸਕਦੀਆਂ ਹਨ ਜਿਨ੍ਹਾਂ ਦਾ ਦਿਲ ਨਾਲ ਰਿਸ਼ਤਾ ਨਾ ਹੋਵੇ ?......

"ਫੇਰ ਉਹੋ ਗ਼ਲਤੀ ? ਫੇਰ ਮੈਂ ਹਿੰਦੁਸਤਾਨ ਤੇ ਪਾਕਿਸਤਾਨ ਨੂੰ ਇਕੋ ਦੇਸ਼ ਦੇ ਰੂਪ ਵਿਚ ਵੇਖਣ ਲਗ ਪਿਆ ? ਪਰ ਇਸ ਵੰਡ ਨੂੰ ਵੀ ਤਾਂ ਦਿਮਾਗ਼ ਹੀ ਤਸਲੀਮ ਕਰਦਾ ਹੈ, ਦਿਲ ਤਸਲੀਮ ਨਹੀਂ ਕਰਦਾ ! ਜਿਸ ਵੰਡ ਨੂੰ ਦਿਲ ਤਸਲੀਮ ਨਾ ਕਰੇ ਉਹ ਕਿੰਨੀ ਕੁ ਪੱਕੀ ਹੈ ? ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਵੀ ਤਾਂ ਸਿੰਧ ਤੋਂ ਰਾਵੀ ਤਕ ਦੇ ਖਿੱਤੇ ਦਾ ਕੋਈ ਇਤਿਹਾਸ ਸੀ। ਇਹੋ ਖ਼ਿੱਤਾ ਹੀ ਤਾਂ ਕਦੇ 'ਆਰੀਆ-ਵਰਤ' ਅਖਵਾਇਆ ਸੀ। ਸ਼ਬਦ "ਹਿੰਦੂ" ਵੀ ਤਾਂ ਸਿੰਧ ਦਰਿਆ ਦੇ ਕੰਢੇ ਵੱਸੇ ਹੋਏ ਲੋਕਾਂ ਲਈ ਹੀ ਵਰਤਿਆ ਗਿਆ ਸੀ ? ਮਹਿੰਜੋਦਾਰੋ, ਹੜੱਪਾ ਅਤੇ ਟੈਕਸਲਾ ਦੇ ਖੰਡਰਾਤ ਵੀ ਤਾਂ ਏਥੋਂ ਦੀਆਂ ਹੀ ਪ੍ਰਾਚੀਨ ਸਭਿਅਤਾਵਾਂ ਦੇ ਗਵਾਹ ਹਨ। ਕੀ ਵਰਤਮਾਨ ਮੁਸਲਮਾਨ ਵਸਨੀਕਾਂ ਦਾ ਇਸੇ ਵਿਰਸੇ ਨਾਲੋਂ ਸੰਬੰਧ ਟੁਟ ਗਿਆ ਹੈ ? ਇਹ ਭਲਾ ਕਿਵੇਂ ਹੋ ਸਕਦਾ ਹੈ ? ਇਹ ਵਿਰਸਾ ਉਹਨਾਂ ਦੀ ਬੋਲੀ, ਰਹਿਣ-ਸਹਿਣ, ਪੁਸ਼ਾਕ, ਸੰਗੀਤ ਨ੍ਰਿਤ, ਸਭਨਾਂ ਚੀਜ਼ਾਂ ਵਿਚ ਹੀ ਤਾਂ ਰਚਿਆ ਹੋਇਆ ਹੈ। ਮਿਸਾਲ ਵਜੋਂ, ਮੈਨੂੰ ਆਪਣੇ ਪੁਰਖਿਆਂ ਦੇ ਕੇਵਲ ਤੀਜੀ ਜਾਂ ਚੌਥੀ ਪੀੜ੍ਹੀ ਤਕ ਦੇ ਨਾਂ

ਗਿਆਤ ਹਨ। ਪਰ ਉਹਨਾਂ ਤੋਂ ਪਹਿਲਾਂ ਪੁਰਖਿਆਂ ਦੀਆਂ ਅਨੇਕਾਂ ਹੋਰ ਵੀ ਤਾਂ ਪੀੜ੍ਹੀਆਂ ਹੋ ਗੁਜ਼ਰੀਆਂ ਹਨ। ਉਹਨਾਂ ਦੇ ਨਾਂ ਪਤਾ ਨਾ ਹੋਣ ਦਾ ਇਹ ਮਤਲਬ ਤਾਂ ਨਹੀਂ ਕਿ ਮੇਰਾ ਤੇ ਉਹਨਾਂ ਦਾ ਖ਼ੂਨ ਦਾ ਰਿਸ਼ਤਾ ਨਹੀਂ! ਖ਼ੌਰੇ ਉਹਨਾਂ ਲੋਕਾਂ ਦੇ ਵਿਚਾਰ ਕੀ ਸਨ, ਮੇਰੇ ਵਿਚਾਰਾਂ ਤੋਂ ਕਿਤਨੇ ਵਖਰੇ ਸਨ, ਖ਼ੌਰੇ ਉਹਨਾਂ ਵਿਚੋਂ ਕਿਹੜੇ ਹਿੰਦੂ ਸਨ ਤੇ ਕਿਹੜੇ ਈਰਾਨ ਤੋਂ ਆਏ ਸਨ, ਕਿਹੜੇ ਯੂਨਾਨ ਤੋਂ ਤੇ ਖ਼ੌਰੇ ਕਿਹੜੇ ਅਰਬ ਤੋਂ; ਖ਼ੌਰੇ ਕਿਹੜੇ ਏਧਰੋਂ ਟੁਰ ਕੇ ਕਿਤੇ ਹੋਰ ਚਲੇ ਗਏ ?......"

ਲਾਇਲਪੁਰ ਤੋਂ ਚਾਰ ਮੀਲ ਉਰ੍ਹਾਂ ਗੱਡੀ ਦਾ ਪਿਛਲਾ ਪਹੀਆ ਬਹਿ ਗਿਆ। ਸੜਕ ਦੇ ਇਕ ਪਾਸੇ "ਕੋਹਿਨੂਰ" ਮਿੱਲ ਦਾ ਫਾਟਕ ਸੀ। ਨਜ਼ੀਰ ਨੇ ਦਸਿਆ ਕਿ ਹੁਣ ਲਾਇਲਪੁਰ ਵਿਚ ਵੀਹ ਤੋਂ ਜ਼ਿਆਦਾ ਕਪੜੇ ਦੀਆਂ ਮਿੱਲਾਂ ਬਣ ਗਈਆਂ ਹਨ; ਜੋ ਨਾ ਕੇਵਲ ਪਾਕਿਸਤਾਨ ਦੀ ਜ਼ਰੂਰਤ ਪੂਰੀ ਕਰਦੀਆਂ ਹਨ ਸਗੋਂ ਬਦੇਸਾਂ ਵਿਚ ਵੀ ਬਹੁਤ ਸਾਰਾ ਕਪੜਾ ਭੇਜਦੀਆਂ ਹਨ। "ਕੋਹਿਨੂਰ" ਇਹਨਾਂ ਵਿਚੋਂ ਸਭ ਤੋਂ ਵਡੀ ਮਿੱਲ ਹੈ, ਜਿਸ ਵਿਚ ਲਗ ਪਗ ਦਸ ਹਜ਼ਾਰ ਆਦਮੀ ਕੰਮ ਕਰਦਾ ਹੈ। ਇਸ ਮਿੱਲ ਦੀ, ਇਤਨੀ ਹੀ ਵੱਡੀ, ਦੂਜੀ ਸ਼ਾਖ਼ਾ ਰਾਵਲਪਿੰਡੀ ਵਿਚ ਬਣਾਈ ਗਈ ਹੈ। ਇਹ ਨਿੱਜੀ ਕਾਰਖ਼ਾਨੇ ਹਨ, ਸਰਕਾਰੀ ਨਹੀਂ।

ਸੜਕ ਦੇ ਦੂਜੇ ਪਾਸੇ ਇਕ ਕਾਲਜ ਸੀ। ਪਹੀਆ ਠੀਕ ਹੋਣ ਤੀਕ ਡਾਕਟਰ ਨਜ਼ੀਰ ਮੈਨੂੰ ਕਾਲਜ ਦੇ ਅੰਦਰ ਲੈ ਗਏ। ਪ੍ਰਿੰਸੀਪਲ ਸਾਹਿਬ ਨੇ ਬੜੇ ਆਦਰ ਨਾਲ ਸਾਨੂੰ ਕਾਫ਼ੀ ਪਿਲਾਈ, ਅਤੇ ਗੱਲਾਂ ਦੇ ਦੌਰਾਨ ਵਿਚ ਮਾਲੂਮ ਹੋਇਆ ਕਿ ਮੇਰੇ ਪਰਮ ਮਿੱਤਰ ਪ੍ਰਸਿੱਧ ਪੱਤਰਕਾਰ ਤੇ ਫ਼ਿਲਮਕਾਰ ਖ਼ਵਾਜਾ ਅਹਿਮਦ ਅੱਬਾਸ ਨਾਲ ਉਹ ਅਲੀਗੜ੍ਹ ਵਿਚ ਇਕੱਠੇ ਪੜ੍ਹੇ ਸਨ। ਅੱਬਾਸ ਬਾਰੇ ਉਹਨਾਂ ਬੜੀ ਉਤਕੰਠਾ ਨਾਲ ਪੁੱਛ-ਗਿਛ ਕੀਤੀ ਅਤੇ ਮੈਥੋਂ ਵਾਅਦਾ ਲਿਆ ਕਿ ਬੰਬਈ ਵਾਪਸ ਪੁਜ ਕੇ ਮੈਂ ਜ਼ਰੂਰ ਉਹਨਾਂ ਦਾ ਪ੍ਰੇਮ-ਸੁਨੇਹਾ ਅੱਬਾਸ ਨੂੰ ਦਿਆਂ।

ਫੇਰ, ਇਸ ਤੋਂ ਥੋੜਾ ਚਿਰ ਬਾਅਦ ਬਸਾਂ ਦੇ ਅੱਡੇ 'ਤੇ ਮੈਨੂੰ ਉਤਾਰ ਕੇ ਡਾਕਟਰ ਨਜ਼ੀਰ ਐਗਰੀਕਲਚਰਲ ਕਾਲਜ ਦੇ ਮੁੰਡਿਆਂ ਦਾ ਇਮਤਿਹਾਨ ਲੈਣ ਰਵਾਨਾ ਹੋ ਗਏ। ਅਗੋਂ ਹੁਣ ਮੈਂ ਜਾਣਾ ਤੇ ਮੇਰਾ ਕੰਮ।

ਅੱਡੇ ਉਤੇ ਬੱਸਾਂ ਦੀ ਭੀੜ ਲਗੀ ਹੋਈ ਸੀ। ਕੋਈ ਕਿਧਰ ਜਾਣ ਵਾਲੀ ਤੇ ਕੋਈ ਕਿਧਰ। ਇਹਨਾਂ ਵਿਚ ਸਰਕਾਰੀ ਟ੍ਰਾਂਸਪੋਰਟ ਦੀਆਂ ਬਸਾਂ ਵੀ ਸਨ ਤੇ

ਪ੍ਰਾਈਵੇਟ ਵੀ। ਹਿੰਦੁਸਤਾਨ ਵਾਂਗ ਏਥੇ ਵੀ ਬੱਸਾਂ ਆਵਾਜਾਈ ਦਾ ਪ੍ਰਮੁਖ ਸਾਧਨ ਬਣ ਗਈਆਂ ਹਨ। ਇਸ ਰੌਲੇ-ਗੌਲੇ ਵਿਚ ਨਿਰਸੰਕੋਚ ਰਲ ਜਾਣ ਦਾ ਉਹ ਸੁਆਦ ਨਸੀਬ ਹੋਇਆ, ਜਿਹੜਾ ਫ਼ਿਲਮੀ ਆਦਮੀ ਨੂੰ ਹਿੰਦੁਸਤਾਨ ਵਿਚ ਨਸੀਬ ਨਹੀਂ ਹੋ ਸਕਦਾ।

ਝੰਗ ਵਾਲੀ ਬਸ ਪੰਦਰਾਂ ਕੁ ਮਿੰਟਾਂ ਬਾਅਦ ਤੁਰ ਪਈ। ਇਸ ਦਾ ਡਰਾਈਵਰ ਬੜੀ ਰੋਅਬੀਲੀ ਸ਼ਖ਼ਸੀਅਤ ਦਾ ਮਾਲਕ ਸੀ। ਉਹਨੂੰ ਵੇਖਦਿਆਂ ਸਾਰ ਮੈਂ ਪਛਾਣ ਲਿਆ ਕਿ ਪਿਸ਼ਾਵਰ ਜਾਂ ਕੋਹਾਟ ਵਾਲੇ ਪਾਸੇ ਦਾ ਗੱਭਰੂ ਹੈ, ਅਤੇ ਉਹਨੂੰ ਵੀ ਮੇਰੀ ਪਿੰਡੀ-ਵਾਲਤਾ ਦਾ ਝਟ ਅਹਿਸਾਸ ਹੁੰਦਾ ਜਾਪਿਆ। ਸ਼ਹਿਰ ਤੋਂ ਬਾਹਰ ਪੁਜ ਕੇ ਇਕ ਥਾਂ ਸਵਾਰੀ ਚੜ੍ਹਾਣ ਲਈ ਬਸ ਰੋਕੀ। ਉਸੇ ਛਿਣ ਮੇਰੀ ਨਜ਼ਰ ਇਕ "ਹਰੇ ਮਾਲਟੇ" ਵੇਚਣ ਵਾਲੇ ਦੀ ਛਾਬੜੀ ਉਤੇ ਪਈ ਤੇ ਮੈਂ ਉੱਤਰ ਕੇ ਖ਼ਰੀਦਣ ਲਈ ਲਲਚਾ ਪਿਆ, ਅਤੇ ਡਰਾਈਵਰ ਤੋਂ ਇਜਾਜ਼ਤ ਮੰਗੀ। ਉਹਨੇ ਜਵਾਬ ਵਿਚ ਬੁੱਲ੍ਹਾਂ ਨੂੰ ਪਿਆਰ ਨਾਲ ਪੁਚਕਾਰ ਕੇ ਅੱਖਾਂ ਮੀਟ ਕੇ ਤੇ ਸਿਰ ਹਿਲਾ ਕੇ ਇੰਜ "ਹਾਂ" ਦਾ ਇਸ਼ਾਰਾ ਕੀਤਾ, ਜਿਵੇਂ ਕਹਿ ਰਿਹਾ ਹੋਵੇ, "ਵਤਨੀਆਂ, ਤੂੰ ਬੇਸ਼ਕ ਮੇਰੇ ਤੋਂ ਜਾਨ ਮੰਗ।"

ਉਹ ਬਾਕੀ ਮੁਸਾਫ਼ਰਾਂ ਅਤੇ ਕਲੀਨਰ ਨਾਲ ਮੈਨੂੰ ਵਿਖਾ ਵਿਖਾ ਕੇ ਔਖਾ ਔਖਾ ਪੇਸ਼ ਆਉਂਦਾ, ਜਿਵੇਂ ਜਤਲਾ ਰਿਹਾ ਹੋਵੇ ਕਿ "ਪਰਦੇਸ" ਵਿਚ ਕਿੰਨਾ ਗ਼ੈਰ-ਮੁਤਮਈਨ ਹੈ। ਕਦੇ ਕਦੇ ਉਹ ਮੁੜ ਕੇ ਆਪਣੀਆਂ ਵਡੀਆਂ ਵਡੀਆਂ ਤੇ ਹੁਸੀਨ ਅੱਖਾਂ ਨਾਲ ਇੰਜ ਨਜ਼ਰਾਂ ਰਲਾਂਦਾ ਮੇਰੇ ਨਾਲ, ਜਿਵੇਂ ਜਿਹਲਮੋਂ ਪਾਰ ਦੇ ਪਹਾੜੀ ਦ੍ਰਿਸ਼ਾਂ ਨੂੰ ਯਾਦ ਕਰਾ ਰਿਹਾ ਹੋਵੇ। ਤੇ ਮੈਂ ਦਿਲ ਵਿਚ ਆਖਦਾ, 'ਇਆਣਿਆਂ ਵਤਨੀਆਂ! ਤੂੰ ਤਾਂ ਦੇਸੋਂ ਦੋ ਸੌ ਮੀਲ ਦੂਰ ਵੀ ਨਹੀਂ। ਤੂੰ ਉਸ ਦਾ ਦੁਖ ਕੀ ਜਾਣੇ, ਜਿਹੜਾ ਦੋ ਹਜ਼ਾਰ ਮੀਲ ਦੀ ਦੂਰੀ 'ਤੇ ਪਿਆ ਹੋਇਆ ਹੈ ਅਤੇ ਮੁੜ ਆਉਣ ਦਾ ਨਾਂ ਨਹੀਂ ਲੈ ਸਕਦਾ?'. ਤੇ ਫੇਰ ਮੈਂ ਰੋਕਿਆ ਜਜ਼ਬਿਆਂ ਨੂੰ। ਜੇ ਕਿਤੇ ਇਸ ਨੂੰ ਪਤਾ ਲੱਗ ਗਿਆ ਮੈਂ ਹਿੰਦੂ ਹਾਂ, ਅਤੇ ਹਿੰਦੁਸਤਾਨੋਂ ਆਇਆ ਹਾਂ, ਤਾਂ ਕੀ ਏਸ ਤਿੱਖੇ ਗਿਆਨ ਦੀ ਆਤਸ਼ ਇਹਦੇ ਦਿਲ ਦੇ ਸੋਤਿਆਂ ਨੂੰ ਪਲ ਭਰ ਵਿਚ ਸੁਕਾ ਨਾ ਸੁਟੇਗੀ?

ਸੜਕ ਬਹੁਤੀ ਚੌੜੀ ਨਹੀਂ, ਪਰ ਬੜੀ ਚੰਗੀ ਤੇ ਪੱਧਰੀ ਹੈ। ਟਰੱਕਾਂ ਦੀ ਆਵਾਜਾਈ ਦੀ ਅਣਹੋਂਦ ਵਲ ਧਿਆਨ ਜ਼ਰੂਰ ਜਾਂਦਾ ਹੈ। ਹਿੰਦੁਸਤਾਨ ਵਿਚ ਆਮ ਤੌਰ 'ਤੇ ਹਰ ਸ਼ਾਹਰਾਹ ਉਤੇ ਟਰੱਕ ਦਬਾ-ਦਬ ਚਲਦੇ ਹਨ। ਲਾਇਲਪੁਰ

ਵਿਚ ਇਤਨੀਆਂ ਮਿੱਲਾਂ ਬਣ ਜਾਣ ਦੇ ਬਾਵਜੂਦ ਲਾਹੌਰ ਤੋਂ ਲਾਇਲਪੁਰ, ਲਾਇਲਪੁਰ ਤੋਂ ਝੰਗ ਜਾਂਦਿਆਂ ਸਾਰਾ ਰਾਹ ਸ਼ਾਜ਼ੋਨਾਦਰ ਹੀ ਕੋਈ ਮਾਲ ਨਾਲ ਲੱਦਾ ਟਰੱਕ ਵੇਖਣ ਵਿਚ ਆਇਆ ਹੋਵੇ। ਹਾਂ ਪਰ ਸਵਾਰੀ-ਬੱਸਾਂ ਦੀ ਜ਼ਰੂਰ ਭਰਮਾਰ ਸੀ। ਸੜਕ ਦੇ ਦੋਹੀਂ ਪਾਸੀਂ ਉਚੇ ਉਚੇ ਸਰੂਟੇ ਦੂਰ-ਦਿਗੰਤ ਤੀਕ ਫੈਲੇ ਹਰੇ ਭਰੇ ਖੇਤ ਅਜੀਬ ਬਹਾਰ ਦੇ ਰਹੇ ਸਨ।

ਕਦੇ ਕਦੇ ਕੋਈ ਬਲੋਚੀ ਪਠਾਣ ਆਪਣੀ ਡਾਚੀ ਦੀ ਰੱਸੀ ਹੱਥ ਵਿਚ ਫੜੀ ਤੁਰਦਾ ਆਉਂਦਾ ਮਿਲਦਾ। ਪਿਛੇ ਬੈਠੇ ਦੋ ਮੁਸਾਫ਼ਰਾਂ ਦੀਆਂ ਗੱਲਾਂ ਤੋਂ ਮਲੂਮ ਹੋਇਆ ਕਿ ਹਰ ਸਿਆਲੇ ਹਜ਼ਾਰਾਂ ਦੀ ਸੰਖਿਆ ਵਿਚ ਇਹ ਪਠਾਣ ਇਧਰ ਆਇਆ ਕਰਦੇ ਸਨ, ਪਰ ਇਸ ਸਾਲ ਅਫ਼ਗ਼ਾਨਿਸਤਾਨ ਨਾਲ ਖਟ ਪਟ ਹੋਣ ਕਾਰਨ ਬਹੁਤ ਘਟ ਪਠਾਣ ਆਏ ਹਨ। ਅਖੇ ਅਫ਼ਗਾਨਿਸਤਾਨ ਦਾ ਅੰਗੂਰ ਵੀ ਐਤਕੀਂ ਹਿੰਦੁਸਤਾਨ ਜਾ ਰਿਹਾ ਹੈ।

ਮੁਸਾਫ਼ਰਾਂ ਵਿਚ ਬਹੁਗਿਣਤੀ ਕਿਸਾਨਾਂ ਦੀ ਸੀ, ਜੋ ਹਰ ਪੜਾਅ ਉਤੇ ਲਹਿੰਦੇ ਚੜ੍ਹਦੇ। ਹੌਲੀ ਹੌਲੀ ਝੰਗ ਦੀ ਸੰਗੀਤ-ਮਈ ਬੋਲੀ ਸੁਣਾਈ ਦੇਣ ਲੱਗ ਪਈ। ਮੇਰੇ ਨਾਲ ਵਾਲੀ ਸੀਟ ਉਤੇ ਇਕ ਜੱਟ ਆ ਕੇ ਬੈਠਾ। ਧੁੱਪਾਂ ਨਾਲ ਸੇਕੀ ਹੋਈ ਰੰਗਤ, ਬਾਂਕੀਆਂ ਪੇਚਦਾਰ ਮੁੱਛਾਂ, ਕਲੌਂਜੀ ਰੰਗ ਦਾ ਫੱਬਣੇ ਪਟਖ਼ਾ, ਜਿਹਦੇ ਹੇਠੋਂ ਥਿੰਦੇ ਤੇ ਲਿਸ਼ਕਦੇ ਪਟੇ ਝਾਤ ਮਾਰਦੇ। ਨਾਲ ਉਹਦੇ ਪੰਦਰਾਂ ਕੁ ਵਰ੍ਹਿਆਂ ਦਾ ਢਿੱਡੋਂ ਨੰਗਾ ਜਾਤਕ, ਜਿਹਨੂੰ ਵੇਖ ਕੇ ਕ੍ਰਿਸ਼ਨ ਘਨ੍ਹਈਆ ਦੀਆਂ ਮੂਰਤਾਂ ਚੇਤੇ ਆਉਂਦੀਆਂ ਸਨ। ਉਹਦੇ ਸਿਰ 'ਤੇ ਬੜਾ ਬਾਂਕਾ ਟੋਟਾ ਤੇ ਤੇੜ ਚਦਰ। ਸੀਟ 'ਤੇ ਇੰਜ ਤਣ ਕੇ ਬੈਠਾ, ਜਿਵੇਂ ਦੂਰੋਂ ਵੇਖਿਆਂ ਖਲੋਤਾ ਜਾਪੇ। ਜੱਟ ਕੋਲੋਂ ਕਲੀਨਰ ਨੇ ਪੈਸੇ ਜ਼ਿਆਦਾ ਮੰਗ ਲਏ, ਜਾਂ ਜੱਟ ਨੂੰ ਭੁਲੇਖਾ ਲੱਗਿਆ, ਉਹਨਾਂ ਦੀ ਆਪਸ ਵਿਚ ਚੰਗੀ ਤਕਰਾਰ ਸ਼ੁਰੂ ਹੋ ਗਈ। ਕਲੀਨਰ ਪਿਛੇ ਦਰਵਾਜ਼ੇ ਦੇ ਨਾਲ ਵਾਲੀ ਸੀਟ ਉਤੇ ਆਪਣੇ ਇਕ ਦੋਸਤ ਨਾਲ ਬੈਠਾ ਸੀ। ਦੋਵੇਂ ਲਾਹੌਰੀਏ ਸਨ। ਝੰਗ ਦਾ ਲਹਿਜਾ ਵੱਟ ਕੇ ਉਹ ਲੱਗੇ ਜੱਟ ਦੀ ਲੱਤ ਖਿੱਚਣ। ਅਖੇ "ਭਿਰਾ, ਤੂੰ ਵੀ ਇਥਾਈਂ, ਤੇ ਅਸੀਂ ਵੀ ਇਥਾਈਂ ਵਧ ਪੈਸੇ ਘਿਨ ਕੇ ਵਤ ਅਸੀਂ ਚੋਰ ਬਣਨੈਂ ?"

ਖਿੰਝਿਆ ਹੋਇਆ ਜੱਟ, ਜਿਹਦੇ ਲਈ ਦੋ ਚਾਰ ਆਨੇ ਦਾ ਫ਼ਰਕ ਕੋਈ ਸਾਧਾਰਣ ਗੱਲ ਨਹੀਂ ਸੀ, ਘੜੀ ਮੁੜੀ ਮੇਰੇ ਵਲ ਤੱਕੇ, ਮੈਨੂੰ ਸਾਲਸ ਬਣਾਨ ਦੀ ਕੋਸ਼ਸ਼ ਕਰੇ, "ਔਹ ਵੇਖੋ ਬਾਊ ਜੀ ਮੈਂਡੇ ਨਾਲ ਠੱਠਾ ਪਏ ਕਰੇਂਦੇ ਨੇ।"...

ਅਖ਼ੀਰ ਡਰਾਈਵਰ ਨੇ ਦੋਹਾਂ ਧਿਰਾਂ ਨੂੰ ਡਾਂਟ ਕੇ ਚੁੱਪ ਕਰਾ ਦਿਤਾ ।

ਇਸ ਪੜਾਅ 'ਤੇ ਮੈਂ ਕੈਮਰੇ ਨੂੰ ਹਵਾ ਲੁਆਣ ਦੀ ਕੋਸ਼ਸ਼ ਕੀਤੀ, ਪਰ ਡਰਦਿਆਂ ਡਰਦਿਆਂ । ਬੜਾ ਹੀ ਸੁਹਣਾ ਤੇ ਬਾਂਕਾ ਕੋਈ ਚੌਧਰੀ ਬੈਠਾ ਹੋਇਆ ਸੀ ਮੰਜੀ ਉਤੇ । ਚੀਕਵੀਂ ਗੁਣਗੁਣੀ ਜਿਹੀ 'ਵਾਜ ਨਾਲ ਇਰਦ ਗਿਰਦ ਜਮ੍ਹਾਂ ਹੋਏ ਬੰਦਿਆਂ ਨੂੰ ਕੀਲ ਰਿਹਾ ਸੀ । ਉਹਦਾ ਪਹਿਰਾਵਾ ਲਗ ਭਗ ਉਹੋ ਸੀ ਜੋ ਬਚਪਨ ਵਿਚ ਮੈਂ ਆਪਣੇ ਨਾਨਾ ਜੀ ਦਾ ਵੇਖਦਾ ਹੁੰਦਾ ਸਾਂ । ਉੱਚੇ ਸ਼ਮਲਿਆਂ ਵਾਲੀ ਬਿਨਾਂ ਕੁੱਲੇ ਦੀ ਪੱਗ, ਚਿੱਟੀ ਕਮੀਜ਼, ਵਾਸਕਟ, ਤੇੜ ਚਾਦਰ, ਅਤੇ ਸਭ ਤੋਂ ਅਣਖੀਲੀ ਸ਼ੈ ਮੋਢੇ ਤੋਂ, ਜੰਞੂ ਵਾਂਗ ਦੁਸਾਰ-ਪਾਰ ਸੁੱਟਿਆ ਪੱਗ ਵਰਗਾ ਹੀ ਚਿੱਟਾ ਤੇ ਕੜਕਵਾਂ ਦੁਪੱਟਾ । ਮੈਨੂੰ ਹੁਣ ਆਪਣੇ ਸਾਂਦਲ ਬਾਰ ਪੁਜ ਜਾਣ ਵਿਚ ਕੋਈ ਸ਼ੱਕ ਨਹੀਂ ਸੀ ਰਹਿ ਗਿਆ । ਪਰ ਫ਼ੋਟੋ ਖਿੱਚਣ ਦੀ ਕਿਵੇਂ ਮੰਗ ਕਰਾਂ ? ਦੱਸ ਦੇਣਾ ਹੀ ਠੀਕ ਹੋਵੇਗਾ ਕਿ ਮੈਂ ਕੌਣ ਹਾਂ । ਖ਼ੌਰੇ ਇਹਨਾਂ ਲੋਕਾਂ ਉਪਰ ਕੀ ਪ੍ਰਤੀਕਰਮ ਹੋਵੇ ? ਜੇ ਵਿਗੜ ਪੈਣ ਤਾਂ ਏਥੇ ਮੇਰਾ ਹਾਲ ਪੁੱਛਣ ਵਾਲਾ ਕੌਣ ਏਂ । ਪਰ ਜੇ ਆਪਾ ਜ਼ਾਹਿਰ ਕੀਤੇ ਬਗ਼ੈਰ ਫ਼ੋਟੋ ਲਈ, ਅਤੇ ਬਾਅਦ ਵਿਚ ਕਿਸੇ ਤਰ੍ਹਾਂ ਦਾ ਉਹਨਾਂ ਨੂੰ ਮੇਰੇ ਉਪਰ ਸ਼ੱਕ ਪੈ ਗਿਆ ਤਾਂ ਕੀ ਬਣੇਗਾ ? ਅਗਲੇ ਦਸ ਬਾਰਾਂ ਦਿਨ ਤਾਂ ਹੁਣ ਇਕੱਲ਼ਿਆਂ ਹੀ ਗੁਜ਼ਾਰਨੇ ਹਨ । ਕਦੋਂ ਤੀਕ ਲੁਕਾ ਕੇ ਰਖ ਸਕਾਂਗਾ ਆਪਣੇ ਆਪ ਨੂੰ । ਅਖ਼ੀਰ ਹਿੰਮਤ ਕਰ ਕੇ ਮੈਂ ਬਾਂਕੇ ਬਜ਼ੁਰਗ ਅਗੇ ਕੁਝ ਇਸ ਢੰਗ ਨਾਲ ਆਪਣੀ ਅਰਜ਼ ਪੇਸ਼ ਕੀਤੀ :

"ਸਲਾਮ-ਅ-ਲੇਕਮ ਭਾਈਜਾਨ ।"

"ਵਾ-ਲੇਕਮ ਅੱਸਲਾਮ ।"

"ਮੈਂ ਬੰਬਈਓਂ ਆਇਆਂ, ਬਲਰਾਜ ਸਾਹਨੀ ਮੇਰਾ ਨਾਂ ਏਂ, ਮੈਂ ਹਿੰਦੂ ਹਾਂ । ਜ਼ਿਲਾ ਸ਼ਾਹਪੁਰ ਸਾਡਾ ਸਾਹਨੀਆਂ ਦਾ ਵਤਨ ਏਂ ਤੇ ਮੈਂ ਉਧਰ ਵਲ ਹੀ ਚਲਿਆ ਹਾਂ । ਜੇ ਇਜਾਜ਼ਤ ਹੋਵੇ ਤਾਂ ਤੁਹਾਡੀ ਫ਼ੋਟੋ ਇਕ ਖਿੱਚ ਲਵਾਂ ?"

"ਹਾਂ, ਬਿਸ਼ਕ, ਬੜੀ ਖ਼ੁਸ਼ੀ ਨਾਲ ।"

ਤੇ ਇਕ ਦਮ ਹੁੱਕਾ ਹੱਥੋਂ ਛਡ ਕੇ ਉਹ ਆਦਮੀ ਅਟੈਨਸ਼ਨ ਹੋ ਗਿਆ, ਉਹਦੇ ਚਿਹਰੇ ਤੋਂ ਇੰਜ ਜਾਪਣ ਲੱਗ ਪਿਆ, ਜਿਵੇਂ ਪ੍ਰਾਣ ਹੀ ਸੁੱਕ ਗਏ ਹੋਣ । ਉਹਦੇ ਗਾਤਰੇ ਟੰਗੀ ਪਸਤੌਲ ਤੋਂ ਮੈਂ ਏਨਾ ਨਹੀਂ ਸਾਂ ਸਹਿਮਿਆਂ

ਜਿੰਨਾ ਉਹ ਮੇਰੇ ਕੈਮਰੇ ਤੋਂ ਸਹਿਮ ਗਿਆ ਸੀ। ਬਾਕੀ ਲੋਕ ਕਾਫ਼ੀ ਉਤਸੁਕਤਾ ਨਾਲ ਮੇਰੇ ਵਲ ਵੇਖਣ ਲੱਗ ਪਏ ਸਨ, ਪਰ ਉਹਨਾਂ ਦੀ ਤੱਕਣੀ ਵਿਚ ਵਿਰੋਧ ਜਾਂ ਵੈਰ ਦਾ ਉੱਕਾ ਕੋਈ ਅੰਸ਼ ਨਹੀਂ ਸੀ। ਇਕ ਭੂੰਜੇ ਬੈਠੇ ਵਡੇਰੇ ਨੇ ਪੁੱਛਿਆ :

"ਸਰਗੋਧੇ ਮੋਹਨ ਲਾਲ ਵਕੀਲ 'ਨ ਵੀ ਮਿਲਸੋ ?"

ਇਹ ਖ਼ਾਸ ਸਾਡੇ ਭੇਰੇ ਦੀ ਬੋਲੀ ਸੀ। ਮੈਂ ਹੈਰਾਨ ਜਿਹਾ ਹੋ ਕੇ ਉਹਦੇ ਵਲ ਤੱਕਣ ਲੱਗ ਪਿਆ। ਮੈਂ ਸੁਣਿਆ ਹੋਇਆ ਸੀ ਕਿ ਸਾਡੇ ਸਾਹਨੀ ਭਰਾ ਸਰਗੋਧੇ ਰਹਿੰਦੇ ਹਨ। ਉਹਨਾਂ ਦੇ ਨਾਂ ਮੈਨੂੰ ਨਹੀਂ ਸਨ ਯਾਦ। ਮੇਰੀ ਮਾਂ ਨੇ ਇਕ ਵਾਰੀ ਦਸਿਆ ਸੀ ਸਾਹਣੀਆਂ ਸਟੀਆ ਵਿਚੋਂ, ਕੁਝ ਮੁਸਲਮਾਨ ਵੀ ਹੋ ਗਏ ਹਨ, ਅਤੇ ਆਪਣਿਆਂ ਮੁਰੱਬਿਆਂ 'ਤੇ ਬਾਦਸਤੂਰ ਵਸੇ ਹੋਏ ਹਨ।

"ਜੀ ਸਰਗੋਧੇ ਸਾਡੇ ਰਿਸ਼ਤੇਦਾਰ ਹੈਨ ਤਾਂ ਸਹੀ, ਪਰ ਮੈਂ ਅਜੇ ਤਕ ਸਰਗੋਧੇ ਕਦੀ ਗਿਆ ਨਹੀਂ।"

"ਹੁਣ ਤਾਂ ਆਖ਼ਰ ਜਾਸੋ ਈ ਨਾ।"

ਉਤੋਂ ਮੰਜੇ ਉਤੇ ਬੈਠਾ ਚੌਧਰੀ ਬੋਲਿਆ (ਫ਼ੋਟੋ ਖਿੱਚਵਾ ਚੁਕਿਆ ਸੀ)—"ਉਏ ਸਾਹਣੀ ਕੋਈ ਹਿਕ ਥਾਂ 'ਤੇ ਤਾਂ ਨਾਏ ਹੋਂਦੇ। ਭੇਰਾ, ਖ਼ੁਸ਼ਾਬ......"

"ਜੀ ਹਾਂ, ਮੇਰਾ ਵਤਨ ਭੇਰੈ, ਮੈਂ......"

"ਬੋਲੀ ਤਾਂ ਤੁਸਾਡੀ ਭੇਰੇ ਵਾਲੀ ਕੋਈ ਨਹੀਂ," ਉਹ ਬੁੱਢਾ ਫੇਰ ਬੋਲਿਆ।

"ਭੇਰਾ ਸਾਡਾ ਪੁਰਾਣਾ ਪਿਊ-ਦਾਦੇ ਦਾ ਵਤਨ ਏਂ ਜੀ। ਮੈਂ ਰਾਵਲਪਿੰਡੀ ਜਮਿਆ ਆਸ।"

"ਜਮਿਆ ਆਸ" ਸੁਣ ਕੇ ਸਾਰੀ ਮਜਲਿਸ ਅੰਦਰ ਖ਼ੁਸ਼ੀ ਦੀ ਲਹਿਰ ਦੌੜ ਗਈ। ਮੈਂ ਆਪ ਹੈਰਾਨ ਹੋਇਆ ਇਹ ਭਰੋਚੀ ਵਾਕ ਕਿਵੇਂ ਮੇਰੇ ਮੂੰਹੋਂ ਨਿਕਲ ਗਿਆ। ਕੀ ਕੋਈ ਭੈ ਦਾ ਅੰਸ਼ ਮੈਨੂੰ ਆਪਣੇ ਕਥਨਾਂ ਦੀ ਸਚਿਆਈ ਪ੍ਰਮਾਣਿਤ ਕਰਨ ਨੂੰ ਪ੍ਰੇਰ ਰਿਹਾ ਸੀ, ਜਾਂ ਇਹਨਾਂ ਲੋਕਾਂ ਵਲੋਂ ਮਿਲੇ ਅਦ੍ਰਿਸ਼ ਅਪਣੱਤ ਨੇ ਮੈਨੂੰ ਉਛਾਲ ਛਡਿਆ ਸੀ। ਸਾਹਣੀਆਂ ਬਾਰੇ ਚੋਖਾ ਤਜ਼ਕਰਾ ਛਿੜ ਪਿਆ। ਅੰਤ ਮੈਂ ਮੰਜੀ ਉਪਰ ਬੈਠੇ ਵਿਅਕਤੀ ਕੋਲੋਂ ਉਹਨਾਂ ਦਾ ਨਾਂ ਪਤਾ ਪੁੱਛਿਆ ਤਾਂ ਜੋ ਉਹਨੂੰ ਫ਼ੋਟੋ ਦੀ ਕਾਪੀ ਭੇਜ ਸਕਾਂ :

"ਮਿਹਰ ਰੋਬੇ ਖ਼ਾਨ" ਉਹਨੇ ਫੇਰ ਚੀਕਵਾਂ ਬੋਲ ਕੇ ਦਸਿਆ, ਜਿਵੇਂ ਕਚਹਿਰੀ ਵਿਚ ਬਿਆਨ ਦੇ ਰਿਹਾ ਹੋਵੇ, "ਚੀਰਮਾਨੋ (Chairman) ਯਨੀਅਨ

ਕੌਂਸਿਲ ਨੰਬਰ ੧੧, ਡਾਕਖ਼ਾਨਾ ਵਿਹੜ ਬੰਗਲਾ, ਸਿਪਰਾ ਚੱਕ ਨੰਬਰ ੧੫੯ ਜ਼ਿਲਾ ਤਹਿਸੀਲ ਝੰਗ" ......!

ਹੀਰ ਦਾ ਬਾਪ ਚੂਚੰਕ ਵੀ ਤਾਂ ਮਿਹਰ ਸੀ ਨਾ......

ਜਿਉਂ ਜਿਉਂ ਬੱਸ ਝੰਗ ਦੇ ਨੇੜੇ ਅੱਪੜਦੀ ਗਈ ਮੈਂ ਆਲੇ ਦੁਆਲੇ ਨੂੰ ਗਹੁ ਨਾਲ ਵੇਖਣ ਲੱਗ ਪਿਆ, ਮਤੇ ਸਲੇਟੀ ਹੁਣ ਵੀ ਕਿਤੇ "ਉਕਾਬ ਦੇ ਪਰ" ਵਾਂਗ ਝੂਲਦੀ, ਸਹੇਲੀਆਂ ਨਾਲ ਖੇਡਦੀ ਨਜ਼ਰ ਆ ਜਾਵੇ। ਅਤੇ ਮੂੰਹ-ਮੰਗੀਆਂ ਮੁਰਾਦਾਂ ਪੂਰੀਆਂ ਕਰਨ ਵਾਲੇ ਰੱਬ ਨੇ ਅਕਸਮਾਤ ਪੈਲੀਆਂ ਵਿਚੋਂ ਲੰਘਦੀ ਇਕ ਅਜਿਹੀ ਮੁਟਿਆਰ ਦੀ ਝਲਕ ਦਿਖਾਈ, ਜਿਸ ਦੇ ਹੁਸਨ ਦਾ ਬਿਆਨ ਕਰਨਾ ਮੇਰੀ ਸ਼ਕਤੀ ਤੋਂ ਬਾਹਰ ਹੈ।

ਸਾਂਵਲਾ ਜਿਹਾ ਰੰਗ ਸੀ ਉਸ ਦਾ। ਚੋਖਾ ਉੱਚਾ ਲੰਮਾ ਕੱਦ, ਭਰਵਾਂ ਸਡੌਲ ਜਿਸਮ, ਅਜਬ ਮਸਤੀਆਂ ਭਰੀ ਨਿਰਝੱਕ ਚਾਲ। ਨੀਲੇ ਤੇ ਚਿਤਕਬਰੇ ਕਬੂਤਰ ਵਰਗਾ ਪਹਿਰਾਵਾ ਉਹਦਾ, ਨੱਕ ਦਾ ਲੌਂਗ ਵੀ ਬਿਜਲੀ ਵਾਂਗ ਲਿਸ਼ਕ ਪਿਆ ਸੀ। ਏਨੀ ਸੁਹਣੀ ਕੁੜੀ ਮੈਂ ਆਪਣੀ ਜ਼ਿੰਦਗੀ ਵਿਚ ਘਟ ਵਧ ਹੀ ਕਦੇ ਵੇਖੀ ਹੋਵੇਗੀ। ਨਾਲ ਹੀ ਮੇਰੇ ਮਨ ਵਿਚ ਇਹ ਸਵਾਲ ਉਠਿਆ ਕਿ ਏਸ ਇਲਾਕੇ ਦੇ ਲੋਕਾਂ ਦੀ ਦੱਖ ਕੁਝ ਕੁਝ ਕਾਠੀਆਵਾੜੀ ਲੋਕਾਂ ਨਾਲ ਮਿਲਦੀ ਜੁਲਦੀ ਨਹੀਂ ?

ਉਪਰੋਕਤ ਅਹਿਵਾਲ ਡਾਇਰੀ ਵਿਚ ਦਰਜ ਕਰ ਕੇ ਮੈਂ ਟਾਂਗੇ ਵਾਲੇ ਨੂੰ ਗੌਰਮਿੰਟ ਕਾਲਜ ਲੈ ਚਲਣ ਲਈ ਕਿਹਾ। ਡਾਕਟਰ ਨਜ਼ੀਰ ਨੇ ਮੈਨੂੰ ਆਪਣੇ ਦੋ ਮਿੱਤਰਾਂ ਦੇ ਪਤੇ ਦਿਤੇ ਹੋਏ ਸਨ, ਅਤੇ ਉਹਨਾਂ ਨੇ ਮੇਰੇ ਆਉਣ ਦੀ ਪਹਿਲਾਂ ਤੋਂ ਫ਼ੋਨ ਉਤੇ ਇਤਲਾਹ ਕਰ ਦਿਤੀ ਸੀ। ਇਕ ਸਨ ਅੰਜੁਮ ਤੱਕੀ, ਜੋ ਮੁਕਾਮੀ ਗੌਰਮਿੰਟ ਕਾਲਜ ਵਿਚ ਪ੍ਰੋਫ਼ੈਸਰ ਸਨ, ਤੇ ਦੂਜੇ ਸ਼ੇਰ ਅਫ਼ਜ਼ਲ ਜਾਫ਼ਰੀ, ਜੋ ਕਿਸੇ ਸਰਕਾਰੀ ਮਹਿਕਮੇ ਵਿਚ ਕੰਮ ਕਰਦੇ ਸਨ। ਦੋਵੇਂ ਉਰਦੂ ਜ਼ਬਾਨ ਦੇ ਉਘੇ ਤੇ ਮਸ਼ਹੂਰੋ-ਮਾਰੂਫ਼ ਸ਼ਾਇਰ।

ਟਾਂਗੇ ਵਾਲਾ ਦਿੱਲੀ ਮੇਰਠ ਦੇ ਪਾਸੇ ਦਾ ਆਦਮੀ ਸੀ। ਖ਼ੌਰੇ ਕਿਸ ਬਿਨਾ 'ਤੇ, ਉਹਨੇ ਮੈਨੂੰ ਵੀ ਆਪਣੇ ਪਾਸੇ ਦਾ ਹੀ ਸਮਝ ਲਿਆ। ਲੱਗਾ ਝੰਗ ਵਾਲਿਆਂ ਦੀ ਨਿੰਦਿਆ ਕਰਨ —

"ਆਪ ਯਹਾਂ ਕਿਆ ਦੇਖਨੇ ਕੇ ਲੀਏ ਤਸ਼ਰੀਫ਼ ਲਾਏ ਹੈਂ ਸਾਹਬ, ਯਿਹ ਤੋ ਏਕਦਮ ਉਜੜਾ ਹੂਆ ਵੀਰਾਨ ਇਲਾਕਾ ਹੈ। ਯਹਾਂ ਕੇ ਲੋਗ ਤੋ ਖ਼ੁਦ

ਅਪਨੇ ਆਪ ਕੋ ਜੰਗਲੀ ਕਹਿਤੇ ਹੈਂ । ਔਰ ਹੈਂ ਭੀ ਸਾਹਬ ਵਾਕਈ ਬਿਲਕੁਲ ਜੰਗਲੀ । ਭਲਾ ਖ਼ਿਆਲ ਫ਼ਰਮਾਈਏ, ਰੋਟੀ ਕੋ ਯਿਹ ਲੋਗ "ਟੁੱਕਰ" ਕਹਿਤੇ ਹੈਂ : ਲਾਹੌਲਵਿਲਾ, ਕਿਆ ਨਾਸ਼ਾਇਸਤਾ ਜ਼ਬਾਨ ਹੈ ਇਨ ਕੀ, ਔਰ ਕੈਸੇ ਭੱਦੇ ਰਸਮੋ-ਰਿਵਾਜ ਹੈਂ । ਔਰਤੋਂ ਕੋ ਕੋਈ ਪਰਦਾ ਨਹੀਂ, ਮਰਦੋਂ ਕੇ ਸਾਮਨੇ ਨੰਗਾ ਘੂਮਨੇ ਮੇਂ ਭੀ ਉਨ੍ਹੇਂ ਕੋਈ ਸ਼ਰਮੋ-ਹਯਾ ਨਹੀਂ । ਕਿਯਾ ਕਹੇਂ ਸਾਹਬ, ਕਿਸਮਤ ਨੇ ਕਹਾਂ ਲਾ ਪਟਕਾ ਹੈ ਹਮ ਬਦ-ਨਸੀਬੋਂ ਕੋ... "

ਮੈਂ ਕੀ ਜੁਆਬ ਦੇਂਦਾ ? ਖ਼ਾਮੋਸ਼ ਸੋਚਦਾ ਰਿਹਾ ਪਈ, "ਟੁੱਕਰ" ਲਫ਼ਜ਼ ਵਿਚ ਕਿਹੜਾ ਮਾੜ ਹੈ ਜੋ ਇਹਨੂੰ ਇਤਨਾ ਨਾਗਵਾਰ ਗੁਜ਼ਰਿਆ ਹੈ ।

ਅੰਜੁਮ ਤੱਕੀ ਕਾਲਜ ਤੋਂ ਘਰ ਰਵਾਨਾ ਹੋ ਚੁਕੇ ਸਨ । ਸਟਾਫ਼ ਰੂਮ ਵਿਚ ਬੈਠੇ ਪ੍ਰੋਫ਼ੈਸਰ ਮੇਰੇ ਨਾਂ ਤੋਂ ਫ਼ਿਲਮੀ ਰਸਾਲਿਆਂ ਰਾਹੀਂ ਵਾਕਫ਼ ਸਨ । ਇਕ ਦੋ ਨੇ ਮੇਰੀ ਫ਼ਿਲਮ "ਹਮ ਲੋਗ" ਵੇਖੀ ਵੀ ਹੋਈ ਸੀ । ਬੜੀ ਚੰਗੀ ਤਰ੍ਹਾਂ ਪੇਸ਼ ਆਏ । ਕਹਿਣ ਲੱਗੇ, "ਹੀਰ ਦੇ ਮਕਬਰੇ ਦੀ ਜ਼ਿਆਰਤ ਕਰਨ ਲਈ ਤੁਸੀਂ ਬੰਬਈਉਂ ਚਲ ਕੇ ਆਏ ਹੋ, ਇਹ ਝੰਗ-ਮਘਿਆਣੇ ਲਈ ਬੜੇ ਫ਼ਖ਼ਰ ਦੀ ਗੱਲ ਹੈ ।"

ਮੈਂ ਬੜਾ ਹੈਰਾਨ ਹੋਇਆ । ਉਹਨਾਂ ਨੂੰ ਕਿਵੇਂ ਪਤਾ ਲੱਗ ਗਿਆ ਕਿ ਮੈਂ ਹੀਰ ਦੇ ਮਕਬਰੇ ਦੀ ਜ਼ਿਆਰਤ ਕਰਨ ਆਇਆਂ ? ਜੁਆਬ ਵਜੋਂ ਇਕ ਨੇ ਮੇਰੇ ਅਗੇ ਸਿਵਲ ਮਿਲਟਰੀ ਗਜ਼ਟ ਦਾ ਉਸ ਦਿਨ ਦਾ ਪਰਚਾ ਰਖ ਦਿਤਾ । ਮੇਰੇ ਬਾਰੇ ਕਾਫ਼ੀ ਲੰਮਾ ਸਾਰਾ ਬਿਆਨ ਛਪਿਆ ਹੋਇਆ ਸੀ । ਏਸੇ ਤਰ੍ਹਾਂ ਦਾ ਕੁਝ, ਪਰ ਮੁਖ਼ਤਸਰ, 'ਪਾਕਿਸਤਾਨ ਟਾਈਮਜ਼' ਵਿਚ ਵੀ ਛਪਿਆ ਸੀ ਦੋਵੇਂ ਲੇਖ ਬੜੇ ਸੁਹਿਰਦਤਾ-ਪੂਰਨ ਸਨ । ਕਹਿੰਦੇ ਨੇ ਨਾ, ਘਰ ਦਾ ਪੀਰ ਹੌਲਾ ਹੁੰਦਾ ਹੈ । ਫ਼ਿਲਮੀ ਰਸਾਲਿਆਂ ਨੂੰ ਛਡ ਕੇ ਹਿੰਦੁਸਤਾਨ ਦੇ ਕਿਸੇ ਦੈਨਿਕ ਅਖ਼ਬਾਰ ਨੇ ਕਦੇ ਮੈਨੂੰ ਇਤਨੀ ਅਹਿਮੀਅਤ ਯੋਗ ਨਹੀਂ ਸਮਝਿਆ, ਪਰ ਪਾਕਿਸਤਾਨ ਵਿਚ ਜਿੰਨੇ ਦਿਨ ਮੈਂ ਰਿਹਾ, ਹਰ ਰੋਜ਼ ਸਭਨਾਂ ਵਡੇ ਵਡੇ ਅੰਗਰੇਜ਼ੀ ਤੇ ਉਰਦੂ ਦੇ ਅਖ਼ਬਾਰਾਂ ਵਿਚ ਮੇਰੀ ਸੈਰ ਬਾਰੇ ਖ਼ਬਰਾਂ ਤੇ ਤਸਵੀਰਾਂ ਛਪਦੀਆਂ ਰਹੀਆਂ । ਕਿਸੇ ਨੇ ਵੀ ਕੋਈ ਝੂਠੀ ਜਾਂ ਦਵੈਸ਼ ਭਰੀ ਗੱਲ ਨਹੀਂ ਲਿਖੀ । ਹਰ ਸ਼ਹਿਰ ਵਿਚ ਪਤਰਕਾਰਾਂ ਨੇ ਮੇਰੇ ਇੰਟਰਵੀਊ ਲਏ ਤੇ ਛਾਪੇ । ਜਿਥੇ ਵੀ ਪੁਜਦਾ, ਮੇਰੇ ਜਾਣੂਆਂ ਤੇ ਮਿੱਤਰਾਂ ਨੂੰ ਮੇਰੇ ਆਉਣ ਦੀ ਖ਼ਬਰ ਪਹਿਲਾਂ ਤੋਂ ਮਿਲ ਚੁਕੀ ਹੁੰਦੀ । ਹਿੰਦੁਸਤਾਨ ਖ਼ਿਲਾਫ਼ ਰਾਜਨੀਤਕ ਘੌਰਾਂ ਤੇ ਝਈਆਂ

ਇਥੋਂ ਦੇ ਅਖ਼ਬਾਰਾਂ ਵਿਚ ਵੀ ਉਸੇ ਮਿਕਦਾਰ ਵਿਚ ਹੁੰਦੀਆਂ ਜਿੰਨੀਆਂ ਪਾਕਿਸਤਾਨ ਖ਼ਿਲਾਫ਼ ਸਾਡੇ ਅਖ਼ਬਾਰਾਂ ਵਿਚ ਛਪਦੀਆਂ ਹਨ, ਪਰ ਕਲਾ ਦੇ ਮੈਦਾਨ ਵਿਚ ਮੁਰੱਵਤ ਤੇ ਸਖ਼ਾਵਤ ਹੀ ਦਿੱਸੀ। ਹਰ ਅਖ਼ਬਾਰ ਅਤੇ ਪੱਤਰਕਾਰ ਉਪਰ ਇਸ ਗੱਲ ਦਾ ਜਜ਼ਬਾਤੀ ਅਸਰ ਸੀ ਕਿ ਮੈਂ ਬੜੇ ਵਰ੍ਹਿਆਂ ਬਾਅਦ ਆਪਣੀ ਜਨਮ-ਭੂਮੀ ਨੂੰ ਵੇਖਣ ਆਇਆ ਹਾਂ । ਉਨ੍ਹਾਂ ਦੀਆਂ ਲਿਖਤਾਂ ਵਿਚ ਮੈਨੂੰ ਅਪਣੱਤ ਭਾਸਦਾ ਸੀ।

੫

ooo

ਨਿੱ ਕਿਆਂ ਹੁੰਦਿਆਂ "ਝੰਗ-ਮਘਿਆਣਾ" ਸ਼ਬਦ ਕੰਨਾਂ ਵਿਚ ਆਮ ਪੈਂਦਾ ਸੀ, ਪਰ ਮੈਨੂੰ ਅਜ ਤੀਕ ਇਹ ਨਹੀਂ ਸੀ ਪਤਾ ਕਿ ਝੰਗ ਅਤੇ ਮਘਿਆਣਾ ਨਾਲ ਨਾਲ ਲਗਦੇ ਦੋ ਵਖਰੇ ਵਖਰੇ ਸ਼ਹਿਰ ਹਨ, ਅਤੇ ਹੀਰ ਦੀ ਕਬਰ ਝੰਗ ਵਿਚ ਨਹੀਂ ਸਗੋਂ ਮਘਿਆਣੇ ਵਿਚ ਹੈ।

ਪੰਜਾਬ ਦੇ ਹੋਰ ਸ਼ਹਿਰਾਂ ਦੀਆਂ ਗਲੀਆਂ ਵਾਂਗਰ ਦੀ ਹੀ ਇਕ ਗਲੀ ਵਿਚ ਪ੍ਰੋਫ਼ੈਸਰ ਅੰਜੁਮ ਤੱਕੀ ਸਾਹਿਬ ਦਾ ਘਰ ਸੀ। ਕਾਲਜੋਂ ਆ ਕੇ ਉਹ ਜੁੱਮੇ ਦੀ ਨਮਾਜ਼ ਪੜ੍ਹਨ ਚਲੇ ਗਏ ਸਨ। ਥੋੜਾ ਚਿਰ ਉਡੀਕਣ ਤੋਂ ਬਾਅਦ ਉਹ ਤਸ਼ਰੀਫ਼ ਲਿਆਏ, ਅਤੇ ਉਹਨਾਂ ਦੀ ਅਭੁਲ ਸ਼ਖ਼ਸੀਅਤ ਨਾਲ ਮੇਰਾ ਤੁਆਰਫ਼ ਹੋਇਆ।

ਅੰਜੁਮ ਤੱਕੀ ਮੁਹਾਜਰ ਹਨ, ਮਤਲਬ ਵੰਡ ਦੇ ਜ਼ਮਾਨੇ ਵਿਚ ਹਿੰਦੁਸਤਾਨੋਂ ਹਿਜਰਤ ਕਰ ਕੇ ਏਥੇ ਆ ਵੱਸੇ ਹਨ। "ਸ਼ਰਨਾਰਥੀ" ਸ਼ਬਦ ਦੇ ਮੁਕਾਬਲੇ ਵਿਚ "ਮੁਹਾਜ਼ਰ" ਲਫ਼ਜ਼ ਮੈਨੂੰ ਬੜਾ ਚੰਗਾ ਲਗਿਆ। ਇਸ ਵਿਚੋਂ ਤਿਰਸਕਾਰ ਅਤੇ ਅਪਮਾਨ ਦੀ ਬੋ ਨਹੀਂ ਆਉਂਦੀ। ਅੰਜੁਮ ਜੀ ਦਾ ਪਿਛਲਾ ਵਤਨ ਬਦਾਯੂੰ ਹੈ। ਫ਼ਿਲਮਾਂ ਦੇ ਸੁਪ੍ਰਸਿੱਧ ਗੀਤਕਾਰ ਅਤੇ ਉਰਦੂ ਕਵੀ ਸ਼ਕੀਲ ਬਦਾਯੂਨੀ ਸਕੂਲ ਤੇ ਕਾਲਜ ਵਿਚ ਉਹਨਾਂ ਦੇ ਜਮਾਤੀ ਸਨ।

ਅੰਜੁਮ ਦੀ ਉਮਰ ਚਾਲ੍ਹੀਆਂ ਦੇ ਲਗ ਭਗ ਹੋਵੇਗੀ, ਪਰ ਵਾਲ ਵਕਤ

ਤੋਂ ਪਹਿਲਾਂ ਸਫ਼ੈਦ ਹੋ ਚੁੱਕੇ ਹਨ, ਉਹਨਾਂ ਦੀਆਂ ਅੱਖਾਂ ਵਿਚ ਬੜਾ ਦਰਦ ਹੈ, ਜਿਵੇਂ ਬਿਨ-ਪੁੱਛੇ ਦਸ ਰਹੀਆਂ ਹੋਣ ਕਿ ਜ਼ਿੰਦਗੀ ਨੇ ਹੱਦਾਂ ਟੱਪ ਕੇ ਉਹਨਾਂ ਉਪਰ ਸਖ਼ਤੀਆਂ ਕੀਤੀਆਂ ਹਨ। ਬੜਾ ਹੀ ਨਹੀਫ਼ ਤੇ ਸੁਬਕ ਸਰੀਰ, ਜਿਵੇਂ ਹਰ ਅਜਾਣੀ ਛੋਹ ਤੋਂ ਕਤਰਾਣ ਦਾ ਖ਼ਾਹਿਸ਼ਮੰਦ ਹੋਵੇ। ਕਹਿਣ ਲਗੇ, "ਸਾਮਾਨ ਕਹਾਂ ਹੈ ਆਪ ਕਾ ?"

"ਵੋਹ ਤੋ ਡਾਕਟਰ ਨਜ਼ੀਰ ਸਾਹਿਬ ਜੀ ਕੀ ਹਿਦਾਇਤ ਕੇ ਮੁਤਾਬਿਕ ਮੈਂ ਗੈਸਟ ਹਾਊਸ ਮੇਂ ਛੋੜ ਆਇਆ ਹੂੰ।"

"ਵਾਹ, ਭਲਾ ਯਿਹ ਕੈਸੇ ਹੋ ਸਕਤਾ ਹੈ। ਉਨ੍ਹੋਂ ਨੇ ਤੋ ਫ਼ੋਨ ਪਰ ਕਹਾ ਥਾ ਕਿ ਆਪ ਮੇਰੇ ਪਾਸ ਹੀ ਠਹਿਰੇਂਗੇ।"

"ਪਹਿਲੇ ਆਪ ਕੋ ਸਾਥ ਲੇਕਰ ਮੁਝੇ ਪੁਲੀਸ ਸਟੇਸ਼ਨ ਮੇਂ ਅਪਨੇ ਪਹੁੰਚਨੇ ਕੀ ਰਿਪੋਰਟ ਲਿਖਵਾਨੀ ਹੈ। ਉਸ ਕੇ ਬਾਅਦ ਜਹਾਂ ਆਪ ਕਹੇਂਗੇ ਰਾਤ ਗੁਜ਼ਾਰ ਲੂੰਗਾ।"

"ਰਾਤ ਗੁਜ਼ਾਰ ਲੂੰਗਾ ਕਿਆ ਮਤਲਬ, ਆਪ ਹਮਾਰੇ ਸ਼ਹਿਰ ਮੇਂ ਸਿਰਫ਼ ਏਕ ਦਿਨ ਠਹਿਰੇਂਗੇ ? ਨਾਮੁਮਕਿਨ ਬਾਤ ਹੈ, ਖ਼ੈਰ, ਪਹਿਲੇ ਆਪ ਕੋ ਪੁਲੀਸ ਸਟੇਸ਼ਨ ਕੀ ਸੈਰ ਕਰਾ ਲੂੰ, ਬਾਕੀ ਬਾਅਦ ਮੇਂ ਦੇਖਾ ਜਾਏਗਾ।"

ਮੈਂ ਰੋਟੀ ਖਾ ਚੁਕਾ ਸਾਂ, ਪਰ ਦੁਬਾਰਾ ਫੇਰ ਖਾਣੀ ਪਈ ਕਿਉਂਕਿ ਉਹਨਾਂ ਮੇਰੇ ਲਈ ਤਿਆਰੀ ਕੀਤੀ ਹੋਈ ਸੀ, ਸਗੋਂ ਆਪਣੇ ਇਕ ਗੁਆਂਢੀ ਮਿੱਤਰ ਨੂੰ ਵੀ ਬੁਲਾਇਆ ਹੋਇਆ ਸੀ। ਅੰਜੁਮ ਉਹਨਾਂ ਨੂੰ ਸ਼ੇਰੀ ਸਾਹਿਬ ਬੁਲਾਂਦੇ ਸਨ। ਸ਼ੇਰੀ ਸਾਹਿਬ ਖ਼ਾਸ ਝੰਗ ਦੇ ਹੀ ਵਸਨੀਕ, ਕਿਸੇ ਸਰਕਾਰੀ ਮਹਿਕਮੇ ਵਿਚ ਉੱਚੇ ਅਹੁਦੇ ਉਤੇ ਲਗੇ ਹੋਏ ਹਨ। ਉਹਨਾਂ ਨੂੰ ਵੇਖ ਕੇ ਇੰਜ ਭਾਸਿਆ ਜਿਵੇਂ ਮੈਂ ਉਹਨਾਂ ਨੂੰ ਪਹਿਲਾਂ ਵੀ ਕਿਤੇ ਜ਼ਰੂਰ ਵੇਖਿਆ ਹੈ, ਜਾਂ ਹੋ ਸਕਦਾ ਹੈ ਮੇਰੀ ਪਛਾਣ ਦੇ ਕਿਸੇ ਆਦਮੀ ਨਾਲ ਉਹਨਾਂ ਦੀ ਸ਼ਕਲ ਬਹੁਤ ਮਿਲਦੀ ਹੈ। ਵਤਨੋਂ ਉਠ ਕੇ ਆਉਣ ਵੇਲੇ ਅੰਜੁਮ ਤੱਕੀ ਦੀ ਸ਼ੇਰੀ ਸਾਹਿਬ ਨੇ ਮਦਦ ਹੀ ਨਹੀਂ ਕੀਤੀ ਸਗੋਂ ਉਹਨਾਂ ਨੂੰ ਆਪਣਾ ਬਣਾ ਲਿਆ। ਸੰਸਾਰਕ ਵਿਹਾਰ ਦੇ ਖਹੁਰੇਪਨ ਤੋਂ ਘਬਰਾਣ ਵਾਲੇ, ਤੇ ਦਰੋਂ ਬੇਦਰ ਹੋਏ ਸ਼ਾਇਰ ਨੂੰ ਕਿਸੇ ਦਲੇਰ, ਸੁਹਿਰਦ ਤੇ ਕਰਮਸ਼ੀਲ ਵਿਅਕਤੀ ਦੇ ਸਹਾਰੇ ਦੀ ਲੋੜ ਸੀ, ਜੋ ਸ਼ੇਰੀ ਸਾਹਿਬ ਨੇ ਪੂਰੀ ਕੀਤੀ। ਨਤੀਜਾ ਇਹ ਕਿ ਝੰਗ ਸ਼ਹਿਰ ਅੰਜੁਮ ਨੂੰ ਹੁਣ ਆਪਣੇ ਬਦਾਯੂੰ ਤੋਂ ਵੀ ਜ਼ਿਆਦਾ ਅਜ਼ੀਜ਼ ਹੈ। ਉਹਨਾਂ ਦੀ ਉੱਚੀ ਯੋਗਤਾ ਦੇ ਆਧਾਰ 'ਤੇ

ਉਹਨਾਂ ਨੂੰ ਗੌਰਮਿੰਟ ਕਾਲਜ ਲਾਹੌਰ ਦੀ ਪ੍ਰੋਫ਼ੈਸਰੀ ਦੀ ਪੇਸ਼ਕਸ਼ ਹੋਈ ਸੀ, ਪਰ ਅੰਜੁਮ ਨੂੰ ਝੰਗ ਛਡ ਕੇ ਜਾਣਾ ਮਨਜ਼ੂਰ ਨਾ ਹੋਇਆ । ਏਥੇ ਨਗੂਣੀ ਜਿਹੀ ਤਨਖ਼ਾਹ 'ਤੇ ਕੰਮ ਕਰਦੇ ਰਹਿਣਾ ਉਹਨੂੰ ਜ਼ਿਆਦਾ ਪਸੰਦ ਸੀ । ਮੁੜ-ਵਸਾਊ ਵਿਭਾਗ ਨੇ ਸ਼ਹਿਰ ਦੇ ਕਿਸੇ ਹੋਰ ਇਲਾਕੇ ਵਿਚ ਇਕ ਮਕਾਨ ਅੰਜੁਮ ਦੇ ਨਾਂ ਅਲਾਟ ਕਰ ਦਿਤਾ । ਜੇ ਉਹ ਉਸ ਵਿਚ ਚਲਾ ਜਾਂਦਾ ਤਾਂ ਮਕਾਨ ਉਹਦੀ ਆਪਣੀ ਮਲਕੀਅਤ ਬਣ ਜਾਣਾ ਸੀ । ਪਰ ਅੰਜੁਮ ਨੇ ਇਹ ਵੀ ਪ੍ਰਵਾਨ ਨਾ ਕੀਤਾ । ਸ਼ੇਰੀ ਸਾਹਿਬ ਦੇ ਮਕਾਨ ਨਾਲ ਕੰਧ ਰਲਾਈ ਖੜੇ ਮਕਾਨ ਵਿਚ ਕਿਰਾਏਦਾਰ ਬਣ ਕੇ ਟਿਕੇ ਰਹਿਣਾ ਉਹਨੇ ਬਿਹਤਰ ਖ਼ਿਆਲ ਕੀਤਾ । ਉਹਦੇ ਛੇ ਬੱਚੇ ਹਨ, ਅਤੇ ਤਨਖ਼ਾਹ ਇਹਨਾਂ ਦੀ ਤਾਲੀਮ ਦੇ ਖ਼ਰਚ ਲਈ ਵੀ ਪੂਰੀ ਨਹੀਂ ਹੁੰਦੀ । ਪਰ ਅੰਜੁਮ ਨੂੰ ਯਕੀਨ ਹੈ ਕਿ ਉਹ ਸ਼ੇਰੀ ਸਾਹਿਬ ਤੋਂ ਦੂਰ ਰਹਿ ਕੇ ਨਹੀਂ ਜੀਅ ਸਕਦਾ ।

ਇਸ ਅਨੋਖੀ ਦੋਸਤੀ ਵਿਚੋਂ ਮੈਨੂੰ ਸਿਰਫ਼ ਸ਼ੇਰੀ ਸਾਹਿਬ ਦੇ ਕਿਰਦਾਰ ਦੀ ਹੀ ਨਹੀਂ, ਸਗੋਂ ਸਮੁੱਚੇ ਪੰਜਾਬੀ ਕਿਰਦਾਰ ਦੀ ਵਾਸ਼ਨਾ ਵੀ ਆਈ । ਏਧਰੋਂ ਲੁੱਟੀ ਪੁੱਟੀ ਗਈ ਜਨਤਾ ਨੇ ਜਿਸ ਅਣਖੀਲੀ ਸਹਿਨਸ਼ੀਲਤਾ ਅਤੇ ਸਵੈ-ਨਿਰਭਰਤਾ ਦਾ ਸਬੂਤ ਦੇ ਕੇ ਹਿੰਦੁਸਤਾਨ ਨੂੰ ਚਕਾਚੌਂਦ ਕੀਤਾ ਸੀ, ਸ਼ੇਰੀ ਸਾਹਿਬ ਦੀ ਉਦਾਰਤਾ ਵੀ ਉਸੇ ਅਣਖ ਦਾ ਇਕ ਦੂਜਾ ਪਹਿਲੂ ਸੀ ।

ਇਹਨਾਂ ਗੁਣਾਂ ਤੋਂ ਇਲਾਵਾ ਸ਼ੇਰੀ ਸਾਹਿਬ ਸ਼ਾਸਤ੍ਰੀ ਸੰਗੀਤ ਦੇ ਵੀ ਮਾਹਿਰ ਗਿਣੇ ਜਾਂਦੇ ਹਨ । ਪਰ ਵੰਡ ਦੇ ਜ਼ਮਾਨੇ ਦੇ ਘੱਲੂਘਾਰੇ ਨੇ ਇਹ ਚੇਟਕ ਉਹਨਾਂ ਤੋਂ ਹਮੇਸ਼ਾਂ ਲਈ ਖੋਹ ਲਈ ਹੈ ।

ਪੁਲੀਸ ਸਟੇਸ਼ਨ ਵਲ ਜਾਂਦਿਆਂ ਅੰਜੁਮ ਤੱਕੀ ਨੇ ਮੇਰੇ ਅਗੇ ਫ਼ਰਮਾਇਸ਼ ਕੀਤੀ ਕਿ ਮੈਂ ਉਹਨਾਂ ਨਾਲ ਸ਼ੁੱਧ ਹਿੰਦੀ ਵਿਚ ਵਾਰਤਾਲਾਪ ਕਰਾਂ । ਕਾਲਜ ਦੇ ਜ਼ਮਾਨੇ ਵਿਚ ਉਹਨਾਂ ਬੀ. ਏ. ਤਕ ਸੰਸਕ੍ਰਿਤ ਪੜ੍ਹੀ ਸੀ, ਅਤੇ ਹਿੰਦੀ ਸਾਹਿੱਤ ਦੇ ਵੀ ਚੋਖੇ ਸ਼ੌਕੀਨ ਸਨ । ਏਸ ਕਾਰਨ ਸੰਸਕ੍ਰਿਤ ਸ਼ਬਦਾਵਲੀ ਸੁਣਨ ਤੇ ਵਰਤਣ ਲਈ ਤਰਸੇ ਹੋਏ ਸਨ ।

ਪੁਲੀਸ ਸਟੇਸ਼ਨ ਤੋਂ ਪਤਾ ਚਲਿਆ ਕਿ ਪਹਿਲਾਂ ਰਿਪੋਟ ਸਿਕਿਉਰਿਟੀ ਦਫ਼ਤਰ ਵਿਚ ਦੇਣੀ ਪਏਗੀ, ਜੋ ਪੁਲੀਸ ਲਾਈਨ ਵਿਚ ਹੈ । ਪੁਲੀਸ ਲਾਈਨ ਪਹੁੰਚੇ ਤਾਂ ਪਤਾ ਲਗਿਆ ਕਿ ਸ਼ੁਕਰਵਾਰ ਹੋਣ ਕਾਰਨ ਦਫ਼ਤਰ ਬੰਦ ਹੈ । ਸਿਕਿਉਰਿਟੀ ਅਫ਼ਸਰ ਸ਼ਾਇਦ ਆਪਣੇ ਘਰ ਮਿਲਣਗੇ । ਘਰ ਗਏ ਤਾਂ

ਮਲੂਮ ਹੋਇਆ ਕਿ ਨਮਾਜ਼ ਪੜ੍ਹਨ ਗਏ ਸਨ ਹਾਲਾਂ ਪਰਤੇ ਨਹੀਂ, ਖ਼ੌਰੇ ਕਿਸ ਵੇਲੇ ਆਉਣ।

ਅੰਜੁਮ ਸਾਹਿਬ ਵੀ ਸੁਣ ਚੁਕੇ ਸਨ ਕਿ ਮੇਰੇ ਝੰਗ ਆਉਣ ਦਾ ਮੁਖ ਕਾਰਨ ਹੀਰ ਦੀ ਕਬਰ ਵੇਖਣਾ ਹੈ। ਉਹ ਏਸ ਥਾਂ ਤੋਂ ਬਿਲਕੁਲ ਨੇੜੇ ਸੀ। ਉਹਨਾਂ ਰਾਏ ਦਿਤੀ ਕਿ ਇਤਨੀ ਦੇਰ ਵਿਚ ਓਧਰ ਦਾ ਚੱਕਰ ਮਾਰ ਆਈਏ। ਮੈਂ ਬੜੀ ਖ਼ੁਸ਼ੀ ਨਾਲ ਕਬੂਲ ਕੀਤਾ।

ਕੱਚੀ ਤੇ ਮਿੱਟੀਆਂ-ਮਾਰੀ ਸੜਕ ਉਤੇ ਪੁਟਿਆ ਇਕ ਇਕ ਕਦਮ ਮੈਨੂੰ ਆਪਣੇ ਤਸੱਵਰ ਦੀ ਇਸ ਬਹੁਤ ਪਿਆਰੀ ਚੀਜ਼ ਦੇ ਨੇੜੇ ਲਿਜਾ ਰਿਹਾ ਸੀ। ਵਾਰਿਸ ਸ਼ਾਹ ਦੀ ਹੀਰ ਸੰਸਾਰ ਦੇ ਸਰਬੋਤਮ ਸਾਹਿੱਤਕ ਸ਼ਾਹਕਾਰਾਂ ਵਿਚੋਂ ਹੈ, ਇਹ ਹਕੀਕਤ ਹਰ ਵਾਰੀ ਪਹਿਲਾਂ ਤੋਂ ਵਧ ਮੇਰੇ ਸਾਹਮਣੇ ਆਉਂਦੀ ਹੈ ਜਦੋਂ ਮੈਂ ਏਸ ਅਮਿੱਟ ਪ੍ਰੇਮ ਕਥਾ ਨੂੰ ਚੁੱਕ ਕੇ ਪੜ੍ਹਨ ਲੱਗ ਪੈਂਦਾ ਹਾਂ। ਵਾਰਿਸ ਸ਼ਾਹ ਦੀ ਬਾਣੀ ਵਿਚ ਫੁਟਦੇ ਚਸ਼ਮਿਆਂ ਵਰਗੀ ਨਿਰਮਲਤਾ ਤੇ ਆਪ-ਮੁਹਾਰਾਪਣ ਹੈ। ਹਰ ਤਰ੍ਹਾਂ ਦੇ ਸੁਹਜ ਤੇ ਅਲੰਕਾਰ ਨਾਲ ਸ਼ਿੰਗਾਰੀ ਹੋਈ ਵੀ ਉਹ ਕਦੇ ਸੁਸਤ ਤੇ ਭਾਰੀ ਨਹੀਂ ਹੁੰਦੀ :

"ਤਾਜ਼ੀ ਤਬਾ 'ਤੇ ਇਸ਼ਕ ਸਵਾਰ ਕਰ ਕੇ
ਖ਼ੱਬੀ ਚਾੜ੍ਹ ਮਦਾਨ ਵਿਚ ਤੋਰਿਆ ਸੀ।"

"ਹੱਭਾ ਵੀਨ ਕੇ ਜ਼ੇਬ ਬਣਾ ਦਿਤਾ......"

"ਕਰ ਕੇ ਕਾਲਿਆਂ ਬੱਗਿਆਂ ਕਾਗ਼ਜ਼ਾਂ ਨੂੰ
ਕਦੇ ਸ਼ੇਅਰ ਨੂੰ ਲੀਕ ਨਾ ਲਾਈਏ ਜੀ..."

ਕਵਿਤਾ ਦੀ ਕੋਈ ਵੀ ਕਸਵਟੀ ਫੜ ਲਓ, ਵਾਰਿਸ ਸ਼ਾਹ ਦੀ ਹੀਰ ਇਮਤਿਹਾਨ ਵਿਚ ਪੂਰੀ ਉਤਰੇਗੀ। ਉਹਨੂੰ ਪੜ੍ਹਨ ਵੇਲੇ ਇੰਗਲਿਸਤਾਨ ਦੇ ਅਮਰ ਕਵੀ ਕੀਟਸ ਦੇ ਇਕ ਵਾਕ ਵਲ ਬਾਰ ਬਾਰ ਮੇਰਾ ਧਿਆਨ ਜਾਂਦਾ ਹੈ — "ਕਵਿਤਾ ਕਵੀ ਕੋਲ ਇੰਜ ਆਉਣੀ ਚਾਹੀਦੀ ਹੈ, ਜਿਵੇਂ ਬ੍ਰਿਛ 'ਤੇ ਉਹਦੇ ਪੱਤੇ, ਨਹੀਂ ਤਾਂ ਇਹ ਉੱਕਾ ਨਹੀਂ ਆਉਣੀ ਚਾਹੀਦੀ।"

ਪਾਕਿਸਤਾਨ ਦਾ ਪ੍ਰੋਗਰਾਮ ਬਣਾਉਣ ਵੇਲੇ ਮੈਨੂੰ ਝੰਗ ਦਾ ਖ਼ਿਆਲ ਨਹੀਂ ਸੀ ਆਇਆ। ਮੈਂ ਕੇਵਲ ਲਾਹੌਰ, ਪਿੰਡੀ, ਮਰੀ, ਭੇਰਾ ਆਦਿ ਥਾਵਾਂ

ਦਾ ਫੇਰਾ ਮਾਰਨਾ ਚਾਹੁੰਦਾ ਸਾਂ, ਜਿਨ੍ਹਾਂ ਦਾ ਮੇਰੇ ਜੀਵਨ ਨਾਲ ਸੰਬੰਧ ਸੀ। ਪਰ ਤੁਰਨ ਤੋਂ ਪਹਿਲਾਂ ਇਕ ਦਿਨ ਫੇਰ ਸਬੱਬੀ ਮੈਂ ਕੀਟਸ ਦੇ ਕਾਵਿ-ਸੰਗ੍ਰਹਿ ਦਾ ਉਹਦਾ ਆਪਣਾ ਲਿਖਿਆ ਮੁਖ-ਬੰਧ ਪੜ੍ਹਨ ਬਹਿ ਗਿਆ। ਇਹਦੇ ਵਿਚ ਕੀਟਸ ਬਾਰ ਬਾਰ ਮਾਤ-ਭਾਸ਼ਾ ਦਾ ਲਫ਼ਜ਼ ਦੁਹਰਾਉਂਦਾ ਹੈ, ਉਹਦਾ ਨਾਂ ਲੈ ਲੈ ਕੇ ਝੂੰਮਦਾ ਹੈ, ਜਿਵੇਂ ਜ਼ਿੰਦਗੀ ਵਿਚ ਉਹੋ ਉਹਦੀ ਸਭ ਤੋਂ ਪਿਆਰੀ ਚੀਜ਼ ਹੋਵੇ। ਅਤੇ ਅਚਾਨਕ ਮੈਨੂੰ ਖ਼ਿਆਲ ਆਇਆ, "ਜ਼ਰੂਰ ਵਾਰਿਸ ਸ਼ਾਹ ਨੂੰ ਵੀ ਆਪਣੀ ਪੰਜਾਬੀ ਮਾਤ-ਭਾਸ਼ਾ ਨਾਲ ਏਸੇ ਤਰ੍ਹਾਂ ਜਨੂਨ ਦੀ ਹਦ ਤਕ ਇਸ਼ਕ ਹੋਵੇਗਾ, ਇਹੋ ਉਸ ਦੀਆਂ ਅਦੁੱਤੀ ਅਤੇ ਅਣਥਕ ਕਾਵਿ-ਉਡਾਰੀਆਂ ਦਾ ਭੇਤ ਹੈ। ਭਲਾ ਪੰਜਾਬੀ ਜ਼ਬਾਨ ਦਾ ਕੋਈ ਸ਼ਬਦ ਐਸਾ ਰਹਿ ਗਿਆ, ਜੋ ਉਹਨੇ ਨਾ ਵਰਤਿਆ ਹੋਵੇ ? ਪੰਜਾਬੀ ਰਹਿਣ-ਸਹਿਣ ਤੇ ਸਭਿਆਚਾਰ ਦੀ ਕੋਈ ਝਾਕੀ ਅਜਿਹੀ ਹੈ, ਜੋ ਉਹਨੇ ਨਾ ਪੇਸ਼ ਕੀਤਾ ਹੋਵੇ ? ਮਨੁੱਖੀ ਹਿਰਦੇ ਦੀ ਕੋਈ ਤਾਰ ਐਸੀ ਹੈ, ਜਿਹੜੀ ਉਸ ਨਾ ਛੇੜੀ ਹੋਵੇ ? ਜੂਲੀਅਟ ਵਰਗੀਆਂ ਵਿਸ਼ਵ-ਸਾਹਿੱਤ ਦੀਆਂ ਪ੍ਰਮੁਖ ਪ੍ਰੇਮਿਕਾਵਾਂ ਦੀ ਸਫ਼ ਵਿਚ ਬੈਠ ਕੇ ਵੀ ਹੀਰ ਕਿਤਨੀ ਪੰਜਾਬਣ ਹੈ ! —

"ਫ਼ਜਰ ਹੋਈ ਤੇ ਉਠ ਕੇ ਹੀਰ ਜੱਟੀ,
ਬੈਠ ਅੰਗਣੇ ਵਿਚ ਅਸ਼ਨਾਨ ਕੀਤਾ।
ਊਂਧੀ ਪਾਇ ਕੇ ਗ਼ਮਾਂ ਦੇ ਵਿਚ ਬੈਠੀ,
ਰਾਂਝੇ ਯਾਰ ਦੇ ਵਲ ਧਿਆਨ ਕੀਤਾ।
ਮੈਂ ਤਾਂ ਤੇਰੀ ਅਮਾਨ ਹਾਂ ਰਾਂਝਿਆ ਵੇ,
ਦਿਲ ਵਿਚ ਇਕਰਾਰ ਈਮਾਨ ਕੀਤਾ।
ਤੇਰੇ ਬਾਝ ਨਾ ਅੰਗ ਤੇ ਨੈਣ ਜੋੜਾਂ,
ਸ਼ਾਹਦ ਹਾਲ ਦਾ ਰੱਬ ਰਹਿਮਾਨ ਕੀਤਾ।
ਕਿਤੇ ਰਾਂਝਣਾ ਨਜ਼ਰ ਨਾ ਆਂਵਦਾ ਏ,
ਓਸੇ ਵਕਤ ਹੀ ਜੀ ਗ਼ਲਤਾਨ ਕੀਤਾ।
ਉਭੇ ਸਾਹ ਲੈ ਕੇ ਗੁੰਮ ਸੁੰਮ ਹੋਈ,
ਪਿੰਡਾ ਵੱਟ ਕੇ ਤੇ ਸੁੰਨਸਾਨ ਕੀਤਾ।

ਡੁੱਬੀ ਵਿਚ ਦਲੀਲ ਦੇ ਖਾ ਗ਼ੋਤਾ,
ਸੈਰ ਜਾ ਪਾਤਾਲ ਡੂੰਘਾਣ ਕੀਤਾ ।

ਸੂਰਤ ਪੀਰ ਦੀ ਵਿਚ ਤਸਵੀਰ ਹੋ ਕੇ,
ਰੁਜੂ ਰੱਬ ਦੀ ਤਰਫ਼ ਰਵਾਨ ਕੀਤਾ ।

ਜਾਤਾ ਇਕ ਖ਼ੁਦਾ ਬਰ ਹੱਕ ਜੱਟੀ,
ਦੂਈ ਦੂਰ ਜਿਉਂ ਰੱਦ ਸ਼ੈਤਾਨ ਕੀਤਾ ।

ਹੋਈਆਂ ਸਭੇ ਕਦੂਰਤਾਂ ਦੂਰ ਵਿਚੋਂ,
ਦਿਲ ਹੀਰ ਦਾ ਨੂਰ ਨੂਰਾਨ ਕੀਤਾ ।

ਕਬਰ ਤਕ ਨਾ ਭੁੱਲਸਾਂ ਰਾਂਝਣਾਂ ਵੇ,
ਮੇਰੇ ਨਾਲ ਜੋ ਤੁਧ ਅਹਿਸਾਨ ਕੀਤਾ ।

ਵਾਰਸ ਸ਼ਾਹ ਫ਼ਿਰਾਕ ਦੇ ਨਾਲ ਜੱਟੀ,
ਬਾਰਾਂ ਮਾਹ ਦਾ ਜ਼ਿਕਰ ਬਿਆਨ ਕੀਤਾ..."

ਇਹਨਾ ਖ਼ਿਆਲਾਂ ਵਿਚ ਪਿਆ ਹੋਇਆ ਹੀ ਮੈਂ ਰਾਂਝੇ ਤੇ ਹੀਰ ਦੇ ਦੇਸ ਦੀ ਯਾਤਰਾ ਕਰਨ ਦਾ ਵੀ ਫ਼ੈਸਲਾ ਕਰ ਲਿਆ ਸੀ ।

ਸ਼ਹਿਰ ਦੇ ਬਾਹਰਲੇ ਹਿੱਸੇ ਦੀ ਨਾਂ ਮਾਤ੍ਰ ਜਿਹੀ ਆਬਾਦੀ ਵਿਚੋਂ ਲੰਘ ਰਹੇ ਸਾਂ । ਸਾਨੂੰ ਆਉਂਦਿਆਂ ਵੇਖ ਕੇ ਦੂਰੋਂ ਹੀ ਇਕ ਦੈਂਤ ਵਰਗੇ ਜੁੱਸੇ ਵਾਲਾ ਆਦਮੀ ਆਪਣੇ ਮਕਾਨ ਦੇ ਬਰਾਂਡੇ ਵਿਚੋਂ ਉਠ ਕੇ ਸੜਕ ਦੇ ਐਨ ਵਿਚਕਾਰ ਆ ਖਲੋਤਾ, ਜਿਵੇਂ ਸਾਡਾ ਰਾਹ ਰੋਕਣਾ ਚਾਹੁੰਦਾ ਹੋਵੇ । ਉਸ ਦਾ ਰੰਗ ਸ਼ਾਹ ਕਾਲਾ, ਸਿਰ 'ਤੇ ਬੁਰਸ਼ ਵਾਂਗ ਖਲੋਤੇ ਹੋਏ ਵਾਲ, ਅੱਖਾਂ 'ਤੇ ਮੋਟੀਆਂ ਮੋਟੀਆਂ ਐਨਕਾਂ, ਚਿੱਟੀ ਮਲਮਲ ਦਾ ਲੰਮਾ ਕੁਰਤਾ ਤੇ ਸਲਵਾਰ । ਉਹ ਉੱਚੀ ਉੱਚੀ ਬੋਲਿਆ, "ਕਿਉਂ ਪ੍ਰੋਫ਼ੈਸਰ ਸਾਹਿਬ ਅਜ ਇਸ ਪਾਸੇ ਕੀਕਣ ਭੁੱਲ ਕੇ ਆ ਗਏ ਹੋ ?"

ਅੰਜੁਮ ਨੇ ਨੇੜੇ ਜਾ ਕੇ ਮੇਰਾ ਤਆਰਫ਼ ਕਰਾਇਆ ਤੇ ਦਸਿਆ ਕਿਵੇਂ ਪੰਜਾਬੀ ਸਾਹਿੱਤ ਤੇ ਵਾਰਿਸ ਸ਼ਾਹ ਮੈਨੂੰ ਬੜੀ ਦੂਰੋਂ ਖਿੱਚ ਕੇ ਲਿਆਇਆ ਹੈ ।

ਹਾਲੀ ਅੰਜੁਮ ਹੋਰਾਂ ਦੀ ਗੱਲ ਪੂਰੀ ਨਹੀਂ ਸੀ ਹੋਈ ਕਿ ਉਹ ਸ਼ਖ਼ਸ

ਆਪਣੀ ਭਾਰੀ ਤੇ ਗਰਜਵੀਂ ਆਵਾਜ਼ ਵਿਚ ਮੇਰੇ ਵਲ ਮੁਖ਼ਾਤਬ ਹੋਇਆ, "ਇਹ ਤਾਂ ਸਾਹਣੀ ਸਾਹਿਬ ਬਹੁੰ ਚੰਗਾ ਕੀਤਾ ਨੇ। ਵੇਖੋ ਨਾ, ਇੰਗਲੈਂਡ ਦਾ ਹਿਕ ਬੜਾ ਸ਼ਾਇਰ ਆਈ ਕੀਟਸ। ਉਸ ਆਪਣੀ ਕਿਤਾਬ ਵਿਚ ਲਿਖਿਐ ਪਈ ਸ਼ਾਇਰ ਨੂੰ ਉਸੇ ਜ਼ਬਾਨ ਵਿਚ ਸ਼ਾਇਰੀ ਕਰਨੀ ਚਾਹੀਦੀ ਏ, ਜਿਹੜੀ ਉਸ ਨੂੰ ਆਪਣੀ ਮਾਂ ਦੇ ਦੁੱਧ ਵਿਚ ਮਿਲੀ ਹੋਵੇ।"

ਮੈਂ ਹੱਕਾ ਬੱਕਾ ਹੋ ਕੇ, ਬੁੱਤ ਵਾਂਗ ਉਸ ਵਲ ਤੱਕਦਾ ਰਹਿ ਗਿਆ, ਜਿਵੇਂ ਹੋਸ਼ ਹਵਾਸ ਗੁੰਮ ਹੋ ਗਏ ਹੋਣ।

ਉਹਨੇ ਆਪਣੇ ਅਤਿ ਉੱਚੇ ਕੱਦ ਦੀ ਉਚਿਆਈ ਤੋਂ ਹੇਠਾਂ ਮੇਰੇ ਵਲ ਘੂਰਦਿਆਂ, ਆਖਿਆ, "ਏਡਾ ਹਿਰਾਨ ਕਾਈਂ ਤੋਂ ਪਏਂ ਹੋਂਦੇ ਓ, ਮੈਂ ਕਾਈ ਗਲਤ ਗੱਲ ਆਖੀ ਏ ?"

ਮੈਂ ਜੁਆਬ ਦਿਤਾ, "ਤੁਹਾਨੂੰ ਕੀ ਦਸਾਂ। ਦੂਰ ਖਲੋਤੇ ਤੁਸੀਂ ਮੈਨੂੰ ਕੋਈ ਗ਼ੈਬੀ ਹਸਤੀ ਜਾਪੇ ਸਓ। ਤੇ ਹੁਣ ਯਕੀਨ ਹੋ ਗਿਆ ਹੈ, ਤੁਸੀਂ ਸੱਚ ਮੁਚ ਗ਼ੈਬੀ ਹਸਤੀ ਹੋ।"

ਤੇ ਫੇਰ ਮੈਨੂੰ ਉਹਨਾਂ ਦੇ ਮੂੰਹੋਂ ਨਿਕਲੇ ਕੀਟਸ ਦੇ ਇਹਨਾਂ ਸ਼ਬਦਾਂ ਨੇ ਹੀ ਝੰਗ ਆਉਣ ਲਈ ਪ੍ਰੇਰਿਆ ਸੀ। ਸੁਣ ਕੇ ਉਹ ਵੀ ਕਾਫ਼ੀ ਹੈਰਾਨ ਹੋਏ। ਅਲੌਕਿਕ ਗੱਲਾਂ ਵਿਚ ਵਿਸ਼ਵਾਸ ਨਾ ਰਖਦਿਆਂ ਵੀ ਅਜ ਇਹ ਸੱਤਰਾਂ ਲਿਖਦਿਆਂ ਮੈਨੂੰ ਫੇਰ ਭਰਮ ਹੋ ਰਿਹਾ ਹੈ ਕਿ ਜ਼ਰੂਰ ਸਾਡੀ ਉਸ ਮਿਲਣੀ ਵਿਚ ਗ਼ੈਬ ਦਾ ਹੱਥ ਸੀ।

ਹੁਣ ਚੁੱਪ-ਚਾਪ ਉਹ ਵਿਅਕਤੀ ਵੀ ਸਾਡੇ ਨਾਲ ਤੁਰ ਪਏ, ਤੇ ਉਸ ਤੋਂ ਬਾਅਦ ਸਾਰਾ ਵਕਤ ਖ਼ਾਮੋਸ਼ ਹੀ ਰਹੇ। ਮਕਬਰਾ ਵੇਖ ਆਉਣ ਮਗਰੋਂ ਜਿਵੇਂ ਮਿਲੇ ਸਨ, ਉਵੇਂ ਵਿਛੜ ਵੀ ਗਏ। ਦੁਬਾਰਾ ਉਹਨਾਂ ਨਾਲ ਮੁਲਾਕਾਤ ਨਾ ਹੋਈ। ਉਹ ਸ਼ਹਿਰ ਦੇ ਇਕ ਉਘੇ ਵਕੀਲ ਸਨ।

ਹੀਰ ਦੇ ਮਕਬਰੇ ਵਿਚ ਕੋਈ ਵਿਸ਼ੇਸ਼ ਗੱਲ ਨਹੀਂ। ਛੋਟੀ ਜਿਹੀ ਢੱਕੀ ਉਤੇ ਇਹ ਯਾਦਗਾਰ ਬਣੀ ਹੋਈ ਹੈ। ਇਹਦੇ ਚਾਰ ਮੁਨਾਰੇ ਹਨ, ਜਿਨ੍ਹਾਂ ਨੂੰ ਵੇਖ ਕੇ ਗੁੰਬਦ ਦਾ ਨਾ ਹੋਣਾ ਅਧੂਰੇਪਨ ਦਾ ਅਹਿਸਾਸ ਕਰਾਂਦਾ ਹੈ। ਅੰਦਰ ਜਾ ਕੇ ਪਤਾ ਲੱਗਦਾ ਹੈ ਕਿ ਗੁੰਬਦ ਬਣਾਉਣਾ ਸ਼ੁਰੂ ਕੀਤਾ ਗਿਆ ਸੀ, ਪਰ ਸ਼ਾਇਦ ਹੀਰ ਦੀ ਜ਼ਿੰਦਗੀ ਦੇ ਅਧੂਰੇਪਨ ਵਲ ਧਿਆਨ ਕਰ ਕੇ ਉਹਨੂੰ ਵੀ ਅੱਧ-ਵਿਚਾਲੇ ਛੱਡ ਦਿਤਾ ਗਿਆ ਹੈ। ਹੁਣ ਕਬਰ ਕੋਲ ਖਲੋ ਕੇ ਉਪਰ ਵੇਖੋ

ਤੇ ਅਧੂਰੇ ਗੁੰਬਦ ਦੇ ਦਾਇਰੇ ਵਿਚੋਂ ਅਸਮਾਨ ਨਜ਼ਰ ਆਉਂਦਾ ਹੈ। ਕਹਿੰਦੇ ਨੇ ਮੀਂਹ ਵੱਸੇ ਪਾਣੀ ਕਬਰ ਉਤੇ ਨਹੀਂ ਡਿਗਦਾ। ਇਹ ਗੱਲ ਤਾਂ ਮੰਨਣੀ ਔਖੀ ਹੈ, ਪਰ ਨਿਸ਼ਚੇ ਨਾਲ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਰਾਤ ਵੇਲੇ ਹੀਰ ਦੀ ਕਬਰ 'ਤੇ ਤਾਰਿਆਂ ਦੀ ਲੋਅ ਜ਼ਰੂਰ ਪੈਂਦੀ ਹੋਵੇਗੀ।

ਕਬਰ ਦੇ ਸਿਰਹਾਣੇ ਉਰਦੂ ਵਿਚ ਇਕ ਪੱਥਰ ਉਪਰ ਲਿਖਿਆ ਹੈ ਕਿ ਇਹ ਹੀਰ ਤੇ ਰਾਂਝੇ ਦੋਹਾਂ ਦੀ ਸਾਂਝੀ ਕਬਰ ਹੈ। ਉਹ ਸਾਰੀ ਇਬਾਰਤ ਇਤਨੀ ਵਧ ਜਜ਼ਬਾਤੀ ਹੈ ਕਿ ਉਹਨੂੰ ਪੜ੍ਹ ਕੇ ਸਾਰੇ ਮਕਬਰੇ ਦੀ ਅਸਲੀਅਤ ਉਪਰ ਸ਼ੱਕ ਜਿਹਾ ਹੋਣ ਲੱਗ ਪੈਂਦਾ ਹੈ, ਤੇ ਉਹ ਖੇਡ ਜਿਹੀ ਜਾਪਣ ਲੱਗ ਪੈਂਦਾ ਹੈ।

ਆਲੇ ਦੁਆਲੇ ਦੀਆਂ ਕੰਧਾਂ ਪਿੰਸਲਾਂ ਨਾਲ ਜਿਤਰੇ ਨਾਵਾਂ ਤੇ ਵਾਕਾਂ ਨਾਲ ਕਾਲੀਆਂ ਹੋਈਆਂ ਪਈਆਂ ਹਨ। ਮਜ਼ਾਰ ਵੇਖਣ ਆਉਣ ਵਾਲਿਆਂ ਵਿਚੋਂ ਕਈਆਂ ਨੇ ਆਪਣੇ ਦਿਲਾਂ ਦ ਦੁਖੜੇ ਤੇ ਹੋਰ ਖ਼ੌਰੇ ਕੀ ਕੀ ਲਿਖ ਮਾਰਿਆ ਹੈ। ਹੀਰ ਨੇ ਕਾਜ਼ੀ ਅੱਗੇ ਆਪਣੇ ਇਸ਼ਕ ਨੂੰ ਜਿਦ੍ਹਾ ਰੱਬ ਗਵਾਹ ਸੀ, ਦੁਨੀਆਂ ਦੀਆਂ ਨਜ਼ਰਾਂ ਵਿਚ ਆਦਰ-ਯੋਗ ਤੇ ਬਾ-ਰਸੂਖ਼ ਬਣਾਉਣ ਲਈ ਕਹਿਰ ਦੇ ਹੀਲੇ ਕੀਤੇ ਸਨ, ਪਰ ਉਹਦੀਆਂ ਹੱਡੀਆਂ ਨਾਲ ਹੁੰਦੀ ਬੇ-ਤਕੱਲਫ਼ੀ ਨੂੰ ਵੇਖ ਬੰਦਾ ਇਸ ਨਤੀਜੇ 'ਤੇ ਪੁਜਦਾ ਹੈ ਕਿ ਮਰਨ ਤੋਂ ਚਾਰ ਸੌ ਸਾਲ ਬਾਅਦ ਵੀ ਉਹ ਆਪਣੇ ਮਨੋਰਥ ਵਿਚ ਕਾਮਯਾਬ ਨਹੀਂ ਹੋਈ। ਮਿਸਾਲ ਵਜੋਂ (ਇਕ ਮਨਚਲੇ ਨੌਜਵਾਨ ਨੇ ਲਿਖਿਆ ਸੀ ;) —

> "ਅਗਰ ਕੋਈ ਟੈਡੀ-ਗਰਲ (Teddy Girl) ਰੁਸੰਤਮੇਂ ਪਾਕਿਸਤਾਨ ਭੋਲੂ ਪਹਿਲਵਾਨ ਸੇ ਸ਼ਾਦੀ ਕਰਨਾ ਮਨਜ਼ੂਰ ਕਰੇ ਤੋ ਮੈਂ ਮਾਈ ਹੀਰ ਕੇ ਮਜ਼ਾਰ ਪਰ ਏਕ ਸੌ ਨਫ਼ਲ ਚੜ੍ਹਾਊਂਗਾ।"

ਹੀਰ ਦੇ ਮਕਬਰੇ ਤੋਂ ਵਾਪਸ ਆ ਕੇ ਅੰਜੁਮ ਤੱਕੀ ਤੇ ਮੈਂ ਫੇਰ ਸਿਕਿਉਰਟੀ ਪੁਲੀਸ ਦੇ ਇੰਸਪੈਕਟਰ ਚੌਧਰੀ ਸਾਹਿਬ ਦੀ ਤਲਾਸ਼ ਵਿਚ ਜੁਟ ਪਏ।

ਇਤਨੀ ਉਤਾਵਲ ਕਰਨ ਦੀ ਵੈਸੇ ਲੋੜ ਕੋਈ ਨਹੀਂ ਸੀ। ਕਾਨੂੰਨ ਅਨੁਸਾਰ ਗ਼ੈਰ-ਮੁਲਕੋਂ ਆਇਆਂ ਨੂੰ ਨਵੀਂ ਥਾਂ ਪੁਜ ਕੇ ਚਵ੍ਹੀ ਘੰਟੇ ਦੇ ਅੰਦਰ ਪੁਲੀਸ ਦੇ ਸਟੇਸ਼ਨ ਉਤੇ ਹਾਜ਼ਰੀ ਭਰਨੀ ਪੈਂਦੀ ਹੈ। ਅਜ ਜੁੱਮੇ ਦੀ ਛੁੱਟੀ ਸੀ ; ਇਸ ਕਾਰਨ ਇਹ ਕੰਮ ਕਲ੍ਹ 'ਤੇ ਛਡਿਆ ਜਾ ਸਕਦਾ ਸੀ। ਪਰ

ਬਦਕਿਸਮਤੀ ਨਾਲ ਇਹਨਾਂ ਗੱਲਾਂ ਦਾ ਮੈਨੂੰ ਅਜੇ ਪਤਾ ਨਹੀਂ ਸੀ। ਲਾਹੌਰ ਵਿਚ ਡਾਕਟਰ ਨਜ਼ੀਰ ਦੇ ਨਿੱਜੀ ਸਕੱਤਰ ਸਾਹਿਬ ਨੇ ਸਾਰੀ ਖੇਚਲ ਆਪਣੇ ਜ਼ਿਮੇਂ ਲਈ ਹੋਈ ਸੀ, ਕਦੇ ਮੇਰੇ ਕੋਲੋਂ ਪਾਸਪੋਰਟ ਲੈ ਜਾਂਦੇ ਸਨ, ਕਦੇ ਵਾਪਸ ਕਰ ਜਾਂਦੇ ਸਨ। ਤੁਰਨ ਵੇਲੇ ਉਹਨਾਂ ਮੇਰੇ ਹੱਥ ਇਕ ਲੰਮਾ ਜਿਹਾ ਕੋਰਾ ਕਾਗਜ਼ ਫੜਾ ਦਿਤਾ ਸੀ ਤੇ ਸਰਕਾਰੀ ਤੌਰ 'ਤੇ ਆਖਿਆ ਸੀ, "ਝੰਗ ਪੁਜ ਕੇ ਪਾਸਪੋਰਟ ਤੇ ਇਹ ਕਾਗਜ਼ ਪੁਲੀਸ ਸਟੇਸ਼ਨ ਉੱਤੇ ਵਿਖਾ ਲੈਣਾ।" ਹੋਰ ਨਾ ਉਹਨਾਂ ਕੁਝ ਦਸਿਆ ਤੇ ਨਾ ਮੈਂ ਪੁੱਛਿਆ। ਇਸ ਅਗਿਆਨਤਾ ਦੀ ਇਤਨੀ ਵਡੀ ਸਜ਼ਾ ਭੁਗਤਣੀ ਪਏਗੀ, ਇਸ ਗੱਲ ਦਾ ਮੈਨੂੰ ਕੋਈ ਅਨੁਮਾਨ ਨਹੀਂ ਸੀ।

ਪਹਿਲਾਂ ਅਸੀਂ ਦੁਬਾਰਾ ਚੌਧਰੀ ਸਾਹਿਬ ਦੇ ਘਰ ਗਏ। ਉਹ ਹਾਲੀ ਵੀ ਨਹੀਂ ਸੀ ਆਏ। ਮੁੜ ਪੁਲੀਸ ਲਾਈਨ। ਉਥੇ ਵੀ ਕਿਸੇ ਨੂੰ ਉਘ-ਸੁਘ ਨਹੀਂ ਸੀ। ਉਡੀਕਣ ਤੋਂ ਸਿਵਾ ਹੁਣ ਕੋਈ ਚਾਰਾ ਨਹੀਂ ਸੀ, ਇਸ ਲਈ ਬਗੀਚੇ ਵਿਚ ਲੈਫ਼ਟ-ਰਾਈਟ ਕਰਨ ਲੱਗ ਪਏ। ਅੰਜੁਮ ਤੱਕੀ ਵੀ ਉਤਨੇ ਹੀ ਨਾ ਤਜਰਬਾਕਾਰ ਸਨ ਜਿਤਨਾ ਮੈਂ

ਸ਼ਾਮਾਂ ਸੰਘਣੀਆਂ ਹੋ ਚਲੀਆਂ ਸਨ, ਜਦੋਂ ਅਖ਼ੀਰ ਇੰਸਪੈਕਟਰ ਸਾਹਿਬ ਦੂਰੋਂ ਆਉਂਦੇ ਦਿਸੇ। ਉਸ ਵੇਲੇ ਅਸੀਂ ਫੇਰ ਟਹਿਲਦੇ ਟਹਿਲਦੇ ਉਹਨਾਂ ਦੇ ਘਰ ਕੋਲ ਅਪੜ ਗਏ ਸਾਂ। ਖ਼ੌਰੇ ਕਿਸੇ "ਉੜਤੀ ਚਿੜੀਆ" ਨੇ ਉਹਨਾਂ ਨੂੰ ਸਾਡੀ ਪਹਿਲਾਂ ਤੋਂ ਖ਼ਬਰ ਦੇ ਦਿਤੀ ਸੀ, ਦੂਰੋਂ ਹੀ ਆਵਾਜ਼ ਉੱਚੀ ਕਰ ਕੇ ਬੋਲੇ — "ਮਿਸਟਰ ਬਲਰਾਜ ਸਾਹਣੀ! ਸਾਨੂੰ ਤੁਹਾਡੇ ਆਉਣ ਦੀ ਇਤਲਾਹ ਮਿਲ ਚੁਕੀ ਹੈ।"

ਆਪਣੇ ਵਲੋਂ ਉਹਨਾਂ ਸੁਭੌਕੀ ਆਖਿਆ ਹੋਣੈ, ਪਰ ਸਾਨੂੰ ਇੰਜ ਜਾਪਿਆ ਜਿਵੇਂ ਉਹਨਾਂ ਕਿਸੇ ਮਫ਼ਰੂਰ ਮੁਲਜ਼ਮ ਨੂੰ ਖ਼ਬਰਦਾਰ ਕੀਤਾ ਹੈ। ਪਹਿਲਾਂ ਉਹ ਡਿਉਢੀ ਵਿਚੋਂ ਜਿਥੇ ਉਹਨਾਂ ਦੇ ਜ਼ਈਫ਼ ਪਿਤਾ ਮੰਜੀ ਉਪਰ ਲੇਟੇ ਹੋਏ ਸਨ ਦੋ ਖ਼ਸਤਾ-ਹਾਲ ਜਿਹੀਆਂ ਲਪੇਟਣੀਆਂ ਆਰਾਮ-ਕੁਰਸੀਆਂ ਕਢ ਲਿਆਏ ਤੇ ਆਪਣੇ ਹੱਥ ਨਾਲ ਝਾੜ-ਪੂੰਝ ਕੇ ਸਾਡੇ ਲਈ ਡਾਹ ਦਿਤੀਆਂ। ਏਸ ਮਰੱਵਤ ਭਰੇ ਸਲੂਕ ਨੇ ਸਾਨੂੰ ਬੜਾ ਮੁਤਾਸਰ ਕੀਤਾ। ਫਿਰ ਇਕ ਹੋਰ ਕੁਰਸੀ ਲਿਆ ਕੇ ਆਪ ਵੀ ਬਹਿ ਗਏ। ਨਿਰਸੰਦੇਹ ਸਾਡਾ ਕੰਮ ਫ਼ਟਾਫ਼ਟ ਹੋ ਜਾਵੇਗਾ, ਮੈਂ ਸੋਚਿਆ।

ਬੜੇ ਅਦਬ ਨਾਲ ਮੈਂ ਆਪਣਾ ਪਾਸਪੋਰਟ ਤੇ ਕੋਰਾ ਕਾਗ਼ਜ਼, ਜਿਸ ਦੀ ਅਹਿਮੀਅਤ ਦਿਨੋਂ ਦਿਨ ਪਾਸਪੋਰਟ ਤੋਂ ਵਧਦੀ ਜਾਣੀ ਸੀ, ਉਹਨਾਂ ਦੀ ਖ਼ਿਦਮਤ ਵਿਚ ਪੇਸ਼ ਕੀਤਾ। ਇਹਨਾਂ ਨੂੰ ਉਹ ਕਾਫ਼ੀ ਚਿਰ ਗ਼ੌਰ ਨਾਲ ਵੇਖਦੇ ਰਹੇ, ਤੇ ਫਿਰ ਦੂਰੋਂ ਲੰਘਦੇ ਇਕ ਸਿਪਾਹੀ ਨੂੰ ਵਾਜ ਮਾਰ ਕੇ ਹੁਕਮ ਦਿਤਾ ਕਿ ਦਫ਼ਤਰੀ ਦੇ ਕਵਾਰਟਰ ਜਾ ਕੇ ਉਹਨੂੰ ਪਾਸਪੋਰਟ ਵਾਲਾ ਰਜਿਸਟਰ ਲੈ ਕੇ ਜਲਦੀ ਆਉਣ ਲਈ ਆਖੇ।

ਦਫ਼ਤਰੀ ਦੇ ਆਉਣ ਤਕ ਫੇਰ ਉਹ ਬੜੀ ਸੁਹਿਰਦਤਾ ਨਾਲ ਗੱਲ-ਬਾਤ ਕਰਦੇ ਰਹੇ। ਚਾਹ ਪਾਣੀ ਪੁੱਛਿਆ, ਸਿਗਰਟ ਪੇਸ਼ ਕੀਤਾ। ਅਸੀਂ ਉਹਨਾਂ ਦੀ ਨਿਰਮਾਣਤਾ ਤੇ ਸ਼ਰਾਫ਼ਤ ਦੇ ਰੱਜ ਰੱਜ ਕੇ ਕਾਇਲ ਹੁੰਦੇ ਜਾ ਰਹੇ ਸਾਂ।

ਰਜਿਸਟਰ, ਕਲਮ, ਦਵਾਤ, ਆਦਿ, ਲੈ ਕੇ ਦਫ਼ਤਰੀ ਵੀ ਆ ਗਿਆ। ਉਸ ਨੇ ਚਿੱਟੀ ਸਲਵਾਰ ਕਮੀਜ਼ ਪਾਈ ਹੋਈ ਸੀ ਅਤੇ ਸਿਰ 'ਤੇ ਨੀਲੇ ਬਲੈਜ਼ਰ ਦੀ ਗੋਲ (ਬੈਰੇ) ਟੋਪੀ, ਜੋ ਬੜੀ ਕੌਤਕ-ਮਈ ਲਗਦੀ ਸੀ। ਰਜਿਸਟਰ ਨੂੰ ਗੋਡਿਆਂ ਉਪਰ ਖੋਲ੍ਹ ਕੇ ਚੌਧਰੀ ਸਾਹਿਬ ਨੇ ਪਾਸਪੋਰਟ ਦੇ ਵਰਕੇ ਫੇਰ ਪਲਟਾਣੇ ਸ਼ੁਰੂ ਕੀਤੇ।

ਪਾਸਪੋਰਟ ਹੱਥ ਵਿਚ ਫੜਨ, ਖੋਲ੍ਹਣ ਅਤੇ ਵਰਕੇ ਪਰਤਾਣ ਦਾ ਢੰਗ, ਮੈਂ ਵੇਖਿਆ ਹੈ, ਹਰ ਮੁਲਕ ਵਿਚ ਪੁਲੀਸ ਵਾਲਿਆਂ ਦਾ ਹੂ-ਬ-ਹੂ ਇਕੋ ਜਿਹਾ ਹੁੰਦਾ ਹੈ। ਖ਼ੌਰੇ ਇਸ ਦਾ ਕੀ ਰਾਜ਼ ਹੈ ? ਉਸ ਵੇਲੇ ਪੁਲੀਸ ਅਫ਼ਸਰ ਦੇ ਚਿਹਰੇ ਉਤੇ ਅਜੀਬ ਤਰ੍ਹਾਂ ਦੀ ਭਾਵ-ਸ਼ੂੰਨਤਾ ਆ ਜਾਂਦੀ ਹੈ, ਜਿਵੇਂ ਮੌਕੇ ਦੀ ਨਜ਼ਾਕਤ ਦੇ ਇਹਤਰਾਮ ਵਜੋਂ ਉਸ ਨੇ ਆਪਣੇ ਸ਼ਖ਼ਸੀ ਜਜ਼ਬਿਆਂ ਨੂੰ ਮਨ ਦੀ ਕਿਸੇ ਵੱਖ ਅਲਮਾਰੀ ਵਿਚ ਬੰਦ ਕਰ ਦਿਤਾ ਹੋਵੇ।

ਪਾਸਪੋਰਟ ਦਾ ਮੁਆਇਨਾ ਕਰ ਚੁਕਣ ਤੋਂ ਬਾਅਦ ਉਹਨਾਂ ਇਕ ਲੰਮਾ ਸਾਹ ਭਰਿਆ ਤੇ ਕਲਮ ਨਾਲ ਦਫ਼ਤਰੀ ਦੇ ਹੱਥ ਫੜੀ ਦਵਾਤ ਵਿਚ ਡੋਬਾ ਮਾਰਿਆ। ਮੁਰਾਦਾਂ-ਪੂਰਕ ਸ਼ੁਭ ਘੜੀ ਦੇ ਆਗਮਨ ਦੀ ਖ਼ੁਸ਼ੀ ਵਿਚ ਤੱਕੀ ਤੇ ਮੈਂ ਕੁਰਸੀਆਂ 'ਤੇ ਜ਼ਰਾ ਉਚੇਰੇ ਹੋ ਕੇ ਬਹਿ ਗਏ। ਕਲਮ ਦੀ ਨਿੱਬ ਸੁਖਾਵੀਂ ਲਜ ਨਾਲ ਦਵਾਤ 'ਚੋਂ ਨਿਕਲ ਕੇ ਰਜਿਸਟਰ ਦੇ ਐਨ ਪਹਿਲੇ ਖ਼ਾਨੇ ਉਪਰ ਮੰਡਲਾਣ ਲਗ ਪਈ, ਪਰ ਉਹਨੂੰ ਕਾਗ਼ਜ਼ ਨਾਲ ਮੇਲਦੇ ਮੇਲਦੇ ਜਿਵੇਂ ਸਾਡੇ ਇਸ਼ਤਿਆਕ ਵਿਚ ਹੋਰ ਵਾਧਾ ਕਰਨਾ ਚਾਹੁੰਦੇ ਹੋਣ, ਉਹ ਅਚਾਨਕ ਰੁਕ ਗਏ। ਮੈਨੂੰ ਇੰਜ ਭਾਸਿਆ ਜਿਵੇਂ ਵਤਨੋਂ ਕੂਚ ਕਰਨ ਤੋਂ ਪਹਿਲਾਂ ਦੇ ਮੇਰੇ

ਜੀਵਨ ਦੀ ਕੋਈ ਭੁੱਲੀ ਵਿਸਰੀ ਪਰਿਸਥਿਤੀ, ਜਿਸ ਨਾਲ ਮੈਂ ਜਾਣ-ਪਛਾਣ ਰਖਦਾ ਸਾਂ, ਅਜ ਫੇਰ ਉਜਾਗਰ ਹੋ ਕੇ ਸਾਹਮਣੇ ਆ ਗਈ । ਖੂਹ ਦੇ ਡੋਲ ਵਾਂਗ ਮੇਰਾ ਦਿਲ ਹੇਠਾਂ ਲਹਿਣ ਲਗ ਪਿਆ ।

ਅੰਤ, ਬਿਨਾਂ ਕੁਝ ਲਿਖੇ, ਰਜਿਸਟਰ ਬੰਦ ਕਰ ਕੇ ਉਹਨਾਂ ਦਫ਼ਤਰੀ ਦੇ ਹੱਥ ਫੜਾ ਦਿਤਾ, ਅਤੇ ਕੁਰਸੀ ਤੋਂ ਉਠ ਖਲੋਤੇ । ਕਹਿਣ ਲਗੇ, "ਚਲੋ ਦਫ਼ਤਰ ਚਲੀਏ ।"

ਉਹਨਾਂ ਦੇ ਪਿਛੇ ਪਿਛੇ ਤੁਰ ਕੇ ਅਸੀਂ ਇਕ ਵਾਰੀ ਫੇਰ ਪੁਲੀਸ ਲਾਈਨ ਜਾ ਪੁਜੇ ।

ਦਫ਼ਤਰ ਦੀ ਕੁਰਸੀ 'ਤੇ ਬਹਿੰਦਿਆਂ ਸਾਰ ਉਹਨਾਂ ਦਾ ਅਫ਼ਸਰੀ ਰੂਪ ਖ਼ੂਬ ਨਿਖਰ ਪਿਆ । ਮੇਜ਼ ਉਪਰ ਕੂਹਣੀਆਂ ਟਿਕਾ ਕੇ, ਅਤੇ ਉਹਦੇ ਥੱਲੇ ਲੱਤਾਂ ਹਿਲਾ ਹਿਲਾ ਕੇ ਉਹਨਾਂ ਸੁਆਲਾਂ ਦੀ ਵਾਛੜ ਸ਼ੁਰੂ ਕੀਤੀ, "ਤੁਸੀਂ ਕੌਣ ਹੋ ? ਕਿਉਂ ਪਾਕਿਸਤਾਨ ਆਏ ਹੋ ? ਕਿਤਨੇ ਅਰਸੇ ਲਈ ? ਕਿਸ ਤਰ੍ਹਾਂ ਵੀਜ਼ਾ ਮਿਲਿਆ ? ਕਿਸ ਨੇ ਦਾਅਵਤ ਦਿਤੀ ਆਉਣ ਦੀ ? ਕਿਥੇ ਕਿਥੇ ਜਾ ਚੁਕੇ ਹੋ ? ਲਾਹੌਰ ਕਿਥੇ ਕਿਥੇ ਗਏ ਸੀ ? ਕਿਸ ਦੇ ਕੋਲ ਠਹਿਰੇ ਸੀ ? ਉਹ ਤੁਹਾਡੇ ਕੀ ਲਗਦੇ ਹਨ ? ਕਦੋਂ ਤੋਂ ਜਾਣਦੇ ਹੋ ਉਹਨਾਂ ਨੂੰ ? ਝੰਗ ਤੁਹਾਨੂੰ ਕਿਸ ਨੇ ਬੁਲਾਇਆ ਹੈ ? ਕਿਸ ਗ਼ਰਜ਼ ਨਾਲ ਆਏ ਹੋ ? ਕਿਤਨੇ ਦਿਨ ਠਹਿਰੋਗੇ ? ਫੇਰ ਕਿਥੇ ਜਾਓਗੇ ? ਉਥੇ ਕਿਸ ਕੋਲ ਜਾਉਗੇ ?"

ਫੇਰ, ਜਿਵੇਂ ਮੇਰੀ ਦਿਤੀ ਵਾਕਫ਼ੀ ਨਾਲ ਤਸੱਲੀ ਨਾ ਪਈ ਹੁੰਦੀ ਹੋਵੇ ਉਹਨਾਂ ਅੰਜੁਮ ਤੱਕੀ ਵਲ ਰਜੂਅ ਕੀਤਾ, ਜੋ ਵਿਚਾਰਾ ਪਲੋ-ਪਲੀ ਸਹਿਮਦਾ ਜਾ ਰਿਹਾ ਸੀ । "ਤੁਸੀਂ ਇਹਨਾਂ ਨੂੰ ਕਿਸ ਤਰ੍ਹਾਂ ਜਾਣਦੇ ਹੋ ?"

ਸਵਾਲ ਕਰਦਿਆਂ ਉਹਨਾਂ ਮੇਰੇ ਵਲ ਇੰਜ ਇਸ਼ਾਰਾ ਕੀਤਾ ਜਿਵੇਂ "ਕਾਤਲ, ਖ਼ੂਨੀ, ਉਚੱਕਾ, ਬਦਮਾਸ਼" ਇਹ ਸਾਰੇ ਵਿਸ਼ੇਸ਼ਨ ਮੈਨੂੰ ਲਗਦੇ ਹੋਣ ।

"ਜਾਨ ਪਹਿਚਾਨ ਤੋ ਆਜ ਹੀ ਹੂਈ ਹੈ ਸਾਹਿਬ, ਵੈਸੇ ਇਨ ਕੇ ਬਾਰੇ ਮੈਂ ਸੁਨਾ ਹੂਆ ਬਹੁਤ ਥਾ । ਹਿੰਦੁਸਤਾਨ ਕੇ ਏਕ ਮਸ਼ਹੂਰ ਫ਼ਿਲਮ ਐਕਟਰ ਹੈਂ, ਬੜੇ ਅੱਛੇ ਅਦੀਬ ਭੀ ਹੈਂ । ਔਰ ਫਿਰ ਮੇਰੇ ਮਿਹਰਬਾਨ ਅਫ਼ਸਰ ਔਰ ਦੋਸਤ ਡਾਕਟਰ ਨਜ਼ੀਰ ਅਹਿਮਦ ਸਾਹਿਬ ਕੇ ਮਹਿਮਾਨ ਹੈਂ......"

"ਮਗਰ ਯਹਾਂ ਮਘਿਆਣੇ ਮੇਂ ਤੋ ਆਪ ਕੇ ਮਹਿਮਾਨ ਹੈਂ ਨਾ", ਅਫ਼ਸਰ ਨੇ ਟੋਕ ਕੇ ਪੱਕੇ ਝੰਗੀ ਲਹਿਜੇ ਵਿਚ ਉਰਦੂ ਬੋਲਦਿਆਂ ਕਿਹਾ, "ਮੈਂ ਆਪ ਸੇ

ਪੂਛ ਸਕਤਾ ਹੂੰ ਆਪ ਸ਼ਹਿਰ ਕੀ ਹਦੂਦ ਕੇ ਬਾਹਰ ਇਨ ਕੋ ਹੀਰ ਕਾ ਮਕਬਰਾ ਦਿਖਾਨੇ ਕੇ ਲਿਏ ਕੈਸੇ ਲੇ ਗਏ ?"

ਤੱਕੀ ਚੁੱਪ। ਮੈਂ ਉਹਦੀ ਥਾਂ ਜੁਆਬ ਦੇਣ ਦੀ ਜੁਰਅੱਤ ਕੀਤੀ।

"ਦੇਖੀਏ, ਹੀਰ ਕਾ ਮਕਬਰਾ ਦੇਖਨੇ ਕੀ ਗ਼ਰਜ਼ ਸੇ ਹੀ ਤੋ ਮੈਂ ਯਹਾਂ ਆਇਆ ਹੂੰ !"

ਚੌਧਰੀ ਸਾਹਿਬ ਦੀਆਂ ਪਹਿਲਾਂ ਹੀ ਸੁਰਖ਼ ਅੱਖਾਂ ਹੋਰ ਸੁਰਖ਼ ਹੋ ਗਈਆਂ ਕਹਿਣ ਲਗੇ, "ਜਨਾਬ਼ ਕਾਇਦੇ ਸੇ ਆਪ ਦੇਖ ਸਕਤੇ ਹੈਂ, ਬੇ-ਕਾਇਦਾ ਆਪ ਕੁਛ ਭੀ ਨਹੀਂ ਦੇਖ ਸਕਤੇ। ਪਹਿਲੇ ਤੋ ਆਪ ਕਾ ਵੀਜ਼ਾ ਹੀ ਝੰਗ ਕਾ ਹੈ, ਮਘਿਆਣੇ ਕਾ ਉਸ ਮੇਂ ਜ਼ਿਕਰ ਹੀ ਨਹੀਂ ਹੈ। ਹਮਾਰੀ ਇਜਾਜ਼ਤ ਕੇ ਬਗੈਰ ਆਪ ਮਘਿਆਣੇ ਕੇ ਅੰਦਰ ਭੀ ਨਹੀਂ ਘੂਮ ਸਕਤੇ, ਫਿਰ ਬਾਹਰ ਕੈਸੇ ਘੂਮ ਸਕਤੇ ਹੈਂ ?"

ਦਿਲ ਕੀਤਾ ਮੈਂ ਵੀ ਪੁੱਛਾਂ ਕਿ ਜੇ ਮੇਰੇ ਲਈ ਸੌ ਕਦਮ ਸ਼ਹਿਰ ਦੀ ਹਦੋਂ ਬਾਹਰ ਜਾਣਾ ਗ਼ੈਰ-ਕਾਨੂੰਨੀ ਸੀ, ਤਾਂ ਫੇਰ ਸਾਰੀ ਦਿਹਾੜੀ ਉਹਦੇ ਦਫ਼ਤਰ ਵਿਚ ਕਿਸੇ ਜਾਣਕਾਰ ਬੰਦੇ ਦਾ ਨਾ ਹੋਣਾ ਕਿਹੜੇ ਪਾਸੇ ਦਾ ਕਾਨੂੰਨ ਹੈ ? ਪਰ ਮੈਂ ਸੰਭਲ ਗਿਆ। ਮੈਂ ਪਰਾਏ ਮੁਲਕ ਵਿਚ ਸਾਂ। ਮੇਰੇ ਵਲੋਂ ਹੋਈ ਕੋਈ ਵੀ ਗ਼ਲਤੀ ਮੇਰੇ ਦੇਸ਼ ਨੂੰ ਹੌਲਿਆਂ ਕਰ ਸਕਦੀ ਸੀ। ਇਹ ਅਫ਼ਸਰ ਮੇਰੇ ਨਾਲ ਨਾਜਾਇਜ਼ ਸਲੂਕ ਕਰ ਰਿਹਾ ਸੀ, ਪਰ ਏਸ ਵੇਲੇ ਚੁੱਪ-ਚਾਪ ਸਹਿਨ ਕਰਨ ਤੋਂ ਸਿਵਾ ਕੋਈ ਚਾਰਾ ਨਹੀਂ ਸੀ।

"ਆਪ ਠਹਿਰੇ ਹੂਏ ਕਹਾਂ ਹੈ ?" ਉਹਨੇ ਫੇਰ ਰੋਸ ਭਰੇ ਅੰਦਾਜ਼ ਨਾਲ ਪੁਛਿਆ।

"ਫ਼ਿਲਹਾਲ ਮੇਰਾ ਸਾਮਾਨ ਗੈਸਟ ਹਾਊਸ ਮੇਂ ਪੜਾ ਹੈ", ਮੈਂ ਜੁਆਬ ਦਿਤਾ। ਮੈਨੂੰ ਆਸ ਹੋਈ ਕਿ ਤੱਕੀ ਅੰਜੁਮ ਧੜੱਲੇ ਨਾਲ ਮੈਨੂੰ ਆਪਣਾ ਮਹਿਮਾਨ ਕਬੂਲਣਗੇ, ਕਿਉਂਕਿ ਉਹ ਮੈਨੂੰ ਆਪਣੇ ਘਰ ਠਹਿਰਾਣ 'ਤੇ ਕਾਫ਼ੀ ਇਸਰਾਰ ਕਰ ਚੁਕੇ ਸਨ। ਪਰ ਉਹ ਸਹਿਮ ਦੇ ਮਾਰਿਆਂ ਕੁਝ ਨਾ ਬੋਲੇ। ਹੁਣ ਮੈਂ ਆਪਣੇ ਆਪ ਨੂੰ ਪੂਰਨ-ਰੂਪ ਅਨਾਥ ਮਹਿਸੂਸ ਕੀਤਾ।

"ਗੈਸਟ ਹਾਊਸ ਆਪ ਕੇ ਠਹਿਰਨੇ ਕੀ ਜਗ੍ਹਾ ਨਹੀਂ ਹੈ। ਵੋਹ ਹਮਾਰੇ ਅਫ਼ਸਰੋਂ ਕੇ ਠਹਿਰਨੇ ਕੇ ਲੀਏ ਬਨਾਇਆ ਗਿਆ ਹੈ। ਆਪ ਵਹਾਂ ਨਹੀਂ ਠਹਿਰ ਸਕਤੇ।"

"ਆਪ ਜਹਾਂ ਫ਼ਰਮਾਏਂਗੇ ਮੈਂ ਵਹੀਂ ਠਹਿਰ ਜਾਊਂਗਾ।"

"ਆਪ ਇਨਕੋ ਜ਼ੇਲ-ਘਰ ਮੇਂ ਲੇ ਜਾਈਏ।" ਉਸ ਨੇ ਤੱਕੀ ਅੰਜੁਮ ਨੂੰ ਕਿਹਾ, "ਬਹੁਤ ਅੱਛੀ ਸਰਾਏ ਮੁਸਾਫ਼ਰੋਂ ਕੇ ਲੀਏ ਬਨੀ ਹੁਈ ਹੈ।"

ਗੈੱਸਟ ਹਾਊਸ ਵਿਚੋਂ ਨਿਰਵਾਸਤ ਹੋ ਕੇ ਸਰਾਂ ਵਿਚ ਧੱਕੇ ਜਾਣ ਦੀ ਨਿਰਾਦਰੀ ਵੀ ਘਟ ਨਹੀਂ ਸੀ, ਪਰ ਉਸ ਤੋਂ ਜ਼ਿਆਦਾ ਮੈਨੂੰ "ਸਰਾਂ" ਸ਼ਬਦ ਸੁਣਦਿਆਂ ਸਾਰ ਕਲਪਨਾ ਵਿਚ ਉਜਾਗਰ ਹੋਈਆਂ ਤਸਵੀਰਾਂ ਭੈ-ਭੀਤ ਕਰਨ ਲਗ ਪਈਆਂ। ਮੈਂ ਅਜ ਤੀਕ ਨਾ ਸਰਾਂ ਵਿਚ ਕਦੇ ਰਿਹਾ ਸਾਂ ਤੇ ਨਾ ਕੋਈ ਸਰਾਂ ਵੇਖੀ ਸੀ। ਪਰ ਜੇ ਇਹ ਬੇ-ਦਰਦ ਇੰਸਪੈਕਟਰ ਮੈਨੂੰ ਉਥੇ ਭੇਜ ਰਿਹਾ ਹੈ ਤਾਂ ਉਹ ਜ਼ਰੂਰ ਕੋਈ ਗੰਦੀ ਤੇ ਦੁਖਾਵੀਂ ਥਾਂ ਹੋਵੇਗੀ। ਖ਼ੌਰੇ ਕਿਹੋ ਜਿਹੇ ਲੋਕ ਹੋਣਗੇ ਉਥੇ ? ਖ਼ੌਰੇ ਕੀ ਸਲੂਕ ਕਰਨਗੇ ਇਕ ਕਲ-ਮੁਕੱਲਮੇ "ਹਿੰਦੂ" ਨਾਲ ?

ਮੈਨੂੰ ਇੰਸਪੈਕਟਰ ਵਲੋਂ ਅਜਿਹੇ ਵੈਰ-ਕਢ ਵਤੀਰੇ ਦਾ ਹੋਰ ਕੋਈ ਕਾਰਨ ਨਾ ਦਿਸਿਆ, ਸਿਵਾਏ ਇਸ ਦੇ ਕਿ ਉਹ ਮੈਨੂੰ ਆਪਣੀ ਮੁੱਠੀ ਗਰਮਾਣ 'ਤੇ ਮਜਬੂਰ ਕਰ ਰਿਹਾ ਹੋਵੇ। ਪਰ ਇਹ ਵੀ ਆਪਣੀ ਕੌਮੀ ਅਣਖ ਨੂੰ ਨੀਵਿਆਂ ਕਰਨ ਵਾਲੀ ਗੱਲ ਸੀ, ਅਤੇ ਕਿਸੇ ਹੀਲੇ ਮੈਨੂੰ ਮਨਜ਼ੂਰ ਨਹੀਂ ਸੀ।

ਇਕ ਰਾਹ ਮੈਨੂੰ ਹੋਰ ਦਿਸਿਆ, ਉਹ ਇਹ ਕਿ ਅਜ ਦੇ "ਪਾਕਿਸਤਾਨ ਟਾਈਮਜ਼" ਅਤੇ "ਸਿਵਲ ਐਂਡ ਮਿਲਿਟਰੀ ਗਜ਼ਟ" (ਜਿਨ੍ਹਾਂ ਵਿਚ ਮੇਰੇ ਪਾਕਿਸਤਾਨ ਆਉਣ ਬਾਰੇ ਆਦਰ-ਭਰੇ ਲੇਖ ਛਪੇ ਸਨ) ਦਾ ਹਵਾਲਾ ਦੇ ਕੇ ਆਪਣੇ ਇਕ ਅਸਾਧਾਰਨ ਸ਼ਖ਼ਸੀਅਤ ਹੋਣ ਦਾ ਐਲਾਨ ਕਰ ਦਿਆਂ। ਪਰ ਇਹ ਵੀ ਮੈਨੂੰ ਹੋਛਾ ਜਿਹਾ ਕੰਮ ਜਾਪਿਆ। ਬੁੱਧ ਭਗਵਾਨ ਦੀ ਮੂਰਤੀ ਵਾਂਗ ਸੱਤ ਸੰਤੋਖ ਦੀ ਮੁਦਰਾ ਧਾਰ ਕੇ ਬੈਠੇ ਰਹਿਣਾ ਠੀਕ ਜਚਿਆ।

ਅੰਤ, ਹੋਰ ਕਿਸੇ ਕਾਰਵਾਈ ਦੀ ਗੁੰਜਾਇਸ਼ ਬਣਦੀ ਨਾ ਵੇਖ ਕੇ ਇੰਸਪੈਕਟਰ ਸਾਹਿਬ ਨੇ ਰਜਿਸਟਰ ਭਰ ਹੀ ਦਿਤਾ, ਪਰ ਰੁਖ਼ਸਤ ਹੋਣ ਵੇਲੇ ਆਪਣੀ ਤਲਖ਼ੀ ਨੂੰ ਵਿਅਕਤ ਕਰਨ ਲਈ ਉਹ ਇਕ ਅੰਤਮ ਵਾਕ-ਬਾਣ ਛੱਡਣ ਦੇ ਲਾਲਚ ਨੂੰ ਨਾ ਰੋਕ ਸਕੇ, "ਯਿਹ ਕੈਮਰਾ ਇਸ ਤਰ੍ਹਾਂ ਕੰਧੇ ਪਰ ਡਾਲ ਕਰ ਆਪ ਨਹੀਂ ਘੂਮ ਸਕਤੇ।"

"ਕਿਉਂ ? ਫ਼ੋਟੋ ਲੇਨੇ ਕੀ ਮਨਾਹੀ ਹੈ ਕਿਯਾ ?"

"ਆਪ ਅਪਨੇ ਦੋਸਤੋਂ ਕੇ ਫ਼ੋਟੋ ਲੇ ਸਕਤੇ ਹੈਂ, ਪਰ ਕੈਮਰੇ ਕੋ ਕੰਧੇ ਪਰ ਉਠਾ ਕਰ ਨਹੀਂ ਘੂਮ ਸਕਤੇ। ਇਸ ਕੋ ਆਪ ਸੂਟਕੇਸ ਕੇ ਅੰਦਰ ਰਖੀਏ ਸਿਰਫ਼ ਜ਼ਰੂਰਤ ਕੇ ਵਕਤ ਨਿਕਾਲੀਏ।"

"ਲੇਕਿਨ ਲਾਹੌਰ ਮੇਂ ਤੋ ਮੁਝੇ ਕਿਸੀ ਨੇ ਨਹੀਂ ਰੋਕਾ ?"

"ਨਾ ਰੋਕਾ ਹੋਗਾ, ਵੋਹ ਦੂਸਰੀ ਬਾਤ ਹੈ, ਲੇਕਿਨ ਮੈਂ ਜੋ ਕਾਨੂੰਨ ਹੈ ਵੋਹ ਆਪ ਕੋ ਬਤਾ ਰਹਾ ਹੂੰ।"

"ਅੱਛੀ ਬਾਤ ਹੈ, ਮੇਰਾ ਕਿਸੀ ਭੀ ਕਾਨੂੰਨ ਕੀ ਖ਼ਿਲਾਫ਼-ਵਰਜ਼ੀ ਕਰਨੇ ਦਾ ਇਰਾਦਾ ਨਹੀਂ ਹੈ।"

ਪੁਲੀਸ ਲਾਈਨ ਵਿਚੋਂ ਨਿਕਲ ਕੇ ਅਜੇ ਕੋਤਵਾਲੀ ਜਾਣਾ ਸੀ। ਉਪਰੋਂ ਤਾਂ ਮੈਂ "ਸੁਭਾਵਕ" ਰਹਿਣ ਦੀ ਕੋਸ਼ਸ਼ ਕੀਤੀ, ਪਰ ਅੰਦਰੋਂ ਸਹਿਮ ਤੇ ਗ਼ੁੱਸੇ ਨਾਲ ਮੇਰਾ ਬੁਰਾ ਹਾਲ ਸੀ। ਮੈਂ ਉਸ ਵੇਲੇ ਤੇ ਘੜੀ ਨੂੰ ਲੱਖ ਲੱਖ ਲਾਅਨਤਾਂ ਦੇ ਰਿਹਾ ਸਾਂ ਜਦੋਂ ਮੇਰੇ ਮਨ ਵਿਚ ਪਾਕਿਸਤਾਨ ਦੀ ਸੈਰ ਕਰਨ ਦਾ ਖ਼ਿਆਲ ਉਠਿਆ। ਖਾ ਗਈ ਖਸਮਾਂ ਨੂੰ ਉਹ ਸੈਰ, ਭਾਵੇਂ ਉਹ ਆਪਣੀ ਜਨਮ-ਭੂਮ ਹੀ ਕਿਉਂ ਨਾ ਹੋਵੇ, ਜਿਸ ਲਈ ਆਪਣੀ ਗ਼ੈਰਤ ਤੇ ਇੱਜ਼ਤ ਕੁਰਬਾਨ ਕਰਨੀ ਪਏ। ਕੀ ਪਤਾ ਕੋਤਵਾਲੀ ਵਿਚ ਕਿਹੋ ਜਿਹਾ ਸੁਆਗਤ ਹੋਵੇ ! ਕੀ ਪਤਾ ਅਗਲੇ ਮੋੜ ਉਤੇ ਤੱਕੀ ਅੰਜੁਮ ਵੀ "ਸਲਾਮ-ਅ-ਲੇਕਮ" ਕਹਿ ਕੇ ਆਪਣਾ ਰਾਹ ਫੜ ਲਏ ? ਇਸ ਵਿਚ ਉਹਦਾ ਕਸੂਰ ਵੀ ਕੀ ? ਉਹਨੂੰ ਬੈਠਿਆਂ ਬਿਠਾਇਆਂ ਖ਼ਾਹ-ਮਖ਼ਾਹ ਦਾ ਵਖ਼ਤ ਪੱਲੇ ਪੈ ਗਿਆ। ਸੋਚਦਾ ਹੋਵੇਗਾ, "ਖ਼ੌਰੇ ਇਹ ਕੌਣ ਖ਼ਤਰਨਾਕ ਆਦਮੀ ਹੈ ? ਖ਼ੌਰੇ ਇਹਦੇ ਕਾਰਨ ਪੁਲੀਸ ਨੂੰ ਮੇਰੇ ਉਪਰ ਹੀ ਕੋਈ ਸ਼ੱਕ ਪੈ ਜਾਏ ! ਕੱਲ੍ਹ ਨੂੰ ਇਹ ਤਾਂ ਤੁਰ ਜਾਏਗਾਂ ਪਿਛੋਂ ਮੇਰਾ ਕੀ ਬਣੇਗਾ ?

ਪਰ ਅੰਜੁਮ ਦੇ ਮੂੰਹੋਂ ਇਕ ਐਸਾ ਮਨੁੱਖਤਾ ਭਰਿਆ ਵਾਕ ਸੁਣਿਆ ਜਿਸ ਨੇ ਅਪਣੱਤ ਦੇ ਸਰੂਰ ਨਾਲ ਮੇਰੀਆਂ ਅੱਖਾਂ ਭਿਉਂ ਦਿਤੀਆਂ, "ਸਾਹਨੀ ਸਾਹਿਬ ਮੈਂ ਬਹੁਤ ਹੀ ਸ਼ਰਮਸਾਰ ਹੂੰ। ਇਨ ਲੋਗੋਂ ਕੋ ਕਿਸੀ ਬਾਤ ਕਾ ਖ਼ਿਆਲ ਹੀ ਨਹੀਂ। ਭਲਾ ਆਪ ਭੀ ਕਿਯਾ ਸੋਚਤੇ ਹੋਂਗੇ !"

ਕਿਤਨੀ ਸਾਦਗੀ ਤੇ ਸਰਲਤਾ ਸੀ ਇਹਨਾਂ ਸ਼ਬਦਾਂ ਵਿਚ। ਆਪਣੀ ਪਰਵੱਸਤਾ ਉਪਰ ਪਰਦਾ ਪਾਉਣ ਦਾ, ਬਨਾਵਟੀ ਹਮਦਰਦੀ ਵਿਖਾਣ ਦਾ, ਕੋਈ ਉਪਰਾਲਾ ਨਹੀਂ ਸੀ। ਤੇ ਨਾ ਹੀ ਮੈਥੋਂ ਪੱਲਾ ਛੁਡਾਣ ਦੀ ਕੋਈ ਕਾਹਲ ਸੀ। ਮੈਂ ਪਿਆਰ ਨਾਲ ਅੰਜੁਮ ਦਾ ਹੱਥ ਆਪਣੇ ਹੱਥ ਵਿਚ ਲੈਂਦਿਆਂ ਕਿਹਾ,

"ਇਸ ਮੇਂ ਆਪ ਕਿਯਾ ਕਰ ਸਕਤੇ ਥੇ, ਔਰ ਮੈਂ ਭੀ ਕਿਯਾ ਕਰ ਸਕਤਾ ਹੂੰ। ਜਿਹ ਤੋ ਕਾਇਦੇ-ਕਾਨੂੰਨ ਹੈ। ਮੁਮਕਿਨ ਹੈ ਜੋ ਕੁਛ ਆਜ ਮੇਰੇ ਸਾਥ ਗੁਜ਼ਰੀ ਹੈ ਪਾਕਿਸਤਾਨੀ ਮੁਸਾਫ਼ਰੋਂ ਕੇ ਸਾਥ ਹਿੰਦੁਸਤਾਨ ਮੇਂ ਭੀ ਵਹੀ ਗੁਜ਼ਰਤੀ ਹੋ।"

ਕੋਤਵਾਲੀ ਦੇ ਫ਼ਾਟਕ ਵਿਚ ਦਾਖ਼ਲ ਹੁੰਦਿਆਂ ਸੱਜੇ ਪਾਸੇ ਹਵਾਲਾਤ ਦੀ ਇਕ ਕੋਠੀ ਵੇਖੀ। ਇਸ ਦੀ ਕੰਧ ਵਿਚ ਦੋ ਸੀਖਾਂ-ਜੜੀਆਂ ਵਡੀਆਂ ਵਡੀਆਂ ਮਿਹਰਾਬਾਂ ਸਨ, ਜਿਨ੍ਹਾਂ ਕਾਰਨ ਪਹਿਲੀ ਨਜ਼ਰੇ ਇਹ ਚਿੜੀਆ ਘਰ ਦਾ ਪਿੰਜਰਾ ਮਲੂਮ ਹੁੰਦੀ ਸੀ। ਵਿਹੜੇ ਵਲ ਦੀ ਮਿਹਰਾਬ ਦੇ ਐਨ ਵਿਚਕਾਰ, ਸੀਖਾਂ ਨੂੰ ਫੜ ਕੇ, ਇਕ ਜੁਆਨ ਖੜਾ ਸੀ, ਜਿਸ ਦੇ ਜੱਟਾਂ ਵਾਲੇ ਪਟੇ ਤੇ ਸ਼ਰੱਈ ਮੁੱਛ-ਦਾੜ੍ਹੀ, ਉੱਚਾ ਲੰਮਾ ਕੱਦ, ਪਰ ਸਰੀਰ ਨਿੱਘਰਿਆ ਤੇ ਨਿਸੱਤਾ। ਸੀਖਾਂ ਦੇ ਬਾਹਰ ਉਹਦੇ ਪੈਰਾਂ ਕੋਲ ਭੁੰਜੇ ਬੈਠੀ ਹੋਈ ਉਸ ਦੇ ਘਰੋਂ ਆਈ ਕੋਈ ਤੀਵੀਂ ਪੋਟਲੀ ਵਿਚ ਬੱਝੀਆਂ ਵਡੀਆਂ ਵਡੀਆਂ ਤੰਦੂਰੀ ਰੋਟੀਆਂ ਤੇ ਸਾਲਨ ਖੋਲ੍ਹ ਰਹੀ ਸੀ ਤੇ ਉਹ ਇਕ ਟਕ ਉਹਦੇ ਵਲ ਵੇਖੀ ਜਾ ਰਿਹਾ ਸੀ। ਕਿਸੇ ਸੁਘੜ ਚਿਤ੍ਰਕਾਰ ਦੇ ਖਿੱਚਣ ਜੋਗੀ ਤਸਵੀਰ ਸੀ ਇਹ। ਮੋਕਲਾ ਜਿਹਾ, ਅੰਦਰੋਂ ਚਿੱਟੀਆਂ ਕੰਧਾਂ ਵਾਲ਼ਾ — (ਪਰ ਜਿਹੜੀਆਂ ਕੈਦੀ ਦੇ ਸਲਵਾਰ ਤੇ ਕੁੜਤੇ ਵਾਂਗ ਮੈਲੀਆਂ ਹੋਈਆਂ ਪਈਆਂ ਸਨ) — ਕਮਰਾ, ਦੋਂਹ ਜੀਆਂ ਦੇ ਆਲੇ ਦੁਆਲੇ ਅੱਧ-ਚੜ੍ਹੇ ਜਾਂ ਅੱਧ-ਡੁੱਬੇ ਸੂਰਜ ਦੀ ਥਾਲੀ ਵਾਂਗ ਹਾਲਾ ਪਾਉਂਦੀ ਮਹਿਰਾਬ। ਇੰਜ ਜਾਪਦਾ ਸੀ ਜਿਵੇਂ ਮੈਕਸਿਮ ਗੋਰਕੀ ਦੀ ਆਪ-ਬੀਤੀ ਵਿਚੋਂ ਕੋਈ ਝਾਕੀ ਵੇਖ ਰਹੇ ਹੋਈਏ।

੬

੦੦੦

ਪੁਲਿਸ-ਲਾਈਨ ਤੋਂ ਕੋਤਵਾਲੀ ਜਾਂਦਿਆਂ ਅਸੀਂ ਵੱਡੇ ਬਾਜ਼ਾਰ ਵਿਚੋਂ ਲੰਘੇ ਸਾਂ। ਕੁਝ ਜਣੇ ਮੁੜ ਮੁੜ ਕੇ ਮੇਰੇ ਵਲ ਵੇਖਦੇ, ਜਿਵੇਂ ਪਛਾਣਨ ਦੀ ਕੋਸ਼ਸ਼ ਕਰ ਰਹੇ ਹੋਣ। ਪਾਕਿਸਤਾਨ ਵਿਚ ਕਈ ਵਰ੍ਹਿਆਂ ਤੋਂ ਹਿੰਦੀ ਫ਼ਿਲਮਾਂ ਦੀ ਆਮਦ ਬੰਦ ਹੈ, ਪਰ ਫ਼ਿਲਮੀ ਰਸਾਲੇ ਖ਼ੂਬ ਵਿਕਦੇ ਹਨ। ਲਾਹੌਰ ਵਿਚ ਸੁਣਿਆ ਸੀ ਕਿ ਪਬਲਿਕ ਹਿੰਦੁਸਤਾਨੀ ਪਿਕਚਰਾਂ ਲਈ ਤਰਸਦੀ ਹੈ। ਡਾਕਟਰ ਨਜ਼ੀਰ ਦੀ ਕੋਠੀ ਉਤੇ ਵਿਦਿਆਰਥੀ ਕੁੜੀਆਂ ਦੀ ਇਕ ਟੋਲੀ ਮੈਨੂੰ ਮਿਲਣ ਆਈ ਸੀ, ਅਤੇ ਹਿੰਦੀ ਫ਼ਿਲਮਾਂ ਬਾਰੇ ਉਹਨਾਂ ਦੀ ਵਾਕਫ਼ੀ ਦਾ ਵਿਸਥਾਰ ਵੇਖ ਕੇ ਮੈਂ ਦੰਗ ਰਹਿ ਗਿਆ ਸਾਂ! ਇਕ ਕੁੜੀ ਜਿਸ ਨੂੰ ਵੀਜ਼ੇ ਦੀ ਸਹੂਲਤ ਸੀ, ਹਰ ਪੰਦਰਵਾੜੇ ਅੰਮ੍ਰਿਤਸਰ ਜਾ ਕੇ ਨਵੀਆਂ ਫ਼ਿਲਮਾਂ ਵੇਖ ਆਉਂਦੀ ਅਤੇ ਫੇਰ ਸਹੇਲੀਆਂ ਨੂੰ ਆਲੇ ਦੁਆਲੇ ਬਿਠਾਲ ਕੇ ਉਹਨਾਂ ਦੀ ਪੂਰੀ ਰਾਮ ਲੀਲਾ ਕਰ ਕੇ ਵਿਖਾਂਦੀ ਸੀ।

ਆਪਣੇ ਮੁਲਕ ਦੀ ਤਾਰੀਫ਼ ਸੁਣ ਕੇ ਕੌਣ ਨਹੀਂ ਖ਼ੁਸ਼ ਹੁੰਦਾ, ਪਰ ਮੈਨੂੰ ਥੋੜੀ ਹੈਰਾਨੀ ਵੀ ਹੋਈ। ਆਖ਼ਰ ਸਾਡੀਆਂ ਫ਼ਿਲਮਾਂ ਵਿਚ ਕਿਹੜੀ ਐਸੀ ਗੱਲ ਹੈ ਜੋ ਪਾਕਿਸਤਾਨ ਦੇ ਫ਼ਿਲਮ-ਕਾਰਾਂ ਦੀ ਸਮਰੱਥਾ ਤੋਂ ਬਾਹਰ ਹੋਵੇ ?

ਮੇਰੀਆਂ ਦੋ ਫ਼ਿਲਮਾਂ ਪਾਕਿਸਤਾਨ ਵਿਚ ਚਲ ਚੁਕੀਆਂ ਹਨ, ਇਕ "ਹਮਲੋਗ" ਤੇ ਦੂਜੀ "ਪਰਦੇਸੀ"। "ਹਮਲੋਗ" ਤਾਂ ਬੰਦਸ਼ ਲਗਣ ਤੋਂ

ਪਹਿਲਾਂ ਹੀ ਗਈ ਹੋਈ ਹੈ, ਅਤੇ "ਪਰਦੇਸੀ" ਸਾਂਝੀ ਹਿੰਦੀ-ਰੂਸੀ ਫ਼ਿਲਮ ਹੋਣ ਕਾਰਨ ਅੰਤਰ-ਰਾਸ਼ਟਰੀ ਕਾਨੂੰਨ ਅਨੁਸਾਰ ਬੰਦਸ਼ ਤੋਂ ਆਜ਼ਾਦ ਹੈ। ਮੇਰੇ ਆਉਣ ਤੋਂ ਕੁਝ ਦਿਨ ਪਹਿਲਾਂ ਝੰਗ ਦੇ ਲੋਕ ਖੌਰੇ ਉਹਨੂੰ ਤੀਜੀ ਵਾਰੀ ਵੇਖ ਚੁਕੇ ਸਨ। ਸ਼ਾਇਦ ਏਸੇ ਕਾਰਨ ਮੇਰਾ ਥੋੜਾ ਬਹੁਤ ਚਰਚਾ ਛਿੜ ਪਿਆ ਸੀ।

ਸਾਡੇ ਪਿਛੇ ਪਿਛੇ ਇਕ ਨਿੱਕੀ ਜਹੀ ਜੁੰਡਲੀ ਵੀ ਕੋਤਵਾਲੀ ਪੁਜ ਗਈ। ਉਸ ਦੇ ਆਉਣ ਨਾਲ ਸਾਡਾ ਵੱਕਾਰ ਕੁਝ ਵਧ ਗਿਆ।

ਥਾਣੇ ਦਾ ਮਾਹੌਲ ਉਸੇ ਤਰ੍ਹਾਂ ਦਾ ਸੀ ਜਿਵੇਂ ਥਾਣਿਆਂ ਦਾ ਆਮ ਤੌਰ ਉਤੇ ਹੁੰਦਾ ਹੈ। ਕੰਧ ਨਾਲ ਲੱਗੇ ਦੋ ਬੰਚਾਂ ਉਪਰ ਗ਼ਰੀਬੜੇ ਤੇ ਚਿੰਤਾਤੁਰ ਜਿਹੇ ਲੋਕ ਬੈਠੇ ਸਨ। ਕਮਰੇ ਦੇ ਵਿਚਕਾਰ, ਇਕ ਵੱਡੀ ਸਾਰੀ ਮੇਜ਼ ਪਿਛੇ ਕੁਰਸੀਆਂ ਇਕ ਦੂਜੇ ਨੇੜੇ ਕਰ ਕੇ ਦੋ ਅਫ਼ਸਰ ਬੈਠੇ ਹੋਏ ਸਨ। ਇਹਨਾਂ ਵਿਚੋਂ ਇਕ ਸੁਹਣੀ ਨੁਹਾਰ ਵਾਲਾ ਪੰਝੀਆਂ ਛੱਬੀਆਂ ਵਰ੍ਹਿਆਂ ਦਾ ਗਭਰੂਟ ਸੀ। ਇੰਜ ਜਾਪਦਾ ਸੀ ਜਿਵੇਂ ਉਹਦਾ ਖ਼ਾਨਦਾਨ ਪੁਸ਼ਤ-ਦਰ-ਪੁਸ਼ਤ ਪੁਲਸ ਤੇ ਫ਼ੌਜ ਵਿਚ ਭਰਤੀ ਹੁੰਦਾ ਆਇਆ ਹੈ, ਇਤਨੀ ਛੋਟੀ ਉਮਰ ਇਤਨੇ ਵੱਡੇ ਅਹੁਦੇ ਉਤੇ ਪੁਜ ਜਾਣ ਨਾਲ ਉਹਦੇ ਜੀਵਨ ਦੀਆਂ ਸਾਰੀਆਂ ਰੀਝਾਂ ਪੂਰੀਆਂ ਹੋ ਗਈਆਂ ਹਨ। ਉਹਦੀ ਦਾਹੜੀ ਵਧੀ ਹੋਈ, ਵਾਲ ਖਿੰਡਰੇ ਹੋਏ ਤੇ ਅੱਖਾਂ ਥੱਕੀਆਂ ਥੱਕੀਆਂ ਸਨ, ਜਿਵੇਂ ਕਰਤੱਵ-ਪਾਲਣ ਦਾ ਭਰਪੂਰ ਸੁਆਦ ਮਾਣਦਿਆਂ ਇਕ ਦੋ ਰਾਤਾਂ ਘਰ ਜਾਣ ਦੀ ਵੀ ਫ਼ੁਰਸਤ ਨਾ ਮਿਲੀ ਹੋਵੇ। ਦੂਜਾ ਅਫ਼ਸਰ ਜਿਸ ਨੂੰ ਉਹ ਕੋਈ ਰਿਪੋਰਟ ਲਿਖਵਾ ਰਿਹਾ ਸੀ, ਅਧਖੜ ਉਮਰ ਦਾ ਸੀ ਅਤੇ ਸਹੀ ਮਾਹਨਿਆਂ ਵਿਚ ਪੁਲਸੀਆ ਮਲੂਮ ਹੁੰਦਾ ਸੀ — ਖ਼ਜ਼ਾਬ ਲਾ ਕੇ ਕਾਲੇ ਕੀਤੇ ਚਿੜੀਦਾਰ ਵਾਲ, ਮਸਤੋਰੀਆਂ ਸੁਰਮੇ ਵਾਲੀਆਂ ਅੱਖਾਂ, ਆਕੜੀ ਹੋਈ ਪੇਚਦਾਰ ਮੁੱਛ। ਛੈਲਾ ਤੇ ਅਕਲੋਂ ਮਹਿਦੂਦ ਆਦਮੀ ਜਾਪਦਾ ਸੀ। ਉਹਨੂੰ ਜਦੋਂ ਪਤਾ ਲਗਿਆ ਕਿ ਮੈਂ ਫ਼ਿਲਮ ਐਕਟਰ ਹਾਂ ਤਾਂ ਬੜਾ ਰੀਝਿਆ।

"ਹੱਛਾ ਜੀ ? ਇਹ ਤਾਂ ਫੇਰ ਸਾਡੀ ਬੜੀ ਖ਼ੁਸ਼-ਕਿਸਮਤੀ ਏ। ਜ਼ਰਾ ਸਾਨੂੰ ਵੀ ਆਪਣੇ ਹੁਨਰ ਦੇ ਜੌਹਰ ਦਿਖਾ ਦਿਉ, ਰੰਗ ਲਾ ਦਿਓ ਝੰਗ ਵਿਚ ਫੇਰ ?"

ਮੇਰੀ ਕੁਰਸੀ ਦੇ ਨਾਲ ਲਗ ਕੇ ਖੜੇ ਇਕ ਮੁੰਡੇ ਨੇ ਵਿਅੰਗ ਨਾਲ ਕਿਹਾ, "ਭਾਈ ਸਾਹਿਬ, ਇਹ ਫ਼ਿਲਮ ਸਟਾਰ ਨੇ, ਭੰਡ ਨਕਲੀਏ ਨਹੀਂ।"

"ਫੇਰ ਵੀ .. ਗਾਣਾ ਗੂਣਾ ਤਾਂ ਗਾਉਂਦੇ ਈ ਹੋਣਗੇ", ਅਫ਼ਸਰ ਨੇ ਆਪਣੀ

ਪਤਲੀ ਤੇ ਸੁਰੀਲੀ ਆਵਾਜ਼ ਵਿਚ ਕਿਹਾ, ਅਤੇ ਨਾਲ ਆਪਣਾ ਲਿਖਣ ਦਾ ਕੰਮ ਵੀ ਕਰਦਾ ਗਿਆ।

ਛੋਟੀ ਉਮਰ ਦੇ ਅਫ਼ਸਰ ਨੇ ਆਪਣੀਆਂ ਖ਼ੂਬਸੂਰਤ ਅੱਖਾਂ ਚੁੱਕ ਕੇ ਰਤਾ ਕੁ ਮੇਰੇ ਵੱਲ ਘੂਰਿਆ, ਤੇ ਫੇਰ ਉਠ ਖਲੋਤਾ, ਜਿਵੇਂ ਆਪਣੇ ਦਫ਼ਤਰ ਵਿਚ ਕਿਸੇ ਦੂਜੇ ਦਾ ਸ਼ਲਾਘਾ-ਕੇਂਦਰ ਬਣਨਾ ਉਹਨੂੰ ਨਾਪਸੰਦ ਹੋਵੇ। ਤੇ ਸਚ ਮੁਚ ਉਸ ਦਾ ਆਖ਼ਰਾਂ ਦਾਂ ਮਰਦਊ ਸੁਹੱਪਣ ਚੰਗੇ ਤੋਂ ਚੰਗੇ ਫ਼ਿਲਮੀ ਹੀਰੋ ਨੂੰ ਮਾਤ ਕਰਦਾ ਸੀ। ਆਪਣੀ ਕਾਲੇ ਬਲੇਜ਼ਰ ਦੀ ਟੋਪੀ ਵਿੰਗੀ ਅਦਾ ਨਾਲ ਸਿਰ ਉਤੇ ਰਖ ਕੇ ਪੇਟੀ ਬੰਨ੍ਹਦਾ ਬੰਨ੍ਹਦਾ ਉਹ ਇਹ ਕਹਿ ਕੇ ਬਾਹਰ ਚਲਾ ਗਿਆ, "ਇਹਨਾਂ ਦਾ ਕੰਮ ਕਰ ਛੋੜੋ, ਫ਼ਾਲਤੂ ਗੱਲਾਂ ਦਾ ਕੀ ਫ਼ੈਦਾ!"

ਪਾਕਿਸਤਾਨ ਦੀ ਪੁਲਿਸ ਦੇ ਪਹਿਰਾਵੇ ਵਿਚ ਸੁਚੱਜਾ ਸੁਧਾਰ ਹੋਇਆ ਹੈ। ਲਾਲ ਪਟੇ ਤੇ ਉੱਚੇ ਤੁਰੇ ਵਾਲੀ ਪੱਗ, ਜਿਸ ਨੂੰ ਅੰਗਰੇਜ਼ ਦੇ ਜ਼ਮਾਨੇ ਵਿਚ ਵੇਖ ਕੇ ਬੰਦਾ ਖ਼ਾਹਮਖ਼ਾਹ ਡਰ ਜਾਂਦਾ ਸੀ, ਅਤੇ ਜੋ ਪੂਰਬੀ ਪੰਜਾਬ ਵਿਚ ਹੁਣ ਵੀ ਪ੍ਰਚਲਤ ਹੈ, ਨਹੀਂ ਰਹੀ। ਉਸ ਦੀ ਥਾਂ ਹੂ-ਬ-ਹੂ ਫ਼ੌਜੀਆਂ ਵਾਲੀ ਵਰਦੀ ਵਰਤੀ ਜਾਂਦੀ ਹੈ — ਖ਼ਾਕੀ ਪਤਲੂਨ, ਖ਼ਾਕੀ ਕਮੀਜ਼, ਤੇ ਕਾਲੀ ਬੈਰੇਟ (Beret) ਟੋਪੀ। ਇਹ ਪੋਸ਼ਾਕ ਜ਼ਿਆਦਾ ਸੁਭਾਵਕ ਦਿਸਦੀ ਹੈ।

ਉਹਦੇ ਜਾਣ ਤੋਂ ਬਾਅਦ ਦੂਜੇ ਅਫ਼ਸਰ ਨੇ ਪਾਸਪੋਰਟ ਦਾ ਮੁਆਇਨਾ ਕਰ ਕੇ ਕੋਰੇ ਕਾਗ਼ਜ਼ ਉਪਰ ਆਪਣੇ ਦਸਖ਼ਤ ਕਰ ਦਿਤੇ, ਅਤੇ ਰਜਿਸਟਰ ਵਿਚ ਵੀ ਅੰਦਰਾਜ ਕਰ ਲਿਆ। ਉਸ ਦੇ ਹੋਠਾਂ ਉਤੇ ਹਾਲਾਂ ਵੀ ਮੁਸਕਣੀ ਨੱਚ ਰਹੀ ਸੀ ਜਿਵੇਂ ਅੰਦਰਖ਼ਾਨੇ ਕਹਿ ਰਿਹਾ ਹੋਵੇ, "ਇਹਨਾਂ ਮੁੰਡਿਆਂ ਖੁੰਡਿਆਂ ਨੂੰ ਕੀ ਪਤਾ? ਇਹ ਐਕਟਰ ਲੋਕ ਭਾਵੇਂ ਕਿਤਨੇ ਅਮੀਰ ਤੇ ਸ਼ੁਹਰਤ ਯਾਫ਼ਤਾ ਹੋਣ, ਦਰਜਾ ਇਹਨਾਂ ਦਾ ਭੰਡਾਂ ਨਕਲੀਆਂ ਵਾਲਾ ਈ ਹੁੰਦੈ। ਪੇਸ਼ਾ ਜੁ ਅਜਿਹਾ ਹੋਇਆ।"

ਸ਼ਾਇਦ ਉਹਨੂੰ ਪੁਰਾਣੇ ਵਕਤਾਂ ਦੇ ਵੇਖੇ ਹੋਏ ਮੌਜ ਮੇਲੇ ਯਾਦ ਆ ਰਹੇ ਹੋਣ, ਜਦੋਂ ਸਫ਼ਰੀ ਨਾਟਕ-ਮੰਡਲੀਆਂ ਮੰਡੂਏ ਲਾਂਦੀਆਂ ਹੁੰਦੀਆਂ ਸਨ। ਬੜੀਆਂ ਬੜੀਆਂ ਨਾਮਵਰ ਐਕਟਰੈਸਾਂ ਨੂੰ ਪੁਲਸ ਅਫ਼ਸਰਾਂ ਨਾਲ ਬਹਿ ਕੇ ਖਾਣਾ-ਪੀਣਾ ਪੈਂਦਾ ਸੀ, ਅਤੇ ਛੋਟੀਆਂ ਮੋਟੀਆਂ ਤਾਂ ਉਹਨਾਂ ਦੇ ਹੱਥ ਵਿਚ ਖਿਡੌਣਾ ਬਣ ਜਾਂਦੀਆਂ ਸਨ। ਕੰਪਨੀਆਂ ਦੇ ਮਾਲਕ ਤਰੀਕਿਆਂ ਨਾਲ ਸਮਝਾਂਦੇ "ਵੇਖ ਨਾ ਬਲੀ, ਤੇਰੀ ਵੀ ਤੇ ਸਾਡੀ ਵੀ ਰੋਜ਼ੀ ਦਾ ਸਆਲ ਏ; ਕਿਤਨਾ

ਖ਼ਰਚਾ ਕਰ ਕੇ ਕਲਕੱਤਿਉਂ ਆਏ ਹਾਂ। ਸਭ ਕੁਝ ਪੁਲਿਸ ਵਾਲਿਆਂ ਦੇ ਹੱਥ ਹੁੰਦਾ ਹੈ। ਉਹਨਾਂ ਦੀਆਂ ਮੰਗਾਂ ਪੂਰੀਆਂ ਕੀਤੇ ਬਗ਼ੈਰ ਇਕ ਸ਼ੈ ਵੀ ਨਹੀਂ ਕਰ ਸਕਦੇ। ਬਸ, ਰੋਟੀ ਰੂਟੀ ਖਾਣ ਈ ਤਾਂ ਜਾਣਾ ਏ। ਕਹਿੰਦੇ ਨੇ ਬੜੀ ਸੁਹਣੀ ਵੇਖਣ ਵਾਲੀ ਥਾਂ ਏ। ਤੂੰ ਫ਼ਿਕਰ ਨਾ ਕਰ ਕਿਸੇ ਗੱਲ ਦਾ ਤੇਰੀ ਇੱਜ਼ਤ ਸਾਡੀ ਆਪਣੀ ਇੱਜ਼ਤ ਏ।"

ਪਾਸਪੋਰਟ ਮੋੜਦਿਆਂ ਉਹਨੇ ਮੇਰੇ ਵਲ ਇੰਜ ਵੇਖਿਆ ਜਿਵੇਂ ਮੈਂ ਉਹਦੇ ਮਨੋਭਾਵਾਂ ਨੂੰ ਬਿਹਤਰ ਸਮਝ ਸਕਦਾ ਹੋਵਾਂ। ਇਸ ਘਿਰਣਾ-ਭਰੀ ਨਜ਼ਰ ਕਰ ਕੇ ਮੈਂ ਕੋਤਵਾਲੀ ਵਿਚੋਂ ਵੀ ਬੜੀ ਹੇਠੀ ਮਹਿਸੂਸ ਕਰਦਾ ਬਾਹਰ ਆਇਆ।

ਕੀ ਫ਼ਿਲਮਾਂ ਦੇ ਮੈਦਾਨ ਵਿਚ ਵੀ ਉਤਨੀ ਹੀ ਕੁਚੀਲਤਾ ਹੁਣ ਵੀ ਮੌਜੂਦ ਨਹੀਂ ? ਫ਼ਰਕ ਕੇਵਲ ਇਤਨਾ ਹੈ ਕਿ ਅਫ਼ਸਰੀ ਦੀ ਧੌਂਸ ਦੀ ਥਾਂ ਪੈਸੇ ਦੀ ਸਰਦਾਰੀ ਨੇ ਲੈ ਲਈ ਹੈ। ਉਤੋਂ ਉਤੋਂ ਐਕਟਰਾਂ ਤੇ ਐਕਟਰੈਸਾਂ ਦਾ ਸਮਾਜ ਵਿਚ ਬੜਾ ਮਾਣ ਹੈ, ਪਰ ਇਹਦੀ ਤਹਿ ਵਿਚ ਕੀ ਉਹੋ ਈਰਖਾ ਤੇ ਤਿਰਸਕਾਰ ਨਹੀਂ ? ਕਲਾ ਦੇ ਸਾਧਕਾਂ ਅਤੇ ਪ੍ਰਸ਼ੰਸਕਾਂ ਦੇ ਮਿਆਰ ਕੀ ਨੰਗੇਜ-ਭਰੇ ਸ਼ਿੰਗਾਰ-ਰਸ ਤੋਂ ਉਤਾਂਹ ਉਠ ਸਕੇ ਹਨ ?

ਟੋਲੀ ਸਮੇਤ ਅਸੀਂ ਹਨੇਰੀਆਂ ਤੇ ਕੱਚੀਆਂ ਸੜਕਾਂ ਉਤੇ ਪੈ ਗਏ। ਮੁੰਡੇ ਬੜੇ ਚਾਅ ਨਾਲ ਆਪਣੀ ਜਾਣ ਪਛਾਣ ਕਰਾ ਰਹੇ ਸਨ। ਜਿਹੜਾ ਮੇਰੇ ਹੱਕ ਵਿਚ ਇੰਸਪੈਕਟਰ ਨਾਲ ਬੋਲਿਆ ਸੀ, ਉਹ ਮੇਰੀ ਆਪਣੀ ਜਨਮ-ਭੂਮੀ ਰਾਵਲਪਿੰਡੀ ਦਾ ਸੀ। ਉਹਦੇ ਗਲ ਖ਼ਾਕੀ ਟਵਿੱਲ ਦੀ ਕਮੀਜ਼, ਤੇੜ ਖ਼ਾਕੀ ਸਲਵਾਰ, ਤੇ ਪੈਰੀਂ ਪਿਸ਼ਾਵਰੀ ਚੱਪਲ ਸੀ। ਸਕੂਲ ਦੇ ਜ਼ਮਾਨੇ ਤਕ ਮੇਰਾ ਵੀ ਇਹੋ ਪਹਿਰਾਵਾ ਹੁੰਦਾ ਸੀ ; ਸਾਂ ਵੀ ਉਸੇ ਵਾਂਗ ਗੋਰਾ, ਚਿੱਟਾ ਤੇ ਹਸੰੜ। ਮੂੰਹ ਉਤੇ ਲਾਈਆਂ ਵੀ ਇੰਜੇ ਫੁਟ ਫੁਟ ਪੈਂਦੀਆਂ ਸਨ। ਵਾਲ ਵੀ ਏਸੇ ਤਰ੍ਹਾਂ ਘਣੇ ਘਣੇ ਤੇ ਕੱਕੇ ਕੱਕੇ। ਇੰਜ ਭਾਸਦਾ ਸੀ ਮੇਰਾ ਆਪਣਾ ਅਤੀਤ ਸਰੂਪ ਮੇਰੇ ਸਾਹਵੇਂ ਆ ਖਲੋਤਾ ਹੋਵੇ। ਇਕ ਦੋ ਪਤਰਕਾਰ ਸਨ, ਕੁਝ ਕਾਲਜ ਦੇ ਵਿਦਿਆਰਥੀ, ਤੇ ਕੁਝ ਦਫ਼ਤਰਾਂ ਵਾਲੇ। ਮੇਰੇ ਅਗਾਂਹ-ਵਧੂ ਤੇ ਅਵਾਮ-ਪ੍ਰਸਤ ਵਿਚਾਰਾਂ ਦਾ ਕਲਾਕਾਰ ਹੋਣ ਦੀ ਝੂਠੀ ਜਾਂ ਸੱਚੀ ਖ਼ਬਰ ਉਹਨਾਂ ਤਕ ਵੀ ਪਹੁੰਚ ਚੁਕੀ ਸੀ। ਸਾਰੇ ਬੜੇ ਪਿਆਰ ਨਾਲ ਪੇਸ਼ ਆ ਰਹੇ ਸਨ, ਪਰ ਮੈਨੂੰ ਇਹ ਸਭ ਨਿਰਾ ਪੂਰਾ ਤਮਾਸ਼ਾ ਜਾਪ ਰਿਹਾ ਸੀ।

ਇਕ ਪਤਰਕਾਰ ਇਹ ਸੁਣ ਕੇ ਬੜੇ ਦੁਖੀ ਹੋਏ ਕਿ ਮੈਨੂੰ ਗੈੱਸਟ-ਹਾਊਸ ਛਡ ਕੇ ਜ਼ੇਲ-ਘਰ ਠਹਿਰਨ ਦਾ ਹੁਕਮ ਦਿਤਾ ਗਿਆ ਹੈ। ਕਹਿਣ ਲਗੇ, "ਤੁਸੀਂ ਟਾਂਗੇ ਵਿਚ ਬਹਿ ਕੇ ਗੈੱਸਟ ਹਾਊਸ ਚਲੋ, ਮੈਂ ਹੁਣੇ ਏ. ਡੀ. ਐਮ. ਸਾਹਿਬ ਕੋਲੋਂ ਪਰਵਾਨਗੀ ਲੈ ਕੇ ਆਨਾਂ ਪਿਆਂ।" ਕਾਫ਼ੀ ਜ਼ਬਤ ਰਖਣ ਦੇ ਬਾਵਜੂਦ ਮੇਰੀ ਤਬੀਅਤ ਵਿਚ ਖਹੁਰਾਪਣ ਆ ਗਿਆ ਸੀ।

ਗੈੱਸਟ-ਹਾਊਸ ਵਿਚ ਬੈਰੇ ਨੇ ਬੜੀ ਮਿਹਨਤ ਨਾਲ ਮੇਰਾ ਕਮਰਾ ਸਜਾ ਰਖਿਆ ਸੀ, ਬਿਸਤਰਾ ਖੋਲ੍ਹ ਕੇ ਪਲੰਘ ਉਤੇ ਵਿਛਾ ਦਿੱਤਾ ਸੀ। ਅੰਗੀਠੀ ਕੋਲੋਂ ਪਾਲਿਸ਼ ਕੀਤੇ ਬੂਟ ਪਏ ਸਨ। ਇਸ ਤਰਤੀਬ ਨੂੰ ਉਖੇੜਦਿਆਂ ਉਹਦਾ ਵੀ ਦਿਲ ਦੁਖਿਆ। ਮੇਰੀ ਹਾਲਤ ਤਾਂ ਇਹ ਸੀ ਕਿ ਆਪਣੇ ਆਪ ਉਪਰ ਤਰਸ਼ ਖਾਂਦਾ ਰੋਣ-ਹਾਕਾ ਹੁੰਦਾ ਜਾ ਰਿਹਾ ਸਾਂ। ਤੱਕੀ ਸਾਹਿਬ ਸਾਮਾਨ ਬੰਨ੍ਹਣ ਵਿਚ ਸਹਾਇਕ ਹੋਣਾ ਚਾਹੁੰਦੇ ਸਨ, ਪਰ ਡਰਦੇ ਸਨ ਕਿਤੇ ਮੈਂ ਉਹਨਾਂ ਨੂੰ ਵੀ ਝਿੜਕ ਨਾ ਦਿਆਂ।

ਰਹਿ ਰਹਿ ਕੇ ਮੇਰੇ ਮਨ ਵਿਚ ਹੌਲ ਪੈਂਦੇ। ਖ਼ੌਰੇ ਕੈਸੀ ਥਾਂ ਜਾ ਰਿਹਾਂ? ਖ਼ੌਰੇ ਮੇਰੇ ਨਾਲ ਕੀ ਵਾਪਰੇਗਾ? ਸ਼ਹਿਰ "ਮੁਹਾਜਰਾਂ" ਨਾਲ ਭਰਿਆ ਪਿਆ ਹੈ। ਸਾਰੇ ਅੰਜੁਮ ਤੱਕੀ ਜੇਹੇ ਸ਼ਰੀਫ਼ ਤਾਂ ਨਹੀਂ ਹੋ ਸਕਦੇ। ਖ਼ੌਰੇ ਕਿਸੇ ਨੂੰ ਆਪਣੀ ਛਾਤੀ ਠੰਢੀ ਕਰਨ ਦਾ ਚੰਗਾ ਮੌਕਾ ਹੱਥ ਆ ਜਾਏ। ਮੈਨੂੰ ਮਾਂ ਯਾਦ ਆਈ। ਕਿਤਨਾ ਰੋਕਦੀ ਸੀ... ...

ਨਿੱਕ-ਸੁਕ ਚੁਕਣ ਦੇ ਬਹਾਨੇ ਮੈਂ ਗ਼ੁਸਲਖ਼ਾਨੇ ਵਿਚ ਚਲਾ ਗਿਆ। ਦਰਵਾਜ਼ਾ ਭੀੜ ਕੇ ਬੜਾ ਘੁਰਕਿਆ ਆਪਣੇ ਆਪ ਨੂੰ। ਕੀ ਦੁਰਘਟਨਾ ਗੈੱਸਟ-ਹਾਊਸ ਵਿਚ ਨਹੀਂ ਹੋ ਸਕਦੀ? ਭਲਾ ਅੰਗਰੇਜ਼ੀ ਫ਼ੈਸ਼ਨ ਦੇ ਗੈੱਸਟ-ਹਾਊਸਾਂ ਤੇ ਹੋਟਲਾਂ ਵਿਚ ਰਹਿ ਕੇ ਮੈਂ ਏਥੋਂ ਦੇ ਲੋਕਾਂ ਦਾ ਅਸਲੀ ਜੀਵਨ ਕਿਵੇਂ ਵੇਖ ਸਕਦਾ ਸਾਂ? ਪੁਲਸ-ਇੰਸਪੈਕਟਰ ਨੇ ਤਾਂ ਦਰਅਸਲ ਮੇਰੇ ਉੱਪਰ ਬਹੁਤ ਵੱਡੀ ਮਿਹਰਬਾਨੀ ਕਰ ਦਿੱਤੀ ਹੈ, ਆਮ ਲੋਕਾਂ ਦੇ ਵਿਚ ਰਹਿਣ ਦਾ ਮੈਨੂੰ ਮੌਕਾ ਦੇ ਦਿਤਾ ਹੈ, ਜੋ ਕਿ ਮੈਨੂੰ ਬੰਬਈ ਵਿਚ ਵੀ ਨਹੀਂ ਮਿਲਦਾ। ਇਹੋ ਚਾਹ ਲੈ ਕੇ ਤਾਂ ਪਾਕਿਸਤਾਨ ਆਇਆ ਸਾਂ — ਰੱਜ ਰੱਜ ਕੇ ਲੋਕਾਂ ਦੀ ਬੋਲੀ ਸੁਣ ਸਕਾਂਗਾ। ਇਹ ਤਾਂ ਸਹਿਜ-ਸੁਭਾ ਮੈਨੂੰ ਮੂੰਹ-ਮੰਗੀ ਮੁਰਾਦ ਮਿਲ ਗਈ।

ਹਾਲ ਦੀ ਘੜੀ ਮੇਰਾ ਹੌਸਲਾ ਬਰਕਰਾਰ ਹੋ ਗਿਆ। ਅੰਜੁਮ ਤੱਕੀ ਵੀ

ਇਹ ਤਬਦੀਲੀ ਵੇਖ ਕੇ ਸੰਤੁਸ਼ਟ ਹੋਏ, ਅਤੇ ਅਸਾਂ ਫੇਰ ਸ਼ੁਧ ਹਿੰਦੀ ਵਿਚ ਵਾਰਤਾਲਾਪ ਅਰੰਭ ਦਿਤਾ।

ਝੰਗ – ੧੩ ਅਕਤੂਬਰ – ਸਨੀਚਰਵਾਰ

Such foul and fair a day I have not seen"
(Macbeth)

(ਇਤਨਾ ਚੰਦਰਾ ਤੇ ਇਤਨਾ ਚੰਗਾ ਦਿਨ ਮੈਂ ਕਦੇ ਨਹੀਂ ਵੇਖਿਆ)

ਜ਼ੈਲ-ਘਰ ਵਿਚ ਰਾਤ ਬੇਆਰਾਮੀ ਦੀ ਲੰਘੀ। ਥਾਂ ਮਾੜੀ ਨਹੀਂ ਸੀ, ਦਰਮਿਆਨੇ ਦਰਜੇ ਦੇ ਹੋਟਲ ਵਰਗੀ। ਬਾਜ਼ਾਰ ਵਿਚ ਹੋਣ ਦੇ ਬਾਵਜੂਦ ਨਿਵੇਕਲੀ ਸੀ, ਕਿਉਂਕਿ ਅੱਗੇ ਬਗ਼ੀਚਾ ਸੀ। ਅੰਦਰ ਖੁਲ੍ਹੇ ਵਿਹੜੇ ਦੇ ਆਲੇ ਦੁਆਲੇ ਬਰਾਂਡੇ ਤੇ ਕਮਰੇ। ਚੰਗੇ ਭਾਗਾਂ ਨੂੰ ਮੈਨੂੰ ਇਕ ਨੁੱਕਰ ਵਾਲਾ ਕਮਰਾ ਮਿਲ ਗਿਆ, ਜਿਸ ਦੇ ਨਾਲ ਗ਼ੁਸਲਖਾਨਾ ਵੀ ਸੀ। ਫ਼ਰਨੀਚਰ ਨਾ ਹੋਣ ਦੇ ਬਰਾਬਰ, ਪਰ ਕਮਰਾ ਸੁਹਣਾ ਤੇ ਮੋਕਲਾ ਸੀ। ਛੱਤ ਉਤੇ ਬਿਜਲੀ ਦਾ ਪੱਖਾ ਵੀ ਲੱਗਾ ਹੋਇਆ ਸੀ ਜੋ ਚਲਣ ਵੇਲੇ ਕਾਫ਼ੀ ਜ਼ੋਰਦਾਰ "ਖਟਰ ਖਟਰ" ਕਰਦਾ ਸੀ। ਸਾਡੇ ਖਲੋਤਿਆਂ ਮਿਹਤਰ ਨੇ ਧੂੜਾਂ ਉਡਾ ਉਡਾ ਕੇ ਸਫ਼ਾਈ ਕੀਤੀ, ਅਤੇ ਇਕ ਬੁੱਢੇ ਜਿਹੇ ਮਾਸ਼ਕੀ ਨੇ ਟੱਪ ਵਿਚ ਪਾਣੀ ਭਰ ਦਿਤਾ। ਰੋਟੀ ਤੱਕੀ ਸਾਹਿਬ ਦੇ ਘਰੋਂ ਖਾ ਆਇਆ ਸਾਂ: ਜਿਤਨੀ ਜਲਦੀ ਹੋ ਸਕਿਆ ਦਰਵਾਜ਼ਿਆਂ ਦੀਆਂ ਕੁੰਡੀਆਂ ਚਾੜ੍ਹੀਆਂ ਤੇ ਬਿਸਤਰਾ ਖੋਲ੍ਹ ਕੇ ਲੰਮਿਆਂ ਪੈਣ ਦੀ ਕੀਤੀ।

ਬਾਰੀਆਂ ਵਿਚੋਂ ਨਿਮ੍ਹੀ ਨਿਮ੍ਹੀ ਠੰਢੀ ਹਵਾ ਅੰਦਰ ਆ ਰਹੀ ਸੀ। ਕਿਸੇ ਬ੍ਰਿਛ ਉਤੇ ਬੁਲਬੁਲ ਬੋਲ ਰਹੀ ਸੀ। ਬਿੰਦ ਕੁ ਲਈ ਮਨ ਪਿਛਾਂਹ ਦੌੜ ਪਿਆ, ਜਿਵੇਂ ਗਰਮੀਆਂ ਦੀਆਂ ਛੁੱਟੀਆਂ ਗੁਜ਼ਾਰ ਕੇ ਪਿੰਡੀਉਂ ਅਜ ਹੀ ਲਾਹੌਰ ਆਇਆ ਹੋਵਾਂ ਤੇ ਕਾਲਜ ਦੇ ਹੋਸਟਲ ਵਿਚ ਡੇਰਾ ਲਾਇਆ ਹੋਵੇ। ਜ਼ੈਲ-ਘਰ ਦੀ ਇਮਾਰਤ ਨੂੰ ਵੇਖ ਕੇ ਪਹਿਲੀ ਨਜ਼ਰੇ ਸ਼ਕ ਵੀ ਪਿਆ ਸੀ ਕਿ ਸ਼ਾਇਦ ਕਿਸੇ ਜ਼ਮਾਨੇ ਵਿਚ ਇਹ ਕਿਸੇ ਸਕੂਲ ਜਾਂ ਕਾਲਜ ਦਾ ਹੋਸਟਲ ਰਹੀ ਹੋਵੇ।

ਪਰ ਸੁਖਦਾਈ ਸੋਚਾਂ ਮਨ ਨੂੰ ਮਾਫ਼ਕ ਨਹੀਂ ਸਨ ਆ ਰਹੀਆਂ। ਬਾਰ ਬਾਰ ਖ਼ਿਆਲ ਪੁਲਸ ਦੇ ਸਲੂਕ ਵਲ ਜਾਂਦਾ ਸੀ। ਮੈਂ ਸਿਰਫ਼ ਸੈਰ ਲਈ ਅਤੇ ਆਪਣੇ ਵਤਨ ਦੇ ਦੀਦਾਰ ਲਈ ਪਾਕਿਸਤਾਨ ਆਇਆ ਸਾਂ, ਕੇਵਲ ਇਕ ਮਹਿਮਾਨ ਹੋ ਕੇ। ਕੋਈ ਵੀ ਐਸੀ ਹਰਕਤ ਜੋ ਇਕ ਮਹਿਮਾਨ ਲਈ

ਨਾਜਾਇਜ਼ ਹੋਵੇ ਮੇਰੀਆਂ ਨਜ਼ਰਾਂ ਵਿਚ ਕੁਫ਼ਰ ਸੀ। ਪਰ ਇਸ ਦੇ ਬਾਵਜੂਦ ਜੇ ਮੇਰੇ ਨਾਲ ਦੋਸ਼ੀਆਂ ਵਾਲਾ ਹੀ ਸਲੂਕ ਹੋਣੈ ਅਤੇ ਉਤਨੀ ਖੁਲ੍ਹ ਵੀ ਨਹੀਂ ਮਿਲਣੀ ਜੋ ਸੈਰ ਦੇ ਸੁਆਦ ਨੂੰ ਕਾਇਮ ਰਖਣ ਲਈ ਜ਼ਰੂਰੀ ਹੋਵੇ, ਤਾਂ ਫੇਰ ਪਰੋਲ ਉਤੇ ਨਿਕਲੇ ਕੈਦੀ ਵਾਂਗ ਭਟਕਣ ਦਾ ਲਾਭ ਕੀ ?

ਕਿਤਨਾ ਮੂਰਖ ਹਾਂ ਮੈਂ। ਬਗ਼ੈਰ ਕੋਈ ਪੁੱਛ-ਗਿੱਛ ਕੀਤੇ ਮੂੰਹ ਚੁਕ ਕੇ ਇਕੱਲਾ ਨਿਕਲ ਪਿਆ। ਘਟ ਤੋਂ ਘਟ ਨਾਲ ਕੋਈ ਸਾਥੀ ਹੀ ਹੁੰਦਾ ਦੁਖ-ਸੁਖ ਵੰਡਾਣ ਲਈ, ਦਿਲ ਦਾ ਭਾਰ ਹੌਲਾ ਕਰਨ ਲਈ। ਤੱਕੀ ਅੰਜੁਮ ਕੀ ਸੋਚਦਾ ਹੋਵੇਗਾ, ਮੁਮਕਿਨ ਹੈ ਕਲ੍ਹ ਉਸ ਦੇ ਦਰਸ਼ਨ ਈ ਨਾ ਹੋਣ। ਦੂਜਾ ਨਾਉਂ ਡਾਕਟਰ ਨਜ਼ੀਰ ਨੇ ਸ਼ਾਇਦ ਸ਼ੇਰ ਅਫ਼ਜ਼ਲ ਜਾਫ਼ਰੀ ਦਾ ਦਿਤਾ ਸੀ। ਉਹ, ਅੰਜੁਮ ਨੇ ਦਸਿਆ ਸੀ, ਝੰਗ ਤੋਂ ਕਿਤੇ ਬਾਹਰ ਗਏ ਹੋਏ ਸਨ। ਸੱਚ ਮੁਚ ਗਏ ਹੋਏ ਹਨ, ਜਾਂ ਇਹ ਨਾ ਮਿਲਣ ਦਾ ਬਹਾਨਾ ਹੈ ?

ਤਕਰੀਬਨ ਸਾਰੀ ਰਾਤ ਹੀ ਪਾਸੇ ਮਾਰਦਿਆਂ ਲੰਘ ਗਈ ਜ਼ਰਾ ਕੁ ਅੱਖ ਲੱਗੇ ਫੇਰ ਚੇਤਨਾ ਦੇ ਅਖਾੜੇ ਵਿਚ ਦੰਗਲ ਛਿੜ ਪਏ। ਇਸ ਦਾ ਇਕ ਮਜ਼ੇਦਾਰ ਪਹਿਲੂ ਵੀ ਸੀ। ਮੈਂ ਵੇਖਿਆ ਕਿ ਮੇਰਾ ਮਨ ਝੰਗ ਦੀ ਬੋਲੀ ਬੋਲਣ ਲਗ ਪਿਆ ਹੈ, ਜਿਵੇਂ ਕੰਨ ਵਿਚ ਪਈਆਂ ਵਾਜਾਂ ਦਾ ਉਹਨੇ ਰਿਕਾਰਡ ਬਣਾ ਲਿਆ ਹੈ. "ਕੇਡੀਆਂ ਉਮੈਦਾਂ ਲਾ ਕੇ ਘਰੋਂ ਟੁਰਿਆ ਸਾਂ। ਪਤਾ ਤਾਂ ਨਾਈ ਨਾ ਰੇਤ ਦੇ ਕਿਲਿਆਂ ਵਾਕਣ ਢਹਿ ਵੈਸਨ। ਜੇ ਧਮਾਈਂ ਮੈਂਡੀ ਇਥੋਂ ਖ਼ੈਰੀ ਮਿਹਰੀ ਕੂਚ ਥੀ ਵੰਜੇ ਤਾਂ, ਮਾਈ ਹੀਰ, ਤੈਂਡੇ ਨਾ 'ਤੇ ਇਕੋਤਰ ਸੌ ਨਫ਼ਲ..."

ਭਲਾ ਇਹ "ਨਫ਼ਲ" ਕੀ ਚੀਜ਼ ਹੁੰਦੀ ਹੈ ?

ਅਖ਼ੀਰ ਮੈਂ ਇਕ ਫ਼ੈਸਲੇ ਉਤੇ ਪੁਜਾ। ਸਵੇਰੇ ਆਪਣਾ ਸਭ ਤੋਂ ਚੰਗਾ ਸੂਟ ਪਾ ਕੇ ਸਿੱਧਾ ਡਿਪਟੀ ਕਮਿਸ਼ਨਰ ਜਾਂ ਸੁਪਰਡੈਂਟ ਪੁਲਸ ਨੂੰ ਜਾ ਕੇ ਮਿਲਾਂਗਾ। ਖੁਲ੍ਹ ਕੇ ਸਾਰੀ ਗੱਲ ਕਰਾਂਗਾ। ਜੇ ਉਸ ਤੋਂ ਬਾਅਦ ਪ੍ਰੋਗਰਾਮ ਮੁਤਾਬਕ ਅੱਗੇ ਟੁਰਨ ਦਾ ਕੋਈ ਮਤਲਬ ਦਿਸਿਆ ਤਾਂ ਠੀਕ, ਨਹੀਂ ਤਾਂ ਪਹਿਲੀ ਗੱਡੀ ਵਾਪਸ ਲਾਹੌਰ ਤੇ ਅਗੋਂ ਦਿੱਲੀ।

ਇਸ ਫ਼ੈਸਲੇ ਨਾਲ ਮਨ ਦਾ ਟਿਕਾਅ ਤਾਂ ਹੋਇਆ, ਪਰ ਨੀਂਦਰ ਫੇਰ ਵੀ ਨਹੀਂ ਆਈ ਥਾਂ ਜੁ ਨਵੀਂ ਸੀ। ਮੰਜੀ ਵਿਚ ਚੜਾਂ ਵੀ ਸਨ ਅਤੇ ਕਦੇ ਕਦੇ ਮੱਛਰ ਵੀ ਫੇਰਾ ਮਾਰਦਾ ਸੀ। ਮੰਜੀ ਧ੍ਰੀਕ ਕੇ ਪੱਖੇ ਦੇ ਐਨ ਹੇਠਾਂ ਲੈ ਆਂਦੀ, ਪਰ ਹੁਣ ਡਰ ਇਸ ਗੱਲ ਦਾ ਸੀ ਕਿ ਕਿਤੇ "ਖਟਰ ਖਟਰ" ਕਰਦਾ

ਉਤੇ ਈ ਨਾ ਆ ਡਿਗੇ। ਕੇਵਲ ਇਹ ਈ ਨਹੀਂ। ਰਤਾ ਕੁ ਸਰਾਂ ਵਿਚ ਕੋਈ ਖੜਾਕ ਹੁੰਦਾ ਮੇਰੇ ਕੰਨ ਖਲੋ ਜਾਂਦੇ।

ਅਖ਼ੀਰ ਆਪਣੇ ਅਧੀਰਜ ਮਨ ਨੂੰ ਸਜ਼ਾ ਦੇਣ ਦਾ ਮੈਂ ਹਠ-ਯੋਗੀ ਉਪਾਅ ਫੜਿਆ। ਸੂਟ ਕੇਸ ਵਿਚੋਂ ਮੈਲੇ ਕਪੜੇ ਕਢੇ ਤੇ ਲਗਾ ਗ਼ੁਮਲਖ਼ਾਨੇ ਵਿਚ ਉਹਨਾਂ ਨੂੰ ਕੁੱਟਣ। ਜੁਰਾਬਾਂ, ਬਨਿਆਨਾਂ, ਨਾਈਲਾਨ ਦੀਆਂ ਕਮੀਜ਼ਾਂ ਸਭ ਧੋ ਸੁਟੀਆਂ, ਇਥੋਂ ਤਕ ਕਿ ਲਬਾ-ਲਬ ਭਰਿਆ ਟੱਪ ਖ਼ਾਲੀ ਹੋ ਗਿਆ। ਉਸ ਤੋਂ ਬਾਅਦ ਆਪਣੇ ਆਪ ਨੂੰ ਹੋਰ ਥਕਾਣ ਲਈ ਡੰਡ ਬੈਠਕਾਂ ਕੱਢੀਆਂ ਫੇਰ ਜਾ ਕੇ ਕਿਤੇ ਨੀਂਦਰ ਆਈ, ਓਦੋਂ ਕੁੱਕੜ ਬੋਲਣੇ ਸ਼ੁਰੂ ਹੋ ਗਏ ਸਨ।

ਥੋੜਾ ਚਿਰ ਬਾਅਦ ਅਖ਼ਬਾਰ ਵੇਚਣ ਵਾਲਿਆਂ ਦੀ ਪਰਭਾਤ-ਫੇਰੀ ਨੇ ਜਗਾ ਦਿਤਾ। ਇਹਨਾਂ ਦੀਆਂ ਵਾਜਾਂ ਉਤਨੀਆਂ ਧਮਾਕੇਦਾਰ ਨਹੀਂ ਸਨ ਜਿਤਨੀਆਂ ਦਿੱਲੀ ਪਟੇਲ ਨਗਰ ਵਿਚ ਸੁਣੀਂਦੀਆਂ ਹਨ। ਉਥੇ ਤਾਂ ਇਕ "ਸੰਡੇ ਐਡੀਸ਼ਨ" ਵੇਚਣ ਵਾਲੇ ਨੇ ਇਕ ਦਿਨ ਬਾਰੀ ਦੇ ਕੋਲ ਆ ਕੇ ਇਤਨੇ ਜ਼ੋਰ ਦਾ "ਸੰਡੇ" ਕਿਹਾ ਸੀ ਕਿ ਮੈਂ ਤ੍ਰਹਿ ਕੇ ਮੰਜੇ ਤੋਂ ਹੇਠਾਂ ਡਿਗ ਪਿਆ ਸਾਂ, ਪਰ ਇਹ ਝੰਗ ਦੀ ਬੋਲੀ ਵਾਂਗ ਹੀ ਮਿੱਠਾ ਮਿੱਠਾ ਕੂਕਦੇ ਸਨ, ਜਿਵੇਂ ਸੁੱਤਿਆਂ ਦੀ ਨੀਂਦਰ ਖ਼ਰਾਬ ਕਰਨ ਦਾ ਪਛਤਾਵਾ ਵੀ ਹੋਵੇ, ਪਰ ਸਿਆਲੇ ਦੀ ਮੱਖੀ ਵਾਂਗ ਹੈ ਸਨ ਚਮੜਿੱਤੂ। ਕਮਰੇ ਦਾ ਬੂਹਾ ਅੰਦਰੋਂ ਬੰਦ ਵੇਖ ਕੇ ਇਹ ਨਹੀਂ ਕਿ ਅਗੇ ਲੰਘ ਜਾਣ। ਖਲੋ ਕੇ ਲਗਾਤਾਰ ਕੂਕੀ ਜਾਂਦੇ, ਤੇ ਜੁਆਬ ਨਾ ਮਿਲਦਾ ਵੇਖ ਕੇ ਉਹਨੂੰ ਠਕੋਰਨ ਵੀ ਲਗ ਪੈਂਦੇ। ਮੈਂ ਕੋਈ ਚਾਰ ਵਾਰੀ ਉਠ ਕੇ ਅਖ਼ਬਾਰ ਖ਼ਰੀਦੀ ਹੋਵੇਗੀ, ਸਭੇ ਉਰਦੂ ਵਿਚ। ਜੇ ਆਖਾਂ "ਭਾਈ ਮੈਂ ਪਹਿਲਾਂ ਖ਼ਰੀਦ ਚੁਕਾਂ," ਤਾਂ ਅਗੋਂ ਜੁਆਬ ਮਿਲਦਾ, "ਹਿਕ ਸਾਡੇ ਕੋਲੋਂ ਵੀ ਲੈ ਈ ਲਉ ਨਾ, ਅੱਲਾ ਸ਼ਾਨਾ ਕੈਮ ਰਖੇ।" ਸ਼ਾਇਦ ਇਹਨਾਂ ਨੇ ਵੀ ਮੈਨੂੰ ਸੁੰਘ ਲਿਆ ਸੀ।

ਇਹ ਲੋਕ ਮੁੰਡੇ ਖੁੰਡੇ ਨਹੀਂ ਚੰਗੀ ਦਿਖ ਵਾਲੇ ਗਭਰੂ ਜੁਆਨ ਸਨ। ਇਹਨਾਂ ਦਾ ਏਸ ਵੇਲੇ ਹੱਲਾਂ ਪੰਜਾਲੀਆਂ ਚੁਕ ਕੇ ਖੇਤਾਂ ਵਲ ਚਾਲੇ ਪਾਣਾ ਜ਼ਿਆਦਾ ਸੁਭਾਭਕ ਹੁੰਦਾ। ਇੰਜ ਟਿਲ ਲਾ ਕੇ ਅਖ਼ਬਾਰ ਵੇਚਣਾ ਆਰਥਕ ਊਣਤਾ ਦਾ ਵੀ ਸੂਚਕ ਸੀ। ਖ਼ੌਰੇ ਕਿਹੜੇ ਪਿੰਡਾਂ ਦੇ ਲੋਕ ਸਨ ਇਹ ? ਸੁਣਿਆ ਸੀ ਕਿ ਸਾਂਦਲ ਬਾਰ ਦਾ ਬਹੁਤ ਸਾਰਾ ਇਲਾਕਾ ਸੇਮ ਦਾ ਸ਼ਿਕਾਰ ਹੋ ਗਿਆ

ਹੈ, ਅਤੇ ਜੱਟਾਂ ਦੀਆਂ ਪਰੇਸ਼ਾਨੀਆਂ ਬੜੀਆਂ ਵਧ ਗਈਆਂ ਹਨ। ਮਾਸ਼ਕੀ ਨੂੰ ਰਾਤੀਂ ਜਦੋਂ ਮੈਂ ਅਠਿਆਨੀ ਬਖ਼ਸ਼ੀਸ਼ ਦਿਤੀ ਤਾਂ ਉਹਨੇ ਇੰਨੀਆਂ ਦਵਾਵਾ ਦਿੱਤੀਆ ਕਿ ਮੇਰਾ ਰੁਗ ਭਰ ਆਇਆ ਸੀ।

ਹਾਲੀ ਵੀ ਸਿਰਫ਼ ਛੇ ਈ ਵਜੇ ਸਨ। ਨਰਮ ਨਰਮ ਤੇ ਮਿੱਠੀ ਮਿੱਠੀ ਠੰਢ ਸੀ। ਮੈਂ ਬੂਹਾ ਬੰਦ ਕਰ ਕੇ ਫੇਰ ਸੌਂ ਗਿਆ। ਉਠਣ ਦੀ ਕੋਈ ਜਲਦੀ ਵੀ ਤਾਂ ਨਹੀਂ ਸੀ। ਕ੍ਰਿਸੇ ਵਡੇ ਅਫ਼ਸਰ ਨੂੰ ਮਿਲਣ ਤੋਂ ਸਿਵਾ ਮੇਰਾ ਹੋਰ ਕੋਈ ਪ੍ਰੋਗਰਾਮ ਨਹੀਂ ਸੀ।

ਥੋੜਾ ਚਿਰ ਈ ਸੁੱਤਾ ਹੋਵਾਂਗਾ, ਫੇਰ ਦਰਵਾਜ਼ਾ ਖੜਕਿਆ। ਸ਼ਾਇਦ ਕੋਈ ਮੁਲਾਜ਼ਮ ਚਾਹ ਲੈ ਆਇਆ ਹੋਵੇ ? ਪਰ ਇਹ ਕਿਵੇਂ ਹੋ ਸਕਦਾ ਸੀ ? ਇਹ ਸਰਾਂ ਹੈ, ਕੋਈ ਹੋਟਲ ਤਾਂ ਨਹੀਂ। ਬੇ-ਦਿਲੀ ਨਾਲ ਬੂਹਾ ਖੋਲ੍ਹਿਆ। ਉਹੋ ਪਤਰਕਾਰ ਖੜੇ ਸਨ ਜਿਨ੍ਹਾਂ ਨਾਲ ਤੱਕੀ ਸਾਹਿਬ ਨੇ ਰਾਤੀਂ ਪਛਾਣ ਕਰਾਈ ਸੀ ! ਨਾਂ ਮੇਰੀ ਯਾਦ ਵਿਚੋਂ ਲਥ ਗਿਆ ਸੀ। ਉਹਨਾਂ ਦਾ ਪਹਿਰਾਵਾ ਯੋਰਪੀਨ ਅਤੇ ਮੂੰਹ ਵਿਚ ਸਵੇਰੇ ਸਵੇਰੇ ਪਾਨ। ਇਹ ਕਹਿਣਾ ਵੀ ਔਖਾ ਸੀ ਕਿ ਪੰਜਾਬੀ ਹਨ ਜਾਂ ਯੂ. ਪੀ. ਦੇ ਪਾਸੇ ਦੇ। ਭਲਾ ਏਸ ਵੇਲੇ ਇਹਨਾਂ ਨੂੰ ਮੇਰੇ ਨਾਲ ਕੀ ਕੰਮ ਪੈ ਗਿਆ ਸੀ ?

ਮੈਂ ਰਸਮੀ ਤੌਰ 'ਤੇ ਪੁੱਛਿਆ, "ਫ਼ਰਮਾਈਏ ?"

"ਮੇਰਾ ਨਾਮ ਬਿਲਾਲ ਜ਼ੁਬੈਰੀ ਹੈ, ਪਾਕਿਸਤਾਨ ਟਾਈਮਜ਼, ਇਮਰੋਜ਼ ਔਰ ਕੁਝ ਦੂਸਰੇ ਅਖ਼ਬਾਰੋਂ ਕਾ ਨੁਮਾਇੰਦਾ ਹੂੰ। ਆਪ ਕੋ ਯਾਦ ਹੋਗਾ ਮੈਂ ਰਾਤ ਕੋ ਆਪ ਸੇ ਮਿਲਾ ਥਾ। ਤੱਕੀ ਅੰਜੁਮ ਮੇਰੇ ਪਿਆਰੇ ਦੋਸਤ ਹੈਂ।"

"ਜੀ ਹਾਂ, ਵੋਹ ਤੋ ਮੁਝੇ ਅੱਛੀ ਤਰ੍ਹਾਂ ਯਾਦ ਹੈ, ਪਰ ਇਸ ਵਕਤ ਮੈਂ ਆਪ ਕੀ ਕਿਆ ਖ਼ਿਦਮਤ ਕਰ ਸਕਤਾ ਹੂੰ ?" ਉਹ ਇਤਨਾ ਵਧੀਆ ਉਰਦੂ ਬੋਲਦਾ ਸੀ ਕਿ ਉਹਦੇ ਪੰਜਾਬੀ ਹੋਣ ਦਾ ਮੈਨੂੰ ਸ਼ਕ ਵੀ ਨਾ ਹੋਇਆ ਵਰਨਾ ਤਕੱਲਫ਼ ਦੀ ਕੰਧ ਭਾਵੇਂ ਟੁੱਟ ਹੀ ਜਾਂਦੀ।

ਬਿਲਾਲ ਨੇ ਹੱਸ ਕੇ ਜਵਾਬ ਦਿੱਤਾ, "ਖ਼ਿਦਮਤ ਕਾ ਸ਼ਰਫ਼ ਤੋ ਮੈਂ ਹਾਸਲ ਕਰਨਾ ਚਾਹਤਾ ਹੂੰ। ਅਗਰ ਆਪ ਇਜਾਜ਼ਤ ਦੇਂ ਤੋ ਅੰਦਰ ਆ ਜਾਊਂ ?"

"ਦੇਖੀਏ," ਮੈਂ ਆਪਣੀ ਆਵਾਜ਼ ਉੱਪਰ ਝੱਟ ਜ਼ੱਰਾ-ਬਕਤਰ ਚਾੜ੍ਹ

ਲਿਆ, "ਅਭੀ ਤੋਂ ਉਠਾ ਹੀ ਹੂੰ। ਅਗਰ ਆਪ ਘੰਟੇ ਭਰ ਬਾਅਦ ਤਸ਼ਰੀਫ਼ ਲੇ ਆਏਂ ਤੋ... ...।"

ਉਹਦੇ ਮੱਥੇ ਉਤੇ ਫੇਰ ਵੀ ਵੱਟ ਨਹੀਂ ਆਇਆ, "ਹਾਂ ਹਾਂ, ਅੱਛੀ ਬਾਤ ਹੈ, ਆਪ ਤੈਯਾਰ ਹੋ ਜਾਈਏ। ਮਗਰ ਆਜ ਕੇ ਲੀਏ ਪ੍ਰੋਗਰਾਮ ਕਿਯਾ ਸੋਚਾ ਹੂਆ ਹੈ ਆਪ ਨੇ ? ਤੱਕੀ ਅੰਜੁਮ ਤੋ ਨੌਂ ਬਜੇ ਕਾਲਜ ਚਲੇ ਜਾਏਂਗੇ। ਆਪ ਕਿਯਾ ਕਰੇਂਗੇ ?"

"ਮੈਂ ਪਹਿਲੇ ਡਿਸਟਰਿਕਟ ਮੈਜਿਸਟਰੇਟ ਯਾ ਪੁਲਿਸ ਸੁਪਰਡੈਂਟ ਸੇ ਮਿਲੂੰਗਾ। ਬਾਕੀ ਪਰੋਗਰਾਮ ਬਾਅਦ ਮੇਂ ਬਨਾ ਸਕੂੰਗਾ," ਮੈਂ ਜੁਆਬ ਦਿੱਤਾ।

"ਡਿਸਟਰਿਕੁਟ ਮੈਜਿਸਟਰੇਟ ਔਰ ਐਸ. ਪੀ. ਤੋ ਕਿਸੀ ਕਤਲ ਕੀ ਵਾਰਦਾਤ ਕੇ ਸਿਲਸਿਲੇ ਮੇਂ ਝੰਗ ਸੇ ਬਾਹਰ ਗਏ ਹੂਏ ਹੈਂ। ਹਾਂ ਅਗਰ ਏ. ਡੀ. ਐਮ. ਸੇ ਮਿਲਨਾ ਚਾਹਤੇ ਹੋਂ ਤੋ ਮੈਂ ਆਪ ਕੋ ਲੇ ਚਲੂੰਗਾ।"

"ਸ਼ੁਕਰੀਯਾ," ਹੁਣ ਮੈਨੂੰ ਆਪਣੀ ਬੇ-ਮੁਰੱਵਤੀ ਉਤੇ ਪਸ਼ੇਮਾਨ ਹੋਣਾ ਪੈ ਰਿਹਾ ਸੀ, "ਆਈਏ ਬੈਠੀਏ ਨਾ, ਮੈਂ ਅਭੀ ਚਾਏ ਮੰਗਵਾਤਾ ਹੂੰ।"

"ਨਹੀਂ ਚਾਏ ਬਾਅਦ ਮੇਂ ਪੀਏਂਗੇ, ਪਹਿਲੇ ਆਪ ਤਿਯਾਰ ਹੋ ਜਾਈਏ," ਇਹ ਕਹਿ ਕੇ ਉਹ ਚਲਾ ਗਿਆ।

ਘੰਟੇ ਡੇਢ ਕੁ ਬਾਅਦ ਉਸ ਨੇ ਮੈਨੂੰ ਬੁਲਾ ਲਿਆਣ ਲਈ ਆਪਣੇ ਛੋਟੇ ਵੀਰ ਅੱਬਾਸ ਨੂੰ ਭੇਜਿਆ, ਅਖੇ "ਭਈਆ ਅਪਨੇ ਦਫ਼ਤਰ ਮੇਂ ਆਪ ਕਾ ਇੰਤਜ਼ਾਰ ਕਰ ਰਹੇ ਹੈਂ।"

ਮੈਂ ਸੋਚ ਵਿਚ ਪੈ ਗਿਆ — ਜਾਵਾਂ ਕਿ ਨਹੀਂ ? ਪਤਾ ਨਹੀਂ ਕਿਥੇ ਹੈ ਇਹ ਦਫ਼ਤਰ ? ਰਾਤੀਂ ਕੋਈ ਪ੍ਰੋਗਰਾਮ ਤੈਅ ਨਹੀਂ ਸੀ ਹੋਇਆ, ਤੇ ਨਾ ਮੈਂ ਉਹਨੂੰ ਚੰਗੀ ਤਰ੍ਹਾਂ ਜਾਣਦਾ ਸਾਂ। ਮਨ ਫੇਰ ਭੈੜੇ ਪਾਸੇ ਤੁਰ ਪਿਆ। ਪਰ ਪਹਿਲਾਂ ਵੀ ਬਿਲਾਲ ਜ਼ੁਬੈਰੀ ਨਾਲ ਰੁੱਖਾ ਪੇਸ਼ ਆ ਚੁਕਿਆ ਸਾਂ। ਰਾਤੀਂ ਫ਼ੈਸਲਾ ਜੁ ਕੀਤਾ ਸੀ ਕਾਇਰਤਾ ਨੂੰ ਨੇੜੇ ਨਾ ਆਉਣ ਦੇਣ ਦਾ, ਭਾਵੇਂ ਮਨ ਅੰਦਰੋਂ ਕਿਤਨਾ ਵੀ ਉਚਾਟ ਹੋਵੇ ! ਕਮਰੇ ਨੂੰ ਜੰਦਰਾ ਮਾਰ ਕੇ ਚਾਬੀ ਜੇਬ ਵਿਚ ਪਾਈ ਤੇ ਮੁੰਡੇ ਨਾਲ ਟੁਰ ਪਿਆ।

ਵਡੇ ਬਾਜ਼ਾਰ ਵਿਚੋਂ ਲੰਘ ਕੇ ਅਸੀ ਇਕ ਤੰਗ ਜਿਹੇ ਬਾਜ਼ਾਰ ਵਿਚ ਦਾਖ਼ਲ ਹੋਏ। ਵਡਾ ਬਜ਼ਾਰ ਵੀ ਬਹੁਤਾ ਸਾਫ਼ ਸੁਥਰਾ ਨਹੀਂ ਸੀ, ਪਰ ਇਹ ਛੋਟਾ ਤਾਂ, ਜਿਉਂ ਜਿਉਂ ਅਸੀਂ ਅਗੇ ਵਧਦੇ ਗਏ ਕਾਫ਼ੀ ਗੰਦਾ ਜਾਪਣ

ਲਗ-ਪਿਆ। ਮੱਖੀਆਂ ਦੀ ਇਤਨੀ ਭਰਮਾਰ ਮੈਂ ਕਦੇ ਨਹੀਂ ਸੀ ਵੇਖੀ। ਇੰਜ ਦਿਸਦਾ ਸੀ ਜਿਵੇਂ ਅਸਮਾਨ ਤੋਂ ਇਹਨਾਂ ਦੀ ਬਾਰਸ਼ ਹੋ ਰਹੀ ਹੈ। ਲੋਕੀਂ ਵੀ ਸਿਹਤ-ਵੱਨੇ ਨਹੀਂ ਸਨ ਦਿਸਦੇ। ਪਰ ਨਾਗਰਿਕ ਜੀਵਨ ਨੂੰ ਸਮੂਹਕ ਸਹਿਯੋਗ ਨਾਲ ਸੁਹਣਾ ਤੇ ਸੁਥਰਾ ਬਣਾਨ ਦੀ ਲੋੜ ਮੈਂ ਸਮਝਦਾ ਹਾਂ, ਪੰਜਾਬੀਆਂ ਨੂੰ ਹਾਲਾਂ ਮਹਿਸੂਸ ਈ ਨਹੀਂ ਹੋਈ। ਪਿਛਲੇ ਸਾਲ ਅੰਮ੍ਰਿਤਸਰ ਵਿਚ ਮੈਂ ਕੋਈ ਘਟ ਗਲਾਜ਼ਤ ਨਹੀਂ ਸੀ ਵੇਖੀ। ਅਸੀਂ ਪੰਜਾਬੀ ਦੂਜੇ ਇਲਾਕਿਆਂ ਦੇ ਲੋਕਾਂ ਦੀ ਨੁਕਤਾਚੀਨੀ ਕਰਨ ਵਿਚ ਬੜਾ ਸੁਆਦ ਲੈਂਦੇ ਹਾਂ, "ਉਹ ਜੀ ਕਸ਼ਮੀਰੀ ਬੜੇ ਗੰਦੇ! ਉਹ ਜੀ ਮਦਰਾਸੀ, ਉਹਨਾਂ ਨੂੰ ਤਾਂ ਚਾਵਲ ਖਾਂਦਿਆਂ ਵੇਖ ਕੇ ਕ੍ਰੀਚ ਆਉਂਦੀ ਏ! ਉਹ ਜੀ ਬੰਗਾਲੀ ਹਰ ਵੇਲੇ ਪਾਨ ਖਾ ਖਾ ਕੇ ਥੁਕਦੇ ਰਹਿੰਦੇ ਨੇ!' ਪਰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਅਸਾਂ ਖੇਚਲ ਨਹੀਂ ਕੀਤੀ। ਦੋ ਕੁ ਸਾਲ ਹੋਏ ਮੈਂ ਮਹਾਰਾਸ਼ਟਰ ਦੇ ਇਕ ਛੋਟੇ ਜਿਹੇ ਸ਼ਹਿਰ "ਅਹਿਮਦ ਨਗਰ" ਗਿਆ ਸਾਂ; ਉਹੋ ਅਹਿਮਦ ਨਗਰ ਜਿਥੇ ਕਾਂਗਰਸੀ ਨੇਤਾ ੧੯੪੨ ਦੇ ਅੰਦੋਲਨ ਵਿਚ ਨਜ਼ਰਬੰਦ ਕੀਤੇ ਗਏ ਸਨ। ਆਬਾਦੀ ਕੁਲ ਸੱਤਰ ਕੁ ਹਜ਼ਾਰ ਹੈ — ਅੰਮ੍ਰਿਤਸਰ ਦਾ ਤੀਜਾ ਜਾਂ ਚੌਥਾ ਹਿੱਸਾ। ਪਰ ਇਥੋਂ ਦੀ ਨਗਰ-ਸਭਾ ਵਲੋਂ ਕੀਤੇ ਗਏ ਪ੍ਰਬੰਧਾਂ ਨੂੰ ਵੇਖ ਕੇ ਮੈਂ ਹੈਰਾਨ ਰਹਿ ਗਿਆ। ਸ਼ਹਿਰ ਵਿਚ ਕਿਤੇ ਖੁਲ੍ਹੇ ਗੱਟਰ ਨਹੀਂ। ਸ਼ਹਿਰ ਦੇ ਕੇਂਦਰ ਵਿਚ ਨਵੀਂ ਅਜੋਕੇ ਡੀਜ਼ਾਈਨ ਦੀ ਪੱਕੀ ਤੇ ਸ਼ਾਨਦਾਰ ਮਾਰਕੀਟ ਬਣਾਈ ਗਈ ਹੈ। ਸਭ ਦੁਕਾਨਾਂ ਇਥੇ ਈ ਲਗਦੀਆਂ ਹਨ। ਮਾਰਕੀਟ ਦੀ ਉਪਰ ਵਾਲੀ ਮੰਜ਼ਲ ਉਤੇ ਪੜ੍ਹਨ-ਕਮਰੇ ਬਣਾਏ ਗਏ ਹਨ ਜਿਨ੍ਹਾਂ ਵਿਚ ਸ਼ਾਮ ਨੂੰ ਗ਼ਰੀਬ ਵਿਦਿਆਰਥੀ, ਜਿਨ੍ਹਾਂ ਦੇ ਘਰ ਇਕਾਂਤ ਬਹਿ ਕੇ ਪੜ੍ਹਨ ਲਿਖਣ ਦੀ ਥਾਂ ਨਹੀਂ, ਬੈਠ ਕੇ ਅਧਿਅਨ ਕਰਦੇ ਹਨ। ਇਹਨਾਂ ਲਈ ਨਾ ਕੇਵਲ ਕੁਰਸੀਆਂ ਮੇਜ਼ਾਂ ਅਤੇ ਅਲਮਾਰੀਆਂ ਦਾ ਸਗੋਂ ਪੱਖਿਆਂ ਤੀਕ ਦਾ ਪ੍ਰਬੰਧ ਹੈ। ਮਾਰਕੀਟ ਦੇ ਉਪਰ ਘੰਟਾ-ਘਰ ਹੈ। ਸਵੇਰ ਦੇ ਛੇ ਵਜਣ ਦੇ ਨਾਲ ਹੀ ਘੜੀ ਪੰਦਰਾਂ ਮਿੰਟ ਲਈ ਸ਼ਹਿਨਾਈ ਦਾ ਰਿਕਾਰਡ ਵਜਾਂਦੀ ਹੈ — ਨਾਗਰਿਕਾਂ ਦੇ ਮਨ ਨੂੰ ਹੁਲਾਰਾ ਦੇਣ ਲਈ। ਮਿਊਂਸਪੈਲਿਟੀ ਦੀ ਆਪਣੀ ਇਕ ਲਿਬਾਰਟਰੀ ਹੈ, ਜਿਸ ਵਿਚ ਐਕਸ-ਰੇ ਦਾ ਅਤੇ ਹੋਰ ਹਰ ਪਰਕਾਰ ਦੀ ਪ੍ਰੀਖਿਆ ਕਰਨ ਦਾ ਇੰਤਜ਼ਾਮ ਹੈ। ਸਕੂਲ ਜਾਣ ਵਾਲੇ ਹਰ ਬੱਚੇ ਦੀ ਮੁਫ਼ਤ ਪ੍ਰੀਖਿਆ ਕੀਤੀ ਜਾਂਦੀ ਹੈ, ਤਾਂ ਜੋ ਉਹਦੀ ਸਰੀਰਕ ਸੁਰੱਖਿਆ ਦਾ ਪ੍ਰਬੰਧ

ਕੀਤਾ ਜਾ ਸਕੇ। ਮਿਉਂਸਪੈਲਿਟੀ ਵਲੋਂ ਇਕ ਤਿੰਨ-ਮੰਜ਼ਲਾ ਪ੍ਰਸੂਤ-ਗ੍ਰਿਹਿ ਬਣਾਇਆ ਗਿਆ ਹੈ। ਇਥੇ ਗ਼ਰੀਬ ਤੀਵੀਂਆਂ ਨੂੰ ਕੇਵਲ ਇਕ ਰੁਪਿਆ ਰੋਜ਼ ਦੇਣਾ ਪੈਂਦਾ ਹੈ, ਅਤੇ ਹੋਰ ਕੋਈ ਫ਼ੀਸ ਨਹੀਂ। ਮਿਉਂਸਪੈਲਿਟੀ ਵਲੋਂ ਵਿਆਹ-ਸ਼ਾਦੀ ਆਦਿਕ ਦੇ ਸਮਾਗਮਾਂ ਲਈ ਇਕ ਵਡਾ ਸਾਰਾ ਹਾਲ ਬਣਾਇਆ ਗਿਆ ਹੈ ਜੋ ਮਜ਼ਹਬ, ਜ਼ਾਤ-ਪਾਤ ਦਾ ਖ਼ਿਆਲ ਕੀਤੇ ਬਗ਼ੈਰ ਹਰ ਨਾਗਰਕ ਲਈ ਖੁਲ੍ਹਾ ਹੈ। ਮਿਉਂਸਪੈਲਿਟੀ ਨੇ ਪਾਰਕ ਵਿਚ ਲੋਕਾਂ ਦੇ ਤਰਨ ਵਾਸਤੇ ਤਲਾਅ ਵੀ ਬਣਾਇਆ ਹੈ ਜਿਦ੍ਹਾ ਨਾਪ ਉਲਿੰਪਕ ਮਿਯਾਰ ਦੇ ਅਨੁਸਾਰ ਹੈ, ਅਤੇ ਬੰਬਈ ਜਾਂ ਦਿੱਲੀ ਦੀ ਕਿਸ਼ੇ ਉੱਘੀ ਕਲੱਬ ਦੇ ਤਲਾਅ ਤੋਂ ਘਟ ਨਹੀਂ। ਸ਼ਹਿਰ ਦਾ ਆਪਣਾ ਓਪਨ-ਏਅਰ ਥੀਏਟਰ ਹੈ। ਹੋਰ ਤਾਂ ਹੋਰ ਸ਼ਮਸ਼ਾਨ-ਭੂਮੀ ਤਕ ਨੂੰ ਇਕ ਸ਼ਾਂਤੀ-ਦਾਇਕ ਥਾਂ ਬਣਾ ਦਿਤਾ ਗਿਆ ਹੈ। ਏਥੇ ਨਹਾਣ ਧੋਣ ਦਾ ਇੰਤਜ਼ਾਮ ਹੈ। ਪ੍ਰਾਰਥਨਾ ਲਈ ਚਬੂਤਰਾ ਬਣਾਇਆ ਹੈ। ਲੱਕੜਾਂ ਬਾਜ਼ਾਰ ਨਾਲੋਂ ਏਥੇ ਬਹੁਤ ਸਸਤੇ ਨਿਰਖ਼ ਉਤੇ ਮਿਲ ਜਾਂਦੀਆਂ ਹਨ। ਚਿੱਤਾਵਾਂ ਉਪਰ ਟੀਨ ਦੇ ਸ਼ੈੱਡ ਬਣਾ ਦਿਤੇ ਗਏ ਹਨ, ਤਾਂ ਜੋ ਬਾਰਸ਼ ਵੇਲੇ ਵੀ ਨਿਰਵਿਘਨਤਾ ਨਾਲ ਸਸਕਾਰ ਕੀਤਾ ਜਾ ਸਕੇ। ਤੇ ਮੈਂ ਇਹ ਸਭ ਵੇਖ ਕੇ ਮਹਿਸੂਸ ਕੀਤਾ ਸੀ ਕਿ ਅਸਾਂ ਪੰਜਾਬੀਆਂ ਅਜੇ ਦੂਜਿਆਂ ਤੋਂ ਬਹੁਤ ਕੁਝ ਸਿਖਣਾ ਹੈ। ਪਰ ਇਹ ਤਾਂ ਈ ਹੋ ਸਕਦਾ ਹੈ ਜੇ ਅਸੀਂ ਬੇਅਰਥ ਗੱਲ ਉਪਰ ਮਰ-ਮਿਟਣ ਦੀ ਬਿਰਤੀ ਨੂੰ ਤਿਆਗ ਕੇ ਜੀਵਨ ਨੂੰ ਉਚੇਰੀ ਪੱਧਰ ਤੋਂ ਵੇਖਣ ਦੇ ਯੋਗ ਬਣਾਈਏ।

ਬਿਲਾਲ ਜ਼ੁਬੇਰੀ ਦਾ ਦਫ਼ਤਰ ਇਕ ਭੀੜੀ ਜਿਹੀ ਗਲੀ ਵਿਚ ਸੀ। ਇਤਨਾ ਨਿੱਕਾ ਕਿ ਖੇਡ ਜਿਹੀ ਜਾਪਦਾ ਸੀ। ਪਰ ਟੈਲੀਫ਼ੋਨ ਲਗਿਆ ਹੋਇਆ ਸੀ ਅਤੇ ਮੇਜ ਉਤੇ ਅਜ ਦੇ ਅਖ਼ਬਾਰਾਂ ਦਾ ਢੇਰ ਸੀ। ਮੈਂ ਸਵੇਰੇ ਅਖ਼ਬਾਰ ਖ਼ਰੀਦੇ, ਪਰ ਪੜ੍ਹੇ ਨਹੀਂ ਸਨ। ਬਿਲਾਲ ਨੇ ਬੜੀ ਸੁਹਿਰਦਤਾ ਨਾਲ ਕਿਹਾ ਕਿ ਉਹ ਮੈਨੂੰ ਲੈਣ ਲਈ ਖ਼ੁਦ ਇਸ ਲਈ ਨਹੀਂ ਆ ਸਕੇ ਕਿਉਂਕਿ ਏ. ਡੀ. ਐਮ ਸਾਹਿਬ ਕੋਲੋਂ ਫ਼ੋਨ ਕਰ ਕੇ ਮਿਲਣ ਦਾ ਵਕਤ ਲੈਣਾ ਸੀ। ਏਸੇ ਲਈ ਹੁਣ ਵੀ ਫ਼ੋਨ ਦੇ ਸਿਰਹਾਣੇ ਬੈਠੇ ਹੋਏ ਸਨ ਮੇਰਾ ਭਟਕਿਆ ਹੋਇਆ ਮਨ ਆਪਣੇ ਹੋਛੇਪਨ 'ਤੇ ਸ਼ਰਮਸਾਰ ਹੋਇਆ ਅਤੇ ਪੂਰੀ ਤਰ੍ਹਾਂ ਸਿਦਕ ਵਾਲੀ ਰਾਹ 'ਤੇ ਆ ਗਿਆ।

ਮੇਜ਼ ਉਤੇ ਪਏ ਉਰਦੂ ਅਖ਼ਬਾਰ ਮੈਂ ਚੁਕ ਚੁਕ ਦੇ ਵੇਖਣੇ ਸ਼ੁਰੂ ਕੀਤੇ —

ਕੋਹਸਤਾਨ, ਗ਼ਰੀਬ, ਇਮਰੋਜ਼। ਇਕ ਗੱਲ ਵੇਖ ਕੇ ਮੈਨੂੰ ਬੜੀ ਸਖ਼ਤ ਹੈਰਾਨੀ ਹੋਈ — ਹਰ ਅਖ਼ਬਾਰ ਦੇ ਪਹਿਲੇ ਸਫ਼ੇ ਉਤੇ ਤ੍ਰੀਕ ਸਿਰਫ਼ ਈਸਵੀ ਤੇ ਹਿਜਰੀ ਸਨ ਈ ਨਹੀਂ, ਸਗੋਂ ਬਿਕਰਮੀ ਸੰਮਤ ਵਿਚ ਵੀ ਦਿਤੀ ਹੋਈ ਸੀ ਜਿਵੇਂ :

੧੩ ਅਕਤੂਬਰ ੧੯੬੨ ਬਰੋਜ਼ ਸਨੀਚਰ

੧੩ ਜਮਾਦੀ ਅਲਅੱਵਲ ੧੨੮੨

੨੭ ਆਸਵਨ (ਅੱਸੂ) ੨੦੧੯ (ਬਿ:)

ਮੈਂ ਬਿਲਾਲ ਨੂੰ ਕਿਹਾ, "ਏਥੇ ਅਖ਼ਬਾਰਾਂ ਵਿਚ ਬਿਰਕਮੀ ਸੰਮਤ ਵੀ ਛਾਪਦੇ ਨੇ ?"

ਅਗੋਂ ਉਹ ਲਾਪਰਵਾਹੀ ਨਾਲ ਬੋਲਿਆ, "ਇਸ ਵਿਚ ਹੈਰਾਨ ਹੋਣ ਦੀ ਕਿਹੜੀ ਗੱਲ ਏ ?"

ਪਰ ਦਿਲੋਂ ਮੇਰੇ ਸੁਆਲ ਤੋਂ ਉਹ ਖ਼ੁਸ਼ ਹੋਇਆ ਜਾਪਦਾ ਸੀ। ਉਹਦੇ ਚਿਹਰੇ ਦਾ ਭਾਵ ਕਹਿ ਰਿਹਾ ਸੀ, "ਅਸੀਂ ਲੋਕ ਇਤਨੇ ਮੁਤਅੱਸਬ ਨਹੀਂ, ਜਿਤਨਾ ਤੁਸੀਂ ਸਾਨੂੰ ਸਮਝਦੇ ਹੋ !"

ਪਰ ਹੈਰਾਨ ਹੋਣ ਦੀ ਗੱਲ ਤਾਂ ਇਹ ਸੀ ਹੀ, ਜਦੋਂ ਕਿ ਪਾਕਿਸਤਾਨੀ ਪੰਜਾਬ ਵਿਚ ਹਿੰਦੂਆਂ ਦੀ ਸੰਖਿਆ ਆਟੇ ਵਿਚ ਲੂਣ ਮਾਤਰ ਵੀ ਨਹੀਂ ਰਹੀ। ਇਹਦਾ ਇਕੋ ਕਾਰਨ ਹੋ ਸਕਦਾ ਸੀ, ਉਹ ਇਹ- ਕਿ ਸ਼ਹਿਰਾਂ ਤੇ ਪਿੰਡਾਂ ਦੀ ਗ਼ਰੀਬੜੀ ਵਸੋਂ ਹਾਲੀ ਵੀ ਮਹੀਨਿਆਂ ਨੂੰ ਚੇਤਰ ਵਿਸਾਖ, ਜੇਠ, ਹਾੜ ਆਦਿ ਨਾਂਵਾਂ ਨਾਲ ਹੀ ਗਿਣਦੀ ਹੈ। ਅਖ਼ਬਾਰਾਂ ਵਾਲਿਆਂ ਨੂੰ ਮਜਬੂਰਨ ਬਿਕਰਮੀ ਸੰਮਤ ਛਾਪਣਾ ਪੈਂਦਾ ਹੈ।

ਟੈਲੀਫ਼ੋਨ ਦੀ ਮਸਰੂਫ਼ੀਅਤ ਮੁਕਣ ਤੋਂ ਪਹਿਲਾਂ ਹੀ ਘਰ ਦੇ ਅੰਦਰੋਂ ਨਾਸ਼ਤੇ ਦੀਆਂ ਤਸ਼ਤਰੀਆਂ ਆਉਣੀਆਂ ਸ਼ੁਰੂ ਹੋ ਗਈਆਂ — ਆਮਲੇਟ ਟੋਸਟ, ਸੇਬ ਅੰਗੂਰ, ਕੇਲਾ, ਮਠਿਆਈ, ਚਾਹ . ...

"ਮੈਂ ਤੇ ਨਾਸ਼ਤਾ ਕਰ ਆਇਆਂ ! ਅੱਬਾਸ ਕੋਲੋਂ ਪੁੱਛ ਲਓ।"

ਅੱਬਾਸ ਬੂਹੇ ਕੋਲ ਖਲੋਤਾ ਮੁਸਕਰਾ ਰਿਹਾ ਸੀ। ਕਹਿਣ ਲਗਾ, "ਹਿਕ ਵਾਰੀ ਹੋਰ ਕਰ ਲਓ।"

ਕਿਸੇ ਨੇ ਇਨਕਾਰ ਨਹੀਂ ਮੰਨਿਆ।

ਦੁਬਾਰਾ ਨਾਸ਼ਤਾ ਕਰਨਾ ਪਿਆ। ਨਾਸ਼ਤੇ ਪਿਛੋਂ ਪਾਨਦਾਨ ਵੀ ਸਾਹਮਣੇ

ਆ ਗਿਆ। ਦਿੱਲੀ ਤੇ ਲਖਨਊ ਦੇ ਲੋਕ ਭਾਰੀ ਸੰਖਿਆ ਵਿਚ ਝੰਗ ਆ ਵੱਸੇ ਹਨ ਅਤੇ ਪਾਨ ਖ਼ੂਬ ਜ਼ੋਰਾਂ ਸ਼ੋਰਾਂ ਨਾਲ ਪ੍ਰਚਲਤ ਕਰ ਦਿਤਾ ਹੈ। ਬਿਲਾਲ ਨਿਰੰਤਰ ਪਾਨ ਖਾਂਦਾ ਹੈ, ਏਸੇ ਕਰ ਕੇ ਮੈਨੂੰ ਉਸ ਦੇ ਗ਼ੈਰ-ਪੰਜਾਬੀ ਹੋਣ ਦਾ ਸ਼ੱਕ ਪਿਆ ਸੀ।

ਕਚਹਿਰੀ ਵਿਚ ਏ. ਡੀ. ਐਮ. ਸਾਹਿਬ ਕਿਸੇ ਮੁਕੱਦਮੇ ਦੀ ਪੈਰਵੀ ਕਰ ਰਹੇ ਸਨ। ਬੜੇ ਆਦਰ ਨਾਲੋਂ ਉਹਨਾਂ ਮੈਨੂੰ ਉਪਰ ਕਠਵਾਰੇ ਵਿਚ ਆਪਣੇ ਕੋਲ ਬਿਠਾ ਲਿਆ। ਬਿਲਾਲ ਅਦਾਲਤ ਦੇ ਸਾਧਾਰਨ ਹਜੂਮ ਵਿਚ ਖੜਾ ਸਾਡੇ ਵਲ ਇੰਜ ਵੇਖ ਰਿਹਾ ਸੀ ਜਿਵੇਂ ਮੈਨੂੰ ਉੱਚੇ ਅਹੁਦੇ ਉਤੇ ਪਹੁੰਚਾ ਕੇ ਖ਼ੁਸ਼ ਹੋ ਰਿਹਾ ਹੋਵੇ। ਉਹਦੀ ਉਮਰ ਪੈਂਤੀ ਦੇ ਲਗ ਪਗ ਹੋਵੇਗੀ, ਪਰ ਏਸ ਵੇਲੇ ਬਿਲਕੁਲ ਮੁੰਡਾ ਜਿਹਾ ਲਗ ਰਿਹਾ ਸੀ। ਉਹਦੇ ਗੋਰੇ ਮੁਖੜੇ ਉਤੇ ਅਪਣੱਤ ਦਾ ਨਿੱਘ ਸੀ। ਮੈਨੂੰ ਹੁਣ ਭਾਸਿਆ ਕਿ ਕੱਦ ਭਾਵੇਂ ਉਹਦਾ ਬਹੁਤ ਵੱਡਾ ਨਹੀਂ, ਫੇਰ ਵੀ ਉਹ ਬੜਾ ਹੁਸੀਨ ਆਦਮੀ ਹੈ ਅਤੇ ਉਹਦੀਆਂ ਅੱਖਾਂ ਵਿਚ ਕਮਾਲ ਦਾਨਸ਼ਵਰੀ ਦਾ ਚਾਨਣ ਹੈ।

ਏ. ਡੀ. ਐਮ. ਸਾਹਿਬ ਬੜੇ ਹੀ ਸੱਜਣ ਆਦਮੀ ਸਨ। ਦਿੱਲੀ ਦੇ ਜੰਮ-ਪੱਲ ਹੋਣ ਕਰ ਕੇ ਬਹੁਤ ਈ ਵਧੀਆ ਤੇ ਚੁਸਤ ਉਰਦੂ ਬੋਲਦੇ ਸਨ। ਜਦੋਂ ਮੈਂ ਉਹਨਾਂ ਅਗੇ ਆਪਣੀ ਆਪ-ਬੀਤੀ ਰਖੀ ਤਾਂ ਉਹਨਾਂ ਦੇ ਮੂੰਹੋਂ ਆਪ-ਮੁਹਾਰੇ ਕੁਝ ਸ਼ੇਅਰ ਨਿਕਲੇ ਜਿਨ੍ਹਾਂ ਵਿਚ ਜਜ਼ਬਾਤ ਦੀ ਇਤਨੀ ਤੜਪ ਸੀ ਕਿ ਮੇਰੀਆਂ ਅੱਖਾਂ ਪੁਰ-ਨਮ ਹੋ ਗਈਆਂ। ਉਹਨਾਂ ਦਸਿਆ ਕਿ ਦੇਸ ਦੇ ਪਰਦੇਸ ਹੋ ਜਾਣ ਦੀ ਸਮੱਸਿਆ ਦਾ ਕੋਈ ਹੱਲ ਨਹੀਂ। ਇਹੋ ਸਮੱਸਿਆ ਉਹਨਾਂ ਨੂੰ ਵੀ ਦਰਪੇਸ਼ ਹੁੰਦੀ ਹੈ ਜਦੋਂ ਵਤਨ ਦੀ ਖਿੱਚ ਉਹਨਾਂ ਨੂੰ ਦਿੱਲੀ ਲੈ ਜਾਂਦੀ ਹੈ। ਏਸੇ ਤਰ੍ਹਾਂ ਦਿਲ ਖੱਟਾ ਹੋ ਜਾਂਦਾ ਹੈ, ਬੰਦਸ਼ਾਂ ਸਹਾਰਨੀਆਂ ਪੈਂਦੀਆਂ ਹਨ। ਇਸ ਗੱਲ ਨੂੰ ਬਹੁਤਾ ਦਿਲ ਉਤੇ ਲਾਣ ਦੀ ਲੋੜ ਨਹੀਂ। ਫੇਰ ਮੇਰੇ ਸਫ਼ਰ ਦੇ ਪ੍ਰੋਗਰਾਮ ਬਾਰੇ ਪੁੱਛਿਆ ਤੇ ਕੁਝ ਜ਼ਰੂਰੀ ਹਦਾਇਤਾਂ ਦਿਤੀਆਂ। ਮੇਰਾ ਅਗਲਾ ਪੜਾਅ ਭੇਰਾ ਸੀ। ਉਹਨਾਂ ਦਸਿਆ ਕਿ ਭੇਰੇ ਜਾਣ ਲਈ ਪਹਿਲਾਂ ਮੈਨੂੰ ਸਰਗੋਧੇ ਉਤਰ ਕੇ ਜ਼ਿਲਾ ਸਿਕਿਉਰਟੀ ਆਫ਼ਸ ਵਿਚੋਂ ਪ੍ਰਵਾਨਗੀ ਲੈਣੀ ਪਏਗੀ। ਕਲ੍ਹ ਐਵਤਾਰ ਹੈ, ਦਫ਼ਤਰ ਬੰਦ ਹੋਵੇਗਾ। ਏਸ ਲਈ ਝੰਗ ਤੋਂ ਪਰਸੋਂ ਰਵਾਨਾ ਹੋਣਾ ਬਿਹਤਰ ਹੈ ਤਾਂ ਜੋ ਫੇਰ ਅਜਿਹੀ ਮੁਸ਼ਕਲ ਪੇਸ਼ ਨਾ ਆਵੇ, ਆਦਿਕ। ਅੰਤ ਉਹਨਾਂ ਮੈਨੂੰ ਆਪਣੇ ਬੰਗਲੇ 'ਤੇ ਸ਼ਾਮੀਂ

ਚਾਹ ਪੀਣ ਆਉਣ ਦੀ ਦਾਅਵਤ ਦਿਤੀ ਜਿਸ ਨੂੰ ਮੈਂ ਬੜੀ ਖ਼ੁਸ਼ੀ ਨਾਲ ਸਵੀਕਾਰ ਕੀਤਾ।

ਕਚਹਿਰੀ ਦੇ ਹੀ ਦਫ਼ਤਰ ਵਿਚ ਬਿਲਾਲ ਦੇ ਵੱਡੇ ਭਾਈ ਸਾਹਿਬ ਵੀ ਕੰਮ ਕਰਦੇ ਸਨ। ਉਹਨਾਂ ਨੂੰ ਮਿਲਣ ਗਏ। ਫੇਰ ਚਾਹ ਪੀਤੀ। ਉਹਨਾਂ ਦੇ ਦਫ਼ਤਰ ਦੇ ਹੋਰ ਸਾਥੀ ਵੀ ਨਾਲ ਰਲ ਗਏ। ਬਿਲਾਲ ਨੇ ਮੇਰੀ ਪਛਾਣ ਕਰਾਂਦਿਆਂ ਕਿਹਾ ਕਿ ਮੈਂ ਖ਼ਾਸ ਢੰਗ ਦੀ ਬੋਲੀ ਸੁਣਨ ਤੇ ਹੀਰ ਦਾ ਮਕਬਰਾ ਵੇਖਣ ਆਇਆਂ। ਉਹਨਾਂ ਨੇ ਨਾਲ ਦੇ ਕਮਰੇ ਵਿਚੋਂ ਇਕ ਹੋਰ ਬੰਦੇ ਨੂੰ ਸਦ ਲਿਆ, ਜਿਸ ਦਾ ਪਹਿਰਾਵਾ ਵੀ ਪੇਂਡੂ ਤੇ ਬੋਲੀ ਵੀ ਠੇਠ ਸੀ। ਉਹਨੇ ਹਸਾ ਹਸਾ ਕੇ ਢਿਡ ਵਿਚ ਵਲ ਪਾ ਦਿਤੇ। ਸ਼ਹਿਰੀਆਂ ਦੀ ਮਖ਼ਲੂਤ ਬੋਲੀ ਦਾ ਨਕਸ਼ਾ ਉਹਨਾਂ ਇੰਜ ਖਿਚਿਆ : "ਮੂੰਹ ਗੋਕਾ, ਪਿੱਛਾ ਮਾਝਾ, ਤੇ ਬੂੰਠ (ਬੂੰਡ) ਬਾਕਰੀ।"

ਉਥੋਂ ਟਾਂਗੇ ਉਤੇ ਬਹਿ ਕੇ ਹਬੀਬ ਬੈਂਕ ਪਏ ਜਾਂਦੇ ਸਾਂ ਕਿ ਰਾਹ ਵਿਚ ਕੋਈ ਗੁਲਜ਼ਾਰ ਸਾਹਿਬ ਮਿਲ ਪਏ — ਕਾਲੀ ਠਪਵੀਂ ਟੋਪੀ, ਸਲੇਟੀ ਰੰਗ ਦੀ ਅਚਕਨ, ਤੇ ਚਿੱਟੀ ਸਲਵਾਰ। ਮੋਢੇ ਉਤੇ ਬੰਦੂਕ ਰੱਖੀ, ਸਾਈਕਲ ਉਤੇ ਚੜ੍ਹ ਕੇ ਬੰਦੂਕ ਠੀਕ ਕਰਾਣ ਜਾ ਰਹੇ ਸਨ। ਉਹਨਾਂ ਨੂੰ ਵੇਖ ਕੇ ਮੈਂ ਸੋਚਾਂ ਵਿਚ ਪੈ ਗਿਆ ਪਈ ਪਹਿਲੋਂ ਕਿਤੇ ਇਹਨਾਂ ਨੂੰ ਵੇਖਿਆ ਹੈ! ਬੜਾ ਹੀ ਜਾਤਾ ਪਛਾਤਾ ਮੁਹਾਂਦਰਾ ਸੀ।

ਅੰਜੁਮ ਤੱਕੀ ਜੀ ਦੇ ਮਿੱਤਰ ਸ਼ੇਰੀ ਸਾਹਿਬ ਨੂੰ ਵੇਖ ਕੇ ਵੀ ਮੈਨੂੰ ਇਹੋ ਧੋਖਾ ਲਗਿਆ ਸੀ। ਏਸ ਤਰ੍ਹਾਂ ਦਾ ਧੋਖਾ ਪਾਕਿਸਤਾਨ ਦੀ ਸੈਰ ਦੇ ਦੌਰਾਨ ਵਿਚ ਮੈਨੂੰ ਅਨੇਕਾਂ ਵਾਰੀ ਲੱਗਾ। ਹਰ ਥਾਂ ਉਤੇ, ਤੇ ਹਰ ਰੋਜ਼ ਕੋਈ ਨਾ ਕੋਈ ਬੰਦਾ ਐਸਾ ਦਿਸ ਪੈਂਦਾ ਜਿਸ ਨੂੰ ਵੇਖ ਕੇ ਮੈਨੂੰ ਸ਼ੱਕ ਈ ਨਾ ਪੈਂਦਾ ਸਗੋਂ ਯਕੀਨ ਹੋ ਜਾਂਦਾ ਕਿ ਮੈਂ ਉਹਨੂੰ ਪਹਿਲਾਂ ਤੋਂ ਜਾਣਨਾ; ਹਾਲਾਂ ਕਿ ਐਸੀ ਕੋਈ ਸੰਭਾਵਨਾ ਈ ਨਹੀਂ। ਵੰਡ ਤੋਂ ਬਾਅਦ ਪਾਕਿਸਤਾਨ ਜਾਣ ਵਾਲੇ ਦੂਜੇ ਯਾਤਰੂਆਂ ਨਾਲ ਵੀ ਇਸ ਤਰ੍ਹਾਂ ਹੋਇਆ ਹੈ ਕਿ ਨਹੀਂ ਮੈਂ ਨਹੀਂ ਜਾਣਦਾ। ਆਪਣੇ ਇਸ ਅਹਿਸਾਸ ਦਾ ਕੋਈ ਕਾਰਨ ਸਮਝ ਵਿਚ ਨਹੀਂ ਆਇਆ।

ਗੁਲਜ਼ਾਰ ਸਾਹਿਬ ਵੀ ਸਾਈਕਲ ਫੇਰ ਕੇ ਸਾਡੇ ਟਾਂਗੇ ਨਾਲ ਹੋ ਗਏ। ਹਬੀਬ ਬੈਂਕ ਦੇ ਮੈਨੇਜਰ ਸਾਹਿਬ ਦੇ ਕਮਰੇ ਵਿਚ ਫੇਰ ਦਾਅਵਤ ਤਿਆਰ ਸੀ! ਰਸਗੁੱਲੇ, ਗੁਲਾਬ ਜਾਮਨ, ਸਮੋਸੇ, ਚਾਹ। ਜਿਵੇਂ ਉਪਰ ਕਹਿ ਆਇਆ ਹਾਂ —

ਇਨਕਾਰ ਕਰਨ ਦਾ ਸੁਆਲ ਈ ਪੈਦਾ ਨਹੀਂ ਸੀ ਹੁੰਦਾ। ਅਜ ਸਵੇਰ ਤੋਂ ਸ਼ੁਰੂ ਕਰ ਕੇ ਅਗਲੇ ਤੇਰਾਂ ਦਿਨ — ਜਿਹੜੇ ਮੈਂ ਪਾਕਿਸਤਾਨ ਵਿਚ ਬਿਤਾਏ — ਮੈਂ ਔਸਤ ਤ੍ਰਿੰਨ ਨਾਸ਼ਤੇ, ਦੋ ਲੰਚ ਤਿੰਨ ਚਾਰ ਸ਼ਾਮ ਦੀਆਂ ਚਾਹਵਾਂ, ਤੇ ਦੋ ਤਿੰਨ ਡਿਨਰ ਹਰ ਰੋਜ਼ ਖਾਂਦਾ ਰਿਹਾ। ਏਸ ਤੋਂ ਉਥੋਂ ਦੇ ਬਾਸ਼ਿੰਦਿਆਂ ਦੀ ਮਹਿਮਾਨ-ਨਵਾਜ਼ੀ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਸਰਾਧਾਂ ਦੇ ਦਿਨਾਂ ਵਿਚ ਬ੍ਰਾਹਮਣਾਂ ਦੀ ਜੋ ਹਾਲਤ ਹੁੰਦੀ ਹੈ, ਉਹੋ ਮੇਰੀ ਸੀ। ਪਰ ਉਹਨਾਂ ਵਾਂਗ ਹੀ ਨਾ ਤਾਂ ਕਦੇ ਮੇਰਾ ਹਾਜ਼ਮਾ ਵਿਗੜਿਆ ਤੇ ਨਾ ਮੈਨੂੰ ਕਦੇ ਦਵਾ-ਦਾਰੂ ਦੀ ਲੋੜ ਪਈ। ਏਸ ਤੋਂ ਉਹਨਾਂ ਇਲਾਕਿਆਂ ਦੀ ਚੰਗੀ ਆਬੋ-ਹਵਾ ਅਤੇ ਮੇਰੇ ਉਪਰ ਉਸ ਦੇ ਸੁਹਣੇ ਅਸਰ ਦਾ ਸਬੂਤ ਵੀ ਮਿਲਦਾ ਹੈ। ਹਬੀਬ ਬੈਂਕ ਵਾਲੀ ਬੈਠਕ ਵਿਚ ਤੈਅ ਹੋਇਆ ਕਿ ਗੁਲਜ਼ਾਰ ਖ਼ਾਨ ਹੋਰੀਂ ਕਲ੍ਹ ਰਾਤ ਨੂੰ ਮੈਨੇਜਰ ਸਾਹਿਬ ਦੀ ਕੋਠੀ ਦੇ ਅਹਾਤੇ ਵਿਚ ਮੈਨੂੰ ਸੱਮੀ, ਆਦਿਕ, ਲੋਕ-ਨਾਚ ਵਿਖਾਲਣ ਦਾ ਪ੍ਰਬੰਧ ਕਰਨਗੇ।

ਢਾਈ ਕੁ ਵਜੇ ਬਿਲਾਲ ਤੇ ਮੈਂ ਤੱਕੀ ਅੰਜੁਮ ਦੇ ਘਰ ਪੁਜੇ। ਸ਼ੇਰੀ ਸਾਹਿਬ ਵੀ ਉਡੀਕ ਰਹੇ ਸਨ, ਅਤੇ ਖਾਣਾ ਵੀ ਤਿਆਰ ਸੀ। ਕਬਾਬ, ਟਿੱਕੀਆਂ ਪਲਾਅ, ਬਟੇਰ.........ਅਤੇ ਇਨਕਾਰ ਕਰਨ ਦਾ ਸੁਆਲ ਪੈਦਾ ਨਹੀਂ ਸੀ ਹੁੰਦਾ!

ਖਾਣੇ ਦੀ ਮੇਜ਼ ਉਤੇ ਸ਼ੇਰੀ ਸਾਹਿਬ ਤੇ ਬਿਲਾਲ ਸਾਹਿਬ ਦੀ ਆਪਸ ਵਿਚ ਗੱਲ-ਬਾਤ ਸ਼ੁਰੂ ਹੋਈ ਜੋ ਕਾਬਿਲੇ-ਜ਼ਿਕਰ ਹੈ। ਤਿੰਨ ਚਾਰ ਦਿਨ ਪਹਿਲਾਂ ਸ਼ੇਰੀ ਸਾਹਿਬ ਦੀ ਧਰਮ-ਪਤਨੀ ਦਾ ਮਕਾਮੀ ਸਰਕਾਰੀ ਹਸਪਤਾਲ ਵਿਚ ਸ਼ਦੀਦ ਕਿਸਮ ਦਾ ਉਪਰੇਸ਼ਨ ਹੋਇਆ। ਸ਼ੇਰੀ ਸਾਹਿਬ ਝੰਗ ਵਿਚ ਇਹ ਉਪਰੇਸ਼ਨ ਕਰਵਾਣਾ ਨਹੀਂ ਸਨ ਚਾਹੁੰਦੇ, ਪਤਨੀ ਨੂੰ ਲਾਹੌਰ ਲੈ ਜਾਣਾ ਚਾਹੁੰਦੇ ਸਨ, ਜਿਥੇ ਯਕੀਨਨ ਬਦਰਜਹਾ ਬਿਹਤਰ ਸਹੂਲਤਾਂ ਮੁਯੱਸਰ ਸਨ। ਪਰ ਝੰਗ ਹਸਪਤਾਲ ਦੇ ਡਾਕਟਰ ਉਹਨਾਂ ਦੇ ਮਿੱਤਰ ਸਨ, ਤੇ ਉਹਨਾਂ ਇਸਰਾਰ ਕੀਤਾ ਕਿ ਉਪਰੇਸ਼ਨ ਝੰਗ ਵਿਚ ਹੀ ਹੋਣਾ ਚਾਹੀਦਾ ਹੈ, ਤੇ ਉਹਨਾਂ ਦੇ ਆਪਣੇ "ਸਿਸਟਮ" ਅਨੁਸਾਰ।

ਇਸ "ਸਿਸਟਮ" ਦੀ ਵਿਸ਼ੇਸ਼ਤਾ ਇਹ ਸੀ ਕਿ ਉਪਰੇਸ਼ਨ ਇਕ ਸਰਜਨ ਨਹੀਂ ਕਰਦਾ, ਹਸਪਤਾਲ ਦੇ ਤਿੰਨੋਂ ਸਰਜਨ ਮਿਲ ਕੇ ਕਰਦੇ ਹਨ, ਕਿਉਂ ਕਿ ਝੰਗ ਜਿਹੇ ਛੋਟੇ ਸ਼ਹਿਰ ਵਿਚ ਦਾਨ ਕੀਤੇ ਖ਼ੂਨ ਦੇ ਜ਼ਖ਼ੀਰੇ ਦੀ ਘਾਟ ਹੈ।

ਇਕ ਸਰਜਨ ਚੀਰ-ਫਾੜ ਕਰਦਾ ਹੈ ਦੂਜਾ ਰਕਤ-ਪ੍ਰਵਾਹ ਰੋਕਣ ਦੀਆਂ ਵਿਉਂਤਾਂ ਕਰਦਾ ਹੈ, ਤੀਜਾ ਜ਼ਖ਼ਮ ਨੂੰ ਝਟ ਸੀਣ ਦੇ ਆਹਰ ਵਿਚ ਲਗ ਜਾਂਦਾ ਹੈ। ਇੰਜ ਮਰੀਜ਼ ਦਾ ਆਪਣਾ ਖ਼ੂਨ ਜ਼ਾਇਆ ਹੋਣ ਤੋਂ ਬਚ ਜਾਂਦਾ ਹੈ ਅਤੇ ਬਾਹਰੋਂ ਖ਼ੂਨ ਦੇਣ ਦੀ ਲੋੜ ਈ ਨਹੀਂ ਰਹਿੰਦੀ।

ਸ਼ੇਰੀ ਸ਼ਾਹਿਬ ਦੀ ਪਤਨੀ ਦੇ ਸਰੀਰ ਵਿਚ ਪਹਿਲਾਂ ਤੋਂ ਲਹੂ-ਘਾਟ ਸੀ। ਫੇਰ ਵੀ ਬਿਨਾਂ ਰਕਤ-ਦਾਨ ਕੀਤੇ ਸਫਲ ਉਪਰੇਸ਼ਨ ਕਰ ਦਿਤਾ ਗਿਆ ਸੀ, ਅਤੇ ਉਹ ਹੁਣ ਖ਼ਤਰੇ ਵਿਚੋਂ ਬਾਹਰ ਹੋ ਚੁਕੀ ਸੀ। ਉਪਰੇਸਨ ਕਰਾਣ ਲਈ ਵਡੇ ਸ਼ਹਿਰਾਂ ਵਲ ਉਠ ਦੌੜਨ ਦੀ ਤੌਫ਼ੀਕ ਬਹੁਤ ਘੱਟ ਲੋਕਾਂ ਕੋਲ ਹੁੰਦੀ ਹੈ। ਝੰਗ ਦੇ ਡਾਕਟਰਾਂ ਨੇ ਸੈਂਕੜੇ ਜਾਨਾਂ ਆਪਣੇ ਇਸ "ਸਿਸਟਮ" ਦੀ ਮਦਦ ਨਾਲ ਬਚਾਈਆਂ ਸਨ, ਅਤੇ ਜਨਤਾ ਬੜੀ ਸ਼ੁਕਰਗੁਜ਼ਾਰ ਸੀ।

ਸ਼ੇਰੀ ਸਾਹਿਬ ਬਿਲਾਲ ਅਗੇ ਬੇਨਤੀ ਕਰ ਰਹੇ ਸਨ ਕਿ ਉਹ ਅਖ਼ਬਾਰਾਂ ਵਿਚ ਡਾਕਟਰਾਂ ਦੀ ਇਸ ਸੇਵਾ ਬਾਰੇ ਉਹਨਾਂ ਵਲੋਂ ਇਕ ਬਿਆਨ ਛਪਵਾਣ।

"ਪੈਸੇ ਤਾਂ ਉਹ ਲੈਂਦੇ ਨਹੀਂ, ਮੈਂ ਕੋਈ ਤਾਂ ਖ਼ਿਦਮਤ ਉਹਨਾਂ ਦੀ ਕਰ ਸਕਾਂ," ਸ਼ੇਰੀ ਸਾਹਿਬ ਬੜੀ ਭਾਵਕਤਾ ਨਾਲ ਕਹਿ ਰਹੇ ਸਨ।

ਅਗੋਂ ਬਿਲਾਲ ਨੇ ਜਵਾਬ ਦਿਤਾ "ਸ਼ੇਰੀ ਸਾਹਿਬ, ਮੈਨੂੰ ਤਾਂ ਇਸ ਵਿਚ ਕੋਈ ਇਤਰਾਜ਼ ਨਹੀਂ, ਸਗੋਂ ਮੇਰਾ ਆਪਣਾ ਬਹੁਤ ਜੀਅ ਚਾਹੁੰਦਾ ਹੈ ਕੁਝ ਲਿਖਣ ਉਤੇ। ਪਰ ਇਹਨਾਂ ਲੋਕਾ ਨੇ ਇਸ ਗੱਲ ਦੀ ਸਖ਼ਤ ਮਨਾਹੀ ਕੀਤੀ ਹੋਈ ਹੈ। ਉਹ ਕਹਿੰਦੇ ਹੇਨ ਕਿ ਜੇ ਉਹਨਾਂ ਦੀ ਇਸ ਈਜਾਦ ਦਾ ਜ਼ਿਕਰ ਅਖ਼ਬਾਰਾਂ ਵਿਚ ਆ ਗਿਆ ਤਾਂ ਬਹੁਤ ਮੁਮਕਿਨ ਹੈ ਸਰਕਾਰ ਉਹਨਾਂ ਨੂੰ ਤਰੱਕੀਆਂ ਦੇ ਦੇਵੇ। ਵਡੇ ਹਸਪਤਾਲਾਂ ਵਿਚ ਤਬਾਦਲੇ ਕਰ ਦੇਵੇ। ਜੇ ਜ਼ਰਾ ਵੀ ਇਹੋ ਜਿਹੀ ਕੋਈ ਗੱਲ ਹੋ ਗਈ ਤਾਂ ਉਹਨਾਂ ਦੀ ਟੀਮ ਟੁੱਟ ਜਾਏਗੀ, ਅਤੇ "ਸਿਸਟਮ" ਖ਼ਤਮ ਹੋ ਜਾਏਗਾ। ਇਸ ਕਾਰਨ ਉਹ ਕਿਸੇ ਸੂਰਤ ਵੀ ਅਖ਼ਬਾਰਾਂ ਵਿਚ ਇਹਦਾ ਤਜ਼ਕਰਾ ਨਹੀਂ ਕਰਾਣਾ ਚਾਹੁੰਦੇ। ਭਾਵੇਂ ਝੰਗ ਦੇ ਇਸ ਛੋਟੇ ਜਿਹੇ ਸਰਕਾਰੀ ਹਸਪਤਾਲ ਵਿਚ ਉਹਨਾ ਨੂੰ ਤਨਖ਼ਾਹਾਂ ਬਹੁਤ ਨਹੀਂ ਮਿਲਦੀਆਂ, ਤੇ ਨਾ ਹੀ ਸਹੂਲਤਾਂ। ਪਰ ਉਹਨਾਂ ਨੂੰ ਕੰਮ ਕਰਨ ਦੀ ਆਜ਼ਾਦੀ ਹੈ, ਅਤੇ ਉਹਨਾਂ ਦੇ ਕੰਮ ਨਾਲ ਲੋਕਾਂ ਨੂੰ ਲਾਭ ਹੋ ਰਿਹਾ ਹੈ। ਉਹ ਕਹਿੰਦੇ ਨੇ ਇਹੋ ਸਾਡੇ ਸਭ ਤੋਂ ਵੱਡਾ ਇਨਾਮ ਹੈ।"

ਮੈਂ ਇਸ ਵਾਰਤਾਲਾਪ ਤੋਂ ਬੜਾ ਪ੍ਰਭਾਵਿਤ ਹੋਇਆ। ਸੱਚ ਮੁਚ ਮਨੁੱਖਤਾ ਦੇ ਦਰਦੀ ਹਰ ਮੁਲਕ ਹਰ ਕੌਮ ਵਿਚ ਮੌਜੂਦ ਹਨ ਜਿਹੜੇ ਸਰਬੱਤ ਦੇ ਭਲੇ ਲਈ ਆਪਣੇ ਸੁਆਰਥ ਵਾਰ ਸੁਟਦੇ ਹਨ। ਅਤੇ ਉਹ ਕੇਵਲ ਇਕ ਕੌਮ ਦੇ ਨਹੀਂ ਹੁੰਦੇ ਸਗੋਂ ਸਾਰੀ ਮਨੁੱਖਤਾ ਉਹਨਾਂ ਅਗੇ ਸਿਰ ਨਿਵਾਉਂਦੀ ਹੈ। ਅਜਿਹਿਆਂ ਉੱਤਮ ਲੋਕਾਂ ਦੀ ਘਾਲ ਨੇ ਹੀ ਮਨੁੱਖੀ ਸਭਿਅਤਾ ਦਾ ਮੁੱਖ ਉੱਜਲਾ ਕੀਤਾ ਹੈ, ਅਤੇ ਭਵਿਖ ਵੀ ਇਹਨਾਂ ਦੀ ਆਸ ਉਤੇ ਹੀ ਕਾਇਮ ਹੈ।

੭

000

ਰੋਟੀ ਖਾ ਕੇ ਅਸੀਂ ਬੈਠਕ ਵਿਚ ਆ ਬੈਠੇ। ਖੁਲ੍ਹੇ ਦਰਵਾਜ਼ੇ ਦੀ ਚਿੱਕ ਵਿਚੋਂ ਬਾਹਰ ਇਕ ਬਾਰਾਂ ਕੁ ਵਰ੍ਹਿਆਂ ਦੀ ਬਾਲੜੀ ਨੂੰ ਗਲੀ ਦਾ ਗੰਦ ਮੰਦ ਸਾਫ਼ ਕਰਦਿਆਂ ਵੇਖਿਆ। ਸ਼ਾਇਦ ਕਿਸੇ ਹੋਰ ਥਾਂ ਅਤੇ ਕਿਸੇ ਹੋਰ ਵੇਲੇ ਇਸ ਦ੍ਰਿਸ਼ ਨੂੰ ਵੇਖ ਕੇ ਮੇਰੇ ਅੰਦਰ ਗ਼ਮ ਤੇ ਗੁੱਸੇ ਦੀ ਭਾਵਨਾ ਜਾਗਦੀ। ਪਰ ਏਸ ਵੇਲੇ ਹੋਰ ਹੀ ਪ੍ਰਤ੍ਰਿਕਰਮ ਹੋਇਆ। ਮੈਨੂੰ ਇੰਜ ਭਾਸਿਆ ਜਿਵੇਂ ਮੈਂ ਪਿੰਡੀ ਵਿਚ ਆਪਣੇ ਛਾਛੀ ਮਹੱਲੇ ਬੈਠਾ ਹੋਇਆਂ। ਪੁਰਾਣੀਆਂ ਯਾਦਾਂ ਤੇ ਛੋਹਾਂ ਭਰੇ ਕਿਸੇ ਡੱਬੇ ਜਾਂ ਜਿਵੇਂ ਢੱਕਣ ਖੁਲ੍ਹ ਗਿਆ।

ਦੋ ਕੁ ਸਾਲ ਹੋਏ, ਮੋਗੇ ਵੀ ਮੇਰੇ ਨਾਲ ਇੰਜ ਹੀ ਹੋਇਆ ਸੀ। ਜਸਵੰਤ ਸਿੰਘ ਕੰਵਲ ਮੈਨੂੰ ਆਪਣੇ ਇਕ ਸਾਹਿੱਤਕ ਮਿੱਤਰ ਦੇ ਘਰ ਲੈ ਗਿਆ। ਅੰਦਰ ਵੜਦਿਆਂ ਸਾਰ ਮੈਨੂੰ ਡਿਓਢੀ ਹੂ-ਬ-ਹੂ ਆਪਣੇ ਪਿੰਡੀ ਵਾਲੇ ਮਕਾਨ ਦੀ ਡਿਓਢੀ ਵਾਂਗਰ ਜਾਪੀ। ਉਪਰ ਜਾਂਦੀਆਂ ਪੌੜੀਆਂ ਵੀ ਹੂ-ਬ-ਹੂ ਸਾਡੀਆਂ ਪੌੜੀਆਂ ਵਾਂਗ ਸਨ। ਉਪਰ ਪੁਜੇ ਤਾਂ ਮਮਟੀ ਵਿਚ ਗੰਦ ਮੰਦ ਸੁਟਣ ਲਈ ਜਿਵੇਂ ਸਾਡਾ ਹੀ ਕਨੱਸਤਰ ਪਿਆ ਹੋਇਆ ਹੋਵੇ। ਵਿਹੜੇ ਦੀਆਂ ਮੀਂਹ ਵਿਚ ਧੁਪ ਦੀਆਂ ਚੌੜੀਆਂ ਇਟਾਂ ਦੀ ਚਿਲਕਦੀ ਸੁਰਖੀ ਵੀ ਉਹੋ, ਓਸੇ ਤਰ੍ਹਾਂ ਦਾ ਲੋਹੇ ਦੀਆਂ ਸੀਖਾਂ ਵਾਲਾ ਮੱਘ। ਪਿਛਲੀ ਕੰਧ ਦੇ ਐਨ ਵਿਚਕਾਰ ਦਿਖਾਵਟੀ ਜਿਹੀ ਅੰਗੀਠੀ ਵੀ ਮੌਜੂਦ ਸੀ, ਜਿਸ ਉਪਰ ਨਿਕ-ਸੁਕ ਜਿਵੇਂ

ਸਾਡੇ ਘਰੋਂ ਹੀ ਲਿਆ ਕੇ ਰਖਿਆ ਗਿਆ ਸੀ। ਅਤੇ ਉਪਰ ਸੁਆਮੀ ਦਿਆਨੰਦ ਜੀ ਦੀ ਤਸਵੀਰ, ਜਿਵੇਂ ਸਾਡੇ ਘਰ ਸੀ। ਹੋਰ ਉੱਤੇ, ਸਾਡੇ ਘਰ ਵਾਂਗਰ ਹੀ ਕੜੀਆਂ ਵਾਲੀ ਛਤ, ਜਿਸ ਦੀਆਂ ਇੱਟਾਂ ਉਪਰ ਸਫ਼ੇਦੀ ਵਾਲਿਆਂ ਦੀਆਂ ਪਾਈਆਂ ਚੂਨੇ ਦੀਆਂ ਛਿੱਟਾਂ, ਜਿਨ੍ਹਾਂ ਵਿਚ ਮੈਨੂੰ ਨਿੱਕਿਆਂ ਹੁੰਦਿਆਂ ਭਾਂਤ ਭਾਂਤ ਦੀਆਂ ਸੁਆਦਲੀਆਂ ਤਸਵੀਰਾਂ ਨਜ਼ਰ ਆਉਂਦੀਆਂ ਹੁੰਦੀਆਂ ਸਨ, ਤੇ ਫੇਰ ਜਦੋਂ ਚਾਹ ਬਣ ਕੇ ਆਈ ਤਾਂ ਉਸ ਵਿਚ ਨਿੱਕੀ ਲਾਚੀ ਤੇ ਦਾਲਚੀਨੀ ਦੀ ਵਾਸ਼ਨਾ। ਬਾਰਸ਼ ਵਾਲੇ ਦਿਨ ਮੇਰੇ ਮਾਤਾ ਜੀ ਨੂੰ ਵੀ ਇਹੋ ਜਿਹੀ ਚਾਹ ਬਣਾਣ ਦਾ ਸ਼ੌਕ ਸੀ। ਅਤੇ ਇਹ ਸਾਰਾ ਕੁਝ ਦੇਖ ਕੇ ਮੇਰੀਆਂ ਅੱਖਾਂ ਨੇ ਵਰ੍ਹਦੇ ਬੱਦਲਾਂ ਦੀ ਰੀਸ ਕਰਨ 'ਤੇ ਲੱਕ ਬੰਨ੍ਹ ਲਿਆ।

ਮੇਰੀ ਬਦਨਸੀਬੀ ਵੀ ਤਾਂ ਚੁਤਰਫ਼ੀ ਹੈ ਨਾ। ਪੰਜਾਬ ਦਾ ਇਕ ਹਿੱਸਾ ਮੈਥੋਂ ਖੁਸ ਗਿਆ, ਤੇ ਦੂਜਾ ਦੂਰ ਹੋ ਗਿਆ। ਏਸੇ ਕਰ ਕੇ ਜਜ਼ਬੇ ਬਹੁਤ ਛੇਤੀ ਵਹਿ ਤੁਰਦੇ ਹਨ।

ਫੇਰ ਵੀ, ਮੈਂ ਸੋਚਣ ਲਗ ਪਿਆ, ਉਹ ਕਿਹੜੇ ਆਦਿਸ਼ ਜੀਵਨ-ਤੰਤੂ ਹਨ ਜਿਨ੍ਹਾਂ ਦੀ ਹਿਲਜੁਲ ਮੋਗੇ ਦੇ ਮਕਾਨ ਵਿਚ ਅਤੇ ਝੰਗ ਦੀ ਗਲੀ ਵਿਚ ਰਾਵਲਪਿੰਡੀ ਦੇ ਝਾਉਲੇ ਲੈ ਆਉਂਦੀ ਹੈ; ਅਣਜਾਣੇ ਤੇ ਅਣਪਛਾਤੇ ਚਿਹਰਿਆਂ ਉਪਰ ਪਛਾਣ ਦੀਆਂ ਨਿਸ਼ਾਨੀਆਂ ਉਘਾੜ ਦੇਂਦੀ ਹੈ; ਸਭਨਾਂ ਪੰਜਾਬੀਆਂ ਦੇ ਸੁਭਾ, ਰਹਿਣ ਸਹਿਣ, ਕੰਮ-ਕਾਜ, ਅਤੇ ਕਰਮ-ਪ੍ਰਤਕਿਰਮ ਵਿਚ ਸਮਾਨਤਾ ਦਾ ਰੋਚਕ ਰਸ ਭਰ ਦੇਂਦੀ ਹੈ, ਉਹਨਾਂ ਨੂੰ ਬਾਕੀ ਮਨੁੱਖ-ਮਾਤਰ ਤੋਂ ਵਖਰਿਆਂਦੀ ਹੈ ? ਇਹ ਖੋਜ ਕਰਨਾ ਖ਼ੌਰੇ ਕਿਤਨੀਆਂ ਵੱਨਗੀਆਂ ਦੇ ਸਾਇੰਸਦਾਨਾਂ ਅਤੇ ਸਮਾਜ-ਸ਼ਾਸਤਰ ਦੇ ਮਾਹਿਰਾਂ ਦਾ ਕੰਮ ਹੈ। ਇਹਨਾਂ ਜੀਵਨ-ਤੰਤੂਆਂ ਦੀਆਂ ਜੜ੍ਹਾਂ ਖ਼ੌਰੇ ਕਿਤਨੇ ਸੌ, ਕਿਤਨੇ ਹਜ਼ਾਰ, ਕਿਤਨੇ ਲਖ ਸਾਲ ਪੁਰਾਣੇ ਅਤੀਤ ਵਿਚ ਖੁੱਭੀਆਂ ਹੋਇਆਂ ਹਨ, ਜੋ ਮਰ ਕੇ ਵੀ ਨਹੀਂ ਮਰਦਾ ਮੁੜ ਮੁੜ ਵਰਤਮਾਨ ਅਤੇ ਭਵਿਖ ਵਿਚ ਜੀਊਂ ਉਠਦਾ ਹੈ ?

ਵੰਡ ਨੇ ਪੰਜਾਬੀਆਂ ਦੀ ਧਰਤ-ਮਾਂ ਦੇ ਪੇਟ ਉਤੇ ਛੁਰੀ ਦੀ ਨੋਕ ਨਾਲ ਕੇਵਲ ਲਕੀਰ ਨਹੀਂ ਵਾਹੀ, ਉਹਨੂੰ ਬੜਾ ਡੂੰਘਾ ਚੀਰਿਆ ਹੈ। ਇਹ ਜੀਵਨ-ਤੰਤੂ ਵੀ ਨਸਾਂ ਨਾੜੀਆਂ ਅਤੇ ਮਾਸ ਦੇ ਨਾਲ ਨਾਲ ਕਟ ਗਏ ਹਨ। ਹੋ ਸਕਦਾ ਹੈ ਜਿਹੜੀਆਂ ਸਮਾਨਤਾਵਾਂ ਹੁਣ ਨਜ਼ਰ ਆ ਰਹੀਆਂ ਹਨ ਇਕ ਦੋ

ਪੀੜ੍ਹੀ ਬਾਅਦ ਸ਼ਾਇਦ ਅਲੋਪ ਹੋ ਜਾਣ, ਜਿਵੇਂ ਕੋੜ੍ਹ-ਕਿਰਲੀ ਦੀ ਟੁੱਟੀ ਹੋਈ ਪੂਛਲ ਚੋਖਾ ਚਿਰ ਕੁਦ ਕੇ ਅਖ਼ੀਰ ਠੰਢੀ ਹੋ ਜਾਂਦੀ ਹੈ ..

ਇਸ ਤਰ੍ਹਾਂ ਦੀਆਂ ਵਿਹਲੀਆਂ ਸੋਚਣੀਆਂ ਸੋਚਦਾ ਮੈਂ ਲਤਾਂ ਲੰਮੀਆਂ ਕਰ ਕੇ ਠੋਂਕਾ ਲੈਣ ਹੀ ਲਗਾ, ਪਰ ਬਿਲਾਲ ਜ਼ੁਬੇਰੀ, ਜਿਨੇ ਹੁਣ ਪੂਰੀ ਤਰ੍ਹਾਂ ਮੈਨੂੰ ਆਪਣੇ ਜ਼ੋਰ-ਸਾਯਾ ਲੈ ਲਿਆ ਸੀ, ਮੈਨੂੰ ਉਠਾ ਕੇ ਕਹਿਣ ਲਗਾ, "ਝੰਗ ਵੇਖਣ ਨਹੀਂ ਜੇ ਚਲਣਾ ?

ਸੱਚੀ, ਮੇਰੀਆਂ ਲੋੜਾਂ ਮੈਥੋਂ ਵਧ ਉਹਨੂੰ ਚੇਤੇ ਹੋ ਗਈਆਂ ਸਨ। ਭਲਾ ਇਤਨੀ ਕੀ ਕਾਹਲ ? ਹੀਰ ਦਾ ਮਕਬਰਾ ਤਾਂ ਵੇਖ ਹੀ ਲਿਆ ਹੈ, ਝੰਗ ਵਿਚ ਖ਼ਾਸ ਕੀ ਧਰਿਆ ਹੈ ? ਜਿਸ ਤਰ੍ਹਾਂ ਮਘਿਆਣਾ, ਉਸੇ ਤਰ੍ਹਾਂ ਝੰਗ। ਫ਼ੇਰ ਕਲ੍ਹ ਦਾ ਸਾਰਾ ਦਿਨ ਪਿਆ ਹੈ। ਪਰ ਦੂਜੇ ਪਲ ਮੈਂ ਮਨ ਨੂੰ ਤਾੜਨਾ ਕੀਤੀ। ਸੁਬਹ ਸਵੇਰ ਤੋਂ ਬਿਲਾਲ ਆਪਣੇ ਸਾਰੇ ਕੰਮ ਛਡ ਕੇ ਮੇਰੇ ਨਾਲ ਨਾਲ ਪਿਆ ਭਟਕਦਾ ਸੀ। ਕੀ ਇਹਸਾਨਮੰਦੀ ਇਸ ਨੂੰ ਆਖਦੇ ਨੇ ? ਆਲਸ ਭੰਨ ਕੇ ਮੈਂ ਉਠ ਖਲੋਤਾ।

ਗਲੀਂ ਚੋਂ ਨਿਕਲ ਕੇ ਜਦੋਂ ਅਸੀਂ ਮੈਦਾਨ ਵਿਚ ਆਏ ਤਾਂ ਇਕ ਖ਼ਾਕੀ ਰੰਗ ਦੀ ਜੀਪ ਸਾਹਮਣੇ ਪਈ ਆਉਂਦੀ ਸੀ। ਮੇਰੀ ਛਾਤੀ ਵਿਚ ਫੇਰ ਘਸੁੱਨ ਵੱਜਾ। ਪੁਲਸ ਤਾਂ ਨਹੀਂ ਕਿਤੇ ? ਹੁਣ ਕੀ ਕਸੂਰ ਹੋ ਗਿਆ ਮੈਥੋਂ ?

ਇਕ ਉੱਘੇ ਸਰਕਾਰੀ ਅਫ਼ਸਰ ਦੀ ਜੀਪ ਸੀ ਉਹ। ਵਿਚ ਉਹਨਾਂ ਦੇ ਫ਼ਰਜ਼ੰਦ ਅਤੇ ਇਕ ਮਿਤਰ-ਮੰਡਲੀ। ਪਛਾਣ ਹੋਣ ਪਿਛੋਂ ਕਹਿਣ ਲਗੇ, "ਅਸੀਂ ਤੁਹਾਡੇ ਵਲ ਆ ਰਹੇ ਸਾਂ, ਚਲੋ ਤੁਹਾਨੂੰ ਸੈਰ ਕਰਾ ਲਿਆਈਏ"

"ਬਿਲਾਲ ਸਾਹਿਬ ਤੇ ਮੈਂ ਝੰਗ ਚਲੇ ਸਾਂ।"

"ਝੰਗ ?" ਉਹਨੇ ਹੈਰਾਨ ਹੋ ਕੇ ਮੇਰੇ ਵਲ ਵੇਖਿਆ, 'ਉਥੇ ਕੀ ਲੈਣਾ ਜੇ ਜਾ ਕੇ ?"

"ਲੈਣਾ ਤੇ ਕੁਝ ਨਹੀਂ," ਮੈਂ ਹਸ ਕੇ ਜੁਆਬ ਦਿਤਾ।

"ਛਡੋ ਪਰੇ ਝੰਗ ਨੂੰ, ਬੈਠੋ ਸਾਡੇ ਨਾਲ, ਤੁਹਾਨੂੰ ਤ੍ਰਿਮੂ ਲੈ ਚਲੀਏ ਜੋ ਅਸਲ ਵੇਖਣ ਵਾਲੀ ਥਾਂ ਹੈ।"

ਝਨਾਂ ਅਤੇ ਜਿਹਲਮ ਦੇ ਸੰਗਮ ਨੂੰ, ਜੋ ਇਥੋਂ ਨੌ ਕੁ ਮੀਲ ਦੇ ਫ਼ਾਸਲੇ

ਉੱਤੇ ਹੈ, ਤ੍ਰਿਮੂ ਆਖਦੇ ਹਨ। ਬੜੀ ਮਸ਼ਹੂਰ ਸੈਰਗਾਹ ਹੈ। ਉਥੇ ਇਕ ਨਵਾਂ ਤੇ ਸ਼ਾਨਦਾਰ ਬੰਧ ਵੀ ਬਣਿਆ ਹੈ।

"ਪਰ ਮੇਰਾ ਵੀਜ਼ਾ ਤਾਂ ਸ਼ਹਿਰੋਂ ਬਾਹਰ ਜਾਣ ਦਾ ਨਹੀਂ," ਮੈਂ ਆਪਣੀ ਮਜਬੂਰੀ ਦਾ ਇਜ਼ਹਾਰ ਕੀਤਾ। "ਓ ਛਡੋ ਜੀ ਵੀਜ਼ੇ ਨੂੰ," ਇਕ ਹੋਰ ਬੰਦਾ ਧੜੱਲੇ ਨਾਲ ਬੋਲਿਆ, "ਇਸ ਗੱਡੀ ਨੂੰ ਕੌਣ ਰੋਕ ਸਕਦੈ ?"

ਪਰ ਮੈਂ ਪੁਲਸ ਦੀ ਪ੍ਰਵਾਨਗੀ ਬਗ਼ੈਰ ਜ਼ਾਣ ਲਈ ਰਜ਼ਾਮੰਦ ਨਾ ਹੋਇਆ। ਦੁਧ ਦਾ ਸੜਿਆ ਲੱਸੀ ਨੂੰ ਫੂਕਾਂ ਮਾਰਦਾ ਹੈ। ਕੀ ਪਤਾ ਫੇਰ ਕੋਈ ਬਾਤ ਦਾ ਬਤੰਗੜ ਉਠ ਖੜੋਵੇ। ਮੈਂ ਕਿਸੇ ਗ਼ਲਤ ਲਾਲਚ ਵਿਚ ਨਹੀਂ ਸਾਂ ਪੈਣਾ ਚਾਹੁੰਦਾ।

ਪਰ ਝਨਾਂ ਤੇ ਜਿਹਲਮ (ਜਿਸ ਨੂੰ ਇਸ ਪਾਸੇ ਵਿਹਤ ਵੀ ਆਖਦੇ ਹਨ) ਦਾ ਸੰਗਮ ਵੇਖਣਾ ਕੋਈ ਛੋਟਾ ਮੋਟਾ ਲਾਲਚ ਨਹੀਂ ਸੀ। ਮੈਂ ਬਿਨੇ ਕੀਤੀ ਕਿ ਜੇ ਉਹ ਮੈਨੂੰ ਇਜਾਜ਼ਤ ਲੈ ਦੇਣ ਤਾਂ ਖ਼ੁਸ਼ੀ ਖ਼ੁਸ਼ੀ ਉਹਨਾਂ ਨਾਲ ਚਲਾਂਗਾ, ਸਗੋਂ ਸ਼ੁਕਰਗੁਜ਼ਾਰ ਵੀ ਹੋਵਾਂਗਾ।

ਮੁੰਡਿਆਂ ਨੇ ਇਸ ਗੱਲ ਦਾ ਜ਼ਿੰਮਾ ਚੁਕਿਆ। ਕਿਹਾ, ਡੀ. ਸੀ. ਸਾਹਿਬ ਰਾਤੀਂ ਸ਼ਹਿਰ ਮੁੜ ਆਣਗੇ, ਅਸੀਂ ਉਹਨਾਂ ਤੋਂ ਇਜਾਜ਼ਤ ਲੈ ਲਵਾਂਗੇ। ਕਲ੍ਹ ਸਵੇਰੇ ਸਤ ਵਜੇ ਇਨਸ਼ਾਲਾ ਅਸੀਂ ਤੁਹਾਨੂੰ ਲੈਣ ਜ਼ੈਲਘਰ ਆ ਜਾਵਾਂਗੇ ਤੁਸੀਂ ਤਿਆਰ ਰਹਿਣਾ। ਵੇਲਾ ਉਹੋ ਚੰਗਾ ਹੁੰਦੈ ਵੇਖਣ ਦਾ।"

ਉਹਨਾਂ ਨੂੰ ਜੀਪ ਮੋੜ ਕੇ ਰੁਖ਼ਸਤ ਹੁੰਦਿਆਂ ਵੇਖ ਬਿਲਾਲ ਦਬਵੀਂ ਜ਼ਬਾਨੇਂ ਬੋਲਿਆ, "ਭਲਿਉ ਲੋਕੋ, ਸਾਨੂੰ ਝੰਗ ਤੋੜੀ ਤਾਂ ਛੋੜ ਆਉਂਦੇ ?"

ਪੋਹੀ ਇਹ ਗੱਲ ਮੈਨੂੰ ਵੀ ਸੀ। "ਸ਼ਾਇਦ ਉਹਨਾਂ ਦੇ ਅੰਦਾਜ਼ੇ ਮੂਜਬ ਵੱਡਾ ਫ਼ਿਲਮ-ਸਟਾਰ ਨਹੀਂ ਹੋਇਆ," ਮੈਂ ਹਸ ਕੇ ਕਿਹਾ।

"ਨਹੀਂ ਇਹ ਗੱਲ ਨਹੀਂ। ਵਿਚਾਰੇ ਨਰਵਸ ਹੋ ਗਏ ਹੋਣਗੇ।"

ਬਜ਼ਾਰ ਪੁਜ ਕੇ ਬਿਲਾਲ ਨੂੰ ਖ਼ਿਆਲ ਆਇਆ ਕਿ ਇਕ ਵਾਰੀ ਆਪਣੇ ਦਫ਼ਤਰ ਫੇਰਾ ਮਾਰ ਲੈਣਾ ਚਾਹੀਦੈ, ਮਤੇ ਕੋਈ ਚਿੱਠੀ ਚੁੱਠੀ ਆਈ ਹੋਵੇ। ਠੀਕ ਗੱਲ ਸੀ। ਮੈਨੂੰ ਕੀ ਇਤਰਾਜ਼ ਹੋ ਸਕਦਾ ਸੀ ? ਸਗੋਂ ਉਹਦੇ ਨਾਲ ਅਵਾਰਾਗਰਦੀ ਕਰਨ ਦਾ ਮੈਨੂੰ ਹੁਣ ਅਜੀਬ ਮਜ਼ਾ ਆਣ ਲਗ ਪਿਆ ਸੀ। ਜਿਵੇਂ ਮੈਂ ਬਾਹਰੋਂ ਆਇਆ ਓਪਰਾ ਆਦਮੀ ਨਹੀਂ, ਏਥੋਂ ਦਾ ਹੀ ਵਾਸੀ ਹੋਵਾਂ। ਸੈਲਾਨੀ ਲਈ ਇਸ ਤੋਂ ਵਡਾ ਸੁਆਦ ਹੋਰ ਕੋਈ ਨਹੀਂ ਹੋ ਸਕਦਾ। ਹੁਣ ਮੈਂ

ਭੀੜੀਆਂ ਗਲੀਆਂ ਅਤੇ ਮੱਖੀਆਂ ਦੀ ਭਿਣ ਭਿਣ ਨੂੰ ਪੜਚੋਲਵੀਆਂ ਨਜ਼ਰਾਂ ਨਾਲ ਨਹੀਂ ਮਾਂ ਵੇਖਦਾ ਇੰਜ ਜਾਪਦਾ ਸੀ ਜਿਵੇਂ ਉਹ ਮੇਰੇ ਆਪਣੇ ਜੀਵਨ ਦਾ ਹਿੱਸਾ ਬਣ ਗਈਆਂ ਹੋਣ। ਬਿਲਾਲ ਦੇ ਦਫ਼ਤਰ ਦੇ ਨੇੜੇ ਇਕ ਗਲੀ ਵਿਚ ਡਾਕਖ਼ਾਨਾ ਸੀ। ਮੇਰੇ ਖੀਸੇ ਵਿਚ ਅੱਧੀ ਦਰਜਨ ਰੰਗੀਨ ਪਿਕਚਰ-ਪੋਸਟ ਕਾਰਡ ਪਏ ਸਨ, ਮੈਂ ਜੋ ਲਾਹੌਰ ਖ਼ੁਸ਼ਨੁਮਾ ਹਵਾਈ ਅੱਡੇ ਦੀ ਸੈਰ ਕਰਦਿਆਂ ਖ਼ਰੀਦੇ ਸਨ। ਮੈਂ ਬਿਲਾਲ ਨੂੰ ਕਿਹਾ, "ਤੁਸੀਂ ਆਪਣਾ ਕੰਮ ਕਰ ਆਓ, ਮੈਂ ਇਤਨੇ ਚਿਰ ਨੂੰ ਆਪਣੇ ਅਜ਼ੀਜ਼ਾਂ ਮਿਤਰਾਂ ਲਈ ਇਹ ਪਿਕਚਰ-ਪੋਸਟ ਕਾਰਡ ਡਾਕ ਵਿਚ ਪਾ ਦਿਆਂ।" ਬੜੇ ਚਾਅ ਨਾਲ ਮੈਂ ਪ੍ਰੇਮ-ਸੁਨੇਹੇ ਲਿਖੇ। ਟਿਕਟਾਂ ਖ਼ਰੀਦ ਕੇ ਲਾਈਆਂ। ਕੁਝ ਆਪਣੀ ਬੱਚੀ ਸਨੋਬਰ ਲਈ ਸੁਗਾਤ ਦੇ ਤੌਰ ਤੇ ਰਖ ਲਈਆਂ, ਅਤੇ ਜਦੋਂ ਬੱਲੇ ਦੀਆਂ ਪੌੜੀਆਂ ਵਰਤਣ ਦੀ ਥਾਂ ਛਾਲ ਮਾਰ ਕੇ ਹੇਠਾਂ ਉਤਰਿਆਂ ਤਾਂ ਇਕ ਸਾਇਕਲ ਵਾਲੇ ਸੱਜਣ ਨਾਲ ਟਕਰਾ ਗਿਆ ਜੋ ਮੈਨੂੰ ਹੀ ਮਿਲਣ ਲਈ ਆ ਰਹੇ ਸਨ।

ਅਜ ਮੇਰੀ ਕਿਸਤਮ ਦਾ ਸਿਤਾਰਾ ਵਾਕਈ ਬੁਲੰਦ ਸੀ। ਇਸ ਗ਼ੈਰ-ਮਾਮੂਲੀ ਸ਼ਖ਼ਸੀਅਤ ਦੇ ਮਾਲਕ ਦਾ ਨਾਂ ਹੈ ਸਯਦ ਜ਼ਫ਼ਰ ਅਲੀ ਜ਼ਫ਼ਰ। ਉਰਦੂ ਦੇ ਮਸ਼ਹੂਰ-ਓ-ਮਾਰੂਫ਼ ਸ਼ਾਇਰ ਹੋਣ ਤੋਂ ਇਲਾਵਾ ਹਿੰਦੀ ਵਿਚ ਵੀ ਠਾਠ-ਬਾਠ ਦੀ ਕ਼ਵਿਤਾ ਕਰਦੇ ਹਨ। ਆਪਣੇ ਬਾਰੇ ਆਖਿਆ ਹੈ :

ਪਲ ਪਲ ਕਾਯਾ ਚੋਲਾ ਬਦਲੇ
ਔਰ ਘੂਮੇ ਆਕਾਸ਼
ਹੀਰ ਨਗਰ ਕਾ ਸੱਯਦ ਜ਼ਾਦਾ,
ਬਨ ਗਿਆ ਤੁਲਸੀ ਦਾਸ।

ਸਾਈਕਲ ਉਹਨਾਂ ਬਿਲਾਲ ਦੇ ਦਫ਼ਤਰ ਛਡੀ ਅਤੇ ਤਿਨੋਂ ਜਣੇ ਝੋਲ ਖਾਂਦੇ ਹੋਏ ਇਕ ਟਾਂਗੇ ਵਿਚ ਬਹਿ ਕੇ ਹੀਰ ਦੀ ਨਗਰੀ ਵਲ ਤੁਰ ਪਏ।

ਸਾਰਾ ਰਸਤਾ ਬੜੇ ਚਾਅ ਨਾਲ ਮੈਂ ਜ਼ਫ਼ਰ ਸਾਹਿਬ ਕੋਲੋਂ ਹਿੰਦੀ ਰਚਨਾਵਾਂ ਸੁਣਦਾ ਗਿਆ। ਉਹ ਅੰਜੁਮ ਤੱਕੀ ਸਾਹਿਬ ਦੇ ਮਿੱਤਰ ਸਨ ਅਤੇ ਸੁਣ ਚੁਕੇ ਸਨ ਕਿ ਮੈਂ ਹਿੰਦੀ ਦਾ ਖ਼ਾਸ ਸ਼ੌਕੀਨ ਹਾਂ। ਦਰ ਅਸਲ ਇਹੋ ਖਿੱਚ ਉਹਨਾਂ ਨੂੰ ਮੇਰੇ ਵਲ ਪ੍ਰੇਰ ਕੇ ਲਿਆਈ ਸੀ।

ਸਾਡੇ ਦੇਸ਼ ਵਿਚ ਲੋਕਾਂ ਨੂੰ ਆਮ ਭਰਮ ਹੈ ਕਿ ਹਰ ਪਾਕਿਸਤਾਨੀ ਹਿੰਦੀ

ਨੂੰ ਨਫ਼ਰਤ ਕਰਦਾ ਹੈ। ਪਰ ਇਹਨਾਂ ਦੀਆਂ ਅਤਿ ਚੰਗੀ ਹਿੰਦੀ ਵਿਚ ਲਿਖੀਆਂ ਕਵਿਤਾਵਾਂ ਪੜ੍ਹ ਕੇ ਚੋਖੀ ਹਦ ਤਕ ਇਹ ਗ਼ਲਤ-ਫ਼ਹਿਮੀ ਦੂਰ ਹੋ ਸਕਦੀ ਹੈ।

ਮਘਿਆਣੇ ਤੋਂ ਝੰਗ ਦੋ ਕੁ ਮੀਲ ਦੀ ਵਾਟ ਤੇ ਹੈ। ਸਫ਼ਰ ਗ਼ੈਰ-ਦਿਲਚਸਪ ਹੈ, ਖੇਤ ਢੱਕੀਆਂ ਆਦਿ ਤੋਂ ਛੁਟ ਕੋਈ ਦੇਖਣ-ਲਾਇਕ ਚੀਜ਼ ਨਹੀਂ। ਏਸ ਲਈ ਜ਼ਫ਼ਰ ਸਾਹਿਬ ਦੀਆਂ ਕਵਿਤਾਵਾਂ ਸੁਣਦੇ ਜਾਣ ਵਿਚ ਸੈਲਾਨੀ ਨੁਕਤਾ-ਨਿਗਾਹ ਤੋਂ ਕੋਈ ਵਿਘਨ ਨਹੀਂ ਪਿਆ।

ਅਚਾਨਕ ਬਿਲਾਲ ਨੇ ਸਾਹਮਣਿਓਂ ਆਉਂਦੇ ਇਕ ਸਾਈਕਲ ਵਾਲੇ ਨੂੰ ਵਾਜ ਦਿਤੀ, "ਆ ਗਏ ਓ ਸੁਖ ਨਾਲ ?" ਟਾਂਗਾ ਤੇ ਸਾਈਕਲ ਦੋਵੇਂ ਨਾਲੋ ਨਾਲ ਈ ਖਲੋ ਗਏ। ਉਹ ਬੰਦਾ ਉਤਰ ਕੇ ਸਾਡੇ ਨੇੜੇ ਆਇਆ। ਸਾਰਾ ਲਿਬਾਸ ਚਿੱਟਾ ਸੀ। ਚਿੱਟੀ ਟਿਵਾਣਿਆਂ ਵਾਲੀ ਪੱਗ, ਗੋਡਿਆਂ ਤੀਕ ਪਹੁੰਚਦੀ ਚਿੱਟੀ ਕਮੀਜ਼, ਅਤੇ ਸ਼ਾਂ ਸ਼ਾਂ ਕਰਦੀ ਚਿੱਟੀ ਸਲਵਾਰ। ਉਸ ਦੇ ਹੱਥ ਵਿਚ ਕਪੜੇ ਦਾ ਥੈਲਾ ਸੀ, ਕਿਸੇ ਚੀਜ਼ ਨਾਲ ਭਰਿਆ ਹੋਇਆ — ਸ਼ਾਇਦ ਮੂਲੀਆਂ ਸਨ, ਠੀਕ ਯਾਦ ਨਹੀਂ। ਸ਼ਕਲ ਡਾਢ੍ਹੀ ਕਾਲੀ, ਇਸੇ ਕਾਰਨ ਕਪੜਿਆਂ ਦੀ ਚਿਟਿਆਈ ਵਧੇਰੇ ਅੱਖਾਂ ਨੂੰ ਚੁਭਦੀ ਸੀ। ਵੱਡੀਆਂ, ਚੁਸਤ, ਪਰ ਇਕਦਮ ਚਿੱਟੀਆਂ ਮੁੱਛਾਂ। ਸਾਰਾ ਹੁਲੀਆ ਹੀ ਕਿਸੇ ਉੱਚ ਅਫ਼ਸਰ ਦੇ ਖ਼ਾਨਸਾਮੇ ਵਰਗਾ ਸੀ।

ਬਿਲਾਲ ਨੇ ਟਾਂਗੇ ਤੋਂ ਉੱਤਰ ਕੇ ਉਹਨਾਂ ਨਾਲ ਰਾਜ਼ਦਾਰਾਨਾ ਸਰਗੋਸ਼ੀ ਅਰੰਭ ਦਿਤੀ; ਤੇ ਅੰਤ ਜਦੋਂ ਉਹ ਚਲੇ ਗਏ ਤਾਂ ਉਹਨੇ ਦਸਿਆ ਕਿ ਉਹੋ ਸ਼ੇਰ ਅਫ਼ਜ਼ਲ ਜਾਫ਼ਰੀ ਸਨ — ਮਗ਼ਰਬੀ ਪਾਕਿਸਤਾਨ ਦੇ ਚੋਟੀ ਦੇ ਸ਼ਾਇਰ।

"ਯਾਰ ਤੂੰ ਹੱਦ ਕੀਤੀ। ਮੇਰਾ ਤੁਆਰਫ਼ ਵੀ ਨਾ ਕਰਾਇਆ। ਡਾਕਟਰ ਨਜ਼ੀਰ ਅਹਿਮਦ ਨੇ ਤਾਂ ਇਹਨਾਂ ਨੂੰ ਮੇਰੇ ਆਉਣ ਦੀ ਪਹਿਲਾਂ ਤੋਂ ਇਤਲਾਹ ।ਦਤੀ ਹੋਈ ਸੀ ?"

"ਆਹੋ, ਕਾਹਲੇ ਕਿਉਂ ਪੈਂਦੇ ਓ," ਬਿਲਾਲ ਨੇ ਫੇਰ ਇਕ ਚੰਗੇ ਪ੍ਰਬੰਧਕ ਹੋਣ ਦਾ ਸਬੂਤ ਦੇਂਦਿਆਂ ਕਿਹਾ, "ਉਹਨਾਂ ਮੈਨੂੰ ਦਸ ਦਿਤੈ। ਮਾਫ਼ੀ ਮੰਗਦੇ ਸਨ ਪਈ ਪਹਿਲੋਂ ਤੁਹਾਡੀ ਖਿਦਮਤ ਵਿਚ ਹਾਜ਼ਰ ਨਹੀਂ ਹੋ ਸਕੇ। ਚਨਿਓਟ ਗਏ ਹੋਏ ਸਨ। ਝੰਗ ਤੋਂ ਜਦੋਂ ਅਸੀਂ ਵਾਪਸ ਆਵਾਂਗੇ ਉਹ ਤੱਕੀ ਸਾਹਿਬ ਦੇ ਘਰ ਸਾਨੂੰ ਉਡੀਕ ਰਹੇ ਹੋਣਗੇ।

ਜਿਉਂ ਜਿਉਂ ਝੰਗ ਸ਼ਹਿਰ ਦੀਆਂ ਢੱਕੀਆਂ ਨੇੜੇ ਆਉਂਦੀਆਂ ਗਈਆਂ, ਮੇਰੇ ਮਨ ਦੀ ਹਾਲਤ ਇੰਜ ਹੁੰਦੀ ਗਈ, ਜਿਵੇਂ ਹੁਣ ਤੋਂ ਮੇਰੇ ਉਪਰ ਉਹਨਾਂ ਦਾ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ ਹੋਵੇ । ਇਕ ਵਾਰੀ ਕਦੇ ਮੈਂ ਦਮੋਦਰ ਦੀ ਹੀਰ ਵੀ ਪੜ੍ਹੀ ਸੀ। ਪਰ ਉਦੋਂ ਪੰਜਾਬੀ ਅਟਕ ਅਟਕ ਕੇ ਪੜ੍ਹਦਾ ਸਾਂ। ਛੇਤੀ ਥੱਕ ਜਾਂਦਾ, ਖ਼ੈਰ ਕਿਤਨੇ ਮਹੀਨਿਆਂ ਵਿਚ ਮੈਂ ਕਿਤਾਬ ਮੁਕਾਈ ਸੀ। ਮੈਂ ਉਹਨੂੰ ਗੌਲਿਆ ਵੀ ਬਹੁਤ ਨਹੀਂ, ਕਿਉਂਕਿ ਮੇਰੇ ਮਨ ਵਿਚ ਵਾਰਸਸ਼ਾਹ ਦੇ ਹੀ ਸਰਬੋਤਮ ਹੀਰ-ਲੇਖਕ ਹੋਣ ਦਾਂ ਖ਼ਿਆਲ ਬੈਠਾ ਹੋਇਆ ਸੀ। ਪਰ ਝੰਗ ਦੇ ਨੇੜੇ ਆ ਕੇ ਝੰਗ ਦੇ ਲੋਕਾਂ ਦੀ ਬੋਲੀ ਸੁਣ ਸੁਣ ਕੇ ਮੈਨੂੰ ਹੁਣ ਇਹ ਮਹਿਸੂਸ ਹੋਣ ਲਗ ਪਿਆ ਸੀ ਕਿ ਵਾਰਸਸ਼ਾਹ ਏਥੇ ਬਿਗਾਨਾ ਤੇ ਅਜਨਬੀ ਹੈ। ਵਾਰ ਵਾਰ ਮੇਰਾ ਧਿਆਨ ਦਮੋਦਰ ਦੀ ਹੀਰ ਵਲ ਜਾਂਦਾ, ਤੇ ਉਹ ਮੈਨੂੰ ਅਸਲੀ ਤੇ ਵੱਡਮੁੱਲੀ ਚੀਜ਼ ਜਾਪਦੀ। ਉਸ ਵਿਚ ਚਨਿਓਟ ਦਾ ਨਾਂ ਵੀ ਆਇਆ ਸੀ, ਅਤੇ ਹੋਰ ਥਾਵਾਂ ਦਾ, ਜੋ ਏਥੇ ਆਸ ਪਾਸ ਦੇ ਇਲਾਕੇ ਵਿਚ ਹੋਣਗੀਆਂ। ਸਿਆਲ ਤੇ ਖੇੜੇ ਹੁਣ ਵੀ ਮਸ਼ਹੂਰ ਜ਼ਾਤਾਂ ਹਨ, ਪਰ ਹੋਰ ਵੀ ਕਿਤਨੀਆਂ ਜ਼ਾਤਾਂ ਦਾ ਦਮੋਦਰ ਨੇ ਨਾਂ ਲਿਆ ਹੈ। ਕਿਉਂ ਨਾਂ ਦਮੋਦਰ ਦੀ ਹੀਰ ਮੈਂ ਆਉਣ ਤੋਂ ਪਾਂਹਲਾਂ ਇਕ ਵਾਰੀ ਹੋਰ ਪੜ੍ਹ ਲਈ ? ਉਸ ਦੀ ਮਦਦ ਨਾਲ ਏਥੋਂ ਮੈਨੂੰ ਕਿਤਨੇ ਚਿੰਨ੍ਹ ਮਿਲਣੇ ਸਨ ? ਹੀਰ ਦੇ ਕਿੱਸੇ ਦਾ ਅਖੀਰਲਾ ਹਿੱਸਾ ਵਾਰਸਸ਼ਾਹ ਨੇ ਬੜੇ ਫ਼ਰਜ਼ੀ ਢੰਗ ਨਾਲ ਬਿਆਨ ਕੀਤਾ ਹੈ। ਪਰ ਦਮੋਦਰ ਦੇ ਬਿਆਨ ਵਿਚ ਅਸਲੀਅਤ ਅਤੇ ਸਚਿਆਈ ਕੁੱਟ ਕੁੱਟ ਕੇ ਭਰੀ ਹੈ। ਉਹਨੇ ਲਿਖਿਆ, ਕਿਵੇਂ ਰੰਗਪੁਰੋਂ ਨਠਣ ਤੋਂ ਬਾਅਦ ਹੀਰ ਤੇ ਰਾਂਝੇ ਨੇ ਇਕ ਅਜਿਹੇ ਕਬੀਲੇ ਦੀ ਸ਼ਰਣ ਲਈ ਜੋ ਉਹਨਾਂ ਵਾਂਗ ਹੀ ਉੱਚੀ ਜ਼ਾਤ ਦੇ ਰਾਠਾਂ ਦਾ ਸੀ, ਕਿਵੇਂ ਪੁਰਾਣੀਆਂ ਰਾਜਪੂਤੀ ਪਰੰਪਰਾਵਾਂ ਅਨੁਸਾਰ ਇਕ ਕਬੀਲੇ ਨੇ ਸਿਆਲਾਂ ਨਾਲ ਲੜ ਕੇ ਸ਼ਰਣਾਗਤਾਂ ਦੀ ਰਖਿਆ ਕੀਤੀ ਸੀ। ਫੇਰ ਮਾਮਲਾ ਇਕ ਰਾਜੇ ਦੇ ਦਰਬਾਰ ਵਿਚ ਪੇਸ਼ ਹੋਇਆ ਸੀ, ਪਰ ਉਸ ਦੇ ਕਾਜ਼ੀ ਨੇ ਇਨਸਾਫ਼ ਨਾ ਕੀਤਾ ਅਤੇ ਹੀਰ ਮੁੜ ਖੇੜਿਆਂ ਦੇ ਹਵਾਲੇ ਕਰ ਦਿਤੀ। ਖੇੜਿਆਂ ਨੇ ਹੀਰ ਦੇ ਗੱਲ ਤੇ ਲੱਕ ਵਿਚ ਰੱਸਾ ਪਾ ਕੇ ਉਹਨੂੰ ਘੋੜੇ ਦੇ ਪਿੱਛੇ ਪਿੱਛੇ ਧੂਹਿਆ, ਸਾਰਾ ਰਾਹ ਮਾਰ ਮਾਰ ਕੇ ਉਹਦਾ ਬੁਰਾ ਹਾਲ ਕਰਦੇ ਰਹੇ। ...ਭਲਾ ਉਸ ਰਾਜੇ ਦਾ ਸ਼ਹਿਰ ਕਿਤਨੀ ਦੂਰ ਹੋਵੇਗਾ ਇਥੋਂ ?...

ਪਿਛਲੇ ਸਾਲ ਮੈਂ ਕਾਠੀਆਵਾੜ ਦੇ ਪਿੰਡਾਂ ਦਾ ਚੱਕਰ ਲਾਇਆ ਸੀ।

ਇਹਨਾਂ ਵਿਚੋਂ ਇਕ "ਭਰਵਾੜੀ" ਜ਼ਾਤ ਦੇ ਲੋਕਾਂ ਦਾ ਪਿੰਡ ਸੀ। ਇਥੇ ਵੜਦਿਆਂ ਸਾਰ ਮੈਨੂੰ ਜਾਪਿਆ ਸੀ ਜਿਵੇਂ ਪੰਜਾਬ ਹੀ ਆ ਗਿਆ ਹਾਂ, ਹਾਲਾਂ ਕਿ ਜ਼ਾਹਿਰਾ ਤੌਰ 'ਤੇ ਇਹ ਲੋਕ ਪੰਜਾਬੀਆਂ ਨਾਲੋਂ ਬਹੁਤ ਵਖਰੇ ਹਨ। ਫੇਰ ਇਕ ਹੋਰ ਅਜੀਬ ਗੱਲ ਹੋਈ ਸੀ। ਜਦੋਂ ਵੀ ਇਸ ਪਿੰਡ ਦੇ ਲੋਕ ਆਪਸ ਵਿਚ ਗੱਲਾਂ ਕਰਦੇ ਤਾਂ ਮੈਨੂੰ ਉਹਨਾਂ ਦਾ ਭਾਵ ਪੱਲੇ ਪੈ ਜਾਂਦਾ, ਹਾਲਾਂ ਕਿ ਮੈਂ ਉਹਨਾਂ ਦੀ ਗੁਜਰਾਤੀ ਜ਼ਬਾਨ ਤੋਂ ਬਿਲਕੁਲ ਨਾ-ਵਾਕਫ਼ ਸਾਂ। ਮੇਰਾ ਗੁਜਰਾਤੀ ਮਿੱਤਰ, ਜਿਹੜਾ ਮੈਨੂੰ ਇਹ ਪਿੰਡ ਵਿਖਾਉਣ ਲੈ ਗਿਆ ਸੀ; ਇਹ ਵੇਖ ਕੇ ਹੱਕਾ ਬੱਕਾ ਰਹਿ ਗਿਆ ਕਿ ਸਚਮੁਚ ਹੀ ਲੋਕਾਂ ਦੀ ਗੱਲ-ਬਾਤ ਦਾ ਮੂਲ-ਮੁੱਦਾ ਮੈਂ ਕਢ ਲੈਂਦਾ ਹਾਂ। ਉਹਨਾਂ ਦੀ ਬੋਲੀ ਵਿਚ ਕੁਝ ਐਸੇ ਲਫ਼ਜ਼ ਆ ਜਾਂਦੇ, ਅਤੇ ਉਹਨਾਂ ਦਾ ਢੰਗ ਅਜਿਹਾ ਹੁੰਦਾ, ਕਿ ਭਾਸ਼ਾ ਨਾ ਸਮਝਦਿਆਂ ਹੋਇਆਂ ਵੀ ਉਹਨਾਂ ਦੀ ਗੱਲ ਮੇਰੀ ਸਮਝ ਵਿਚ ਆ ਜਾਂਦੀ। ਅਤੇ ਮੈਨੂੰ ਮਹਿਸੂਸ ਹੁੰਦਾ ਕਿ ਮੇਰੀ ਅੰਦਰੋਂ ਉਹਨਾਂ ਨਾਲ ਕੋਈ ਪੁਰਾਣੀ ਤੇ ਵਿਸਰੀ ਹੋਈ ਸਾਂਝ ਹੈ।

ਗੁੱਜਰ ਕੌਮ ਨੇ ਗੁਜਰਾਤ ਵਸਾਇਆ। ਪੰਜਾਬ ਵਿਚ ਗੁਜਰਾਤ, ਗੁਜਰਾਂਵਾਲਾ, ਗੁੱਜਰਖ਼ਾਨ ਆਦ ਸ਼ਹਿਰ ਵੀ ਇਸੇ ਕੌਮ ਦੇ ਚਿੰਨ੍ਹ ਹਨ। ਪੰਜਾਬ ਵਿਚ ਗੁੱਜਰ ਲੋਕ ਪਹਾੜਾਂ ਵਿਚ ਹੁਣ ਵੀ ਮਿਲਦੇ ਹਨ। ਇਹਨਾਂ ਦਾ ਕੰਮ ਢੋਰ ਡੰਗਰ ਪਾਲਣਾ ਤੇ ਦੁੱਧ ਮੱਖਣ ਵੇਚਣਾ ਹੈ, ਭਾਵੇਂ ਇਹ ਲੋਕ ਹੁਣ ਮੁਸਲਮਾਨ ਹਨ। ਗੁਜਰਾਤ — ਕਾਠੀਆਵਾੜ ਦੇ ਲੋਕ ਕਹਿੰਦੇ ਹਨ ਕਿ ਜਦੋਂ ਕ੍ਰਿਸ਼ਨ ਮਹਾਰਾਜ ਮਥਰਾ ਨਗਰੀ ਛਡ ਕੇ ਦਵਾਰਕਾ ਚਲੇ ਆਏ ਤਾਂ ਹਜ਼ਾਰਾਂ ਗੋਪੀਆਂ ਗੋਪਾਲ ਉਹਨਾਂ ਦੇ ਅੰਗ ਸੰਗ ਸਨ, ਕਿਉਂਕਿ ਕਾਨ੍ਹ ਬਿਨਾਂ ਸੁਨੇ ਬ੍ਰਿਜ ਵਿਚ ਉਹਨਾਂ ਲਈ ਰਹਿਣਾ ਅਸਹਿ ਸੀ, ਅਤੇ ਏਸ ਕਾਰਨ ਅਜ ਵੀ ਗੁਜਰਾਤ ਦੇ ਪਿੰਡਾਂ ਦੀਆਂ ਤਕਰੀਬਨ ਸਭਨਾਂ ਆਦਿ-ਵਾਸੀ ਜਾਤੀਆਂ ਦਾ ਪੇਸ਼ਾ, ਗੁਜਰਾਂ ਵਾਂਗ, ਕੇਵਲ ਢੋਰ-ਡੰਗਰ ਪਾਲਣਾ ਤੇ ਦੁੱਧ-ਮੱਖਣ ਵੇਚਣਾ ਹੈ।

ਕਾਠੀਆਵਾੜੀ ਪਿੰਡਾਂ ਵਿਚ ਦੋਹੇ ਗਾਣ ਦਾ ਲੋਕਾਂ ਨੂੰ ਬੜਾ ਸ਼ੌਕ ਹੈ, ਜਿਸ ਤਰ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਢੋਲੇ ਤੇ ਮਾਹੀਏ ਗਾਣ ਦਾ। ਪਰ ਦੋਹੇ ਗਾਣ ਦਾ ਸ਼ੌਕ ਪੰਜਾਬ ਦੇ ਤੇ ਖ਼ਾਸ ਤੌਰ ਤੇ ਝੰਗ ਦੇ ਕਿਸਾਨਾਂ ਨੂੰ ਵੀ ਹੈ, ਇਹ ਗੱਲ ਮੈਨੂੰ ਏਥੇ ਆ ਕੇ ਪਤਾ ਲਗੀ ਸੀ।

ਮੇਰਾ ਇਤਿਹਾਸ ਬਾਰੇ ਗਿਆਨ ਨਫ਼ੀ ਦੇ ਬਰਾਬਰ ਹੈ। ਪਰ ਫੇਰ ਵੀ ਮੈਨੂੰ

ਪੱਛਮੀ ਪੰਜਾਬ ਦਾ, ਜਿਸ ਨੂੰ ਲਹਿੰਦਾ ਆਖਦੇ ਹਨ, ਇਤਿਹਾਸ ਗੁਜਰਾਤ ਕਾਠੀਆਵਾੜ ਨਾਲ ਬਹੁਤ ਮੇਲ ਖਾਂਦਾ ਪਰਤੀਤ ਹੁੰਦਾ ਹੈ। ਮੈਨੂੰ ਯਕੀਨ ਹੈ ਕਿ ਇਹਨਾਂ ਦੋਵਾਂ ਕੌਮਾਂ ਦੀ ਬੋਲੀ ਤੇ ਸਭਿਆਚਾਰ ਵਿਚ ਖੋਜੀਆਂ ਲਈ ਬੜਾ ਮਾਲ ਦੱਬਿਆ ਪਿਆ ਹੈ। ਪੂਰਬੀ ਪੰਜਾਬ ਇਸ ਲਿਹਾਜ਼ ਨਾਲ ਮੈਨੂੰ ਪੱਛਮੀ ਪੰਜਾਬ ਤੋਂ ਕੁਝ ਵਖਰਾ ਵਖਰਾ ਦਿਸਦਾ ਹੈ।

ਮੈਨੂੰ ਝੰਗ ਦੇ ਇਲਾਕੇ ਵਿਚ ਕਈ ਤੀਵੀਂਆਂ ਐਸੀਆਂ ਦਿਸੀਆਂ ਜਿਨ੍ਹਾਂ ਦਾ ਪਹਿਰਾਵਾ ਹੂਬਹੂ ਕਾਠੀਆਵਾੜਨਾਂ ਵਾਲਾ ਸੀ। ਲਾਲ ਲਾਲ ਰੰਗ ਦੀਆਂ ਸ਼ੀਸ਼ਿਆਂ-ਜੜੀਆਂ ਚੋਲੀਆਂ, ਉਹਨਾਂ ਨਾਲ ਮੇਲ ਖਾਂਦੀਆਂ ਚੁੰਨੀਆਂ ਤੇ ਘਗਰੇ। ਏਥੇ ਇਹਨਾਂ ਨੂੰ ਪਛੜੀਆਂ ਹੋਈਆਂ ਜਾਤੀਆਂ ਦੇ ਲੋਕ ਆਖਿਆ ਜਾਂਦਾ ਹੈ। ਸਾਊ ਬਿਰਾਦਰੀ ਤੋਂ ਇਹ ਬਾਹਰ ਗਿਣੇ ਜਾਂਦੇ ਹਨ। ਏਥੇ ਇਹਨਾਂ ਦਾ ਪਹਿਰਾਵਾ ਇਕ ਵਿਰਲੀ ਅਨੋਖੀ ਚੀਜ਼ ਹੈ, ਪਰ ਕਾਠੀਆਵਾੜ ਵਿਚ ਇਹ ਲੋਕਾਂ ਵਿਚ ਇੰਜ ਰਲ ਮਿਲ ਜਾਣ ਕਿ ਇਹਨਾਂ ਨੂੰ ਨਿਖੇੜ ਕੇ ਵੇਖਣਾ ਔਖਾ ਹੋ ਜਾਵੇ।

ਖ਼ੌਰੇ ਕਿਸੇ ਜ਼ਮਾਨੇ ਵਿਚ ਇਹਨਾਂ ਦੇ ਕਬੀਲਿਆਂ ਨੇ, ਮੁਸਲਮਾਨਾਂ ਦੇ ਲਗਾਤਾਰ ਹਮਲਿਆਂ ਦੀ ਤਾਬ ਨਾ ਸਹਿ ਕੇ, ਕਾਠੀਆਵਾੜ ਤੇ ਕੱਛ ਦੇ ਰੇਗਿਸਤਾਨੀ ਇਲਾਕਿਆਂ ਵਲ ਨਠ ਜਾਨ ਦਾ ਫ਼ੈਸਲਾ ਕੀਤਾ ਹੋਵੇਗਾ ? ਬਾਕੀ ਚਲੇ ਗਏ, ਕੁਝ ਘਰ ਰਹਿ ਗਏ। ਆਮ ਲੋਕਾਂ ਨੇ ਇਸਲਾਮ ਕਬੂਲ ਕਰ ਲਿਆ, ਇਹ ਉਹਨਾਂ ਤੋਂ ਅਡਰੇ ਹੋ ਗਏ। ਵਖ ਵਖ ਰਹਿਣ ਲਗ ਪਏ। ਜਰਾਇਮ-ਪੇਸ਼ਾ ਅਖਵਾਣ ਲਗ ਪਏ।

ਰਾਜਪੂਤੀ ਤਵਾਰੀਖ਼ ਇਕ ਅਜੀਬ ਅਣਖੀਲੀ ਤਵਾਰੀਖ਼ ਹੈ। ਪਰਾਰ ਸਾਲ ਜਦੋਂ ਜਸਵੰਤ ਸਿੰਘ ਕੰਵਲ ਨਾਲ ਮੋਗੇ ਸ਼ਹਿਰ ਅਤੇ ਆਸ ਪਾਸ ਦੇ ਪਿੰਡਾਂ ਦੀ ਸੈਰ ਮੁਕਾ ਕੇ ਮੋਟਰ ਵਿਚ ਵਾਪਸ ਦਿੱਲੀ ਜਾ ਰਿਹਾ, ਸਾਂ ਇਕ ਥਾਂ ਸੜਕ ਦੇ ਕੰਢੇ ਇਕ ਬੜੇ ਵਿਚਿੱਤਰ ਕਾਰਵਾਨ ਨੇ ਡੇਰਾ ਲਾਇਆ ਹੋਇਆਂ ਸੀ। ਇਹਨਾਂ ਲੋਕਾਂ ਦੀਆਂ ਬੈਲ-ਗੱਡੀਆਂ ਰੱਥਾਂ ਦੀ ਸ਼ਕਲ ਦੀਆਂ ਅਤੇ ਅਣਗਿਣਤ ਪਿੱਤਲ ਦੇ ਕੋਕਿਆਂ ਨਾਲ ਸ਼ਿੰਗਾਰੀਆਂ ਹੋਈਆਂ ਸਨ। ਇਹਨਾਂ ਦਾ ਲਿਬਾਸ ਵੀ ਮੈਨੂੰ ਚੋਖਾ ਕਾਠੀਆਵਾੜੀ ਜਾਪਿਆ : ਉਹੋ ਲਾਲ ਲਾਲ ਸ਼ੀਸ਼ਿਆਂ-ਜੜੇ ਜੁੱਬੇ, ਚੋਲੀਆਂ, ਘੱਗਰੇ। ਮਰਦਾਂ ਦੇ ਲੰਮੇ ਪਟੇ, ਬਾਂਕੀਆਂ ਮੁੱਛਾਂ। ਥਾਂ ਥਾਂ ਭੱਠ ਬਾਲ ਕੇ ਇਹ ਲੋਕ ਲੋਹਾ ਪਏ ਕੁੱਟਦੇ ਸਨ।

ਮੈਂ ਮੋਟਰ ਰੋਕ ਕੇ ਉਹਨਾਂ ਤੋਂ ਪੁੱਛੇ ਬਿਨਾਂ ਨਾ ਰਹਿ ਸਕਿਆ ਕਿ ਉਹ

ਕੌਣ ਹਨ। ਇਹ ਜਾਣ ਕੇ ਬੇ-ਹੱਦ ਹੈਰਾਨੀ ਹੋਈ ਕਿ ਉਹ ਮਹਾਰਾਣਾ ਪ੍ਰਤਾਪ ਸਿੰਘ ਦੇ ਹਮਜ਼ਾਤ ਰਾਠੋੜ ਸਨ । ਜਦੋਂ ਮਹਾਰਾਣਾ ਪ੍ਰਤਾਪ ਨੇ ਪ੍ਰਣ ਲਿਆ ਕਿ ਚਿਤੌੜ ਫ਼ਤਹਿ ਹੋਣ ਤੀਕ ਥਾਲੀ ਵਿਚ ਰੋਟੀ ਨਹੀਂ ਖਾਣੀ, ਮੰਜੀ ਉਤੇ ਨਹੀਂ ਸੌਣਾ ਆਦਿ, ਤਾਂ ਇਹੋ ਪ੍ਰਣ ਉਹਨਾਂ ਦੇ ਢਾਈ ਤਿੰਨ ਸੌ ਸਾਥੀਆ ਨੇ ਵੀ ਲਿਆ ਸੀ। ਇਹ ਵਣਜਾਰੇ ਰਾਠੋੜ ਉਹਨਾਂ ਸੂਰਮਿਆਂ ਦੀ ਹੀ ਸੰਤਾਨ ਸਨ। ਇਹਨਾਂ ਦਸਿਆ ਕਿ ਜਵਾਹਰ ਲਾਲ ਨਹਿਰੂ ਤੀਕ ਨੇ ਇਹਨਾਂ ਨੂੰ ਸਮਝਾਇਆ ਹੈ ਕਿ ਚਿਤੌੜ ਹੁਣ ਅਜ਼ਾਦ ਹੈ, ਇਹਨਾਂ ਨੂੰ ਮੁੜ ਆਪਣੇ ਦੇਸ ਜਾ ਕੇ ਵਸ ਜਾਣਾ ਚਾਹੀਦਾ ਹੈ। ਪਰ ਇਹ ਲੋਕ ਨਹੀਂ ਮੰਨੇ। ਸਦੀਆਂ ਤੋਂ ਭਟਕ ਰਹੇ ਹਨ, ਭਟਕਣਾ ਹੀ ਹੁਣ ਇਹਨਾਂ ਦੇ ਜੀਵਨ ਦੀ ਪੁਸ਼ਤੈਨੀ ਪਰੰਪਰਾ ਬਣ ਗਈ ਹੈ। ਇਹਨੂੰ ਛੱਡਣਾ ਹੁਣ ਇਹਨਾਂ ਲਈ ਔਖਾ ਹੀ ਨਹੀਂ ਅਸੰਭਵ ਹੈ।

ਅਜ ਤੋਂ ਦੋ ਸਾਲ ਪਹਿਲਾਂ ਇਕ ਅੰਗਰੇਜ਼ ਲੇਖਕ ਜਾਰਜ ਬਾਰੋ ਨੇ ਇੰਗਲਿਸਤਾਨ ਦੇ ਜਿਪਸੀ (Gypsy) ਵਣਜਾਰਿਆਂ ਵਿਚ ਰਹਿ ਕੇ ਖੋਜ ਲਾਈ ਸੀ ਕਿ ਇਹ ਲੋਕ ਪਿਛੋਂ ਮੁਲਤਾਨ ਦੇ ਇਲਾਕੇ ਦੇ ਹਨ, ਅਤੇ ਕਿਸੇ ਕਾਰਨ ਦੇਸ਼ ਤਿਆਗ ਕੇ ਕਈ ਸਦੀਆਂ ਤੋਂ ਦੇਸ਼ ਦੇਸ਼ਾਂਤਰਾਂ ਵਿਚ ਭਟਕ ਰਹੇ ਹਨ। ਉਸ ਤੋਂ ਬਾਅਦ ਹੋਰ ਵੀ ਬਹੁਤ ਸਾਰੇ ਲੋਕਾਂ ਨੇ ਖੋਜ ਕੀਤੀ, ਅਤੇ ਹੁਣ ਇਹ ਗੱਲ ਪ੍ਰਵਾਨੀ ਜਾ ਚੁਕੀ ਹੈ ਕਿ ਇੰਗਲੈਂਡ, ਸਪੇਨ, ਹੰਗਰੀ ਅਮਰੀਕਾ, ਰੂਸ ਅਥਵਾ ਅਨੇਕਾਂ ਹੋਰ ਦੇਸ਼ਾਂ ਵਿਚ ਫੈਲੇ ਜਿਪਸੀ ਵਣਜਾਰੇ ਦਰ-ਅਸਲ ਉਤਰੀ ਭਾਰਤ ਦੇ ਰਾਜਪੂਤ ਲੋਕ ਹੀ ਹਨ। ਇਹ ਲੋਕ ਹਿੰਦੁਸਤਾਨ ਨੂੰ "ਬੜਾ ਥਾਂ" ਦੇ ਨਾਂ ਨਾਲ ਯਾਦ ਕਰਦੇ ਹਨ। ਇਹਨਾਂ ਨੂੰ ਕੋਈ ਵੀ ਹਿੰਦੁਸਤਾਨੀ ਮਿਲ ਜਾਏ ਇਹ ਉਹਨੂੰ ਆਪਣਾ ਵੀਰ ਸਮਝ ਕੇ ਪਿਆਰਦੇ ਹਨ।

ਅਜੀਬ ਅਣਖੀਲੇ ਲੋਕ ਹੋਣਗੇ ਇਹ ਰਾਜਪੂਤ। ਇਨ੍ਹਾਂ ਦੀ ਖਸ਼ੱਤਰੀ ਮਰਿਆਦਾ ਮਹਾਂਭਾਰਤ ਦੇ ਵੇਲਿਆਂ ਵਿਚ ਬਣੀ ਸੀ ਇਹਨੂੰ ਬਦਲਣ ਤੋਂ ਉਹ ਅਸਮਰਥ ਸਨ, ਇਸੇ ਲਈ ਮੁਸਲਮਾਨ ਹਮਲਾਆਵਰਾਂ ਅਗੇ ਨਾ ਟਿਕ ਸਕੇ। ਇਸਲਾਮੀ ਹਮਲਿਆਂ ਵੇਲੇ ਤਕ ਇਹੋ ਪਰੰਪਰਾਵਾਂ ਇਹਨਾਂ ਦੇ ਪੈਰਾਂ ਦੀ ਬੇੜੀ ਵੀ ਬਣ ਚੁਕੀਆਂ ਸਨ। ਹਾਰ ਕੇ ਕਈ ਜਾਤੀਆਂ ਨੇ ਇਸਲਾਮ ਕਬੂਲ ਕਰ ਲਿਆ। ਜਿਹੜੇ ਹਾਰੇ ਹੋਏ ਵੀ ਹਾਰ ਮੰਨਣ ਨੂੰ ਤਿਆਰ ਨਹੀਂ ਸਨ, ਉਹ ਹਮਾਲੇ ਪਰਬਤ ਦੇ ਜੰਗਲਾਂ ਵਿਚ ਜਾ ਛੁਪੇ, ਰਾਜਸਥਾਨ ਤੇ ਕਾਠੀਆਵਾੜ ਦੇ ਰੇਗਿਸਤਾਨਾਂ ਵਲ ਦੌੜ ਪਏ, ਅਤੇ ਕਈ ਉੱਕਾ ਹੀ ਦੇਸ਼ ਛਡ ਗਏ ਅਤੇ ਰਮਤੇ ਜੋਗੀਆਂ ਵਾਲਾ ਜੀਵਨ ਧਾਰ

ਲਿਆ। ਹੁਣ ਉਹਨਾਂ ਨੂੰ ਸੰਸਾਰਕ ਪਦਾਰਥਾਂ ਦਾ ਕੋਈ ਮੋਹ ਨਹੀਂ ਸੀ। ਖੁਲ੍ਹ ਅਸਮਾਨ ਹੀ ਉਹਨਾਂ ਦੀ ਛੱਤ ਤੇ ਸਾਰੀ ਧਰਤ ਹੀ ਉਹਨਾਂ ਦਾ ਪਿੰਡ। ਇਹ ਵੈਰਾਗ ਰਾਂਝੇ ਦੇ ਜੋਗੀ ਬਣਨ ਵਾਂਗ ਦੁਖਾਂਤਕ ਵੀ ਸੀ, ਪਰ ਇਹਦੀ ਤਹਿ ਵਿਚ ਉਪਨਿਸ਼ਦ ਦਾ ਉਹ ਫ਼ਲਸਫ਼ਾ ਵੀ ਸੀ ਜਿਸ ਦੇ ਅਨੁਸਾਰ ਕੇਵਲ ਸਰੀਰ ਮਰਦਾ ਹੈ, ਆਤਮਾ ਨਹੀਂ ਮਰਦੀ। ਦੁਨੀਆਂ ਇਸ ਫ਼ਲਸਫ਼ੇ ਨੂੰ ਨਿਰਾਸ਼ਵਾਦੀ ਆਖਦੀ ਹੈ, ਪਰ ਇਸੇ ਫ਼ਲਸਫ਼ੇ ਨੇ ਮਹਾਂਭਾਰਤ ਕਾਲ ਵਿਚ ਅਰਜਨ, ਅਤੇ ਔਰੰਗਜ਼ੇਬ ਦੇ ਜ਼ਮਾਨੇ ਵਿਚ ਗੁਰੂ ਗੋਬਿੰਦ ਸਿੰਘ ਦੇ ਹੱਥ ਵਿਚ ਤਲਵਾਰ ਫੜਾਈ ਸੀ, ਅਤੇ ਏਸੇ ਫ਼ਲਸਫ਼ੇ ਨੇ ਮਹਾਤਮਾਂ ਗਾਂਧੀ ਜਹੇ "ਨੰਗੇ ਫ਼ਕੀਰ" ਨੂੰ ਅੰਗਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਉਖਾੜਨ ਦੇ ਯੋਗ ਬਣਾ ਦਿਤਾ ਸੀ।...... ਹੀਰ ਨਗਰ ਦੇ ਸਿਆਲ ਵੀ ਇਹਨਾਂ ਰਾਜਪੂਤ ਰਾਠਾਂ ਦੀ ਸੰਤਾਨ ਹਨ।

ਟਾਂਗੇ ਵਿਚੋਂ ਉਤਰ ਕੇ ਅਸੀਂ ਇਕ ਦਰਵਾਜ਼ੇ ਰਾਹੀਂ ਸ਼ਹਿਰ ਵਿਚ ਦਾਖ਼ਲ ਹੋਏ।। ਇਹ ਦਰਵਾਜ਼ਾ ਸ਼ਹਿਰ ਦੀ ਪੁਰਾਣੀ ਫ਼ਸੀਲ ਵਿਚ ਹੈ, ਜਿਸ ਦੇ ਹੁਣ ਟੁੱਟੇ ਫੁੱਟੇ ਆਸਾਰ ਹੀ ਬਾਕੀ ਰਹਿ ਗਏ ਹਨ। ਅੰਦਰ ਜਾ ਕੇ ਥੋੜੀ ਵਿੱਥ ਉਤੇ ਅਸਾਂ ਨਾਥ ਦਾ ਮੰਦਰ ਵੇਖਿਆ ਜੋ ਹੁਣ ਵੀ ਬੜੀ ਚੰਗੀ ਹਾਲਤ ਵਿਚ ਸਲਾਮਤ ਖੜੋਤਾ ਹੈ। ਇਹਨੂੰ ਵੇਖ ਕੇ ਯਕੀਨ ਹੋ ਜਾਂਦਾ ਹੈ ਕਿ ਰਾਂਝੇ ਦਾ ਨਾਥ-ਪੰਥੀ ਜੋਗੀਆਂ ਦੀ ਸ਼ਰਣ ਵਿਚ ਜਾਣਾ ਜ਼ਰੂਰ ਇਤਿਹਾਸਕ ਘਟਨਾ ਹੋਵੇਗੀ। ਇਸ ਮੰਦਰ ਦੇ ਪਿਛੋਕੜ ਸਿਆਲਾਂ ਦਾ ਪੁਰਾਣਾ ਸ਼ੀਸ਼-ਮਹਿਲ ਹੈ ਜੋ ਹੁਣ ਢਹਿ ਕੇ ਧਰਤੀ ਨਾਲ ਮਿਲ ਗਿਆ ਹੈ। ਕਿਤੇ ਕਿਤੇ ਕੰਧਾਂ ਹੁਣ ਵੀ ਖੜੀਆਂ ਹਨ। ਬਿੱਲਾਲ ਤੇ ਜ਼ਫ਼ਰ ਸਾਹਿਬ ਨੇ ਮੈਨੂੰ ਇਕ ਕੰਧ ਸੁੰਘਣ ਲਈ ਕਿਹਾ। ਪਹਿਲਾਂ ਮੈਂ ਸੋਚਿਆ ਮਜ਼ਾਕ ਕਰ ਰਹੇ ਹਨ, ਪਰ ਜਦੋਂ ਉਹਨਾਂ ਇਸਰਾਰ ਕੀਤਾ ਤਾਂ ਮੈਂ ਕੰਧ ਸੁੰਘੀ। ਉਸ ਵਿਚੋਂ ਚੰਦਨ ਦੀ ਮਹਿਕ ਬੜੀ ਸਾਫ਼ ਆ ਰਹੀ ਸੀ। ਉਹਨਾਂ ਦੱਸਿਆ ਕਿ ਮਹਿਲ ਦੀ ਉਸਾਰੀ ਵੇਲੇ ਛੱਤਾਂ, ਦਰਵਾਜ਼ਿਆਂ, ਬਾਰੀਆਂ ਆਦਿ ਲਈ ਕੇਵਲ ਚੰਦਨ ਦੀ ਲੱਕੜੀ ਵਰਤੀ ਗਈ ਸੀ। ਏਸੇ ਕਾਰਨ ਮਹਿਲ ਦੇ ਖ਼ਤਮ ਹੋ ਜਾਣ ਦੇ ਪਿਛੋਂ ਵੀ ਉਸ ਦੇ ਖੰਡਰਾਂ ਵਿਚੋਂ ਚੰਦਨ ਦੀ ਵਾਸ਼ਨਾ ਆਉਂਦੀ ਹੈ। ਏਸ ਕੰਧ ਦਾ ਨਾਂ ਹੀ ਚੰਦਨ-ਕੰਧ ਹੈ।

ਏਸੇ ਵੀਰਾਨ ਹੋਏ ਮਹਿਲ ਦੀ ਜ਼ਮੀਨ ਦੇ ਇਕ ਪਾਸੇ ਕਰ ਕੇ ਸਿਆਲਾਂ ਦੇ ਅਜੋਕੇ ਪ੍ਰਮੁਖ ਨਵਾਬ — ਬਹਾਦਰ ਖ਼ਾਨ ਦੀ ਹਵੇਲੀ ਹੈ। ਬਹੁਤ ਵਡੇ ਜਾਗੀਰਦਾਰ ਹਨ। ਉਹਨਾਂ ਬੜੇ ਆਦਰ ਨਾਲ ਸਾਡਾ ਸੁਆਗਤ

ਕੀਤਾ, ਚਾਹ ਪਿਲਾਈ, ਅਤੇ ਸਿਆਲਾਂ ਦਾ ਪੂਰਾ ਇਤਿਹਾਸ ਸੁਣਾਇਆ। ਕਿਵੇਂ ਰਾਜਾ ਭੋਜਰਾਜ ਦੇ ਵੇਲੇ ਸਿਆਲ ਮੁਸਲਮਾਨ ਹੋਏ। ਕਿਵੇਂ ਮਜ਼੍ਹਬ ਦੀ ਤਬਦੀਲੀ ਦੇ ਬਾਵਜੂਦ ਖ਼ਾਨਦਾਨੀ ਰਸਮ-ਰਿਵਾਜ ਪੁਸ਼ਤ-ਦਰ-ਪੁਸ਼ਤ ਚਲਦੇ ਆਏ, ਜਿਵੇਂ ਕਿ ਵਿਆਹ ਸ਼ਾਦੀ ਦੇ ਵੇਲੇ ਬ੍ਰਾਹਮਣਾਂ ਪ੍ਰੋਹਤਾਂ ਨੂੰ ਬੁਲਾਣਾ ਸ਼ਰਣਾਗਤ ਦੀ ਰੱਖਿਆ, ਅਥਿਤੀ ਸਤਿਕਾਰ ਆਦਿ। ਕਿਵੇਂ ਉਹਨਾਂ ਦਾ ਰਾਜ-ਦਸਤੂਰ ਸਿੱਖਾਂ ਦੇ ਵੇਲੇ ਤੀਕ ਬਣਿਆ ਰਿਹਾ। ਕਿਵੇਂ ਖੜਕ ਸਿੰਘ ਨੇ ਹਮਲਾ ਕੀਤਾ ਕਿਵੇਂ ਨਵਾਬ ਦੇ ਸਰਦਾਰ ਨੇ ਵਿਸ਼ਵਾਸ-ਘਾਤ ਕੀਤਾ ਤੇ ਸਿੱਖਾਂ ਨਾਲ ਰਲ ਗਿਆ। ਕਿਵੇਂ ਤੀਜੇ ਹਮਲੇ ਸਿਆਲਾਂ ਦੀ ਹਾਰ ਹੋ ਗਈ।

ਨਵਾਬ ਸਾਹਿਬ ਦਾ ਇਕ ਮੁਜ਼ਾਰਾ ਵੀ ਸਾਡੇ ਵਿਚ ਬੈਠਾ ਸੀ। ਉਸ ਨੇ ਵਿਸ਼ਾਵਾਸ-ਘਾਤੀ ਸਰਦਾਰ ਬਾਰੇ ਧੁਰੋਂ ਚਲੇ ਆਉਂਦੇ ਨਿੰਦਿਆ-ਭਰੇ ਕਬਿੱਤ ਸੁਣਾਏ। ਬੜੇ ਵਧੀਆ ਸਨ ਉਹ, ਮੈਂ ਨੋਟ ਕੀਤੇ। ਪਰ ਖ਼ੌਰੇ ਕੰਬਖਤੀ ਨਾਲ ਉਹ ਕਾਗਜ਼ ਮੈਥੋਂ ਕਿਥੇ ਗੁਆਚ ਗਿਆ ਹੈ। ਨਵਾਬ ਸਾਹਿਬ ਨੇ ਅੰਤ ਵਿਚ ਕਿਹਾ, "ਅਜ ਕਲ੍ਹ ਦੇ ਜ਼ਮਾਨੇ ਵਿਚ ਪੈਸਾ ਵੇਖਦੇ ਨੇ, ਪਹਿਲੋਂ ਖਾਂਦਾਨ ਵੇਖਦੇ ਆਏ। ਅਜ ਕੁੱਤੇ ਦੀ ਨਸਲ ਤਾਂ ਵਿਖੀਂਦੀ ਏ, ਪਰ ਇਨਸਾਨ ਦਾ ਖ਼ੂਨ ਨਹੀਂ ਵਿਖੀਂਦਾ। ਅੰਗਰੇਜ਼ ਭਰਤੀਆਂ ਕਰਦੇ ਆਏ, ਖ਼ਾਂਦਾਨ ਵੇਖ ਕੇ, ਪਈ ਭੀੜ ਪਈ ਤਾਂ ਖ਼ਾਂਦਾਨ ਦੀ ਨੱਕ ਨਹੀਂ ਕੱਪਣ ਲਗਾ। ਪਰ ਹੁਣ ਉਹ ਗੱਲਾਂ ਨਹੀਂ ਰਹੀਆਂ। ਹੁਣ ਮਕਾਨ ਹੋਵੇ, ਪੈਸਾ ਹੋਵੇ, ਮੋਟਰ ਹੋਵੇ, ਪਤਲੂਨ ਹੋਵੇ......"

ਅਜ ਸੱਚਮੁੱਚ ਮੇਰਾ ਸ਼ਾਇਰਾਂ ਦੇ ਅੰਗ ਸੰਗ ਹੋਣ ਅਤੇ ਕਲਪਨਾ ਦੇ ਕਵਿਤਾ-ਮਈ ਸਾਗਰ ਵਿਚ ਗੋਤੇ ਮਾਰਨ ਦਾ ਦਿਨ ਸੀ। ਨਵਾਬ ਸਾਹਿਬ ਦੀ ਬੈਠਕ ਵਿਚ ਹੀ, ਝੰਗ ਦੇ ਪੰਜਾਬੀ ਭਾਸ਼ਾ ਵਿਚ ਲਿਖਣ ਵਾਲੇ ਇਕ ਅਲਮੱਸਤ ਨੌਜਵਾਨ ਕਵੀ ਸ਼ਹਾਬ ਅਨਸਾਰੀ ਵੀ ਆ ਬੈਠੇ ਸਨ। ਇਹ ਜੰਮੇ ਝੰਗ ਵਿਚ ਪਲੇ ਅੰਮ੍ਰਿਤਸਰ ਵਿਚ। ਮਾਝੀ ਬੋਲੀ ਬੋਲਦੇ ਹਨ, ਗੁਰਮੁਖੀ ਲਿਪੀ ਤੋਂ ਚੰਗੀ ਤਰ੍ਹਾਂ ਜਾਣੂ ਹਨ। ਚਾਹ ਪੀਣ ਵੇਲੇ ਉਹਨਾਂ ਆਪਣੀ ਇਕ ਨਿੱਕੀ ਕਵਿਤਾ ਸੁਣਾਈ, ਜਿਸ ਨੇ ਮੈਨੂੰ ਮਜਬੂਰ ਕਰ ਦਿਤਾ ਕਿ ਏਸ ਕਵੀ ਨੂੰ ਗਲਵੱਕੜੀ ਪਾ ਕੇ ਆਪਣੇ ਨਾਲ ਬੰਨ੍ਹ ਲਵਾਂ।

ਮੈਂ ਮਾਝੇ ਦਾ ਜੱਟ
ਮੇਰੀ ਵੇਖ ਜੁਆਨੀ ਚੱਨਾਂ
ਜਿੱਧਰ ਜਾਵਾਂ ਪਾ ਦਿਆਂ ਬੱਨਾਂ

ਡੌਲੇ ਜਿਉਂ ਜੂਲੇ ਦਾ ਕੱਨ੍ਹਾਂ
ਗੇਲੀਆਂ ਵਰਗੇ ਪੱਟ
ਮੈਂ ਮਾਝੇ ਦਾ ਜੱਟ।

ਮੈਂ ਨਹੀਂ ਰੋਂਦਾ ਦੁਖੜੇ ਦਸ ਕੇ
ਮੈਨੂੰ ਨਹੀਂ ਕੁੜੀਆਂ ਦੇ ਚਸਕੇ
ਲੰਘ ਜਾਵਾਂ ਮਿੱਠਾ ਜਿਹਾ ਹਸ ਕੇ
ਅੱਖ ਮਿਲਾਵਾਂ ਘੱਟ
ਮੈਂ ਮਾਝੇ ਦਾ ਜੱਟ।

ਜਦ ਕੋਲੋਂ ਲੰਘਾਂ ਆਕੜ ਕੇ
ਜੁੱਤੀ ਚੀਕੇ ਚਾਦਰ ਖੜਕੇ
ਕਈ ਮੁਟਿਆਰਾਂ ਦਿਲ ਨੂੰ ਫੜ ਕੇ
ਗਿਣਦੀਆਂ ਰਹਿ ਜਾਣ ਫ਼ੱਟ
ਮੈਂ ਮਾਝੇ ਦਾ ਜੱਟ।

੮

○○○

ਝੰਗ-ਮਘਿਆਣੇ ਨੂੰ ਯਾਦ ਕਰਨ ਵੇਲੇ ਅਨੇਕਾਂ ਚਿਹਰੇ ਅੱਖਾਂ ਅੱਗੇ ਘੁੰਮਣ ਲਗ ਪੈਂਦੇ ਹਨ — ਬਿੱਲਾਲ, ਅੰਜੁਮ ਤੱਕੀ, ਜ਼ਫਰ ਅਲੀ, ਸ਼ੇਰੀ ਸਾਹਿਬ, ਸ਼ਾਰਿਬ ਅਨਸਾਰੀ, ਹਬੀਬ, ਸ਼ੇਰ ਅਫ਼ਜ਼ਲ ਜਾਫ਼ਰੀ, ਅਤੇ ਮੈਂ ਸੋਚ ਸੋਚ ਹੈਰਾਨ ਹੁੰਦਾ ਹਾਂ ਕਿਵੇਂ ਇਹਨਾਂ ਰੱਬ ਦੇ ਬੰਦਿਆਂ ਨੇ ਇਕ ਅਭਿਆਗਤ ਅਤੇ ਨਾਵਾਕਫ਼ ਬੰਦੇ ਨੂੰ ਝੱਟ ਗਲ ਨਾਲ ਲਾ ਲਿਆ।

ਕਈ ਐਸੇ ਚਿਹਰੇ ਵੀ ਸਾਹਮਣੇ ਆਉਂਦੇ ਹਨ ਜਿਨ੍ਹਾਂ ਨਾਲ ਕੇਵਲ ਦੂਰੋਂ ਦੂਰੋਂ ਦੋਸਤੀ ਲਾਣ ਦਾ ਸਮਾਂ ਮਿਲਿਆ — ਮਸਲਨ ਜ਼ੈਲਘਰ ਦਾ ਮਲਕ ਫ਼ਤੇ ਖ਼ਾਨ ਸਿਆਲ। ਉਸ ਦਾ ਹੋਟਲ ਦੀ ਇਕ ਗੁੱਠੇ ਕੁਰਸੀ ਮੇਜ਼ ਡਾਹ ਕੇ ਬੈਠਣਾ ਨਾਵਾਜਬ ਜਿਹਾ ਮਲੂਮ ਹੁੰਦਾ — ਰਾਜ ਸਿੰਘਾਸਨ ਉਹਦੇ ਲਈ ਵਧੇਰੇ ਢੁੱਕਵੀਂ ਚੀਜ਼ ਸੀ। ਕੋਠੇ ਜਿਤਨਾ ਕੱਦ, ਹੱਥ ਲਾਇਆਂ ਮੈਲੀ ਹੋਣ ਵਾਲੀ ਗੋਰੀ ਰੰਗਤ, ਕਹਿਰਾਂ ਦਾ ਹੁਸੀਨ ਚਿਹਰਾ, ਮਰਦਊ, ਪਰ ਸ਼ਰਮਾਕਲ — ਹੂ-ਬ-ਹੂ ਜਿਵੇਂ ਕਿਸੇ ਮੁਗਲ ਜਾਂ ਰਾਜਪੂਤ ਚਿੱਤ੍ਰਕਾਰ ਨੇ ਉਲੀਕਿਆਂ ਹੋਵੇ। ਵਤਨੀ ਪਹਿਰਾਵਾ। ਇਕ ਸ਼ਾਮ ਚੁੱਪ-ਚਾਪ ਮੇਰੇ ਕਮਰੇ ਵਿਚ ਮੰਜੀ ਉਤੇ ਆ ਬੈਠਾ ਸੀ। ਮੈਂ ਕਿਹਾ ਸੀ, "ਤੁਸੀਂ ਇਤਨੇ ਸੁਹਣੇ ਓ। ਤੁਹਾਡੀ ਫ਼ੋਟੋ ਤਾਂ ਮੈਂ ਜ਼ਰੂਰ ਖਿਚਣੀ ਏਂ।"

ਉਸ ਤੋਂ ਬਾਅਦ ਜਦੋਂ ਵੀ ਉਹ ਮੈਨੂੰ ਆਉਂਦਿਆਂ ਜਾਂਦਿਆਂ ਵੇਖਦਾ

ਕਿਤੇ ਲੁਕ ਜਾਂਦਾ। ਛੋਟੋ ਕੀ ਖਿਚਣੀ ਸੀ, ਮੈਂ ਝਟ ਘੜੀ ਉਸ ਨਾਲ ਬਹਿ ਕੇ ਗੱਲ-ਬਾਤ ਕਰਨ ਤੋਂ ਵੀ ਵਾਂਜਿਆਂ ਹੋ ਗਿਆ।

ਪਰ ਜਿਸ ਸ਼ਖ਼ਸੀਅਤ ਦਾ ਮੇਰੇ ਉਪਰ ਸਭ ਤੋਂ ਡੂੰਘਾ ਪ੍ਰਭਾਵ ਪਿਆ ਉਹ ਸੀ ਸ਼ੇਰ ਅਫ਼ਜ਼ਲ ਜਾਫ਼ਰੀ — ਉਹੋ ਕਵੀ ਜਿਸ ਬਾਰੇ ਮੈਂ ਪਿਛੇ ਕਿਹਾ ਹੈ ਕਿ ਕਿਸੇ ਵਡੇ ਅਫ਼ਸਰ ਦੇ ਖ਼ਾਨਸਾਮੇ ਵਾਂਗ ਦਿਸਦਾ ਸੀ। ਇਹ ਮਨੁੱਖ ਮੈਨੂੰ ਆਲਮਗੀਰ ਛੋਹਾਂ ਦਾ ਮਾਲਕ ਜਾਪਿਆ ; ਉਸ ਦੇ ਸੰਗ ਬਹਿ ਕੇ ਮੈਂ ਆਪਣੇ ਆਪ ਨੂੰ ਧਰਤ ਤੋਂ ਗਿੱਠ-ਕੁ ਉੱਚਾ ਮਹਿਸੂਸ ਕੀਤਾ।

ਮੈਨੂੰ ਜੀਵਨ ਵਿਚ ਕੁਝ ਆਲਮਗੀਰ ਹਸਤੀਆਂ ਨੂੰ ਨੇੜਿਓਂ ਵੇਖਣ ਦਾ ਸੁਭਾਗ ਮਿਲਿਆ ਹੈ — ਗਾਂਧੀ ਜੀ, ਟੈਗੋਰ, ਕਸ਼ਮੀਰੀ ਭਾਸ਼ਾ ਦੇ ਮਹਾਂਕਵੀ ਗ਼ੁਲਾਮ ਅਹਿਮਦ ਮਹਿਜੂਰ, ਬੰਗਾਲੀ ਸਾਹਿੱਤਕਾਰ ਖਿਤੀ ਮੋਹਨ ਸੈਨ ਆਦਿ। ਮੈਂ ਇਸ ਨਤੀਜੇ 'ਤੇ ਪੁਜਿਆ ਹਾਂ ਕਿ ਜਿਸ ਧੱਧਰ 'ਤੇ ਇਹ ਲੋਕ ਵਿਚਰਦੇ ਹਨ ਉਸ ਦਾ ਗਿਆਨ ਕੇਵਲ ਉਹਨਾਂ ਦੀਆਂ ਰਚਨਾਵਾਂ ਪੜ੍ਹ ਕੇ ਹੀ ਨਹੀਂ ਸਗੋਂ ਉਹਨਾਂ ਦੀ ਗੱਲ-ਬਾਤ, ਤੇ ਉਸ ਵਿਚੋਂ ਛਲਕਦੇ ਹਾਸ-ਰਸ ਵਿਚੋਂ ਪ੍ਰਾਪਤ ਹੁੰਦਾ ਹੈ। ਰੋਣ ਨਾਲੋਂ ਹੱਸਣਾ ਅਤੇ ਰੁਆਣ ਨਾਲੋਂ ਹਸਾਣਾ ਕਿਤੇ ਔਖਾ ਹੈ। ਰੋਣ ਨਿਰਾਸ਼ਾਵਾਦੀ ਤੇ ਹਾਨੀਸੂਚਕ ਵਸਤ ਹੈ, ਇਹਦਾ ਕਲੇਵਰ ਸੰਸਾਰਕ ਮੋਹ ਨਾਲ ਨੱਥੀ ਹੋਇਆ ਪਿਆ ਹੈ। ਏਸੇ ਕਾਰਨ ਇਸ ਦੀਆਂ ਭਾਂਤ ਭਾਂਤ ਦੀਆਂ ਵੰਨਗੀਆਂ ਨਹੀਂ, ਅਤੇ ਪੱਧਰ-ਭੇਦ ਵੀ ਮਾਮੂਲੀ ਹਨ ; ਪਰ ਹਾਸ ਵਿਚ ਨਿਰਲੇਪਤਾ, ਮੁਕਤੀ ਅਤੇ ਉਡਾਰੀ ਹੈ। ਤਾਂਹੀਓਂ ਇਹਦੇ ਭਾਂਤ ਭਾਂਤ ਦੇ ਰੰਗ ਤੇ ਰੂਪ ਹਨ। ਇਹ ਹੇਠਲੀ ਤੋਂ ਹੇਠਲੀ ਅਤੇ ਉੱਚੀ ਤੋਂ ਉੱਚੀ ਪੱਧਰ ਦਾ ਹੋ ਸਕਦਾ ਹੈ। ਇਥੋਂ ਤਕ ਕਿਹਾ ਜਾ ਸਕਦਾ ਹੈ ਕਿਸੇ ਇਨਸਾਨ ਦੀ ਦਿਮਾਗੀ, ਜਜ਼ਬਾਤੀ ਤੇ ਇਖ਼ਲਾਕੀ ਵਡਿਆਈ ਦਾ ਅੰਦਾਜ਼ਾ ਬ-ਖ਼ੂਬੀ ਉਸ ਦੇ ਹਾਸੇ ਤੋਂ ਲਾਇਆ ਜਾ ਸਕਦਾ ਹੈ। ਮੈਂ ਵੇਖਿਆ ਹੈ ਕਿ ਹਾਸ ਉਪਰੋਕਤ ਮਹਾਂਪੁਰਸ਼ਾਂ ਦੀ ਸਭ ਤੋਂ ਵਡੀ ਤਫ਼ਰੀਹ ਸੀ। ਇਸੇ ਨਾਲ ਉਹ ਆਪਣੇ ਥਕੇਵੇਂ ਲਾਹੁੰਦੇ; ਆਪਣੇ ਕੰਮ ਨੂੰ ਤੇ ਜਿਵੇਂ ਸੰਸਾਰ ਨੂੰ ਵੀ ਖੇਡ ਜਿਹੀ ਬਣਾ ਛਡਦੇ। ਵਿਚਾਰ ਅਤੇ ਸ਼ਬਦ ਦੇ ਸਾਈਂ ਹੋਣ ਤੋਂ ਛੁਟ ਉਹਨਾਂ ਦੇ ਕਿਰਦਾਰ ਦੀ ਨਿਰਭੈਤਾ ਅਤੇ ਨਿਰਵਿਰਕਤੀ ਉਹਨਾਂ ਦੇ ਹਾਸੇ-ਮਖ਼ੌਲ ਵਿਚ ਅਲੋਕਾਰ ਮਾਸੂਮੀਅਤ, ਸੂਖਮਤਾ ਤੇ ਕਟਾਖ਼ ਭਰ ਦੇਂਦੀ; ਉਹਨਾਂ ਦੇ ਵਿਹਲੜੇ ਅਤੇ ਆਪ-ਮੁਹਾਰੇ ਵਾਰਤਾਲਾਪ

ਵਿਚ ਉਹ ਕਰਾਮਾਤਾਂ ਲੈ ਆਉਂਦੀ ਜੋ ਉਹਨਾਂ ਦੀਆ ਕਿਰਤਾਂ ਤੋਂ ਵੀ ਕਿਤੇ ਉਚੇਰੀਆਂ ਸਨ।

ਸ਼ੇਰ ਅਫ਼ਜ਼ਲ ਬਜ਼ਾਤੇ-ਖ਼ੁਦ ਇਕ ਚਲਦਾ ਫਿਰਦਾ ਮੁਸ਼ਾਇਰਾ ਹੈ। ਉਸ ਮੈਥੋਂ, ਨਾ ਹੀ ਮਿਲਣ 'ਤੇ, ਨਾ ਹੀ ਉਸ ਤੋਂ ਬਾਅਦ, ਕਦੇ ਕੋਈ ਜ਼ਾਤੀ ਸਵਾਲ ਪੁੱਛਿਆ — ਮੈਂ ਕੌਣ ਹਾਂ, ਕਿਥੋਂ ਆਇਆਂ, ਕੀ ਕਰਨਾਂ, ਇਹਨਾਂ ਗੱਲਾਂ ਵਿਚ ਉਹਨੂੰ ਕੋਈ ਦਿਲਚਸਪੀ ਨਹੀਂ ਸੀ। ਉਸ ਦੀਆਂ ਚੰਚਲ ਅਤੇ ਹੈਰਾਨ-ਕੁਨ ਹੱਦ ਤੀਕ ਜੁਆਨ ਅੱਖਾਂ ਮੇਰੇ ਅੰਦਰ ਦੇ ਇਨਸਾਨ ਨੂੰ ਨਹੁੰਦਰਦੀਆਂ ਜਾਪਦੀਆਂ ਸਨ। ਮੇਰੀ ਵਡਿਆਈ ਇਸ ਗੱਲ ਵਿਚ ਸੀ ਕਿ ਮੈਨੂੰ ਉਹਦੀਆਂ ਅੱਖਾਂ ਤੋਂ ਡਰ ਨਹੀਂ ਲੱਗਾ। ਮੈਨੂੰ ਉਹਨਾਂ ਵਿਚ ਉਹੋ ਕੁਝ ਲੱਭਦਾ ਜੋ ਮੈਂ ਆਪ ਟੋਲਦਾ ਸਾਂ, ਅਤੇ ਮੈਂ ਦਿਲੋਂ ਮਨੋਂ ਡਾਕਟਰ ਨਜ਼ੀਰ ਦੇ ਕਥਨ ਦੀ ਤਾਈਦ ਕਰਨ ਲਗ ਪਿਆ — "ਸਚਮੁਚ ਇਹ ਬੜੀ ਮਰਦੁਮ-ਖ਼ੇਜ਼ ਧਰਤੀ ਹੈ।"

ਉਸ ਸ਼ਾਮ ਜਦੋਂ ਝੰਗ ਤੋਂ ਵਾਪਸ ਆ ਕੇ ਅਸੀਂ ਤੱਕੀ ਅੰਜੁਮ ਦੇ ਘਰ ਇਕੱਠੇ ਹੋਏ ਤਾਂ ਸ਼ੇਰ ਅਫ਼ਜ਼ਲ ਜਾਫ਼ਰੀ ਨੇ ਹਾਸੇ ਤੇ ਚੁਹਲ ਦੀ ਛਹਿਬਰ ਲਾ ਦਿਤੀ। ਉਸ ਵਿਚੋਂ ਅਡੋਲ ਜਿਹੇ ਕਵਿਤਾਵਾਂ ਛਿੜ ਪਈਆਂ, ਮੁਸ਼ਾਇਰਾ ਚਲ ਪਿਆ। ਤੱਕੀ ਅੰਜੁਮ ਨੇ ਓੜਕ ਦੀਆਂ ਦੁਖਾਂਤਕ ਕਵਿਤਾਵਾਂ ਅਰੰਭੀਆਂ, ਜ਼ਫ਼ਰ ਨੇ ਰੁਮਾਨੀ। ਕੁਲ ਦਸ ਪੰਦਰਾਂ ਆਦਮੀ ਬੈਠੇ ਸਨ। ਪਰ ਐਸਾ ਰਸੀਲਾ ਸਮਾਂ ਉੱਘੇ ਤੋਂ ਉੱਘੇ ਮੁਸ਼ਾਇਰਿਆਂ ਵਿਚ ਵੀ ਕਦੇ ਕਦਾਈਂ ਹੀ ਬੱਝਦਾ ਹੈ; ਅਤੇ ਫੇਰ ਜਦੋਂ ਮੀਰ-ਮੁਸ਼ਾਇਰਾ ਸ਼ੇਰ ਅਫ਼ਜ਼ਲ ਨੇ ਆਪਣੀ ਗ਼ਜ਼ਲ ਸੁਣਾਈ ਤਾਂ ਇਕ ਇਕ ਸ਼ੇਅਰ ਗਗਨਾਂ ਦੀਆਂ ਉਡਾਰੀਆਂ ਲੈਣ ਲਗ ਪਿਆ। ਸੱਚ, ਜੇ ਮੁਹੰਮਦ ਇਕਬਾਲ ਉਥੇ ਮੌਜੂਦ ਹੁੰਦੇ ਤਾਂ :

"ਦਾਨ ਕਰੋ ਰੁਗ ਰੁਗ ਭਰ ਵਸਲਾਂ
ਘੁਟ ਘੁਟ ਮਾਰੋ ਜੱਫੀਆਂ।"

ਦੀ ਨੌਬਤ ਆ ਜਾਣੀ ਸੀ।

ਜਾਫ਼ਰੀ ਨੂੰ ਆਪਣੇ ਝੰਗ ਦੇਸ ਦੀ ਬੋਲੀ ਉਪਰ ਅਖੁੱਟ ਮਾਣ ਹੈ; ਅਤੇ ਉਸ ਦੀ ਰਸਨਾ ਉਪਰ ਇਹ ਬੋਲੀ ਪੰਜਾਬ ਦੀ ਸਭ ਤੋਂ ਮਿੱਠੀ ਅਤੇ ਸਮਰੱਥ ਬੋਲੀ ਬਣ ਜਾਂਦੀ ਹੈ, ਪਰ ਉਹ ਲਿਖਦਾ ਉਰਦੂ ਵਿਚ ਹੈ। ਮੇਰੀ ਜਾਚੇ ਇਹਦਾ ਕਾਰਨ ਹੀਨ-ਭਾਵਨਾ ਨਹੀਂ। ਉਹ ਆਪਣੇ ਦੇਸ ਦੀ ਮਿਥੀ ਰਾਸ਼ਟਰ-ਭਾਸ਼ਾ

ਉਰਦੂ ਨੂੰ ਪਰਬਲ ਬਣਾਉਣਾ ਆਪਣਾ ਕਰਤੱਵ ਸਮਝਦਾ ਹੈ । ਉਰਦੂ ਨੂੰ ਸੀਮਤ ਨਹੀਂ ਵਿਆਪਕ ਢੰਗ ਨਾਲ ਵੇਖਦਾ ਹੈ, ਉਹਦੀ ਝੋਲ ਨੂੰ ਝੰਗੀ ਸ਼ਬਦਾਂ, ਅਲੰਕਾਰਾਂ ਅਤੇ ਤੁਲਨਾਵਾਂ ਨਾਲ ਭਰਦਾ ਹੈ, ਜਿਵੇਂ ਕਿ ਹੇਠ ਦਿੱਤੀਆਂ ਸਹਿਜ ਸੁਭਾ ਦੂਣੀਆਂ ਟੂਕਾਂ ਤੋਂ ਜ਼ਾਹਰ ਹੁੰਦਾ ਹੈ —

"ਦਾਰ ਕਾ ਸੋਗ ਸੋਗ ਹਲਕੋਰਾ
ਜ਼ਿੰਦਗੀ ਕਾ ਸੁਹਾਗ ਲਾਯਾ ਹੈ
ਮਹਿਵੇ ਆਬੇ ਚਨਾਬ ਹੋ ਕਰ ਭੀ
ਇਸ਼ਕ ਨੇ ਆਗ ਰਾਗ ਗਾਯਾ ਹੈ ।
ਫਿਰ ਨਯਾ ਦਾਗ਼ ਵਕਤ ਨੇ ਬਖ਼ਸ਼ਾ,
ਇਕ ਦੀਯਾ ਔਰ ਮੁਸਕਰਾਯਾ ਹੈ ।"

"ਝਿਲਮਿਲੇ 'ਪੋਂਗੋਂ' ਸੇ ਚਮਕੀਂ ਸਾਅਤੇਂ
ਸੁਰਮਈ ਲਮਹੋਂ ਕੇ ਧਾਰ਼ੇ ਸਜ ਗਏ
ਕਾਲੀ ਕਾਲੀ ਖ਼ਾਮੁਸ਼ੀ ਕੇ ਕਾਨ ਮੇਂ
ਸ਼ੇਰ ਅਫ਼ਜ਼ਲ ਕੇ ਬੁਲਾਰੇ ਸਜ ਗਏ ।"

"ਯਿਹ ਬੁੱਲ੍ਹੇ ਕਾ ਮਿਸਰਾ
ਯਿਹ ਬਾਹੂ ਕੀ ਬਾਨੀ
ਹੁਸਨ ਉਸ ਕਾ ਮਿਸਰੀਲਾ
ਔਰ ਕਿਸਮਤ ਕਿਨਆਨੀ
ਕਲਜੁਗ ਮੇਂ ਕਹਿਲਾਏ
ਲਾਜ-ਮਹਿਲ ਕੀ ਰਾਨੀ ।"

ਇਹ ਕਾਢਾਂ ਉਹ ਅਜਿਹੇ ਫਬਵੇਂ ਤੇ ਜੜਾਊ ਢੰਗ ਨਾਲ ਕੱਢਦਾ ਹੈ ਕਿ ਵਡੇ ਤੋਂ ਵਡੇ ਨੁਕਤਾਚੀਨਾਂ ਨੂੰ ਵੀ ਮਾੜੀਆਂ ਨਹੀਂ ਲਗਦੀਆਂ । ਏਸ ਅਨੋਖੀ ਰੰਗਤ ਨੇ ਉਹਦੀ ਕਵਿਤਾ ਨੂੰ ਭਰਪੂਰ ਸ਼ਲਾਘਾ ਦਿਵਾਈ ਹੈ । ਹਿੰਦੀ-ਉਰਦੂ ਵਿਚ ਲਿਖਣ ਵਾਲੇ ਦੂਜੇ ਕਈ ਪ੍ਰਿਥਮ-ਸ਼ਰੇਣੀ ਦੇ ਪੰਜਾਬੀ ਲਿਖਾਰੀਆਂ ਨੇ ਵੀ ਅਜਿਹੇ ਪ੍ਰਯੋਗ ਕੀਤੇ ਹਨ, ਪਰ ਮੰਨਣਾ ਪਵੇਗਾ ਕਿ ਬਹੁਤਾ ਸਫਲ ਨਹੀਂ

ਹੋਏ। ਆਪਣੀ ਜ਼ਬਾਨ ਲਈ ਦੂਰ-ਦੁਰਾਡਿਉਂ ਨਵੇਂ ਸ਼ਬਦ ਢੋਅ ਢੋਅ ਕੇ ਲੈ ਆਉਣਾ ਸੁਭਾਵਕ ਅਤੇ ਪ੍ਰਵਾਨ ਕੰਮ ਹੈ। ਰਾਬਿੰਦਰਾ ਨਾਥ ਟੈਗੋਰ ਨੇ ਲਗ ਪਗ ਸੱਠ ਹਜ਼ਾਰ ਨਵੇਂ ਸ਼ਬਦ ਬੰਗਾਲੀ ਭਾਸ਼ਾ ਵਿਚ ਪਾ ਦਿਤੇ; ਪਰ ਬਿਗਾਨੀ ਭਾਸ਼ਾ ਵਿਚ ਨਵਾਂ ਲਫ਼ਜ਼ ਪਾਣ ਵੇਲੇ ਲਗਾਤਾਰ ਖੱਬੇ ਸੱਜੇ ਵੇਖਣਾ ਪੈਂਦਾ ਹੈ, ਅੰਤਾਂ ਦੀ ਕਾਰੀਗਰੀ ਕਰਨੀ ਪੈਂਦੀ ਹੈ।

ਏਸੇ ਕਾਰਨ ਮੈਂ ਸੋਚਦਾਂ ਕਿ ਜੇ ਆਪਣੀ ਅਵਿਸ਼ਕਾਰਮਈ ਪ੍ਰਤਿਭਾ ਦਾ ਉਪਯੋਗ ਸ਼ੇਰ ਅਫ਼ਜ਼ਲ ਨੇ ਆਪਣੀ ਭਾਸ਼ਾ ਲਈ ਕੀਤਾ ਹੁੰਦਾ ਤਾਂ ਉਸ ਦੀ ਜਾਦੂਈ ਸ਼ਖ਼ਸੀਅਤ ਲਈ ਵਿਕਾਸ ਦੇ ਸਾਰੇ ਰਾਹ ਖੁਲ੍ਹ ਜਾਂਦੇ; ਪਰ ਜੇ ਉਹ ਇੰਜ ਨਹੀਂ ਕਰ ਸਕਿਆ ਤਾਂ ਦੋਸ਼ ਉਸ ਦਾ ਨਹੀਂ, ਸਗੋਂ ਉਹਨਾਂ ਹਾਲਤਾਂ ਦਾ ਹੈ ਜਿਨ੍ਹਾਂ ਨੇ ਬੁੱਲ੍ਹੇ ਤੇ ਵਾਰਸ ਦਿਆਂ ਵਾਰਸਾਂ ਨੂੰ ਏਸ ਜੁਗ ਵਿਚ ਅਜ਼ੀਬ ਢੰਗ ਨਾਲ ਖਿੜਕਾ ਤੇ ਭੁੰਦਲਾ ਛਡਿਆ ਹੈ।

ਉਸ ਤੋਂ ਅਗਲੀ ਰਾਤ, ਝੰਗ ਵਿਚ ਮੇਰੀ ਅਖ਼ੀਰਲੀ ਰਾਤ, ਜਦੋਂ ਹਬੀਬ ਬੈਂਕ ਦੇ ਮੈਨੇਜਰ ਸਾਹਿਬ ਦੀ ਕੋਠੀ ਵਿਚ, ਤਾਰਿਆਂ ਦੀ ਛਾਂ ਹੇਠ, ਸੱਮੀ ਧ੍ਰੀਸ ਦਾ ਨਗਾਰਾ ਵਜਿਆ ਸੀ ਤਾਂ ਸ਼ੇਰ ਅਫ਼ਜ਼ਲ ਫੇਰ ਫੁਲਝੜੀਆਂ ਤੇ ਮਹਿਤਾਬੀਆਂ ਵਾਂਗ ਛੁਟ ਛੁਟ ਪਿਆ। ਉਸ ਦੀ ਸ਼ਖ਼ਸੀਅਤ ਦੀ ਮਹਿਕ ਨੂੰ ਮੈਂ ਕਿਵੇਂ ਬਿਆਨ ਕਰਾਂ, ਮੇਰੀ ਤਾਕਤ ਤੋਂ ਬਾਹਰ ਹੈ। ਜੇ ਮੈਨੂੰ ਡਾਇਰੀ ਲਿਖਣ ਦਾ ਸਹੀ ਢੰਜ ਆਉਂਦਾ ਤਾਂ ਇਧਰ ਉਧਰ ਦੀਆਂ ਗੱਲਾਂ ਨੋਟ ਕਰਨ ਦੀ ਥਾਂ ਮੈਂ ਉਸ ਦੇ ਮੂੰਹੋਂ ਨਿਕਲਦੇ ਵਾਕ ਈ ਨੋਟ ਕਰੀ ਜਾਂਦਾ।

ਪੰਜਾਬ ਦਾ ਭੰਗੜਾ ਨਾਚ ਸਾਰੇ ਦੇਸ਼ ਵਿਚ ਸ਼ੁਹਰਤ ਹਾਸਲ ਕਰ ਚੁਕਿਆ ਹੈ, ਪਰ ਝੰਗ ਦੇ ਸੱਮੀ ਨਾਚ ਅੱਗੇ ਉਹ ਕੋਈ ਚੀਜ਼ ਨਹੀਂ। ਮੇਰੇ ਕਥਨ ਦੀ ਸਚਿਆਈ ਨੂੰ ਉਹੋ ਸੱਜਣ ਪਰਖ ਸਕਦੇ ਹਨ ਜਿਨ੍ਹਾਂ ਇਹ ਨਾਚ ਆਪਣੀ ਅੱਖੀਂ ਵੇਖਿਆ ਹੈ।

ਦਰਅਸਲ ਸੱਮੀ ਮੁਟਿਆਰਾਂ ਦਾ ਨਾਚ ਹੈ। ਇਸ ਦੀ ਗਤੀ, ਲਯ ਤੇ ਤਾਲ ਸੁਬਕ ਅਤੇ ਮਹੀਨ ਹੈ। ਉਸ ਦੇ ਵਿਚ ਭੰਗੜੇ ਵਾਲਾ ਖਰੂਦ ਬਿਲਕੁਲ ਨਹੀਂ। ਅਜ ਇਹ ਮਰਦਾਂ ਦੇ ਪੱਲੇ ਆ ਪਿਆ ਹੈ, ਤਾਂ ਇਸ ਗੱਲ ਦੀ ਜ਼ਿਮੇਵਾਰੀ ਕੇਵਲ ਮੁਸਲਮਾਨਾਂ ਦੀ ਮਜ਼੍ਹਬੀ ਤੰਗ-ਨਜ਼ਰੀ ਉਪਰ ਨਹੀਂ ਥੱਪੀ ਜਾ ਸਕਦੀ। ਮੈਨੂੰ ਕੋਲ ਬੈਠੇ ਹੋਏ ਇਕ ਬਜ਼ੁਰਗ ਨੇ ਦਸਿਆ ਸੀ ਕਿ ਉਹਨਾਂ ਦੇ ਬਚਪਨ ਵਿਚ ਪਿੰਡਾਂ ਦੀਆਂ ਤੀਵੀਂਆਂ, ਹਿੰਦੂ ਤੇ ਮੁਸਲਮਾਨ ਦੋਵੇਂ, ਸੱਮੀਂ ਧ੍ਰੀਸ ਸੁਛੰਦ ਹੋ ਕੇ

ਨੱਚਦੀਆਂ ਸਨ। ਪਰ ਹੌਲੀ ਹੌਲੀ ਨਵੀਂ ਰੌਸ਼ਨੀ ਦੇ ਪੜ੍ਹਿਆਂ ਲਿਖਿਆਂ ਨੇ ਇਹਨਾਂ ਚੀਜ਼ਾਂ ਨੂੰ ਅਸਭਿਅ ਤੇ ਅਸ਼ਲੀਲ ਕਰਾਰ ਦੇ ਦਿਤਾ, ਤੇ ਸ਼ਹਿਰਨਾਂ ਦੀ ਦੇਖਾ ਦੇਖੀ ਜੱਟੀਆਂ ਵੀ ਹਟ ਕੇ ਬਹਿ ਗਈਆਂ।

ਗੱਲ ਠੀਕ ਈ ਜਾਪਦੀ ਹੈ। ਮੈਨੂੰ ਯਾਦ ਹੈ ਕਿ ਜਦੋਂ ਅਧਿਆਪਕ ਬਣ ਕੇ ਮੈਂ ਸ਼ਾਂਤੀਨਿਕੇਤਨ ਪੁਜਾ ਤਾਂ ਉਥੋਂ ਦੇ ਬੰਗਾਲੀ ਮੁੰਡੇ ਕੁੜੀਆਂ ਨੇ ਮੈਥੋਂ ਪੰਜਾਬੀ ਲੋਕ-ਗੀਤਾਂ ਬਾਰੇ ਸਵਾਲ ਪੁੱਛੇ, ਤੇ ਮੈਂ ਸੋਚੀਂ ਪੈ ਗਿਆ ਸਾਂ ਪਈ ਇਹ ਲੋਕ-ਗੀਤ ਸਹੁਰੇ ਕੀ ਬਲਾ ਹੁੰਦੇ ਨੇ ?

ਦੇਸ਼ ਆਜ਼ਾਦ ਹੋਣ ਪਿਛੋਂ ਸਾਡੇ ਭਾਰਤੀ ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਚੰਗਾ ਮਾਣ ਮਿਲਿਆ ਹੈ। ਵਿਕਾਸ ਦੀਆਂ ਰਾਹਾਂ ਖੁਲ੍ਹੀਆਂ ਹਨ, ਤੇ ਹੋਰ ਪ੍ਰਾਂਤਾਂ ਦੀ ਦੇਖਾ ਦੇਖੀ ਪੰਜਾਬੀਆਂ ਨੇ ਵੀ ਆਪਣੇ ਲੋਕ-ਗੀਤਾਂ, ਲੋਕ-ਨਾਚਾਂ ਆਦਿ ਦੀ ਕਦਰ ਕਰਨੀ ਸ਼ੁਰੂ ਕਰ ਦਿਤੀ ਹੈ। ਪਰ ਇਸ ਦਾ ਇਹ ਮਤਲਬ ਨਹੀਂ ਕਿ ਉਸ ਪੁਰਾਣੀ ਵਿਕ੍ਰਿਤ ਮਨੋਵਿਰਤੀ ਦੇ ਲੱਛਣ ਪੂਰੀ ਤਰ੍ਹਾਂ ਦੂਰ ਹੋ ਗਏ ਹਨ। ਪਤਵੰਤੇ ਸ਼ਹਿਰੀ ਪਰਿਵਾਰਾਂ ਵਿਚ ਕਈ ਵਾਰੀ ਅਜਿਹੀ ਅੰਗਰੇਜ਼ੀ ਜਾਂ ਹਿੰਦੀ ਲਹਿਜੇ ਵਿਚ ਬੋੜੀ ਹੋਈ ਪੰਜਾਬੀ ਸੁਣਨ ਵਿਚ ਆਉਂਦੀ ਹੈ ਕਿ ਉਹਨੂੰ ਪਛਾਣਨਾ ਮੁਸ਼ਕਲ ਹੋ ਜਾਂਦਾ ਹੈ। ਗਾਇਕ ਤੇ ਗਾਇਤਰੀਆਂ ਲੋਕ-ਗੀਤਾਂ ਨੂੰ ਐਸੀ ਫਿਲਮੀ ਅਤੇ ਮਿੱਝ-ਕੱਢ ਅਦਾ ਨਾਲ ਪੇਸ਼ ਕਰਦੀਆਂ ਹਨ ਕਿ ਉਹਨਾਂ ਦੀ ਨਿੱਗਰਤਾ ਅਤੇ ਸੁਛੰਦਤਾ ਕਰੀਬ ਕਰੀਬ ਨਸ਼ਟ ਹੋ ਜਾਂਦੀ ਹੈ। ਸਾਡੇ ਕਈ ਆਧੁਨਿਕ ਸਾਹਿੱਤਕਾਰ, ਭਾਵੇਂ ਉਹ ਅਗਾਂਹ-ਵਧੂ ਖ਼ਿਆਲ ਦੇ ਹੋਣ ਤੇ ਭਾਵੇਂ ਪ੍ਰਯੋਗਵਾਦੀ, ਪੰਜਾਬੀ ਸਾਹਿੱਤ ਅਤੇ ਸਭਿਆਚਾਰ ਦੀਆਂ ਸੁਚੀਆਂ ਲੀਹਾਂ ਤਿਆਗ ਕੇ ਅੰਗਰੇਜ਼ੀ ਕਦਰਾਂ ਅਤੇ ਹਿੰਦੀ ਸ਼ਬਦਾਵਲੀ ਦੇ ਇਤਨਾ ਅਧੀਨ ਹੋ ਕੇ ਲਿਖਦੇ ਹਨ, ਜਿਵੇਂ ਦਿਲ ਦੀ ਕਿਸੇ ਨੁੱਕਰੇ ਪੰਜਾਬੀ ਹੋਣ ਦੀ ਹਾਲਾਂ ਵੀ ਨਮੋਸ਼ੀ ਹੋਵੇ। ਅਜਿਹੀ ਮਾਤ-ਸੇਵਾ ਨੂੰ ਤਾਂ ਕਦੇ ਕਦੇ ਕੁਸੇਵਾ ਆਖਣ ਨੂੰ ਜੀਅ ਕਰ ਪੈਂਦਾ ਹੈ।

ਦੂਜੇ ਪਾਸੇ, ਪਾਕਿਸਤਾਨੀ ਪੰਜਾਬ ਵਿਚ, ਪੰਜਾਬੀ ਭਾਸ਼ਾ ਤੇ ਲੋਕ-ਕਲਾ ਨੂੰ ਯਤੀਮ ਬਾਲ ਵਾਂਗ ਰੁਲਣ ਲਈ ਛਡ ਦਿਤਾ ਗਿਆ ਹੈ। ਨਾ ਹਕੂਮਤ ਨੇ ਉਹਨੂੰ ਪਰਵਾਨਿਆਂ ਹੈ ਅਤੇ ਨਾ ਹੀ ਸਮਾਜ ਵਲੋਂ ਉਹਦੀ ਪ੍ਰਫੁਲਤਾ ਲਈ ਕੋਈ ਉਪਰਾਲੇ ਕੀਤੇ ਗਏ ਹਨ। ਇਸ ਗੱਲ ਨੂੰ ਵੇਖ ਕੁਦਰਤੀ ਤੌਰ ਉਤੇ ਦਿਲ ਨੂੰ ਬੜਾ ਦੁੱਖ ਹੁੰਦਾ ਹੈ ; ਪਰ ਨਾਲ ਇਕ ਗੱਲ ਦੀ ਤਸੱਲੀ ਵੀ ਹੁੰਦੀ

ਹੈ, ਉਹ ਇਹ ਕਿ ਸਭਿਆਚਾਰਕ ਵਿਰਸੇ ਨੂੰ ਜੇ ਨਿਖਾਰਿਆ ਨਹੀਂ ਤਾਂ ਘਟੋ ਘਟ ਵਿਗਾੜਿਆ ਵੀ ਨਹੀਂ ਜਾ ਰਿਹਾ। ਪਾਕਿਸਤਾਨੀ ਫ਼ਿਲਮਾਂ ਵਿਚ, ਤੇ ਰੇਡੀਓ ਉਤੇ ਵਰਤੀਂਦੀ ਪੰਜਾਬੀ ਬੋਲੀ ਖਰੀ ਤੇ ਨਰੋਈ ਹੁੰਦੀ ਹੈ, ਦਿਲ ਠਾਰਦੀ ਹੈ ਅਤੇ ਏਸੇ ਤਰ੍ਹਾਂ ਲੋਕ-ਗੀਤ ਗਾਉਣ ਅਤੇ ਲੋਕ-ਨਾਚ ਨੱਚਣ ਦਾ ਢੰਗ ਵੀ ਠੇਠ ਤੇ ਸੁਭਾਵਕ ਹੈ। ਉਹਦੀ ਟੰਗ-ਬਾਂਹ ਨਹੀਂ ਮਰੋੜੀ ਜਾਂਦੀ।

ਮਰਦਾਂ ਦਾ ਜ਼ਨਾਨੇ ਢੰਗ ਨਾਲ ਨੱਚਣਾ ਸੁਣਨ ਵਿਚ ਅਸੁਭਾਵਕ ਗੱਲ ਜਾਪਦੀ ਹੈ, ਪਰ ਵੇਖਣ ਵਿਚ ਉਤਨੀ ਅਸੁਭਾਵਕ ਨਹੀਂ ਰਹਿੰਦੀ ਜੇ ਕਲਾਕਾਰ ਹੁਨਰਮੰਦ ਹੋਣ। ਅਜ ਤੋਂ ਕੁਝ ਦਹਾਕੇ ਪਹਿਲਾਂ, ਜਦੋਂ ਮਹਾਰਾਸ਼ਟਰ ਵਿਚ ਔਰਤਾਂ ਦਾ ਸਟੇਜ ਉਪਰ ਆਉਣਾ ਵਰਜਿਤ ਸੀ, ਬਾਲ ਗੰਧਰਵ ਨਾਮਕ ਅਭਿਨੇਤਾ ਹਮੇਸ਼ਾਂ ਇਸਤ੍ਰੀ ਪਾਰਟ ਖੇਡਦੇ ਸਨ, ਅਤੇ ਉਹਨਾਂ ਦੀ ਲੋਕ-ਪ੍ਰੀਅਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਹਨਾਂ ਦੇ ਕੀਤੇ ਵੇਸ਼ ਸ਼ਿੰਗਾਰ ਮਹਾਰਾਸ਼ਟਰੀ ਤੀਵੀਂਆਂ ਲਈ ਫ਼ੈਸ਼ਨ ਬਣ ਜਾਂਦੇ ਸਨ।

ਝੰਗ ਦੇ ਇਹ ਸੱਮੀ ਤੇ ਧ੍ਰੀਸ ਨੱਚਣ ਵਾਲੇ ਵੀ ਉੱਤਮ ਦਰਜੇ ਦੇ ਕਲਾਵੰਤ ਹਨ। ਪੁਸ਼ਤ ਦਰ ਪੁਸ਼ਤ ਇਹਨਾਂ ਇਸ ਨਾਚ ਨੂੰ ਸਾਂਭਿਆ ਹੈ, ਕਿਸੇ ਪੱਖੋਂ ਵੀ ਲੀਕ ਨਹੀਂ ਲਗਣ ਦਿਤੀ। ਇਹਨੀਂ ਦਿਨੀਂ ਸ਼ਹਿਰ ਵਿਚ ਵਿਆਹਾਂ ਸ਼ਾਦੀਆਂ ਦੀ ਭਰਮਾਰ ਸੀ, ਏਸ ਕਾਰਨ ਇਹਨਾਂ ਨੂੰ ਸਿਰ ਖੁਰਕਣ ਦੀ ਵਿਹਲ ਨਹੀਂ ਸੀ। ਪਰ ਫੇਰ ਵੀ ਪ੍ਰਦੇਸੀ ਮਹਿਮਾਨ ਦੀ ਫ਼ਰਮਾਇਸ਼ ਪੂਰੀ ਕਰਨ ਲਈ ਉਹਨਾਂ ਹੋਰ ਸਭਨਾਂ ਫ਼ਰਮਾਇਸ਼ਾਂ ਨੂੰ ਪਿਛੇ ਪਾ ਦਿਤਾ। ਦੋ ਘੰਟਿਆਂ ਲਈ ਆਉਣ ਦਾ ਗੁਲਜ਼ਾਰ ਨੂੰ ਵਾਅਦਾ ਦਿਤੋ ਨੇ, ਪਰ ਮੈਨੂੰ ਰੱਜਦਾ ਨਾ ਵੇਖ ਕੇ ਅੱਧੀ ਰਾਤ ਏਥੇ ਹੀ ਗੁਜ਼ਾਰ ਦਿਤੀ। ਉਹ ਲੋਕ ਵੀ, ਜਿਹੜੇ ਮੰਡਲੀ ਨੂੰ ਅਗਲੀ ਥਾਂ ਲਿਜਾਣ ਲਈ ਤਾਂਘ ਰਹੇ ਸਨ, ਏਸ ਵਿਘਨ ਨੂੰ ਖਿੜੇ ਮੱਥੇ ਸਹਿੰਦੇ ਰਹੇ।

ਬਾਰਾਂ ਕੁ ਜਣਿਆਂ ਦੀ ਮੰਡਲੀ ਸੀ। ਬੋਤਲੀ ਸਾਵੇ ਰੰਗ ਦੀਆਂ ਪੱਗਾਂ, ਚਿੱਟੇ ਰੇਸ਼ਮ ਦੇ ਪਿੰਡਲੀਆਂ ਤੀਕ ਲੰਮੇ ਕੁੜਤੇ, ਬੋਤਲੀ ਸਾਵੇ ਰੰਗ ਦੀਆਂ ਤਹਿਮਤਾਂ। ਇਕ ਦੋ ਦੇ ਹੱਥ ਚਿਮਟੇ, ਬਾਕੀਆਂ ਦੇ ਹੱਥ ਖੜਤਾਲਾਂ। ਜਿਸ ਜੁਆਨ ਨੇ ਵਿਸ਼ੇਸ਼ ਕਰ ਕੇ ਇਸਤ੍ਰੀ-ਨਾਚ ਨੱਚਣਾ ਸੀ ਉਹ ਐਨ ਵਿਚਕਾਰ ਸੀ, ਸੁਲਫ਼ੇ ਦੀ ਲਾਟ ਵਾਂਗਰ ਸੁਬਕ, ਮਲੂਕੜਾ ਤੇ ਸੁਹਣਾ। ਢੋਲਚੀ ਦੇ ਢਮੱਕਿਆਂ ਅਤੇ ਟਮਕਾਂ ਦੇ ਆਧਾਰ 'ਤੇ ਚਿਮਟੇ ਤੇ ਖੜਤਾਲਾਂ ਵਜਦੀਆਂ ਅਤੇ ਬਿਜਲੀ ਦੀ ਰਫ਼ਤਾਰ ਨਾਲ ਇਹ ਲੋਕ ਨਿਖੜਦੇ, ਤੋੜੇ ਲੈਂਦੇ, ਪੈਲਾਂ ਪਾਉਂਦੇ ਅਤੇ ਝਟ ਫੇਰ ਇਕੋ ਕਤਾਰ

ਵਿਚ ਦਾਇਰ ਮਾਰ ਕੇ, ਜ਼ਮੀਨ ਨੂੰ ਪੈਰਾਂ ਦੇ ਅੰਗੂਠਿਆਂ ਨਾਲ ਟੁਕਦੇ ਇੰਜ ਹਰਕਤ ਕਰਦੇ ਜਿਵੇਂ ਤ੍ਰਿਸੇ ਪਹੀਆਂ ਵਾਲੀ ਗੱਡੀ ਉਤੇ ਸਵਾਰ ਹੋਣ। ਢੋਲਚੀ ਅਖੂਹਣੀ ਤਾਲਾਂ ਦਾ ਸਾਗਰ ਆਪਣੇ ਹੱਥਾਂ ਵਿਚ ਸਮੋਈ ਖੜਾ ਸੀ। ਨਾ ਉਹ ਬਹੁਤਾ ਟੁਰਦਾ ਤੇ ਨਾ ਹੀ ਉਹਦੇ ਮੂੰਹ ਉਪਰ ਲੇਸ-ਮਾਤਰ ਕੋਈ ਭਾਵ ਆਉਂਦਾ। ਇੰਜ ਸਪਾਟ ਸੀ ਉਹਦਾ ਚਿਹਰਾ ਜਿਵੇਂ ਕਿਸੇ ਖੁਲ੍ਹੀਆਂ ਅੱਖਾਂ ਵਾਲੇ ਮੁਰਦੇ ਦਾ ਹੋਵੇ। ਉਹਦੀ ਸਾਰੀ ਦੀ ਸਾਰੀ ਚੇਤਨਾ ਉਹਦੇ ਢੋਲ ਵਿਚ ਸੀ।

ਪਿੜ ਦੇ ਆਲੇ ਦੁਆਲੇ, ਚੋਖੀ ਵਿਥ ਛਡ ਕੇ, ਸੋਫ਼ਿਆਂ ਤੇ ਕੁਰਸੀਆਂ ਦੀਆਂ ਕਤਾਰਾਂ ਵਿਛੀਆਂ ਸਨ। ਸੈਆਂ ਛੋਟੇ ਵਡੇ, ਅਮੀਰ ਤੇ ਗ਼ਰੀਬ, ਜੁੜੇ ਹੋਏ ਸਨ। ਭੈਣਾਂ ਮਾਵਾਂ, ਉਪਰ ਕੋਠੀ ਦੇ ਬਰਾਂਡੇ ਵਿਚ, ਚਿਕਾਂ ਪਿਛੇ ਅਲੋਪ ਹੋ ਕੇ ਵੇਖ ਰਹੀਆਂ ਸਨ। ਜਿਸ ਮਹਿਮਾਨ ਲਈ ਇਤਨਾ ਉਚੇਚ ਕੀਤਾ ਗਿਆ ਉਹ ਖੀਸਿਉਂ ਖ਼ਾਲੀ ਸੀ। ਏਸ ਖ਼ਾਮੀ ਦੀ ਪੂਰਤੀ ਲਈ ਹਰ ਪਾਸਿਉਂ ਦੋਸਤਾਂ ਮਿੱਤਰਾਂ ਦੇ ਨਾਂਵਾਂ ਉਪਰ ਵੇਲਾਂ ਪਾਈਆਂ ਜਾ ਰਹੀਆਂ ਸਨ; ਰਜ ਰਜ ਕੇ ਕਲਾਕਾਰਾਂ ਦੀ ਝੋਲ ਭਰੀ ਜਾ ਰਹੀ ਸੀ ; ਮੁਖ-ਨਾਇਕ ਸੋਹਿਲੇ ਗਾਉਂਦਾ ਥਕ ਥਕ ਜਾਂਦਾ ਸੀ। ਅਤੇ ਏਸ ਸਾਰੇ ਚਾਅ-ਮਲਹਾਰ ਦੇ ਰੂਹੇ-ਰਵਾਂ ਸਨ ਗੁਲਜ਼ਾਰ ਅਤੇ ਸ਼ੇਰ ਅਫ਼ਜ਼ਲ ਜਾਫ਼ਰੀ।

ਮੇਰਾ ਜੀਅ ਕੀਤਾ ਘਟੋ ਘਟ ਇਕ ਦਸਾਂ ਰੁਪਿਆਂ ਦੀ ਵੇਲ ਸ਼ੇਰ ਅਫ਼ਜ਼ਲ ਦੇ ਨਾਂ ਹੀ ਪਾ ਛੱਡਾਂ। ਪਰ ਨੋਟ ਨਾਇਕ ਦੇ ਹੱਥ ਫੜਾਂਦਿਆਂ ਅਚਾਨਕ ਮੇਰੇ ਮੂੰਹੋਂ ਨਿਕਲ ਗਿਆ, "ਪਾਕਿਸਤਾਨ ਦੇ ਕਲਾਵੰਤਾਂ ਦੀ ਵੇਲ" ਅਤੇ ਜਦੋਂ ਉਹਨੇ ਨਸ਼ਰ ਕੀਤਾ ਤਾਂ ਹਰ ਪਾਸੇ ਤਾੜੀਆਂ ਗੂੰਜ ਉਠੀਆਂ।

ਅੰਤ ਮੇਰੀ ਸ਼ਾਨ ਵਿਚ ਸ਼ੇਰ ਅਫ਼ਜ਼ਲ ਨੇ ਤਕਰੀਰ ਕੀਤੀ; ਪਰ ਉਹਦਾ ਮੈਨੂੰ ਇਕ ਲਫ਼ਜ਼ ਵੀ ਨਹੀਂ ਯਾਦ। ਰਾਤ ਦੇ ਬਾਰਾਂ ਵਜ ਚੁਕੇ ਸਨ। ਸਵੇਰੇ ਛੇ ਵਜੇ ਮੈਂ ਸਰਗੋਧੇ ਰਵਾਨਾ ਹੋ ਜਾਣਾ ਸੀ। ਮੈਂ ਇਹਨਾਂ ਲੋਕਾਂ ਤੋਂ ਕਿਵੇਂ ਸਦਾ ਲਈ ਰੁਖ਼ਸਤ ਮੰਗਾਂਗਾ, ਜਿਹੜੇ ਕਲ੍ਹ ਤੀਕ ਮੇਰੇ ਲਈ ਅਜਨਬੀ ਸਨ ਅਤੇ ਹੁਣ ਸੱਕੇ ਵੀਰਾਂ ਵਾਂਗ ਪਿਆਰੇ ਹੋ ਗਏ ਹਨ ? ਗੁਲਜ਼ਾਰ, ਤੱਕੀ ਅੰਜੁਮ, ਸ਼ਾਰਿਬ, ਬਿੱਲਾਲ, ਇਨ੍ਹਾਂ ਸਭਨਾਂ ਨੂੰ ਕਿਵੇਂ "ਖ਼ੁਦਾ ਹਾਫ਼ਜ਼" ਆਖ਼ ਸਕਾਂਗਾ ! ਮੈਂ ਇਹਨਾਂ ਸੋਚਾਂ ਵਿਚ ਡੁੱਬਿਆ ਹੋਇਆ ਸਾਂ।

ਪਰ ਫੇਰ ਮੈਨੂੰ ਵੀ ਬੋਲਣਾ ਪਿਆ। ਇਤਨਾ ਦਿਲ ਦੀਆਂ ਡੂੰਘਾਣਾਂ ਵਿਚੋਂ ਅਤੇ ਇਤਨਾ ਉਧੜਾ ਗੁਧੜਾ ਮੈਂ ਸ਼ਾਇਦ ਹੀ ਜੀਵਨ ਵਿਚ ਕਦੇ ਬੋਲਿਆ

ਹੋਵਾਂ । ਖ਼ੌਰੇ ਕਿਹੜੇ ਜਜ਼ਬੇ ਨੇ ਮੈਥੋਂ ਅਖਵਾਇਆ :

"ਵੀਰੋ, ਮੈਂ ਤਾਂ ਝੱਖੜ-ਹਨੇਰੀ ਵਿਚ ਉੱਡਦੇ ਰੱਦੀ ਕਾਗ਼ਜ਼ ਵਾਂਗ ਤੁਹਾਡੇ ਸ਼ਹਿਰ ਦੀਆਂ ਸੜਕਾਂ ਉਤੇ ਆ ਡਿੱਗਿਆ ਸਾਂ । ਤੁਸਾਂ ਚੁਕ ਲਿਆ, ਚੁਣ-ਸਾਫ਼ ਕਰ ਲਿਆ, ਅਤੇ ਉਸ ਉਪਰ ਅੱਖਰ ਪਾਣੇ ਸ਼ੁਰੂ ਕਰ ਦਿਤੇ । ਇਤਨਾ ਭਾਗਾ ਕਰ ਛਡਿਆ ਜੇ ਇਹਨੂੰ ਅੱਖਰ ਪਾ ਪਾ ਕੇ ! ਇਸ ਕਾਗ਼ਜ਼ ਨੇ ਤਾਂ ਉੱਡ ਕੇ ਫੇਰ ਅੱਗੇ ਜਾਣਾ ਹੈ। ਹੁਣ ਇਹ ਕਿਵੇਂ ਉੱਡ ਸਕੇਗਾ, ਦਸੋ ਤਾਂ ਸਹੀ ?"......

ਅਤੇ ਜਦੋਂ ਜ਼ੇਲ ਘਰ ਦੇ ਬੂਹੇ ਅਗੇ ਰਾਤ ਦੇ ਘੁੱਪ ਹਨੇਰੇ ਵਿਚ ਅੰਤਮ ਜੱਫੀਆਂ ਪਾਈਆਂ ਗਈਆਂ ਤਾਂ ਸ਼ੇਰ ਅਫ਼ਜ਼ਲ ਨੇ ਆਪਣੇ ਹਾਸੇ ਨਾਲ ਫ਼ਿਜ਼ਾ ਨੂੰ ਲਿਸ਼ਕਾਂਦਿਆਂ ਕਿਹਾ, "ਅੱਜ ਸਾਨੂੰ ਯਕੀਨ ਹੋ ਗਿਆ ਹੈ ਪਈ ਹਿੰਦੂਆਂ ਵਿਚ ਵੀ ਮੋਮਿਨ ਹੈਨ !"

ਖ਼ੌਰੇ ਦਿਲ ਦੀਆਂ ਕਿਹੜੀਆਂ ਰੰਜਸ਼ਾਂ ਤੇ ਤਲਖ਼ੀਆਂ ਨੇ ਉਹਨੂੰ ਇਹ ਵਾਕ ਕਹਿਣ 'ਤੇ ਮਜਬੂਰ ਕੀਤਾ ? ਕੀ ਉਹਨੇ ਵਿਅੰਗ ਕੀਤਾ ਸੀ ? ਕਿਤੇ ਉਹ ਮੈਨੂੰ ਗ਼ਲਤ ਢੰਗ ਨਾਲ ਤਾਂ ਨਹੀਂ ਵੇਖਦਾ ਰਿਹਾ ? ਕਿਤੇ ਮੈਂ ਉਹਦੇ ਬਾਰੇ ਮੁਗ਼ਾਲਤੇ ਵਿਚ ਤਾਂ ਨਹੀਂ ਰਿਹਾ ? ਕੀ ਮੈਂ ਉਸ ਦੀ ਆਲੋਚਨਾ ਕਰਾਂ, ਜਾਂ ਆਪਣੀ ?

ਢੇਰ ਚਿਰ ਮੈਂ ਬਿਸਤਰੇ ਉਤੇ ਲੇਟਿਆ ਇਹੋ ਗੱਲ ਸੋਚਦਾ ਰਿਹਾ...

੯

○○○

ਕਾਫ਼ੀ ਚਿਰੋਕੇ, ਦੁਪਹਿਰ ਦੇ ਢਾਈ ਕੁ ਵਜੇ ਸਰਗੋਧੇ ਪੁਜੇ, ਕਿਉਂ ਜੋ ਟੁਰਨ ਤੋਂ ਪਹਿਲਾਂ ਸਵੇਰੇ ਡਿਪਟੀ ਕਮਿਸ਼ਨਰ ਸਾਹਿਬ ਦੇ ਬੰਗਲੇ ਉਤੇ ਨਾਸ਼ਤੇ ਲਈ ਜਾਣਾ ਪਿਆ ਸੀ । ਉਹ ਖ਼ੁਦ ਹਾਲੀ ਵਾਪਸ ਤਸ਼ਰੀਫ਼ ਨਹੀਂ ਸਨ ਲਿਆਏ, ਪਰ ਉਹਨਾਂ ਦੇ ਪਰਵਾਰ ਦਾ ਬਹੁਤ ਇਸਰਾਰ ਸੀ । ਖ਼ੁਆ ਖ਼ੁਆ ਕੇ ਝੰਗ ਦੇ ਲੋਕਾਂ ਪਹਿਲਾਂ ਹੀ ਦੂੰਬਾ ਕਰ ਛਡਿਆ ਸੀ, ਇਹ ਨਾਸ਼ਤਾ ਵੀ ਲੰਚ ਜਾਂ ਡਿਨਰ ਤੋਂ ਘਟ ਨਹੀਂ ਸੀ ।

ਉਹਨਾਂ ਦੇ ਪਰਵਾਰ ਵਿਚੋਂ ਹੀ ਇਕ ਨੌਜਵਾਨ ਸਰਗੋਧੇ ਤੀਕ ਬਸ ਵਿਚ ਮੇਰੇ ਨਾਲ ਚੱਲਣ ਨੂੰ ਬਜ਼ਿਦ ਹੋ ਗਿਆ । ਮੈਂ ਸਰਗੋਧੇ ਤੋਂ ਉੱਕਾ ਨਾਵਾਕਫ਼ ਸਾਂ । ਇਹ ਲੋਕ ਨਹੀਂ ਸਨ ਚਾਹੁੰਦੇ ਕਿ ਕੋਤਵਾਲੀ ਅਤੇ ਸਿਕਿਊਰਟੀ ਆਫ਼ਸਾਂ ਵਿਚ ਮੈਨੂੰ ਫੇਰ ਪਰੇਸ਼ਾਨ ਹੋਣਾ ਪਏ । ਇਹ ਗੱਲ ਮੈਨੂੰ ਵੀ ਜੱਚ ਗਈ ।

ਸਰਗੋਧੇ ਵਿਚ ਚੰਡੀਗੜ੍ਹ ਵਾਂਗ ਮਹੱਲਿਆਂ ਦੀ ਥਾਂ ਸੈਕਟਰ ਹਨ । ਪਹਿਲਾਂ ਤਾਂ ਮੈਂ ਸੋਚਿਆ ਇਹ ਨਵੀਂ ਈਜਾਦ ਹੋਵੇਗੀ; ਪਰ ਫੇਰ ਪਤਾ ਚਲਿਆ ਅੰਗਰੇਜ਼ੀ ਜ਼ਮਾਨੇ ਤੋਂ ਹੀ ਇੰਜ ਚਲਾ ਆ ਰਿਹਾ ਹੈ ।

ਮੇਰੇ ਸਾਥੀ, ਜਿਸ ਦਾ ਪ੍ਰਭਾਵਸ਼ਾਲੀ ਨਾਂ ਸਿਕੰਦਰ ਹਯਾਤ ਖ਼ਾਨ ਸੀ, ਦਾ ਘਰ ਅਠਾਰਾਂ ਨੰਬਰ ਸੈਕਟਰ ਦੀ ਇਕ ਗਲੀ ਵਿਚ ਸੀ । ਉਸ ਦਾ ਅਸਲੀ ਵਤਨ ਸੀ ਦਿੱਲੀ । ਪਠਾਣ ਕੌਮੀਅਤ ਦੇ ਸਨ ਅਤੇ ਕਿਸੇ ਜ਼ਮਾਨੇ ਕਾਬਲ ਤੋਂ

ਜਲਾਵਤਨ ਹੋ ਕੇ ਦਿੱਲੀ ਵੱਸ ਗਏ ਸਨ। ਉਥੇ ਇਹਨਾਂ ਨੂੰ ਅੰਗਰੇਜ਼ੀ ਸਰਕਾਰ ਨੇ ਜਗੀਰ ਦਿਤੀ ਹੋਈ ਸੀ। ਮੁਹਾਜਰ ਹੋ ਕੇ ਪਾਕਿਸਤਾਨ ਆਉਣ ਉਤੇ ਵੀ ਇਹਨਾਂ ਨੂੰ ਚੰਗਾ ਮੁਆਵਜ਼ਾ ਮਿਲਿਆ ਹੈ। ਲਾਇਲਪੁਰ, ਲਾਹੌਰ, ਸਰਗੋਧੇ, ਰਾਵਲਪਿੰਡੀ, ਸਭਨਾਂ ਥਾਵਾਂ ਉਤੇ ਹੁਣ ਇਹਨਾਂ ਦੇ ਘਰ ਬਾਰ ਤੇ ਕਾਰੋਬਾਰ ਹਨ। ਰਾਹ ਵਿਚ ਬਸ ਦੀ ਬਾਰੀ ਵਿਚੋਂ ਸਿਕੰਦਰ ਨੇ ਮੈਨੂੰ ਉਹ ਜ਼ਮੀਨਾਂ ਵੀ ਵਿਖਾਈਆਂ ਜਿਹੜੀਆਂ ਉਹਨਾਂ ਨੂੰ ਅਲਾਟ ਹੋਈਆਂ ਸਨ ਅਤੇ ਜਿਨ੍ਹਾਂ ਦੀ ਵੇਖ-ਭਾਲ ਉਹਦੇ ਆਪਣੇ ਜ਼ਿੰਮੇ ਸੀ। ਸਿਕੰਦਰ ਪੰਜਾਬੀ ਬੋਲਦਾ ਹੈ, ਪਰ ਹਾਲੇ ਬਹੁਤੀ ਚੰਗੀ ਨਹੀਂ। ਉਰਦੂ ਖ਼ੂਬ ਸੁਹਣੀ ਦਿੱਲੀ ਵਾਲੀ ਬੋਲਦਾ ਹੈ, ਪਰ ਮੈਨੂੰ ਸੁਣ ਕੇ ਅਲਕਤ ਆਉਂਦੀ। ਹੁਣ ਮੈਂ ਆਪਣੇ ਵਡੇ-ਵਡੇਰਿਆਂ ਦੀ ਖ਼ਾਸ ਜਨਮ-ਭੂਮੀ ਵਿਚ ਦਾਖ਼ਲ ਹੋ ਰਿਹਾ ਸਾਂ। ਚਾਹੁੰਦਾ ਸਾਂ ਇਥੋਂ ਦੀ ਬੋਲੀ ਹੀ ਮੇਰੇ ਕੰਨਾਂ ਵਿਚ ਪਏ। ਮੇਰੇ ਕਹਿਣ ਉਤੇ ਵਿਚਾਰਾ ਪੰਜਾਬੀ ਬੋਲਣ ਲਗ ਪਿਆ, ਪਰ ਇਸ ਤਰ੍ਹਾਂ ਵੀ ਸਵਾਲ ਹਲ ਨਹੀਂ ਹੋਇਆ। ਅਖ਼ੀਰ ਇਕ ਚੰਗੇ ਆਗਿਆਕਾਰੀ ਬੰਦੇ ਵਾਂਗ ਉਹਨੇ ਚੁੱਪ ਈ ਧਾਰ ਲਈ। ਉਹਨੇ ਵੇਖਿਆ ਕਿ ਮੇਰੇ ਕੰਨ ਪਿਛੇ ਬੈਠੀਆਂ ਸਵਾਰੀਆਂ ਦੇ ਵਾਰਤਾਲਾਪ ਵਿਚ ਲੀਨ ਹਨ।

ਮੇਰੀਆਂ ਅੱਖਾਂ ਇਸ ਅੱਸੀ ਮੀਲ ਲੰਮੇ ਸਫ਼ਰ ਦੇ ਦੌਰਾਨ ਆਸੇ ਪਾਸੇ ਉਸਾਰੀ ਦੇ ਚਿੰਨ੍ਹ ਵੀ ਟੋਲ ਰਹੀਆਂ ਸਨ। ਪੂਰਬੀ ਪੰਜਾਬ ਦੀ ਧਰਤੀ ਉਪਰ ਟਰੈਕਟਰ ਜ਼ਰੂਰ ਕਿਤੇ ਨਾ ਕਿਤੇ ਨਜ਼ਰੀਂ ਪੈ ਜਾਂਦੇ ਹਨ। ਟਰੱਕਾਂ ਦੀ ਘਮਸਾਨ ਹੁੰਦੀ ਹੈ, ਛੋਟੇ ਤੇ ਵਡੇ ਕਾਰਖ਼ਾਨੇ ਵੀ ਥਾਂ ਥਾਂ ਦਿਸਦੇ ਹਨ। ਪਰ ਅਜਿਹੇ ਆਸਾਰ ਮੈਨੂੰ ਝੰਗ ਤੋਂ ਸਰਗੋਧੇ ਤੀਕ ਵੀ ਖ਼ਾਸ ਕਿਤੇ ਨਜ਼ਰ ਨਹੀਂ ਆਏ। ਹਾਂ, ਜੱਟਾਂ ਦੀ ਆਰਥਕ ਦਸ਼ਾ ਪੂਰਬੀ ਪੰਜਾਬ ਦੇ ਜੱਟਾਂ ਦੇ ਮੁਕਾਬਲੇ ਵਿਚ ਮੈਨੂੰ ਕੋਈ ਮਾੜੀ ਨਹੀਂ ਦਿਸੀ।

ਜਿਸ ਗਲੀ ਵਿਚ ਸਿਕੰਦਰ ਦਾ ਘਰ ਸੀ, ਤਕਰੀਬਨ ਸਾਰੀ ਦੀ ਸਾਰੀ ਹੀ ਦਿੱਲੀ ਵਾਲਿਆਂ ਨੇ ਮੱਲੀ ਹੋਈ ਸੀ। ਖੁਰੇ ਉਤੇ ਮੂੰਹ-ਹੱਥ ਧੋਂਦਿਆਂ ਅਤੇ ਬੈਠਕ ਵਿਚ ਰੋਟੀ ਟੁਕਰ ਖਾਂਦਿਆਂ ਮੈਂ ਉਹਨਾਂ ਉੱਡ-ਗਏ ਪੰਖੇਰੂਆਂ ਬਾਰੇ ਸੋਚਣੋਂ ਨਾ ਰਹਿ ਸਕਿਆ ਜਿਨ੍ਹਾਂ ਕਦੇ ਇਹ ਆਲ੍ਹਣਾ ਆਪਣੇ ਲਈ ਬਣਾਇਆ ਸੀ। ਕੀ ਬੀਤੀ ਉਹਨਾਂ ਨਾਲ ? ਹੁਣ ਕਿਸ ਥਾਂ ਜਾ ਉਤਰੇ ਹੋਣਗੇ ਉਹ ? ਕੀ ਉਹਨਾਂ ਬਾਰੇ ਸਿਕੰਦਰ ਤੋਂ ਪੁੱਛ-ਗਿਛ ਕਰਨੀ ਵਾਜਬ ਹੋਵੇਗੀ ? ਇਹਨਾਂ ਮੁੰਡਿਆਂ ਨੂੰ ਕੀ ਪਤਾ ? ਜਦੋਂ ਇਹ ਭਗੌੜੇ ਬਣ ਕੇ ਆਏ ਹੋਣਗੇ — ਉਹ

ਭਗੌੜੇ ਕਦੋਂ ਦੇ ਲਾ-ਪਤਾ ਹੋ ਚੁਕੇ ਹੋਣਗੇ । ਕੀ ਲਾਭ ਇਹਨਾਂ ਗੱਲਾਂ ਨੂੰ ਛੇੜਨ ਦਾ ? ਪਰ ਲਾਸ਼ ਨੂੰ ਭਾਵੇਂ ਕਿਤਨਾ ਡੂੰਘਾ ਦਬ ਛਡੋ, ਬੋ ਤਾਂ ਥੋੜੀ ਬਹੁਤ ਆਉਂਦੀ ਹੀ ਹੈ।

ਸਿਕੰਦਰ ਦੀ ਸਹਾਇਤਾ ਨਾਲ ਪੁਲਸ ਤੇ ਸਿਕਿਉਰਟੀ ਦੀ ਹਾਜ਼ਰੀ ਬਿਲਾ ਤਕਲੀਫ਼ ਤੇ ਝਟਪਟ ਵਾਪਰ ਗਈ, ਪਰ ਮੰਨਣਾ ਪਵੇਗਾ ਕਿ ਇਹ, ਕਵੈਦ ਕਹਿ ਲਓ ਭਾਵੇਂ ਖੇਡ, ਸਰਗੋਧੇ ਵਿਚ ਮੇਰਾ ਵੱਡਾ ਮਸ਼ਗਲਾ ਬਣੀ ਰਹੀ। ਕਲ੍ਹ ਭੇਰੇ ਰਵਾਨਾ ਹੋਣ ਤੋਂ ਪਹਿਲਾਂ ਫੇਰ ਥਾਣੇ ਜਾ ਕੇ ਰੁਖ਼ਸਤੀ ਦੀ ਮੁਹਰ ਲੁਆਣੀ ਹੋਵੇਗੀ, ਭੇਰੇ ਦੇ ਥਾਣੇ ਵਿਚ ਪਹੁੰਚ ਦੀ, ਅਤੇ ਉਥੋਂ ਟੁਰਨ ਵੇਲੇ ਦੀ ਮੁਹਰ ਲੁਆਣੀ ਹੋਵੇਗੀ। ਦੁਪਹਿਰੀਂ ਤਿੰਨ ਵਜੇ ਤੋਂ ਪਹਿਲਾਂ ਪਹਿਲਾਂ ਸਰਗੋਧੇ ਵਾਪਸ ਪਹੁੰਚਣਾ ਹੋਵੇਗਾ; ਵਰਨਾ ਸਿਕਿਉਰਿਟੀ ਆਫ਼ਸ ਬੰਦ ਹੋ ਜਾਵੇਗਾ, ਅਤੇ ਪਰਸੋਂ ਸਵੇਰੇ ਛੇ ਵਜੇ ਦੀ ਗੱਡੀ ਰਾਵਲਪਿੰਡੀ ਰਵਾਨਾ ਹੋਣਾ ਦੁਸ਼ਵਾਰ ਹੋ ਜਾਵੇਗਾ ।

ਮੈਂ ਆਪਣੇ ਘਰ ਕਈ ਵਾਰੀ ਜ਼ਿਕਰ ਸੁਣਿਆਂ ਸੀ ਕਿ ਸਾਡੇ ਕਈ ਰਿਸ਼ਤੇਦਾਰ ਸਰਗੋਧੇ ਸ਼ਹਿਰ ਵਿਚ ਜਾਂ ਆਸ ਪਾਸ ਦੇ ਪਿੰਡਾਂ ਵਿਚ ਹਣ ਵੀ ਵੱਸੇ ਹੋਏ ਹਨ। ਉਹਨਾਂ ਵਿਚੋਂ ਕੁਝ ਮੁਸਲਮਾਨ ਹੋ ਗਏ ਹਨ ਅਤੇ ਕੁਝ ਹਾਲੀ ਵੀ ਹਿੰਦੂ ਹਨ। ਲਾਇਲਪੁਰੋਂ ਝੰਗ ਆਉਂਦਿਆਂ ਮਿਹਰ ਰੋਬੇ ਖ਼ਾਨ ਦੀ ਫ਼ੋਟੋ ਖਿੱਚਣ ਵੇਲੇ, ਇਕ ਜੱਟ ਨੇ ਸਰਗੋਧੇ ਦੇ ਮੋਹਨ ਲਾਲ ਸਾਹਨੀ, ਵਕੀਲ ਦਾ ਨਾਂ ਲਿਆ ਸੀ। ਸ਼ਾਮ ਵੇਲੇ ਸਿਕੰਦਰ ਤੇ ਮੈਂ ਉਹਨਾਂ ਦਾ ਪਤਾ ਲਾਣ ਲਈ ਨਿਕਲ ਪਏ। ਵਡੇ ਬਾਜ਼ਾਰ ਵਿਚ ਵੜਦਿਆਂ ਸਾਰ ਮੈਂ "ਸਾਹਨੀ ਕਲਾਥ ਹਾਊਸ" ਦਾ ਬੋਰਡ ਪੜ੍ਹਿਆ, ਅਤੇ ਝਟ ਦੁਕਾਨ ਅੰਦਰ ਜਾ ਵੜਿਆ। ਪਰ ਇਹ ਲੋਕ ਭੇਰੇ ਦੇ ਨਹੀਂ ਗੁਜਰਾਂਵਾਲੇ ਦੇ ਸਾਹਨੀ ਸਨ। ਉਹਨਾਂ ਦੇ ਪੁਰਖੇ ਕੋਈ ਡੇਢ ਸੌ ਸਾਲ ਹੋਇਆ ਮੁਸਲਮਾਨ ਹੋ ਗਏ ਸਨ, ਪਰ ਇਕ ਗੱਲ ਉਹਨਾਂ ਚੰਗੀ ਸੁਣਾਈ ਉਹ ਇਹ ਕਿ ਵਕੀਲ ਮੋਹਨ ਲਾਲ ਸਾਹਿਬ ਨਿਰ-ਸੰਦੇਹ ਭਿਰੋਚੀ ਹਨ, ਅਤੇ ਉਹਨਾਂ ਦਾ ਘਰ ਏਥੇ ਕਿਤੇ ਨੇੜੇ ਈ ਹੈ।

ਸਾਨੂੰ ਘਰ ਢੂੰਡਣ ਵਿਚ ਦੇਰ ਨਹੀਂ ਲਗੀ । ਸ੍ਰੀ ਮੋਹਨ ਲਾਲ ਸਾਹਨੀ ਸ਼ਹਿਰ ਦੇ ਪੁਰਾਣੇ ਅਤੇ ਮੁਅੱਜ਼ਜ਼ ਵਕੀਲਾਂ ਵਿਚੋਂ ਹਨ, ਅਤੇ ਸ਼ੈਦ ਨਗਰ-ਸਭਾ ਦੇ ਵੀ ਮੈਂਬਰ। ਬੜਾ ਆਲੀਸ਼ਾਨ ਮਕਾਨ ਸੀ ਉਹਨਾਂ ਦਾ । ਸਿਕੰਦਰ ਤੇ ਮੈਂ ਬੜੇ ਅਦਬ ਨਾਲ ਉਹਨਾਂ ਦੇ ਦਫ਼ਤਰ ਵਿਚ ਦਾਖ਼ਲ ਹੋਏ।

ਸੱਠਾਂ ਕੁ ਵਰ੍ਹਿਆਂ ਦੇ ਬਜ਼ੁਰਗ ਹੋਣਗੇ ਉਹ । ਵਕੀਲਾਂ ਵਾਲਾ ਕਾਲਰ ਅਤੇ ਕਾਲਾ ਕੋਟ ਅਜੇ ਵੀ ਪਾਇਆ ਸੀ, ਜਿਸ ਤੋਂ ਜ਼ਾਹਿਰ ਹੁੰਦਾ ਸੀ ਕਚਹਿਰੀਉਂ ਉਹ ਵਾਪਸ ਆਂਦਿਆਂ ਹੀ ਫੇਰ ਕੰਮ ਵਿਚ ਜੁਟ ਗਏ ਸਨ । ਮੇਜ਼ ਦੇ ਆਲੇ ਦੁਆਲੇ ਦੀਆਂ ਦੂਜੀਆਂ ਕੁਰਸੀਆਂ ਉਤੇ ਕਾਰਿੰਦੇ ਤੇ ਮੁਅੱਕਲ ਬੈਠੇ ਹੋਏ ਸਨ, ਜਿਨ੍ਹਾਂ ਦਾ ਪਹਿਰਾਵਾ ਦਿਹਾਤੀ ਸੀ । ਸਾਡੇ ਸਾਹਨੀ ਖ਼ਾਨਦਾਨ ਨੇ ਬੜੀ ਭਾਰੀ ਸੰਖਿਆ ਵਿਚ ਵਕੀਲ ਤੇ ਜੱਜ ਪੈਦਾ ਕੀਤੇ ਹਨ । ਇਸ ਦਫ਼ਤਰ ਦਾ ਨਜ਼ਾਰਾ ਕਈ ਪੁਰਾਣੀਆਂ ਯਾਦਾਂ ਤਾਜ਼ਾ ਕਰਨ ਲਗ ਪਿਆ ।

ਮੈਂ ਨਮਸਤੇ ਕਰ ਕੇ ਕਿਹਾ, "ਮੈਂ ਬੰਬਈਉਂ ਆਇਆਂ ਜੀ, ਤੇ ਮੈਂ ਵੀ ਇਕ ਸਾਹਨੀ ..."

ਅਗੋਂ ਉਹਨਾਂ ਹੱਥ ਦੇ ਇਸ਼ਾਰੇ ਨਾਲ ਮੈਨੂੰ ਰੋਕ ਕੇ ਕਿਹਾ, "ਬੈਠੋ ।"

ਉਹ ਐਨਕ ਲਾਹ ਕੇ ਚੁੱਪਚਾਪ ਬੜੀ ਦੇਰ ਤਕ ਮੇਰੇ ਵਲ ਘੂਰਦੇ ਰਹੇ । ਫੇਰ, ਜਿਵੇਂ ਬੜੀ ਮੁਸ਼ਕਲ ਨਾਲ, ਆਖਿਉ ਨੇ—"ਤੂੰ......ਬਲਰਾਜ ਏਂ ?..."

ਮੇਰਾ ਰੋਮ ਰੋਮ ਹਲੂਣਿਆ ਗਿਆ । ਜੀਅ ਕੀਤਾ ਉਠ ਕੇ ਉਹਨਾਂ ਨੂੰ ਗਲਵਕੜੀ (ਭਿਰੋਚੀ ਬੋਲੀ ਵਿਚ ਗਲਵੰਡੀ) ਪਾ ਲਵਾਂ, ਪਰ ਹਾਲੀ ਰਿਸ਼ਤਾ ਨਹੀਂ ਸੀ ਪਛਾਤਾ ਗਿਆ, ਕਿਵੇਂ ਦਲੇਰੀ ਹੁੰਦੀ ?

"ਪਤਾ ਈ ਮੈਂ ਤੇਰਾ ਕੇ ਲੱਗਨਾਂ ?" ਉਹਨਾਂ ਫੇਰ ਕਿਹਾ ।

"ਨਹੀਂ ਜੀ", ਮੈਂ ਡਾਢਾ ਈ ਸ਼ਰਮਸਾਰ ਹੋ ਕੇ ਆਖਿਆ, "ਕੁਝ ਸਾਲ ਹੋਏ ਮੇਰੇ ਮਾਤਾ ਪਿਤਾ ਬੰਬਈ ਆ ਕੇ ਠਹਿਰੇ ਸਨ । ਕਈ ਵਾਰੀ ਆਪਸ ਵਿਚ ਭੇਰੇ ਤੇ ਸਰਗੋਧੇ ਦੇ ਵਿਛੜੇ ਸਰਬੰਧੀਆਂ ਦਾ ਜ਼ਿਕਰ ਕਰਦੇ, ਪਰ ਮੈਂ ਕਦੇ ਤਵੱਜੋ ਨਹੀਂ ਸੀ ਕੀਤੀ । ਕਦੇ ਮੈਨੂੰ ਆਪ ਸਰਗੋਧੇ ਜਾ ਵੜਨ ਦਾ ਮੌਕਾ ਮਿਲੇਗਾ, ਇਸ ਗੱਲ ਦਾ ਕਦੇ ਸੁਫ਼ਨੇ ਵਿਚ ਵੀ ਗੁਮਾਨ ਨਹੀਂ ਸੀ ਹੋਇਆ ।"

"ਤੇਰੀ ਤਾਈ ਆਈ ਕਿ ਨਾ, ਲਖਮੀਂ ?"

"ਜੀ ।"

"ਉਹ ਮੇਰੀ ਮਾਸੀ ਲਗਦੀ ਆਈ......"

ਬਚਪਨ ਵਿਚ ਜਦੋਂ ਅਸੀਂ ਪਿੰਡੀ ਵਲੋਂ ਕਸ਼ਮੀਰ ਜਾਂਦੇ ਤਾਂ ਉੜੀਉਂ ਪਾਰ ਸੜਕ ਦੇ ਸੱਜੇ ਪਾਸੇ, ਪਹਾੜ ਦੇ ਨਾਲ ਨਾਲ ਇਕ ਲੱਕੜ ਦੀ ਵਾੜ

ਜਿਹੀ ਦਿਸਦੀ। ਮਹੂਰੇ ਦੇ ਬਿਜਲੀ-ਘਰ ਦੀ ਨਹਿਰ ਸੀ ਇਹ। ਅਤੇ ਪਿਤਾ ਜੀ ਇਹਦੇ ਵਲ ਇਸ਼ਾਰਾ ਕਰਦੇ ਸਾਨੂੰ ਦਸਦੇ, "ਇਹ ਤੁਹਾਡੇ ਤਾਇਆ ਜੀ ਨੇ ਬਣਵਾਈ ਸੀ, ਸ਼ਿਵਦਾਸ ਭਾਈਆ ਜੀ ਨੇ। ਉਹਨਾਂ ਦਾ ਏਥੇ ਠੇਕਾ ਸੀ।"

ਤਾਇਆ ਜੀ ਨੇ ਮੇਰੇ ਪਿਤਾ ਜੀ ਨੂੰ ਪੁੱਤਰਾਂ ਵਾਂਗ ਪਾਲਿਆ ਸੀ। ਮੇਰੀ ਪੈਦਾਇਸ਼ ਤੋਂ ਬਹੁਤ ਵਰ੍ਹੇ ਪਹਿਲਾਂ ਦੇ ਉਹ ਸੁਰਗਵਾਸ ਹੋ ਚੁਕੇ ਸਨ, ਮੇਰੇ ਭੈਣਾਂ ਭਰਾਵਾਂ ਵਿਚੋਂ ਵੀ ਉਹਨਾਂ ਨੂੰ ਕਿਸੇ ਨੇ ਨਹੀਂ ਸੀ ਵੇਖਿਆ, ਪਰ ਤਾਈ ਜੀ ਨੂੰ ਅਸਾਂ ਚੰਗੀ ਤਰ੍ਹਾਂ ਵੇਖਿਆ ਤੇ ਜਾਣਿਆਂ ਹੋਇਆ ਸੀ। ਕਈ ਵਾਰੀ ਪਿੰਡੀ ਸਾਡੇ ਕੋਲ ਆ ਕੇ ਠਹਿਰਦੇ ਸਨ, ਅਤੇ ਬੜਾ ਹੀ ਪਿਆਰ ਕਰਦੇ ਸਨ। ਵੈਸੇ, ਬਾਲ-ਵਿਧਵਾ ਹੋ ਜਾਣ ਤੋਂ ਬਾਅਦ, ਉਹ ਜ਼ਿਆਦਾ ਵਕਤ ਆਪਣੇ ਪੇਕੇ ਘਰ ਈ ਗੁਜ਼ਾਰਦੇ ਸਨ, ਕਦੇ ਸਰਗੋਧੇ, ਕਦੇ ਭੇਰੇ ਅਤੇ ਕਦੇ ਕੈਂਬਲਪੁਰ। ਪਾਕਿਸ-ਤਾਨ ਬਣਨ ਤੋਂ ਬਾਅਦ ਵੀ ਉਹ ਸਰਗੋਧੇ ਈ ਰਹੇ, ਅਤੇ ਉਥੇ ਹੀ ਸਵਰਗਵਾਸ ਹੋਏ। ਮੈਂ ਕਦੇ ਵੀ ਉਹਨਾਂ ਦੀ ਕੋਈ ਸੇਵਾ ਨਹੀਂ ਸੀ ਕੀਤੀ। ਅੰਗਰੇਜ਼ੀ ਤਾਲੀਮ ਦੇ ਸਦਕੇ ਮੈਂ ਹੋਸ਼ ਸੰਭਾਲਦਿਆਂ ਹੀ ਅਤਿ ਦਰਜੇ ਦਾ ਖ਼ੁਦ-ਪ੍ਰਸਤ ਹੋ ਗਿਆ ਸਾਂ। ਪਿੰਡੀਉਂ ਨਠਿਆਂ ਹੋਇਆਂ ਵੀ ਤਾਂ ਜੁਗ ਬੀਤ ਚੁਕਾ ਸੀ। ਬੜਾ ਦਿਲ ਦੁਖਿਆ ਆਪਣੀਆਂ ਅਣਗਹਿਲੀਆਂ ਯਾਦ ਕਰ ਕੇ। ਸ਼ਰਮ ਨਾਲ ਸਿਰ ਨੀਵਾਂ ਹੁੰਦਾ ਜਾ ਰਿਹਾ ਸੀ।

ਉਹ ਹੱਸ ਕੇ ਕਹਿਣ ਲੱਗੇ —

"ਸੁਣ ਭਈ ਸਿਆਣਿਆਂ, ਤੁਹਾਡੀ ਜਿਹੜੀ ਇਥੇ ਜੈਦਾਦ ਆਈ ਉਹ ਤੁਸਾਂ ਕਲੇਮ ਕਿਉਂ ਨਾ ਕੀਤੀ ?"

"ਸਾਡੀ ਇਥੇ ਕਿਹੜੀ ਜੈਦਾਦ ਸੀ ?" ਮੈਂ ਹੈਰਾਨ ਹੋ ਕੇ ਪੁੱਛਿਆ।

"ਤੇਰੇ ਤਾਇਆ ਜੀ ਦਾ ਇਕ ਮਕਾਨ ਹੁੰਦਾ ਸੀ। ਉਹਨਾਂ ਦੇ ਮਰਨ ਤੋਂ ਬਾਅਦ ਤੇਰੇ ਪਿਤਾ ਜੀ ਨੇ ਉਸ ਨੂੰ ਢੁਆ ਕੇ ਦੁਕਾਨਾਂ ਬਣਵਾ ਦਿਤੀਆਂ ਸਨ। ਉਹਨਾਂ ਦਾ ਕਿਰਾਇਆ ਤੇਰੀ ਤਾਈ ਜੀ ਨੂੰ ਮਿਲਦਾ ਰਹਿੰਦਾ ਸੀ, ਪਰ ਉਹਨਾਂ ਦੇ ਮਰਨ ਤੋਂ ਬਾਅਦ ਤਾਂ ਵਾਰਸ ਤੁਸੀਂ ਲੋਕ ਈ ਸਓ। ਤੁਸਾਂ ਕਿਉਂ ਨਾ ਕਲੇਮ ਕੀਤਾ ? ਮੈਂ ਤੁਹਾਡੇ ਪਿਤਾ ਜੀ ਨੂੰ ਚਿੱਠੀਆਂ ਵੀ ਪਾਈਆਂ, ਪਰ ਉਹਨਾਂ ਕੋਈ ਜੁਆਬ ਈ ਨਾ ਦਿਤਾ।"

"ਮੈਨੂੰ ਤਾਂ ਕੁਝ ਪਤਾ ਨਹੀਂ ਇਸ ਗੱਲ ਦਾ। ਪਿਤਾ ਜੀ ਨੇ ਕਦੇ ਮੇਰੇ ਨਾਲ ਜ਼ਿਕਰ ਨਹੀਂ ਸੀ ਕੀਤਾ। ਚਲੋ, ਦੋ ਤਿੰਨ ਦੁਕਾਨਾਂ ਕਲੇਮ ਨਾ

ਕੀਤੀਆਂ ਤਾਂ ਕੀ ਹੋਇਆ !"

"ਪਤਾ ਈ ਵੰਡ ਵੇਲੇ ਕੀਮਤ ਕੀ ਸੀ ਉਹਨਾਂ ਦੁਕਾਨਾਂ ਦੀ ? ਘਟ ਤੋਂ ਘਟ ਤਿੰਨ ਲੱਖ !"

ਸੁਣ ਕੇ ਮੈਂ ਚਮਕ ਪਿਆ। ਕੀ ਏਸ ਅਣਜਾਣੇ ਸ਼ਹਿਰ ਵਿਚ ਜਿਸ ਨੂੰ ਕਦੇ ਮੈਂ ਵੇਖਿਆ ਈ ਨਹੀਂ, ਮੇਰੀ ਲੱਖਾਂ ਰੁਪਏ ਦੀ ਜਾਇਦਾਦ ਸੀ ? ਇਕਦਮ ਮੈਂ ਆਪਣੇ ਆਪ ਨੂੰ ਬੜਾ ਅਮੀਰ ਤੇ ਸਰਗੋਧੀਆ ਮਹਿਸੂਸ ਕੀਤਾ। ਹੁਣ ਤੀਕ ਸਰਗੋਧੇ ਸ਼ਹਿਰ ਨੂੰ ਮੈਂ ਕਦੇ ਵੀ ਕੋਈ ਅਹਿਮੀਅਤ ਨਹੀਂ ਸੀ ਦਿਤੀ। ਉਹਨੂੰ ਮਹਿਜ਼ ਇਕ ਪਿੰਡ ਜਾਂ ਕਸਬੇ ਵਰਗਾ ਤਸੱਵਰ ਕੀਤਾ ਸੀ। ਨਾਲ, ਰਾਵਲਪਿੰਡੀ ਦਾ ਜੰਮ-ਪਲ ਹੋਣ ਕਰ ਕੇ, ਅਸੀਂ ਝਿਰੋਚੀ ਲਹਿਜੇ ਦੀ ਹਮੇਸ਼ਾਂ ਮਸਖ਼ਰੀ ਕਰਦੇ ਹੁੰਦੇ ਸਾਂ। ਏਸ ਲਹਿਜੇ ਅਨੁਸਾਰ ਸਰਗੋਧਾ ਸ਼ਬਦ ਦਾ "ਗੋਧ" ਬੜਾ ਉੱਘਰ ਕੇ ਕੰਨਾਂ ਵਿਚ ਪੈਂਦਾ, ਅਤੇ ਸਾਡੇ ਲਈ ਯਕੀਨ ਕਰਨਾ ਔਖਾ ਹੋ ਜਾਂਦਾ ਕਿ ਇਸ ਨਾਉਂ ਦਾ ਸ਼ਹਿਰ ਵੀ ਕਦੇ ਵੱਡਾ ਜਾਂ ਸੁਹਣਾ ਹੋ ਸਕਦਾ ਹੈ। ਹੁਣ ਤੀਕ ਇਹੋ ਪ੍ਰਭਾਵ ਮਨ ਵਿਚ ਬੈਠਾ ਚਲਾ ਆ ਰਿਹਾ ਸੀ।

"ਤੁਸੀਂ ਆਪ ਕਿਉਂ ਨਾ ਕਲੇਮ ਕਰ ਲਿਤਾ, ਭਾਪਾ ਜੀ ?" ਮੈਂ ਪੁੱਛਿਆ।

"ਚੀਜ਼ ਤੁਹਾਡੀ, ਅਸੀਂ ਕਿਵੇਂ ਕਲੇਮ ਕਰ ਲੈਂਦੇ ?"

ਸੱਚੀ ਤੇ ਖਰੀ ਸਾਹਨੀਆਂ ਵਾਲੀ ਅਣਖ ਸੀ ਇਹ; ਵਰਨਾ ਉਸ ਉੱਥਲ-ਪੁਥਲ ਦੇ ਵੇਲੇ ਬਰਹੱਕ ਆਪਣੀ ਇਕ ਖ਼ਾਨਦਾਨੀ ਚੀਜ਼ ਨੂੰ ਸਾਂਭ ਲੈਣਾ ਉਹਨਾਂ ਜਿਹੇ ਉੱਘੇ ਵਿਅਕਤੀ ਲਈ ਕੋਈ ਔਖਾ ਕੰਮ ਨਹੀਂ ਸੀ। ਪਰ ਪਿਤਾ ਜੀ ਜੇ ਕਲੇਮ ਕਰਦੇ ਵੀ ਤਾਂ ਭਾਰਤੀ ਹਕੂਮਤ ਵਲੋਂ ਪੰਝੀ ਤੀਹ ਹਜ਼ਾਰ ਤੋਂ ਵਧ ਨਹੀਂ ਸੀ ਮਿਲਣਾ। ਪਰ ਇਹਨਾਂ ਏਥੇ ਬੈਠਿਆਂ ਲਈ ਉਸ ਵੇਲੇ ਦੀ ਤਿੰਨ ਲੱਖ ਦੀ ਚੀਜ਼ ਇਸ ਵੇਲੇ ਛੇ ਲੱਖ ਦੇ ਬਰਾਬਰ ਹੁੰਦੀ।

"ਬਲਰਾਜ ਇਥੇ ਸਾਡੇ ਕੋਲ ਕਿਉਂ ਨਹੀਂ ਏਂ ਆ ਕੇ ਠਹਿਰਿਆ ? ਅਸਾਂ ਅਖ਼ਬਾਰ ਵਿਚ ਜਿਦਣ ਪੜ੍ਹਿਆ ਤੂੰ ਆਇਆ ਹੋਇਆ ਏਂ, ਸਾਨੂੰ ਤਾਂ ਪੱਕੀ ਉਮੈਦ ਆਈ ਸਾਡੇ ਕੋਲ ਕੁਝ ਦਿਨ ਆ ਰਹਿਸੇਂ। ਅਸੀਂ ਤਾਂ ਆਂਢ-ਗੁਆਂਢ ਨੂੰ ਪਏ ਦੱਸਦੇ ਸਾਂ।"

"ਮੈਨੂੰ ਖ਼ਿਆਲ ਨਹੀਂ ਸੀ, ਭਾਪਾ ਜੀ, ਕਿ ਇਥੇ ਮੇਰਾ ਆਪਣਾ ਘਰ ਏ। ਹੁਣ ਤਾਂ ਬਸ ਕਲ੍ਹ ਦਾ ਦਿਨ ਭੇਰੇ, ਫੇਰ ਵਾਪਸ ਆ ਕੇ ਪਰਸੋਂ ਪਿੰਡੀ ਚਲਾ ਜਾਵਾਂਗਾ।"

"ਭੇਰੇ ਕਿਸ ਕੋਲ ਜਾਸੇਂ ?"

"ਕਿਸ ਕੋਲ ਜਾਣੈ ? ਉਥੇ ਹੁਣ ਕੌਣ ਏ ਸਾਡਾ।"

"ਭੇਰੇ ਦਾ ਆਪਣਾ ਵੀ ਹੁਣ ਕੋਈ ਨਹੀਂ।"

"ਕੀ ਮਤਲਬ ?"

"ਆਪੇ ਜਾ ਕੇ ਵੇਖ ਲਵੀਂ। ਪਰ ਉਥੇ ਸਾਡਾ ਸਾਹਨੀ ਭਿਰਾ ਇਹ ਹੈ ਈ ਇਕ — ਚੌਧਰੀ ਗੁਲਾਮ ਮੁਹੰਮਦ ਨਾਂ ਸੂ ਹੁਣੇ। ਸਾਹਨੀਆਂ ਦੇ ਮਹੱਲੇ ਜਾਸੇਂ ਨਾ, ਤਾਂ ਪੁੱਛ ਲਈਂ। ਤੁਹਾਡੇ ਘਰ ਦੇ ਨਾਲ ਈ ਉਸ ਦਾ ਘਰ ਏ। ਤੇ ਵੇਖ, ਹੁਣ ਤਾਂ ਤੂੰ ਇਹਨਾਂ ਨਾਲ ਆਇਐਂ ਮੈਂ ਕੁਝ ਨਾ ਆਖਦਾ, ਪਰ ਕਲ੍ਹ ਰਾਤੀਂ ਰੋਟੀ ਸਾਡੇ ਨਾਲ ਖਾਈਂ।"

"ਜ਼ਰੂਰ ਜੀ।"

ਸਿਕੰਦਰ ਨੇ ਉਹਨਾਂ ਨੂੰ ਆਪਣੀ ਪਛਾਣ ਕਰਾਈ। ਉਹ ਉਸ ਦੇ ਪਰਿਵਾਰ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਬੜੇ ਖੁਸ਼ ਹੋਏ ਕਿ ਮੈਂ ਚੰਗੇ ਲੋਕਾਂ ਕੋਲ ਠਹਿਰਿਆਂ।.....

੧੯ ਅਕਤੂਬਰ, ੧੯੬੨

ਸਵੇਰੇ ਉਠਦਿਆਂ ਸਾਰ ਪਹਿਲਾਂ ਥਾਣੇ ਰਪੋਰਟ ਲਿਖਾਈ, ਫੇਰ ਬੱਸਾਂ ਦੇ ਅੱਡੇ ਉਤੇ ਜਾ ਪੁਜੇ। ਭੇਰਾ ਵੀ ਸੱਠ ਸੱਤਰ ਮੀਲ ਦਾ ਪੈਂਡਾ ਸੀ। ਸਿਕੰਦਰ ਨਾਲ ਸੀ, ਸਗੋਂ ਦੋ ਹੋਰ ਮਿੱਤਰ ਵੀ ਤਿਆਰ ਹੋ ਗਏ ਸਨ। ਉਸ ਵੇਲੇ ਮੈਂ ਉਹਨਾਂ ਦੇ ਸਾਥ ਦਾ ਮੁੱਲ ਨਾ ਪਾਇਆ। ਮੇਰੇ ਉਪਰ ਭੇਰੇ ਜਾ ਕੇ ਜਜ਼ਬਿਆਂ ਦਾ ਕੀ ਤੂਫਾਨ ਟੁਟਣਾ ਸੀ, ਉਸ ਵੇਲੇ ਮੈਨੂੰ ਨਹੀਂ ਸੀ ਪਤਾ, ਉਸ ਵੇਲੇ ਭੇਰਾ ਮੈਨੂੰ ਸੌਖੀ ਜਿਹੀ ਮੁਹਿੰਮ ਜਾਪਿਆ ਸੀ।

ਬਸਾਂ ਦੇ ਅੱਡੇ ਦਾ ਵਾਤਾਵਰਨ.... ਖੜੇ ਗੰਦੇ ਗੰਦੇ ਭਿਖਾਰੀ ਬੱਸਾਂ ਦੇ ਅੰਦਰ ਆ ਆ ਕੇ ਭਿਖ ਮੰਗ ਰਹੇ ਸਨ। ਹਿੰਦੁਸਤਾਨ ਦੇ ਹੋਰ ਹਿੱਸਿਆਂ ਦਾ ਤਾਂ ਮੈਨੂੰ ਪਤਾ ਨਹੀਂ, ਪਰ ਪੰਜਾਬ ਦੇ ਸ਼ਹਿਰਾਂ ਵਿਚ ਇਹ ਜਿਹੀ ਬੇਕਾਇਦਗੀ ਅਸੰਭਵ ਹੈ। ਭਿਖਾਰੀਆਂ ਨੂੰ ਬਸ ਦੇ ਅੰਦਰ ਵੜ ਕੇ ਸਵਾਰੀਆਂ ਨੂੰ ਪਰੇਸ਼ਾਨ ਕਰਨ ਦੀ ਖੁਲ੍ਹ ਨਹੀਂ ਮਿਲ ਸਕਦੀ; ਅਤੇ ਇਹ ਭਿਖਾਰੀ ਵੀ ਮੈਨੂੰ ਅਸਲੀ ਮਹਿਨਿਆਂ ਵਿਚ ਮੁਹਤਾਜ ਨਹੀਂ ਸਨ ਜਾਪ ਰਹੇ, ਹਕੂਮਤ ਤੇ ਜਨਤਾ ਦੀ ਮਜ਼ਹਬੀ ਰਿਆਇਤ ਦਾ ਨਾਜਾਇਜ਼ ਫ਼ਾਇਦਾ ਉਠਾਂਦੇ ਪਏ ਦਿਸਦੇ ਸਨ।

ਬਸ ਭੇਰੇ ਵਲ ਨੱਠਦੀ ਜਾ ਰਹੀ ਸੀ, ਪਰ ਮੈਨੂੰ ਵਿਸ਼ਵਾਸ ਨਹੀਂ ਸੀ ਆਂਦਾ ਕਿ ਸਚਮੁਚ ਮੈਂ ਥੋੜੇ ਚਿਰ ਅੰਦਰ ਭੇਰੇ ਪੁਜ ਜਾਵਾਂਗਾ। ਪਿਛਲੀ ਵਾਰੀ ਜਦੋਂ ਭੇਰਾ ਵੇਖਿਆ ਸੀ, ਚਾਲ੍ਹੀ ਸਾਲ ਪੁਰਾਣੀ ਗੱਲ ਹੈ। ਉਦੋਂ ਮੇਰੀ ਉਮਰ ਹੋਵੇਗੀ ਮਸਾਂ ਅੱਠਾਂ ਨੌਆਂ ਸਾਲਾਂ ਦੀ। ਓਦੋਂ ਪਿੰਡੀ ਪਲੇਗ ਪਈ ਸੀ ਸ਼ੈਦ। ਮਾਤਾ ਜੀ ਨੂੰ ਬਹੁਕਰ ਫੇਰਦਿਆਂ ਇਕ ਕਮਰੇ ਵਿਚ ਵਡਾ ਸਾਰਾ ਚੂਹਾ ਦਿਸਿਆ। ਉਸੇ ਸ਼ਾਮੀਂ ਪਿਤਾ ਜੀ ਪਰਵਾਰ ਨੂੰ ਗੱਡੀ ਚਾੜ੍ਹ ਕੇ ਭੇਰੇ ਛਡ ਆਏ। ਛੇ ਕੁ ਮਹੀਨੇ ਰਹੇ ਸਾਂ ਭੇਰੇ ਉਦੋਂ। ਇਸੇ ਦੌਰਾਨ ਮੇਰੀ ਵਡੀ ਭੈਣ ਜੀ ਜੋ ਹੁਣ ਇਸ ਸੰਸਾਰ ਵਿਚ ਨਹੀਂ, ਕੁੜਮਾਈ ਹੋਈ, ਵਿਆਹ ਹੋਇਆ। ਇਹ ਛੇ ਮਹੀਨੇ ਬੜੇ ਸੁਆਦਲੇ ਸਨ। ਸਕੂਲ ਘਟ ਵਧ ਈ ਜਾਈਦਾ ਸੀ। ਪਿਤਾ ਜੀ ਪਿੰਡੀ ਸਨ, ਮਾਂ ਭਾਵੇਂ ਕਿਤਨੀ ਪਈ ਸਖ਼ਤੀ ਵਿਖਾਵੇ ਉਹਦੇ ਪਾਲਣ ਵਿਚ ਕੋਮਲਤਾ ਹੁੰਦੀ ਹੈ, ਅਜੀਬ ਜਿਹਾ ਨਿੱਘ ਤੇ ਸੁਆਦ ਹੁੰਦਾ ਹੈ। ਭੇਰਾ ਨਿੱਕਾ ਜਿਹਾ ਸ਼ਹਿਰ ਸੀ, ਉਹਦੀ ਗਲੀ ਗਲੀ ਤੇ ਚੱਪੇ ਚੱਪੇ ਦੀਆਂ ਦੌੜਾਂ ਮਾਰ ਛਡਦੇ। ਖੁਖਰਾਨ ਬਰਾਦਰੀ ਵਾਲਿਆਂ ਦੇ ਆਪਣੇ ਅਲਗ ਅਲਗ ਮਹੱਲੇ ਸਨ, ਸਾਹਨੀਆਂ ਦਾ ਮਹੱਲਾ, ਅਨਦਾਂ ਦਾ, ਕੋਹਲੀਆਂ ਦਾ ਆਦਿ। ਪਤਾ ਨਹੀਂ ਇਹ ਮਹੱਲੇ ਕਦੋਂ ਤੇ ਕਿਸ ਤਰ੍ਹਾਂ ਬਣੇ! ਹਰ ਮਹੱਲੇ ਆਪਣਾ ਦਰਵਾਜ਼ਾ ਹੁੰਦਾ ਸੀ। ਮੇਰੀ ਭੈਣ ਦੇ ਵਿਆਹ ਵੇਲੇ ਚਚੇਰੇ ਮਮੇਰੇ ਭਰਾ ਡੋਲੀ ਆਪਣੇ ਮੋਢਿਆਂ 'ਤੇ ਚੁਕ ਕੇ ਏਸ ਦਰਵਾਜ਼ੇ ਤੀਕ ਲੈ ਗਏ ਸਨ, ਅਤੇ ਉਥੋਂ ਕੁੜਮਾਂ ਦੇ ਹਵਾਲੇ ਕਰ ਕੇ ਪਰਤ ਆਏ ਸਨ। ਮੈਨੂੰ ਉਸ ਵੇਲੇ ਆਪਣੀ ਭੈਣ ਉਤੇ ਬੜਾ ਤਰਸ ਆਇਆ ਸੀ। ਕਿਤਨਾ ਘਾਬਰਦੀ ਪਈ ਹੋਵੇਗੀ ਵਿਚਾਰੀ ਡੋਲੀ ਵਿਚ ਇਕੱਲ-ਮੁਕੱਲੀ ਬੈਠੀ। ਡੋਲੀ ਟੁਰਨ ਵੇਲੇ ਸਭਨਾਂ ਨੂੰ ਰੋਂਦਿਆਂ ਵੇਖ ਕੇ ਮੈਂ ਵੀ ਰੋ ਪਿਆ ਸਾਂ। ਮੈਨੂੰ ਨਹੀਂ ਸੀ ਪਤਾ ਰੋਣ ਦਾ ਕਾਰਨ ਕੀ ਹੈ, ਪਰ ਸਾਰਿਆਂ ਨੂੰ ਰੋਂਦਾ ਵੇਖ ਕੇ ਮੈਂ ਵੀ ਰੋ ਪਿਆ ਸਾਂ। ਮੈਂ ਇਤਨਾ ਰੋਇਆ ਕਿ ਲੋਕਾਂ ਲਈ ਚੁੱਪ ਕਰਾਣਾ ਔਖਾ ਹੋ ਗਿਆ। ਪਰ ਜਦੋਂ ਡੋਲੀ ਟੁਰੀ ਅਤੇ ਪੈਸਿਆਂ ਦੀ ਸੋਟ ਆਰੰਭ ਹੋਈ ਤਾਂ ਮੈਂ ਗਲੀ ਦੇ ਦੂਜੇ ਮੁੰਡਿਆਂ ਵਾਂਗ ਜ਼ਮੀਨ ਤੋਂ ਪੈਸੇ ਚੁਕਣੇ ਵੀ ਆਰੰਭ ਦਿਤੇ।

ਮੇਰੇ ਤਾਈ ਜੀ ਮਹੱਲੇ ਦੀਆਂ ਕੁਝ ਸਾਥਣਾਂ ਨਾਲ ਸਵੇਰੇ ਮੂੰਹ-ਹਨੇਰੇ ਜੇਹਲਮ ਦਰਿਆ ਉਤੇ ਸਰਦੀਆਂ ਗਰਮੀਆਂ ਇਸ਼ਨਾਨ ਕਰਨ ਜਾਂਦੇ ਸਨ। ਕਦੇ ਕਦੇ ਮੈਂ ਤੇ ਮੇਰਾ ਛੋਟਾ ਭਰਾ ਭੀਸ਼ਮ (ਭੀਸ਼ਮ ਸਾਹਨੀ, ਜੋ ਹਿੰਦੀ ਦਾ

ਪਰਸਿੱਧ ਕਹਾਣੀਕਾਰ ਹੈ) ਨਾਲ ਟੁਰ ਪੈਂਦੇ ਸਾਂ। ਪਹਿਲਾ ਪੜਾਅ ਚਿੜੀ-ਚੋਗ, ਦੂਜਾ ਘੜੀ-ਭੰਨ, ਅਤੇ ਤੀਜਾ ਔਖਾ ਪੈਂਡਾ ਦਰਿਆ ਤੀਕ ਦਾ, ਜੋ ਘੜੀ ਮੁੜੀ ਛਡ ਕੇ ਕਦੇ ਨੇੜੇ ਤੇ ਕਦੇ ਦੂਰ ਚਲਾ ਜਾਂਦਾ ਸੀ।

ਮੁੜਦੀ ਵੇਰੀ ਉਹ ਗੁਰਦੁਆਰੇ ਮੱਥਾ ਟੇਕਣ ਜਾਂਦੇ। ਕੜਾਹ ਪਰਸ਼ਾਦ ਦੀ ਉਡੀਕ ਇਕ ਸੁਆਦਲਾ ਅਨੁਭਵ ਹੁੰਦਾ। ਕੋਈ ਕੋਈ ਸਾਖੀ ਵੀ ਪੱਲੇ ਪੈ ਜਾਂਦੀ। ਮੈਂ ਅਚੰਭਤ ਹੋ ਕੇ ਸੋਚਦਾ, ਰਾਗੀ ਅੰਨ੍ਹਾ ਕਿਉਂ ਹੈ ? "ਬੋਰ" ਕਦੇ ਨਹੀਂ ਸੀ ਹੋਈਦਾ।

ਚਿੜੀ-ਚੋਗ ਦੇ ਨੇੜੇ ਇਕ ਮੈਦਾਨ ਵਿਚ ਅਨੋਖਾ ਮੇਲਾ ਲੱਗਦਾ ਹੁੰਦਾ ਸੀ। ਸਾਰੇ ਸ਼ਹਿਰ ਦੀਆਂ ਕੁੜੀਆਂ ਚਿੜੀਆਂ ਇਥੇ ਇਕੱਤਰ ਹੁੰਦੀਆਂ, ਪੱਲਾ ਪਾਣਾ ਤੇ ਵੈਣ ਪਾਣਾ ਸਿਖਦੀਆਂ। ਕਦੇ ਕਦੇ ਰਾਤੀਂ ਸਾਡੇ ਹੇਠਲੇ ਸੁਫੇ ਵਿਚ ਤ੍ਰਿੰਞਣ ਲੱਗਦਾ, ਮੇਰੀਆਂ ਦੋਵੇਂ ਭੈਣਾਂ ਸਹੇਲੀਆਂ ਸਹਿਤ ਮਾਤਾ ਜੀ ਦੀ ਚਤੁਰ ਪ੍ਰਧਾਨਗੀ ਹੇਠ ਸਾਰੀ ਦੀ ਸਾਰੀ ਰਾਤ ਚਰਖ਼ਾ ਕੱਤਦੀਆਂ। ਇਕ ਰਾਤ ਕਿਸੇ ਕੁੜੀ ਨੇ ਝੂਠੀ ਮੂਠੀ ਬਾਹਰ ਜਾ ਕੇ "ਚੋਰ ਚੋਰ" ਦਾ ਰੌਲਾ ਪਾ ਦਿਤਾ ਸੀ, ਸਾਰਾ ਮਹੱਲਾ ਡਾਂਗਾਂ ਸੋਟੇ ਚੁਕ ਕੇ ਦੌੜ ਪਿਆ ਸੀ।

ਉਦੋਂ ਤੌਰਾ ਨਾਮੀ ਇਕ ਡਾਕੂ ਦਾ ਬੜਾ ਡਰ ਬੈਠਾ ਹੋਇਆ ਸੀ, ਅਖੇ ਇਹ ਰੱਸੀ ਨਾਲ ਗੋਹ ਬੰਨ੍ਹ ਸੁੱਟਦਾ ਸੀ, ਅਤੇ ਕੋਠਿਆਂ ਉਤੇ ਚੜ੍ਹ ਜਾਂਦਾ ਸੀ। ਸ਼ਾਮੀਂ ਇਕ ਮੈਦਾਨ ਵਿਚ ਜਿਥੇ ਅਣਗਿਣਤ ਗੋਲੀਆਂ ਪਈਆਂ ਹੋਈਆਂ ਸਨ, ਸਾਡੇ ਮਹੱਲੇ ਦਾ ਤੇਲੀ, ਡਾਕੂਆਂ ਅਤੇ ਚੁੜੇਲਾਂ ਦੇ ਅਜੀਬ ਅਜੀਬ ਕਿੱਸੇ ਸੁਣਾਂਦਾ ਸੀ। ਮੁੰਡੇ ਝਟ ਡੋਡਿਆਂ ਤੇ ਬੰਟਿਆਂ ਦੀਆਂ ਖੇਡਾਂ ਛਡ ਕੇ ਉਹਦੀਆਂ ਗੱਲਾਂ ਸੁਣਨ ਜਮ੍ਹਾਂ ਹੋ ਜਾਂਦੇ।

ਅਸ਼ਲੀਲਤਾ ਦਾ ਵੀ ਕੋਈ ਅੰਤ ਨਹੀਂ ਸੀ। ਸਮਾਜਕ ਜੀਵਨ ਅਨੇਕਾਂ ਪੁਸ਼ਤਾਂ ਪਛੜਿਆ ਹੋਇਆ ਸੀ। ਕਦੇ ਕਦੇ ਫਿਰਤੂ ਸਿਨਮੇ ਆਉਂਦੇ, ਕਨਾਤਾਂ ਲਾ ਕੇ ਖੇਡ ਵਿਖਾਂਦੇ। ਇਹ ਫ਼ਿਲਮਾਂ ਉਹ ਹੁੰਦੀਆਂ ਸਨ, ਜਿਨ੍ਹਾਂ ਨੂੰ Blue Films ਆਖਿਆ ਜਾਂਦਾ ਹੈ। ਇਕ ਫ਼ਿਲਮ ਵਿਚ, ਜਿਸ ਨੂੰ ਬੇਜ਼ਰਰ ਕਰਾਰ ਦੇ ਕੇ ਸਾਡੇ ਸਕੂਲ ਦੇ ਸਾਰੇ ਬੱਚਿਆਂ ਨੂੰ ਵੇਖਣ ਲਈ ਲਿਜਾਇਆ ਗਿਆ ਸੀ, ਹੀਰੋਇਨ ਸ਼ੁਰੂ ਤੋਂ ਅਖ਼ੀਰ ਤਕ ਅਲਫ਼ ਨੰਗੀ ਸੀ। ਬੁਲਾਰਾ, ਜਿਹੜਾ ਪਰਦੇ ਕੋਲ ਇਕ ਮਚਾਨ ਜਿਹੇ ਉਤੇ ਖਲੋ ਕੇ ਫ਼ਿਲਮ ਦੀ ਕਹਾਣੀ ਬਿਆਨ ਕਰਦਾ ਸੀ (ਫ਼ਿਲਮਾਂ ਉਦੋਂ ਬੋਲਦੀਆਂ ਨਹੀਂ ਸਨ), ਸਾਡੇ ਮਾਸਟਰਾਂ ਨੂੰ

ਚੁੱਪ ਕਰਾਣ ਲਈ ਕਹਿਣ ਲੱਗਾ — "ਸਾਹਿਬਾਨ, ਯਿਹ ਨੰਗੀ ਨਹੀਂ ਹੈ। ਇਸ ਨੇ ਜਾਦੂ ਕੀ ਪੋਸ਼ਾਕ ਪਹਿਨ ਰਖੀ ਹੈ।"

ਇਕ ਰਾਤ ਸਾਡੇ ਘਰ ਦਾ ਨੌਕਰ ਮੈਨੂੰ ਨਾਲ ਲੈ ਕੇ ਘਰੋਂ ਵੁਟ ਗਿਆ। ਸਿਨਮੇ ਦੀ ਕਨਾਤ ਤੋਂ ਦੂਰ ਇਕ ਦਰਖ਼ਤ ਉਪਰ ਆਪ ਵੀ ਚੜ੍ਹ ਗਿਆ ਤੇ ਮੈਨੂੰ ਵੀ ਚਾੜ੍ਹ ਲਿਆ। ਪਰਦੇ ਉਤੇ ਜੋ ਸੀਨ ਚੱਲ ਰਿਹਾ ਸੀ, ਭਿਆਨਕ ਹੱਦ ਤੀਕ ਲਚਰ ਤੇ ਨਾਪਾਕ ਸੀ। ਇਸਤਰੀ ਪੁਰਸ਼ ਦੇ ਜਿਨਸੀ ਰਿਸ਼ਤੇ ਨੂੰ ਹੈਵਾਨੀਅਤ ਤੋਂ ਵੀ ਹੇਠਾਂ ਡੇਗ ਕੇ ਵਿਖਾਇਆ ਜਾ ਰਿਹਾ ਸੀ, ਮੈਂ ਘਬਰਾ ਕੇ ਦਰਖ਼ਤ ਤੋਂ ਹੇਠਾਂ ਉਤਰ ਆਇਆ, ਅਤੇ ਨੌਕਰ ਨੂੰ ਵੀ ਚੀਕ ਚੀਕ ਕੇ ਹੇਠਾਂ ਲਹਿਣ ਲਈ ਵੰਗਾਰਨ ਲੱਗ ਪਿਆ। ਅਖ਼ੀਰ ਮਜਬੂਰ ਹੋ ਕੇ ਉਹਨੂੰ ਹੇਠਾਂ ਲਹਿਣਾ ਈ ਪਿਆ।

ਇਹੋ ਜਿਹੇ ਘਿਣੌਨੇ ਖੇਡ ਸਿਨੇਮਿਆਂ ਵਾਲੇ ਪਿੰਡੀ ਜਾਂ ਲਾਹੌਰ ਜਿਹੇ ਵਡੇ ਸ਼ਹਿਰਾਂ ਵਿਚ ਵਿਖਾਣ ਦੀ ਜੁਰਅੱਤ ਨਹੀਂ ਸਨ ਕਰ ਸਕਦੇ, ਪਰ ਛੋਟੇ ਕਸਬਿਆਂ ਵਿਚ ਜਨਤਾ ਨਾਲ ਹਰ ਤਰ੍ਹਾਂ ਦਾ ਧਰੋਹ ਕਮਾਉਣਾ ਆਸਾਨ ਕੰਮ ਸੀ। ਦੇਸ਼ ਦੀ ਬਹੁ-ਸੰਖਿਆ ਪਿੰਡਾਂ ਤੇ ਕਸਬਿਆਂ ਵਿਚ ਵਸਦੀ ਸੀ। ਇਹਨੂੰ ਦਿਨੋਂ ਦਿਨ ਜਹਾਲਤ, ਕੁਕਰਮ ਅਤੇ ਬਰਬਰਤਾ ਦੇ ਖੱਡੇ ਵਿਚ ਡੇਗੀ ਰਖਣਾ ਬਿਦੇਸ਼ੀ ਹਕੂਮਤ, ਉਸ ਦੇ ਗੁਰਗਿਆਂ ਅਤੇ ਪੈਸੇ ਦੇ ਪੀਰਾਂ ਲਈ ਰਜ-ਰਜ ਕੇ ਲਾਭਵੰਦ ਸੀ।

ਕਦੇ ਕਦੇ ਅਫ਼ਵਾਹਾਂ ਉਡ ਪੈਂਦੀਆਂ ਫ਼ਲਾਣੀ ਮਾਲਣ, ਫ਼ਲਾਣੀ ਧੋਬਣ, ਫ਼ਲਾਣੀ ਚੂਹੜੀ ਆਪਣੇ ਯਾਰ ਨਾਲ ਫ਼ਲਾਣੇ ਬਾਗ ਵਿਚ ਗਈ ਹੋਈ ਹੈ। ਵਹੀਰਾਂ ਦੀਆ ਵਹੀਰਾਂ ਪੱਥਰ ਵੱਟੇ ਚੁਕ ਕੇ ਉਹਨਾਂ ਦੀ ਸੂਹ ਕਢਣ ਅਤੇ ਸਬਕ ਸਿਖਾਣ ਲਈ ਟੁਰ ਪੈਂਦੀਆਂ। ਹਰ ਦੂਜੇ ਚੌਥੇ ਦਿਨ ਗਲੀ ਮਹੱਲੇ ਵਿਚ ਕੋਈ ਸਹਿਮ ਪੈ ਜਾਂਦਾ ਅਤੇ ਮਾਂ ਸਾਨੂੰ ਲੁਕਾ ਕੇ ਭੋਰਿਆਂ ਵਿਚ ਪਾ ਛੱਡਦੀ। ਹਨੇਰੀਆਂ ਗਲੀਆਂ, ਹਨੇਰੇ ਕਮਰੇ, ਸਾਲ-ਹਾ-ਸਾਲ ਦੇ ਸੋਗ ਹੰਢਾ ਰਹੀਆਂ ਤੀਵੀਆਂ ਦੇ ਮੈਲੇ ਕੁਚੀਲ ਦੁਪੱਟੇ, ਵੈਰ, ਵਿਰੋਧ, ਅੰਧ ਵਿਸ਼ਵਾਸ, ਅਨਿਆਂ, ਜ਼ੁਲਮ.....

ਜਨਤਾ ਦੀ ਚੇਤਨਾ ਇਸ ਪਛੜੇਵੇਂ ਦੇ ਖ਼ਿਲਾਫ਼ ਬਗ਼ਾਵਤ ਵੀ ਜ਼ਰੂਰ ਕਰਦੀ ਹੋਵੇਗੀ। ਇਕ ਵਾਰੀ ਗੰਜ-ਮੰਡੀ ਦੇ ਖੁਲ੍ਹੇ ਮੈਦਾਨ ਵਿਚੋਂ ਡਾਕਟਰ ਕਿਚਲੂ ਦਾ ਲੈਕਚਰ ਹੋਇਆ ਸੀ। ਖੌਰੇ ਸਾਰਾ ਸ਼ਹਿਰ ਈ ਇਕੱਠਾ ਹੋ ਗਿਆ

ਸੀ ਉਥੇ। ਤਿਲ ਧਰਨ ਨੂੰ ਥਾਂ ਨਹੀਂ ਸੀ। ਇਤਨੀ ਭੀੜ ਮੈਂ ਕਦੇ ਨਹੀਂ ਸੀ ਵੇਖੀ। ਡਾਕਟਰ ਕਿਚਲੂ ਦੇ ਇਕ ਸਾਥੀ ਨੂੰ, ਜਿਨ੍ਹੇ ਕਾਲਾ ਕੋਟ ਪਾਇਆ ਹੋਇਆ ਸੀ, ਪੁਲਸ ਨੇ ਤਕਰੀਰ ਕਰਦਿਆਂ ਈ ਗਰਿਫ਼ਤਾਰ ਕਰ ਲਿਆ ਸੀ, ਅਤੇ ਵਡਿਆਂ ਦੀ ਦੇਖਾ ਦੇਖੀ ਅਸੀਂ ਨਿਕੜੇ ਵੀ ਗਲੀਉ-ਗਲੀ ਆਪਣੇ ਘਰਾਂ ਵਲ ਦੌੜ ਪਏ ਸਾਂ। ਅਤੇ ਪਿਛੋਂ ਕਿਤਨਾ ਚਿਰ ਤਰ੍ਹਾਂ ਤਰ੍ਹਾਂ ਦੇ ਗੌਣ ਤੇ ਨਾਹਰੇ ਸੁਣਨ ਵਿਚ ਆਉਂਦੇ ਸਨ :

"ਖ਼ੁਦਾਯਾ ਕੈਸੀ ਮੁਸੀਬਤ ਮੇਂ ਯਿਹ ਹਿੰਦ ਵਾਲੇ ਪੜੇ ਹੂਏ ਹੈਂ....."

"ਬੋਲੀ ਅੰਮਾਂ ਮੁਹੰਮਦ ਅਲੀ ਕੀ....."

"ਸਰਕਾਰੀ ਨੌਕਰੀ ਸ਼ੁਰਅਨ ਹਰਾਮ ਹੈ....."

ਕਿਤਨੀਆਂ ਹੀ ਤਸਵੀਰਾਂ ਕਲਪਨਾ ਦੇ ਪਰਦੇ ਉਤੇ ਅਕਸ ਪਾ ਗਈਆਂ :- ਕਣਕ ਦੇ ਹਰੇ ਭਰੇ ਖੇਤ, ਜਿਨ੍ਹਾਂ ਵਿਚ ਲੁਕਣ-ਮੀਟੀ ਖੇਡਦੇ ਸਾਂ, ਜਿਨ੍ਹਾਂ ਦੇ ਬੂਟੇ ਪੁਟ ਕੇ ਤੂਤਣੀਆਂ ਬਣਾਂਦੇ ਸਾਂ, ਸਿੱਟੇ ਪੁਟ ਕੇ ਸ਼ਰਾਰਤ ਨਾਲ ਰਾਹ-ਲੰਘਦਿਆਂ ਦੀਆਂ ਸਲਵਾਰਾਂ ਦੇ ਪ੍ਹੌਂਚਿਆਂ ਵਿਚ ਘੁਸੇੜ ਸੁਟਦੇ ਸਾਂ, ਖੂਹਾਂ ਦੇ ਪਾਣੀ, ਖੇਤਾਂ ਵਿਚੋਂ ਸਜਰੀਆਂ ਪਟੀਆਂ ਮੂਲੀਆਂ ਤੇ ਗਾਜਰਾਂ.... ਉਸ ਜ਼ਮਾਨੇ ਤੋਂ ਬਾਅਦ ਕਦੇ ਵੀ ਤਾਂ ਮੈਂ ਫ਼ੇਰ ਪੇਂਡੂ ਜੀਵਨ ਦਾ ਸਵਾਦ ਨਹੀਂ ਮਾਣਿਆਂ।

ਲਾਗਲੀ ਸੀਟ ਉਤੇ ਇਕ ਬੁੱਢੜੀ ਸੁਆਣੀ ਆਪਣੇ ਪੁੱਤਰ ਨੂੰ ਨਾਲ ਲੈ ਕੇ ਆ ਬੈਠੀ। ਮੈਨੂੰ ਜਾਪਿਆ ਜਿਵੇਂ ਮੇਰੀ ਆਪਣੀ ਮਾਂ ਆ ਬੈਠੀ ਹੋਵੇ। ਉਹੋ ਪਹਿਰਾਵਾ, ਉਹੋ ਬੋਲੀ.....ਮੇਰੇ ਆਪਣੇ.....ਬਿਲਕੁਲ ਆਪਣੇ ਲੋਕ......ਕੀ ਦਸ੍ਹਾਂ ਮੇਰੇ ਮਨ ਦੀ ਕੀ ਦਸ਼ਾ ਹੋ ਗਈ।

ਬੱਸ ਭੁਲੇਵਾਲ ਦੇ ਅੱਡੇ ਉਤੇ ਜਾ ਰੁਕੀ। ਮੈਨੂੰ ਨਹੀਂ ਸੀ ਪਤਾ ਕਿ ਭੁਲੇਵਾਲ ਭੇਰੇ ਤੋਂ ਕੁਲ ਦਸ ਬਾਰਾਂ ਮੀਲ ਦੀ ਵਾਟ ਉਤੇ ਹੈ। ਨਿੱਕਿਆਂ ਹੁੰਦਿਆਂ ਅਸੀਂ ਗਾਂਦੇ ਫਿਰਦੇ ਸਾਂ :

"ਗੱਡੀ ਆਈ ਗੱਡੀ ਆਈ ਭੁਲੇਵਾਲ ਦੀ
ਬੁਢੜੇ ਦੀ ਦਾੜ੍ਹੀ ਵਿਚ ਅੱਗ ਬਾਲਦੀ!"

ਡਰ੍ਹਾਈਵਰ ਨੇ ਦਸ੍ਹਿਆ ਬੱਸ ਇਥੇ ਪੌਣਾ ਘੰਟਾ ਖਲੋਤੀ ਰਹੇਗੀ। ਕੁਲ ਤਿੰਨ ਘੰਟੇ ਤਾਂ ਰਹਿ ਗਏ ਸਨ ਮੇਰੇ ਕੋਲ ਭੇਰਾ ਵੇਖਣ ਲਈ, ਉਸ ਵਿਚੋਂ ਵੀ ਪੌਣਾ ਘੰਟਾ ਇਥੇ ਜ਼ਾਇਆ ਹੋ ਜਾਏਗਾ।

ਆਪਣੇ ਸਾਥੀਆਂ ਤੋਂ ਪੁੱਛੇ ਬਗ਼ੈਰ ਮੈਂ ਸਿੱਧਾ ਅੱਡੇ ਦੇ ਮੁੰਤਜ਼ਿਮ ਕੋਲ ਗਿਆ, ਜਿਹੜਾ ਇਮਾਰਤ ਦੇ ਬਰਾਂਡੇ ਵਿਚ ਕੁਰਸੀ ਡਾਹ ਕੇ ਹਿਸਾਬ ਕਿਤਾਬ ਕਰ ਰਿਹਾ ਸੀ। ਮੈਂ ਉਹਨੂੰ ਦਸਿਆ ਕਿਵੇਂ ਮੈਂ ਚਾਲ੍ਹੀਆਂ ਸਾਲਾਂ ਬਾਅਦ ਕੇਵਲ ਤਿੰਨ ਘੰਟੇ ਲਈ ਵਤਨ ਵੇਖਣ ਦੇ ਕਾਬਿਲ ਹੋਇਆ ਹਾਂ, ਅਤੇ ਕਿਵੇਂ ਮੇਰੇ ਲਈ ਅੱਡੇ ਉਤੇ ਪੌਣਾ ਘੰਟਾ ਗੁਜ਼ਾਰਨਾ ਅਸਹਿ ਹੋ ਰਿਹਾ ਹੈ। ਇਸ ਆਦਮੀ ਨੇ ਵੀ ਉਹੋ ਗੱਲ ਕਹੀ ਜੋ ਮੋਹਨ ਲਾਲ ਜੀ ਨੇ ਕਲ੍ਹ ਆਖੀ ਸੀ, "ਪਰ ਭੇਰੇ ਵਿਚ ਹੁਣ ਹੈ ਕੀ ਜਿਸ ਨੂੰ ਵੇਖਣ ਟੁਰੀ ਜਾ ਰਹੇ ਹੋ ?"

ਮੇਰੇ ਮੂੰਹੋਂ ਨਿਕਲਿਆ, "ਕੀ ਕਰਾਂ ਜੀ; ਮਿੱਟੀ ਖਿੱਚ ਲਿਆਈ ਏ।"

ਉਹ ਅਵਾਕ ਜਿਹਾ ਹੋ ਕੇ ਮੇਰੇ ਵਲ ਵੇਖਣ ਲੱਗ ਪਿਆ। ਪਤਲੂਨ ਕੋਟ ਵਾਲੇ ਆਦਮੀ ਦੇ ਮੂੰਹੋਂ ਉਹਨੂੰ ਅਜਿਹਾ ਵਾਕ ਸੁਣਨ ਦੀ ਉਮੈਦ ਨਹੀਂ ਸੀ ਸ਼ੈਦ ! ਪੰਦਰਾਂ ਮਿੰਟਾਂ ਦੇ ਅੰਦਰ ਅੰਦਰ ਉਹਨੇ ਬੱਸ ਟੋਰ ਦਿਤੀ।

ਭੇਰੇ ਦਾ ਆਲਾ ਦੁਆਲਾ ਮੈਨੂੰ ਕੀ ਯਾਦ ਹੋਣਾ ਸੀ, ਪਰ ਉਹ ਇਤਨਾ ਸਰਸਬਜ਼ ਤੇ ਇਤਨਾ ਰਮਣੀਕ ਹੋਵੇਗਾ, ਇਸ ਦੀ ਮੈਨੂੰ ਕੋਈ ਕਲਪਨਾ ਨਹੀਂ ਸੀ। ਝੰਗ ਜਾਂ ਸਰਗੋਧਾ ਉਹਦੇ ਮੁਕਾਬਲੇ ਵਿਚ ਰੁੱਖੇ ਇਲਾਕੇ ਹਨ।

ਰੇਲਵੇ ਸਟੇਸ਼ਨ ਤੋਂ ਉਤਰ ਕੇ ਭੇਰੇ ਆਓ ਤਾਂ ਸਾਹਨੀਆਂ ਦਾ ਮੁਹੱਲਾ ਸਭ ਤੋਂ ਪਹਿਲਾਂ ਆਉਂਦਾ ਹੈ। ਪਰ ਬੱਸਾਂ ਦਾ ਅੱਡਾ ਸ਼ਹਿਰ ਦੇ ਪਿਛਲੇ ਦਰਵਾਜ਼ੇ ਉਪਰ ਬਣਿਆਂ ਹੈ, ਜਿਸ ਨੂੰ ਸ਼ਾਇਦ ਅਸੀਂ ਬਲੋਚੀ ਦਰਵਾਜ਼ਾ ਆਖਦੇ ਸਾਂ। ਉਸ ਤੋਂ ਬਾਹਰ ਜਾਂਦਿਆਂ ਡਰੀਦਾ ਹੁੰਦਾ ਸੀ, ਜਿਵੇਂ ਉਸ ਤੋਂ ਪਾਰ ਕੋਈ ਦੂਜਾ ਈ ਮੁਲਕ ਹੋਵੇ।

ਮੇਰੇ ਸਾਥੀ ਇਹ ਵੇਖ ਕੇ ਹੱਕੇ ਬੱਕੇ ਰਹਿ ਗਏ ਕਿ ਮੈਨੂੰ ਸ਼ਹਿਰ ਦੀ ਹਰ ਸੜਕ ਤੇ ਗਲੀ ਯਾਦ ਸੀ। ਏਸ ਬਲੋਚੀ ਦਰਵਾਜ਼ੇ ਅੰਦਰ ਵੜਦਿਆਂ ਸਾਰ ਮੇਰੀ ਪਹਿਲੀ ਪਛਾਣ ਭੇਰੇ ਦੀਆਂ ਵਿਸਰੀਆਂ ਖ਼ੁਸ਼ਬੂਆਂ ਨਾਲ ਹੋਈ, ਅਤੇ ਮੇਰੇ ਅੰਦਰ ਇਕ ਅਜੀਬ ਖ਼ੁਸ਼ੀ ਦੀ ਲਹਿਰ ਦੌੜ ਗਈ। ਦੁਲੰਘੜੇ ਮਾਰਦਾ ਮੈਂ ਸ਼ਹਿਰ ਦੇ ਦੂਜੇ ਸਿਰੇ ਗੰਜ-ਮੰਡੀ ਵਾਲੇ ਚੌਂਕ ਜਾ ਪੁਜਾ। ਮੈਨੂੰ ਥਾਣੇ ਦਾ ਵਕਆ ਵੀ ਯਾਦ ਸੀ। ਇੰਸਪੈਕਟਰ ਮੇਰੇ ਵਾਂਗ ਈ ਅੱਧਖੜ ਉਮਰ ਦਾ ਆਦਮੀ ਸੀ ਅਤੇ ਭੇਰੇ ਦੇ ਬਥੇਰੇ ਸਾਹਨੀਆਂ ਨੂੰ ਜਾਣਦਾ ਸੀ। ਬੜੇ ਪਿਆਰ ਨਾਲ ਪੇਸ਼ ਆਇਆ, ਸਗੋਂ ਆਮਦ ਤੇ ਰੁਖ਼ਸਤ ਦੋਵਾਂ ਦੇ ਅੰਦਰਾਜ ਇਕੋ ਸਮੇਂ ਪਾਸਪੋਰਟ ਉਤੇ ਕਰ ਦਿਤੇ ਤਾਂ ਜੋ ਦੁਬਾਰਾ ਕੋਤਵਾਲੀ ਆਉਣ ਦੀ ਸਾਨੂੰ ਲੋੜ ਨਾ ਪਵੇ।

"ਵੇਖਿਆ," ਮੈਂ ਨਾਲ ਆਏ ਸਾਥੀਆਂ ਸਿਕੰਦਰ, ਸ਼ਾਕਿਰ ਤੇ ਮੁਸਤਹਿਮੀਨ ਨੂੰ ਕਿਹਾ, "ਆਪਣੇ ਤੇ ਪਰਾਏ ਸ਼ਹਿਰ ਦਾ ਇਹ ਫ਼ਰਕ ਹੁੰਦਾ ਜੇ !"

ਉਹ ਵੀ ਤੇ ਇੰਸਪੈਕਟਰ ਵੀ ਖ਼ਾਮੋਸ਼ ਰਹੇ। ਮੈਂ ਆਪ ਜਾਣਦਾ ਸਾਂ ਹੁਣ ਇਹ ਸ਼ਹਿਰ ਉਤਨਾ ਈ ਮੇਰਾ ਸੀ ਜਿਤਨੀ ਦਿੱਲੀ ਸਿਕੰਦਰ ਦੀ ! ਪਰ ਮੈਂ ਸਿਆਣਿਆਂ ਬਣਨ ਦੇ ਰਉਂ ਵਿਚ ਨਹੀਂ ਸਾਂ। ਮੁੰਡਿਆਂ ਨੇ ਬਥੇਰਾ ਕਿਹਾ ਕਿਸੇ ਵਾਕਫ਼ਕਾਰ ਨੂੰ ਨਾਲ ਲੈ ਲਈਏ, ਪਰ ਮੈਂ ਇਕ ਨਾ ਮੰਨੀ। ਗੰਜ ਵਿਚੋਂ ਉਸੇ ਤਰ੍ਹਾਂ ਆਪਣੇ ਮਹੱਲੇ ਵਲ ਦੌੜ ਪਿਆ ਜਿਸ ਤਰ੍ਹਾਂ ਡਾਕਟਰ ਕਿਚਲੂ ਦੀ ਤਕਰੀਰ ਵਾਲੇ ਦਿਨ ਦੌੜਿਆ ਸਾਂ। ਪਰ ਆਪਣੇ ਮਹੱਲੇ ਦੇ ਨੇੜੇ ਪੁਜ ਕੇ ਭੰਭਲਭੂਸਿਆਂ ਵਿਚ ਪੈ ਗਿਆ। ਹਰ ਪਾਸੇ ਇਮਾਰਤਾਂ ਢਹਿ ਕੇ ਢੇਰੀ ਹੋਈਆਂ ਪਈਆਂ ਸਨ, ਹੁਲੀਆ ਸਾਰਾ ਬਦਲਿਆ ਪਿਆ ਸੀ।

ਸਾਡੀ ਗਲੀ ਦੀ ਨੁੱਕਰ ਉਤੇ ਇਕ ਖੂਹ ਹੁੰਦਾ ਸੀ। ਉਹਦੇ ਐਨ ਸਾਹਮਣੇ ਮੇਰੇ ਚਾਚਾ ਜੀ ਦਾ ਘਰ ਸੀ। ਮੋਕਲੇ ਜਿਹੇ ਗਲੀਆਂ ਦੇ ਮੇਲ ਉਪਰ ਸਾਰਾ ਦਿਨ ਜ਼ਨਾਨੀਆਂ ਚਰਖੇ ਡਾਹ ਕੇ ਘੂਕਰ ਮਚਾਈ ਰਖਦੀਆਂ ਸਨ। ਮੇਰੇ ਚਾਚਾ ਜੀ ਦੇ ਘਰ ਦਾ ਦਰਵਾਜ਼ਾ ਪੁਰਾਣੇ ਢੰਗ ਦਾ ਸੀ, ਲੱਕੜੀ ਉਪਰ ਬਿਹਤਰੀਨ ਚੋਬਕਾਰੀ ਦਾ ਕੰਮ ਸੀ। ਬੜੀਆਂ ਮੁਸ਼ਕਲਾਂ ਨਾਲ ਖੂਹ ਤਾਂ ਲਭ ਪਿਆ, ਪਰ ਆਸ ਪਾਸ ਨਾ ਕੋਈ ਗਲੀ ਨਾ ਮਕਾਨ। ਇੰਜ ਜਾਪਿਆ ਜਿਵੇਂ ਹੁਣੇ ਹੁਣੇ ਕੋਈ ਹਵਾਈ ਹਮਲਾ ਹੋਇਆ ਹੈ, ਅਤੇ ਹਰ ਪਾਸੇ ਮਲਬੇ ਦੇ ਢੇਰ ਲਗ ਗਏ ਹਨ। ਕੋਈ ਵਿਰਲੀ ਇਮਾਰਤ ਹੀ ਸਾਬਤ ਖੜੀ ਸੀ।

ਸਾਥੀਆਂ ਨੇ ਹਿੰਮਤ ਦਵਾਈ। ਪੁੱਛ ਪੁਛਾ ਕੇ ਚੌਧਰੀ ਗ਼ੁਲਾਮ ਮੁਹੰਮਦ ਦਾ ਘਰ ਲਭਿਆ। ਥੋੜਾ ਚਿਰ ਉਡੀਕਣ ਤੋਂ ਬਾਅਦ ਉਹ ਬਾਹਰ ਆਏ। ਮੇਰੀ ਹੀ ਉਮਰ ਦੇ ਸਨ। ਵੇਖਦਿਆਂ ਸਾਰ ਮੈਨੂੰ ਉਹਨਾਂ ਦਾ ਬਚਪਨ ਦਾ ਰੂਪ ਵੀ ਚੇਤੇ ਆ ਗਿਆ। ਬਚਪਨ ਵਿਚ ਅਸੀਂ ਇਕੱਠੇ ਖੇਡੇ ਸਾਂ। ਮੈਂ ਉਹਨਾਂ ਨੂੰ ਆਪਣੀ ਪਛਾਣ ਕਰਾਈ, ਮੇਰੇ ਪਿਤਾ ਜੀ ਦਾ ਨਾਂ ਸੁਣਦਿਆਂ ਸਾਰ ਉਹ ਮੇਰੇ ਗਲ ਨਾਲ ਆ ਲਗੇ ਤੇ ਜ਼ਾਰੋ ਕਤਾਰ ਰੋਣ ਲਗ ਪਏ। ਦਾਦੇ ਪੋਤਰੇ ਭਰਾ ਸਾਂ ਦੋਵੇਂ। ਇਕ ਖ਼ੂਨ, ਪਰ ਵੰਡ ਤੋਂ ਬਾਅਦ ਉਹ ਮੁਸਲਮਾਨ ਹੋ ਗਏ ਸਨ, ਮੈਂ ਹਿੰਦੂ ਰਹਿ ਗਿਆ ਸਾਂ। ਉਹ ਪਾਕਿਸਤਾਨੀ ਸਨ ਮੈਂ ਹਿੰਦੁਸਤਾਨੀ। ਸਾਡੀਆਂ ਜੁੜੀਆਂ ਹੋਈਆਂ ਬਾਹਵਾਂ ਤੇ ਛਾਤੀਆਂ ਦੇ ਵਿਚਕਾਰ ਇਕ ਖਾਈ ਸੀ — ਇਤਨੀ ਲੰਮੀ ਤੇ

ਚੋੜੀ ਜਿਸ ਦਾ ਕੋਈ ਹਿਸਾਬ ਨਹੀ ਸੀ। ਇਕ ਦੂਜੇ ਦੇ ਦਿਲ ਦੀਆਂ ਧੜਕਣਾਂ ਮਹਿਸੂਸ ਕਰਦੇ ਹੋਏ ਵੀ ਅਸੀਂ ਇਸ ਖਾਈ ਤੋਂ ਗ਼ਾਫਲ ਨਹੀਂ ਹੋ ਸਕੇ। ਇਸ ਅਕਲਪਿਤ ਪਰਿਸਥਿਤੀ ਨੇ ਮੈਨੂੰ ਇਤਨਾ ਭੌਂਦਲਾ ਛਡਿਆ ਕਿ ਮੈਨੂੰ ਰੋਣ ਵੀ ਨਹੀਂ ਆਇਆ।

ਫੇਰ ਉਹ ਸਾਨੂੰ ਘਰ ਦੇ ਅੰਦਰ ਲੈ ਗਏ। ਘਰ ਨਵਾਂ ਨਵਾਂ ਬਣਾਇਆ ਸੀ। ਬਾਹਰ ਟਿੱਬਾ ਸੀ, ਜਿਵੇਂ ਸਾਡੇ ਘਰ ਦੇ ਸਾਹਮਣੇ ਹੁੰਦਾ ਸੀ ਏਸ ਉਪਰੋਂ ਲੰਘਦੀ ਚਿੱਟਾ ਬੁਰਕਾ ਪਾਈ ਉਹਨਾਂ ਦੀ ਪਤਨੀ — ਮੇਰੀ ਭਾਬੀ — ਮਕਾਨ ਦੇ ਪਿਛਵਾੜੇ ਚਲੀ ਗਈ। ਚੋਧਰੀ ਸਾਹਿਬ ਨੇ ਅੰਦਰ ਜਾ ਕੇ ਉਹਨੂੰ ਚਾਹ ਪਾਣੀ ਦਾ ਆਹਰ ਕਰਨ ਲਈ ਕਿਹਾ। ਫੇਰ ਉਹਨਾਂ ਦਾ ਅਠਾਰਾਂ ਕੁ ਵਰ੍ਹਿਆਂ ਦਾ ਲੜਕਾ ਅੰਦਰ ਆਇਆ, ਅਨਵਰ ਨਾਂ ਸੀ ਸ਼ੈਦ ਉਹਦਾ। ਉਹਨੇ ਮੇਰੇ ਪੈਰੀਂ ਹੱਥ ਲਾਇਆ ਮੈਂ ਪਿਠ ਤੇ ਹੱਥ ਫੇਰ ਕੇ ਅਸੀਸਾਂ ਦਿਤੀਆਂ।

ਚਾਲ੍ਹੀ ਵਰ੍ਹੇ ਕੋਈ ਘਟ ਨਹੀਂ ਹੁੰਦੇ, ਅਤੇ ਫੇਰ ਜਦੋਂ ਅਸਾਂ ਨਿੱਕਿਆਂ ਨੇ ਭੇਰੇ ਦਾ ਸ਼ੌਕ ਛੱਡ ਦਿਤਾ ਤਾਂ ਮਾਂ ਪਿਓ ਨੇ ਇਥੇ ਆ ਕੇ ਕੀ ਕਰਨਾ ਸੀ। ਮੈਂ ਚੋਧਰੀ ਸਾਹਿਬ ਤੋਂ ਆਪਣੇ ਮਕਾਨ ਬਾਰੇ ਪੁੱਛਿਆ, ਪਰ ਉਹਨਾਂ ਗੋਲ ਮੋਲ ਜਿਹਾ ਜੁਆਬ ਦਿਤਾ। ਹਕੀਕਤਨ ਉਹਨਾਂ ਨੂੰ ਯਾਦ ਨਹੀਂ ਸੀ ਰਿਹਾ ਕਿ ਚਾਚਿਆਂ ਤਾਇਆਂ ਦੇ ਅਨੇਕਾਂ ਮਕਾਨਾਂ ਵਿਚੋਂ ਕਿਹੜਾ ਮੇਰੇ ਪਿਤਾ ਜੀ ਦਾ ਹੁੰਦਾ ਸੀ। ਪਰ ਉਹਨਾਂ ਦੀ ਏਸ ਬੇਅਰਥ ਜਿਹੀ ਖ਼ਾਮੋਸ਼ੀ ਤੋਂ ਮੈਨੂੰ ਸ਼ਕ ਪੈਣ ਲਗ ਪਿਆ ਕਿ ਜਿਸ ਮਕਾਨ ਵਿਚ ਮੈਂ ਬੈਠਾ ਹੋਇਆਂ ਇਹੋ ਸਾਡਾ ਮਕਾਨ ਹੈ, ਚੋਧਰੀ ਸਾਹਿਬ ਨੇ ਢਾਅ ਕੇ ਆਪਣੀ ਜ਼ਮੀਨ ਨਾਲ ਰਲਾ ਲਿਆ ਹੈ, ਅਤੇ ਇਹ ਨਵੇਂ ਕਮਰੇ ਪਾ ਲਏ ਹਨ। ਮੂਹਰਲੇ ਟਿੱਬੇ ਨੂੰ ਵੇਖ ਵੇਖ ਕੇ ਮੇਰਾ ਸ਼ੱਕ ਹੋਰ ਵੀ ਪੱਕਾ ਹੋਈ ਜਾ ਰਿਹਾ ਸੀ। ਪਰ ਮੈਨੂੰ ਇੰਜ ਹੋ ਜਾਣ ਦਾ ਰੰਜ ਕੋਈ ਨਹੀਂ ਸੀ ਮਹਿਸੂਸ ਹੋ ਰਿਹਾ। ਸਗੋਂ ਬੜੀ ਤਸੱਲੀ ਸੀ ਕਿ ਖ਼ਾਨਦਾਨੀ ਚੀਜ਼ ਆਪਣੇ ਹੀ ਵੀਰ ਦੇ ਕੰਮ ਆ ਗਈ। ਪਰ ਮੇਰੇ ਸਾਥੀਆਂ ਨੂੰ ਮੇਰੇ ਦਿਲ ਵਿਚ ਉਠ ਰਹੀਆਂ ਦਲੀਲਾਂ ਦਾ ਕਿਵੇਂ ਇਲਮ ਹੋ ਸਕਦਾ ਹੈ? ਉਹ ਘੜੀ ਮੁੜੀ ਵਕਤ ਦੀ ਤੰਗੀ ਵਲ ਇਸ਼ਾਰਾ ਕਰਦੇ ਅਤੇ ਕਹਿੰਦੇ, "ਅਪਨਾ ਮਕਾਨ ਭੀ ਤੋ ਢੂੰਡੀਏ," ਅਤੇ ਮੈਂ ਉਹਨਾਂ ਨੂੰ ਟਾਲ ਛਡਦਾ, "ਨਹੀਂ ਨਹੀਂ, ਅਪਨੇ ਭਾਈ ਸੇ ਮਿਲ ਲੀਯਾ ਹੈ, ਅਬ ਮੁਝੇ ਮਕਾਨ ਦੇਖ ਕੇ ਕਿਆ ਕਰਨਾ ਹੈ!"

ਚੌਧਰੀ ਸਾਹਿਬ ਨੇ ਆਪਣੇ ਪੁੱਤਰ ਨੂੰ ਕਿਹਾ, "ਅਨਵਰ, ਜਾ ਹੁੱਥੋਂ ਦੋਸਤ ਮੁਹੰਮਦ ਨੂੰ ਸੱਦ ਲਿਆ, ਮਤੇ ਉਸ ਨੂੰ ਖ਼ਬਰ ਹੋਵੇ।" ਬੜੇ ਚਿਰ ਬਾਅਦ ਸੱਤਰਾਂ ਕੁ ਵਰ੍ਹਿਆਂ ਦਾ ਬੁੱਢਾ ਦੋਸਤ ਮੁਹੰਮਦ ਵੀ ਆ ਕੇ ਮੰਜੀ ਉਤੇ ਬਹਿ ਗਿਆ। ਉਸ ਨੇ ਸਿਰ ਉਤੇ ਚਿੱਟੀ ਪੱਗ ਬੰਨ੍ਹੀ ਹੋਈ ਸੀ, ਹੂ-ਬ-ਹੂ ਉਸੇ ਤਰ੍ਹਾਂ ਦੀ ਜਿਵੇਂ ਮੇਰੇ ਪਿਤਾ ਜੀ ਬੰਨ੍ਹਦੇ ਸਨ। ਸ਼ਕਲ-ਸੂਰਤ ਬੋਲਚਾਲ ਵੀ ਉਹਨਾਂ ਨਾਲ ਮਿਲਦੀ ਸੀ। ਇਹ ਦੋਸਤ ਮੁਹੰਮਦ ਅਨੇਕਾਂ ਵਰ੍ਹੇ ਦੀਵਾਨ ਦੇਸਰਾਜ ਸਾਹਨੀ ਹੋਰਾਂ ਦੇ ਦੇਖ-ਭਾਲ ਕਰਦਾ ਰਿਹਾ ਸੀ। ਦੀਵਾਨ ਸਾਹਿਬ ਬੈਰਿਸਟਰ ਸਨ, ਅਤੇ ਰਾਵਲਪਿੰਡੀ ਪਰੈਕਟਸ ਕਰਦੇ ਸਨ। ਉਹਨਾਂ ਦੇ ਲੜਕੇ ਨਾਲ ਮੇਰੀ ਭੂਆ ਦੀ ਧੀ ਵਿਆਹੀ ਸੀ। ਦੀਵਾਨ ਸਾਹਿਬ ਵੰਡਾਰੇ ਦੇ ਦਿਨ ਤੀਕ ਬਾਕਾਇਦਾ ਫੇਰਾ ਮਾਰਦੇ ਹੁੰਦੇ ਸਨ, ਕਿਉਂਕਿ ਭੇਰੇ ਦੇ ਆਸ ਪਾਸ ਉਹਨਾਂ ਦੀਆਂ ਜ਼ਮੀਨਾਂ ਵੀ ਸਨ। ਪਰ ਦੋਸਤ ਮੁਹੰਮਦ ਨੂੰ ਸਾਡਾ ਘਰ ਭੁਲ ਭੁਲਾ ਗਿਆ ਸੀ ਕਿਉਂਕਿ ਮੇਰੇ ਪਿਤਾ ਜੀ ਘੱਟ ਵਧ ਕਦੇ ਭੇਰੇ ਜਾਂਦੇ ਸਨ। ਜੇ ਮੈਂ ਹੋਰ ਵਿਸਥਾਰ ਨਾਲ ਨਿਸ਼ਾਨੀਆਂ ਦਸਦਾ ਤਾਂ ਸ਼ੈਦ ਉਹਨੂੰ ਕੁਝ ਚੇਤੇ ਆ ਜਾਂਦਾ, ਪਰ ਹਾਲਤ ਹੀ ਕੁਝ ਅਜੀਬ ਬਣੀ ਹੋਈ ਸੀ। ਇਕ ਪਾਸੇ ਗੁਲਾਮ ਮੁਹੰਮਦ ਕੁਰਸੀ ਉਪਰ ਨੀਵੀਂ ਪਾਈ ਲਗਾਤਾਰ ਰੋਈ ਜਾ ਰਿਹਾ ਸੀ, ਉਧਰ ਬੁੱਢੇ ਦੋਸਤ ਮੁਹੰਮਦ ਦੀਆਂ ਅੱਖਾਂ ਵਿਚੋਂ ਵੀ ਜਿਵੇਂ ਗੰਗਾ ਜਮਨਾ ਵਹਿ ਤੁਰੀਆਂ ਸਨ। ਮੇਰੇ ਆਪਣੇ ਲਈ ਬੋਲਣਾ ਔਖਾ ਹੋ ਰਿਹਾ ਸੀ।

ਅਖ਼ੀਰ ਸਿਕੰਦਰ ਨੇ ਹਲੂਣ ਕੇ ਮੈਨੂੰ ਉਠਾ ਦਿਤਾ ਤੇ ਕਹਿਣ ਲਗਾ, "ਚਲੀਏ, ਜਬ ਤਕ ਚਾਏ ਤੱਯਾਰ ਹੋਤੀ ਹੈ, ਏਕ ਬਾਹਰ ਕਾ ਚੱਕਰ ਲਗਾ ਆਤੇ ਹੈਂ।"

ਬੇਦਿਲੀ ਨਾਲ ਮੈਂ ਫੇਰ ਗਲੀ ਵਿਚ ਆ ਗਿਆ। ਬਿਲਕੁਲ ਓਪਰੀ ਪਈ ਜਾਪਦੀ ਸੀ। ਯਕੀਨ ਨਹੀਂ ਸੀ ਆਉਂਦਾ ਮੈਂ ਇਸ ਗਲੀ ਵਿਚ ਖੇਡਦਾ ਹੁੰਦਾ ਸਾਂ! ਉਹ ਤਾਂ ਇਤਨੀ ਲੰਮੀ, ਖੁਲ੍ਹੀ ਤੇ ਸੁਹਣੀ ਹੁੰਦੀ ਸੀ: ਇਹ ਇਤਨੀ ਛੋਟੀ, ਭੀੜੀ ਤੇ ਕੋਝੀ ?

ਸਿਕੰਦਰ ਨੇ ਮੈਨੂੰ ਇਕ ਸਿਰਿਉਂ ਦੂਜੇ ਸਿਰੇ ਤੀਕ ਦਾ ਚੱਕਰ ਮਾਰਨ ਲਈ ਕਿਹਾ। ਅਚਾਨਕ ਇਕ ਘਰ ਦੇ ਅੱਗੋਂ ਲੰਘਦਿਆਂ ਮੇਰੀ ਨਜ਼ਰ ਉਹਦੇ ਵਿਹੜੇ ਵਿਚ ਪਈ। ਮੈਂ ਖਲੋ ਗਿਆ, ਤੇ ਕਿਹਾ, "ਇਸ ਘਰ ਵਿਚ ਮੈਂ ਖੇਡਦਾ

ਹੁੰਦਾ ਸਾਂ, ਮੈਨੂੰ ਚੰਗੀ ਤਰ੍ਹਾਂ ਯਾਦ ਏ । ਇਹਦੇ ਕੋਠੇ ਉਤੇ ਵੀ ਅਸੀਂ ਚੜ੍ਹਦੇ ਹੁੰਦੇ ਸਾਂ । ਇਥੇ ਮੇਰਾ ਦੋਸਤ ਰਹਿੰਦਾ ਹੁੰਦਾ ਸੀ ।"

ਪੌੜੀਆਂ ਕੋਲ ਗ਼ਰੀਬੜਾ ਜਿਹਾ ਆਦਮੀ ਚਾਦਰ ਵਲ੍ਹੇਟੀ ਪਿਆ ਹੋਇਆ ਸੀ । ਸਿਕੰਦਰ ਨੇ ਉਸ ਕੋਲੋਂ ਅੰਦਰ ਆਉਣ ਦੀ ਇਜਾਜ਼ਤ ਮੰਗ ਲਈ ਤੇ ਮੈਨੂੰ ਕਿਹਾ, "ਜਾਈਏ ਅੰਦਰ, ਊਪਰ ਭੀ ਜਾਈਏ ।"

"ਨਹੀਂ, ਅੰਦਰ ਜਾ ਕੇ ਕੀ ਲੈਣੈਂ ?" ਮੈਂ ਕਿਹਾ ।

ਹੁਣ ਇਸ ਬਾਈਆਂ ਤੇਈਆਂ ਵਰ੍ਹਿਆਂ ਦੇ ਸਿਕੰਦਰ ਨੇ ਮੈਨੂੰ ਗਲੀ ਵਿਚ ਖਲੋ ਕੇ ਇੰਜ ਡਾਂਟਿਆ ਜਿਵੇਂ ਉਹ ਮੇਰਾ ਕੋਈ ਬਜ਼ੁਰਗ ਹੋਵੇ ।

"ਸਾਹਨੀ ਸਾਹਬ' ਆਪ ਕੈਸੇ ਫ਼ਜ਼ੂਲ ਸੇ ਤਕੱਲਫ਼ਾਤ ਕਾ ਸ਼ਿਕਾਰ ਹੋ ਰਹੇ ਹੈਂ । ਹਮ ਭੀ ਆਪ ਹੀ ਕੀ ਤਰ੍ਹਾਂ ਹੈਂ । ਜਬ ਕਭੀ ਦਿੱਲੀ ਜਾਏਂ, ਅਪਨੇ ਛੋੜੇ ਹੂਏ ਘਰੋਂ ਕਾ ਕੋਨਾ ਕੋਨਾ ਛਾਨ ਮਾਰਤੇ ਹੈਂ, ਚਾਹੇ ਕਿਸੀ ਕੋ ਕਿਤਨੀ ਭੀ ਤਕਲੀਫ਼ ਹੋ । ਆਪ ਨੇ ਯਹਾਂ ਰਹਿਨਾ ਥੋੜੇ ਹੈ ਕਿ ਹਰ ਕਿਸੀ ਕਾ ਇਤਨਾ ਲਿਹਾਜ਼ ਕੀਏ ਜਾ ਰਹੇ ਹੈਂ ? ਦੋ ਘੰਟੇ ਬਾਅਦ ਆਪ ਕੋ ਯਹਾਂ ਸੇ ਚਲੇ ਜਾਨਾ ਹੈ । ਔਰ ਫਿਰ ਆਪ ਕੇ ਖ਼ੁਦਾ ਜਾਨੇ ਕਭੀ ਇਧਰ ਆਨਾ ਨਸੀਬ ਭੀ ਹੋ ਯਾ ਨਾ ਹੋ ! ਯਿਹ ਸੁਸਤੀ ਛੋੜੀਏ, ਔਰ ਏਕ ਜਗਹਾ ਬੈਠ ਬੈਠ ਕੇ ਵਕਤ ਗੰਵਾਨੇ ਕੀ ਬਜਾਏ ਜਿਤਨਾ ਘੂਮ ਸਕਤੇ ਹੈਂ ਦੇਖੀਏ । ਬਰਾਏ ਮਿਹਰਬਾਨੀ ਜਾਈਏ ਊਪਰ ।"

ਕਿਤਨਾ ਸੁਆਦ ਮਿਲਿਆ ਉਹਨਾਂ ਪੌੜੀਆਂ ਉਪਰ ਦੋਬਾਰਾ ਪੈਰ ਰਖ ਕੇ । ਉਪਰ ਕੋਠੇ ਉਤੇ ਪੁਜੇ ਤਾਂ ਐਨ ਆਪਣੀਆਂ ਅੱਖਾਂ ਸਾਹਮਣੇ, ਦੂਰ, ਮੈਨੂੰ ਆਪਣੇ ਘਰ ਦਾ ਉਪਰਲਾ ਸੁਫ਼ਾ ਸਾਫ਼ ਦਿਸ ਪਿਆ । ਉਹਦੇ ਸਜੇ ਪਾਸੇ ਵਾਲੀ ਰਸੋਈ ਦਿਸ ਪਈ, ਅਤੇ ਮੈਂ ਚੀਕ ਉਠਿਆ, "ਔਹ, ਔਹ ਸਾਡਾ ਘਰ, ਉਸ ਕਮਰੇ ਵਿਚ ਮੇਰੀ ਭੈਣ ਦੀ ਕੁੜਮਾਈ ਹੋਈ ਸੀ । ਔਹ ਸਾਡੀ ਰਸੋਈ "

ਉਸ ਵੇਲੇ ਸ਼ੌਰੇ ਅੰਦਰ ਕਿਹੜਾ ਜੁਆਲਾ-ਮੁਖੀ ਫਟਿਆ, ਰੋਂਦਾ ਤੇ ਘਰਕਦਾ ਮੈਂ ਮਿੱਟੀ-ਧੱਚੇ ਫ਼ਰਸ਼ ਉਪਰ ਢੇਰ ਹੋ ਗਿਆ । ਉਹ ਲੋਕ ਦਿਲਾਸਾ ਦੇਣ ਲਈ ਆਏ । ਮੈਂ ਬੋਲੀ ਜਾ ਰਿਹਾ ਸਾਂ — "ਮੈਨੂੰ ਛਡ ਦਿਓ । ਮੈਂ ਘਰ ਨੂੰ ਵੇਖ ਕੇ ਨਹੀਂ ਰੋ ਰਿਹਾ । ਮੈਨੂੰ ਭੈਣ ਯਾਦ ਆ ਰਹੀ ਏ, ਜਿਹੜੀ ਮਰ ਚੁਕੀ ਏ । ਰੱਬਾ ਮੇਰੀ ਭੈਣ ਮੋੜ ਦੇ, ਰੱਬਾ ਮੇਰੀ ਭੈਣ ਮੋੜ ਦੇ..."

ਆਪਣੇ ਆਪ ਉੱਤੇ ਸ਼ਰਮ ਵੀ ਆ ਰਹੀ ਸੀ। ਇਹ ਮੈਂ ਕੀ ਕਰ ਰਿਹਾਂ ?

ਓਪਰੇ ਦੇਸ, ਓਪਰੀ ਥਾਂ, ਓਪਰੇ ਬੰਦਿਆਂ ਦੀ ਮੌਜੂਦਗੀ ਵਿਚ ? ਪਰ ਮੈਨੂੰ ਆਪਣੇ ਆਪ ਉਪਰ ਕੋਈ ਕਾਬੂ ਨਹੀਂ ਸੀ। ਜੇ ਮੇਰੇ ਹੱਥ ਵਿਚ ਛੁਰਾ ਹੁੰਦਾ, ਅਤੇ ਮੇਰੇ ਸਾਹਮਣੇ ਰੱਬ ਆ ਖਲੋਂਦਾ ਤਾਂ ਯਕੀਨਨ ਉਸ ਵੇਲੇ ਮੈਂ ਉਹਨੂੰ ਵੱਢ ਸੁੱਟਣਾ ਸੀ......

੧੦

੦੦੦

ਥੱਲੇ ਲਹਿ ਕੇ ਅਸੀਂ ਫੇਰ ਜਦੋਂ ਗਲੀ ਵਿਚ ਆਏ ਤਾਂ ਮੈਂ ਆਪਣੇ ਆਪ ਨੂੰ ਬੜਾ ਫਿਟਕਾਰਿਆ । ਕੀ ਮੂਰਖਾਂ ਵਾਂਗ ਓਪਰੇ ਬੰਦਿਆਂ ਦੇ ਸਾਹਮਣੇ ਰੋਣਾ ਘਰਕਣਾ ਸ਼ੁਰੂ ਕਰ ਦਿਤਾ ਮੈਂ ? ਕੀ ਪਤਾ ਜਿਸ ਘਰ ਨੂੰ ਵੇਖ ਕੇ ਰੋਇਆ ਸਾਂ ਸਚ ਮੁੱਚ ਆਪਣਾ ਸੀ ਕਿ ਕਿਸੇ ਹੋਰ ਦਾ ? ਕੀ ਪਤਾ ਭੁਲੇਖਾ ਈ ਲਗਿਆ ਹੋਵੇ ? ਪਰ ਸਿਕੰਦਰ ਨੇ ਅਗੇਰੇ ਹੋ ਕੇ ਮਕਾਨ ਦੀ ਹੁਣ ਤੀਕ ਸੂਹ ਕੱਢ ਲਈ ਸੀ । ਬਾਹਰਲਾ ਹਿੱਸਾ ਮੈਂ ਪਛਾਣ ਨਹੀਂ ਸਾਂ ਸਕਿਆ ਕਿਉਂਕਿ ਟਿੱਬੇ ਵਾਲੀ ਥਾਂ ਉਤੇ ਇਕ ਹੋਰ ਮਕਾਨ ਬਣ ਗਿਆ ਸੀ । ਪਰ ਅੰਦਰ ਜਾ ਕੇ ਮੇਰੇ ਸਾਰੇ ਸੰਸੇ ਦੂਰ ਹੋ ਗਏ । ਉਹੋ ਹਨੇਰੀ ਘੁਪ ਡਿਓਢੀ ਜਿਥੇ ਸਾਡੀ ਗਾਂ ਬੰਨ੍ਹੀਂ ਦੀ ਸੀ । ਹੁਣ ਉਸ ਕਿੱਲੇ ਨਾਲ ਇਕ ਪਿਆਰੀ ਜਿਹੀ ਚਿੱਟੀ ਵੱਛੀ ਬੱਝੀ ਹੋਈ ਸੀ । ਅੰਦਰਲੇ ਵਿਹੜੇ ਵਿਚ ਲੱਕੜ ਦੀਆਂ ਮਹਿਰਾਬਾਂ ਵਾਲਾ ਇਕ ਬਰਾਂਡਾ ਸੀ, ਜਿਥੇ ਮੇਰਾ ਨਿੱਕਾ ਭਰਾ ਭੀਸ਼ਮ ਖੱਡੀ ਲਾਣ ਦੀ ਖੇਡ ਕਰਦਾ ਹੁੰਦਾ ਸੀ । ਭਾਵੇਂ ਪੌਲੀਆਂ ਦੀਆਂ ਖੱਡੀਆਂ ਵਾਂਗ ਉਹ ਖੇਸ ਨਹੀਂ ਸੀ ਬੁਣਦੀ, ਪਰ ਫੇਰ ਵੀ ਸਾਨੂੰ ਉਹ ਬਿਲਕੁਲ ਅਸਲੀ ਜਾਪਦੀ ਸੀ । ਕਦੇ ਕਦੇ ਮੈਂ ਵੀ ਉਸ ਉਪਰ ਬਹਿ ਕੇ ਪੈਰ ਹਿਲਾਂਦਾ ਅਤੇ ਰੱਸੀ ਖਿੱਚ ਖਿੱਚ ਕੇ ਨਲੀ ਨੂੰ ਖੱਬਿਉਂ ਸੱਜੇ ਤੇ ਸੱਜਿਉਂ ਖੱਬੇ ਚਲਾਂਦਾ ਸਾਂ । ਡਿਓਢੀ ਦੇ ਨਾਲ ਲਗਦੀ ਇਕ ਤੰਗ ਜਿਹੀ ਕੋਠੀ ਸੀ ਜਿਸ ਵਿਚ ਇਕ ਮੁਸਲਮਾਨ ਪਟਵਾਰੀ ਰਹਿੰਦਾ ਹੁੰਦਾ ਸੀ । ਪਿਤਾ ਜੀ ਉਸ

ਤੋਂ ਕਿਰਾਇਆ ਨਹੀਂ ਸਨ ਲੈਂਦੇ ਕਿਉਂਕਿ ਸਾਡੀ ਗੈਰ-ਹਾਜ਼ਰੀ ਵਿਚ ਉਹ ਘਰ ਦੀ ਦੇਖ ਭਾਲ ਕਰਦਾ ਸੀ। ਤ੍ਰਿਕਾਲਾਂ ਵੇਲੇ, ਇਕ ਕੁੱਪੀ ਦੀ ਨਾ-ਹੋਣ-ਵਰਗੀ ਲੋਅ ਵਿਚ, ਚਾਦਰ ਵਲ੍ਹੇਟ ਕੇ ਬੈਠੇ ਅਤੇ ਹੁੱਕੇ ਦਾ ਸੁਖ ਮਾਣਦੇ ਪਟਵਾਰੀ ਨੂੰ ਮੈਂ ਬੜੇ ਊਟ ਪਟਾਂਗ ਗਪਾਸ਼ਟਕ ਸੁਣਾਂਦਾ ਹੁੰਦਾ, ਅਤੇ ਹੈਰਾਨੀ ਦੀ ਗੱਲ ਹੈ ਕਿ ਉਹ ਬੜੇ ਹੀ ਤਹੱਮਲ ਤੇ ਯਕੀਨ ਨਾਲ ਸੁਣਦਾ। ਮੈਂ ਉਸ ਨੂੰ ਦਸਦਾ ਕਿਵੇਂ ਸਾਡੇ ਪਿੰਡੀ ਵਾਲੇ ਘਰ ਦੇ ਸਾਹਮਣੇ ਇਕ ਲੱਕੜੀਆਂ ਦੇ ਟਾਲ ਵਿਚ ਮੈਂ ਤੇ ਮੇਰੇ ਦੋਸਤਾਂ ਨੇ ਇਕ ਕਿਲ੍ਹਾ ਬਣਾਇਆ ਹੋਇਆ ਹੈ। ਲੱਕੜਾਂ ਦੇ ਢੇਰਾਂ ਵਿਚ ਆਣ ਜਾਣ ਦੇ ਖੁਫੀਆ ਰਸਤੇ ਹਨ, ਜੋ ਸਾਡੇ ਸਿਵਾ ਹੋਰ ਕਿਸੇ ਨੂੰ ਮਲੂਮ ਨਹੀਂ। ਕਿਲ੍ਹੇ ਵਿਚ ਹਰ ਤਰ੍ਹਾਂ ਦਾ ਅਸਲਾ ਮੌਜੂਦ ਹੈ — ਬੰਦੂਕਾਂ, ਬੰਬ, ਮਸ਼ੀਨ ਗਨਾਂ ਵੀ, ਅਸਾਂ ਆਪੋ ਆਪਣੇ ਹੱਥ ਨਾਲ ਤਿਆਰ ਕੀਤੀਆਂ ਹਨ। ਨਾਲਾਂ ਲਈ ਦੇ ਕੰਦਿਓਂ ਅਸੀਂ ਲੰਮੀਆਂ ਲੰਮੀਆਂ ਨੜੀਆਂ ਤੋੜ ਕੇ ਉਹਨਾਂ ਨੂੰ ਅੰਦਰੋਂ ਖੁਰਚ ਖੁਰਚ ਕੇ ਸਾਫ਼ ਕਰ ਲੈਂਦੇ ਹਾਂ। ਏਸ ਤਰ੍ਹਾਂ ਮਸ਼ੀਨ ਗਨ ਲਈ ਨਾਲੀਆਂ ਤਿਆਰ ਹੋ ਜਾਂਦੀਆਂ ਹਨ। ਫੇਰ ਬਹੁਤ ਸਾਰੀਆਂ ਨਾਲੀਆਂ ਨੂੰ ਰੱਸੀ ਨਾਲ ਬੰਨ੍ਹ ਕੇ ਅਸੀਂ ਇਕ ਸੂਰਜਮੁਖੀ ਸ਼ਕਲ ਦਾ ਚੱਕਰ ਬਣਾ ਲੈਂਦੇ ਹਾਂ। ਉਹਦੇ ਅੰਦਰਵਾਰ ਇਕ ਹੋਰ ਛੋਟਾ ਜਿਹਾ ਫਿਰਤੂ ਚੱਕਰ ਬਣਾਨਾ ਪੈਂਦਾ ਹੈ, ਜਿਹਨੂੰ ਘੁਮਾਣ ਨਾਲ ਕਾਨੇ ਦੀ ਗਰੀ ਦੀਆਂ ਬਣੀਆਂ ਹੋਈਆਂ ਗੋਲੀਆਂ ਨਿੱਕੇ ਚੱਕਰ ਦੀ ਮੈਗਜ਼ੀਨ ਵਿਚੋਂ ਛੁਟ ਕੇ ਵਡੇ ਚੱਕਰ ਦੀਆਂ ਨਾਲੀਆਂ ਰਾਹੀਂ ਫਾਇਰ ਕਰਨ ਲਗ ਜਾਂਦੀਆਂ ਹਨ...।

ਪਹਿਲੀ ਵੱਡੀ ਲਾਮ ਦੇ ਖ਼ਾਤਮੇ ਦਾ ਜ਼ਮਾਨਾ ਸੀ ਇਹ, ਅਤੇ ਜਲ੍ਹਿਆਂ ਵਾਲੇ ਬਾਗ ਦੇ ਹੱਤਿਆ-ਕਾਂਡ ਦਾ। ਪਿੰਡੀ ਵਿਚ ਘਰ ਘਰ ਮਸ਼ੀਨ ਗਨਾਂ ਤੇ ਗੋਲੀਆਂ ਦੀ ਚਰਚਾ ਹੁੰਦੀ ਸੀ। ਇਕ ਰਾਤ ਜਦੋਂ ਮੈਂ ਤੇ ਮੇਰਾ ਛੋਟਾ ਵੀਰ ਇਕੋ ਮੰਜੇ ਤੇ ਜਾਗੋਮੀਟੇ ਦੀ ਹਾਲਤ ਵਿਚ ਲੇਟੇ ਹੋਏ ਸਾਂ, ਅਸਾਂ ਸੁਣਿਆ ਮਾਤਾ ਜੀ ਪਿਤਾ ਜੀ ਨੂੰ ਦਬੀ ਆਵਾਜ਼ ਵਿਚ ਕਹਿ ਰਹੇ ਸਨ, "ਪੁਲਿਸ ਕੋਠੇ ਉਤੇ ਚੜ੍ਹ ਗਈ। ਉਸ ਆਪਣੀ ਛਾਤੀ ਨੰਗੀ ਕਰ ਕੇ ਆਖਿਆ, ਮੈਨੂੰ ਗੋਲੀ ਮਾਰ ਦਿਓ, ਪਰ ਮੇਰੇ ਬੱਚਿਆਂ ਨੂੰ ਕੁਝ ਨਾ ਆਖੋ।"

ਅਸੀਂ ਦੋਵੇਂ ਭਰਾ ਸਹਿਮ ਕੇ ਇਕ ਦੂਜੇ ਨਾਲ ਲਿਪਟ ਗਏ ਸਾਂ। ਇਕ ਵਾਰੀ ਸਾਡੇ ਛਾਛੀ ਮਹੱਲੇ ਵਿਚੋਂ ਪੁਲਿਸ ਤੇ ਫੌਜ ਦੀ ਪੂਰੀ ਪਲਟਨ ਨੇ ਮਾਰਚ ਕੀਤਾ ਸੀ, ਅਤੇ ਅਣਗਿਣਤ ਬੰਦਿਆਂ ਨੂੰ ਹਥਕੜੀਆਂ ਲਾ ਕੇ ਲੈ ਗਏ ਸਨ,

ਜਿਨ੍ਹਾਂ ਦੀਆਂ ਜ਼ੰਜੀਰਾਂ ਦਾ ਖੜਾਕ ਮੈਨੂੰ ਅਜੇ ਤਕ ਨਹੀਂ ਭੁੱਲਿਆ । ਇਕ ਦਾੜ੍ਹੀ ਵਾਲਾ ਗੋਰਾ ਤੇ ਹੁਸੀਨ ਗੱਭਰੂ, ਜਿਸ ਦਾ ਨਾਂ ਹੁਸੈਨਾ ਸੀ ਅਤੇ ਜਿਸ ਦੀ ਡੇਰੀ ਤੋਂ ਸਾਡੇ ਘਰ ਦੁੱਧ ਆਉਂਦਾ ਹੁੰਦਾ ਸੀ, ਅਗੇ ਵੱਧ ਕੇ ਸਾਡੇ ਥੜੇ ਕੋਲ ਆ ਗਿਆ ਤੇ ਪਿਤਾ ਜੀ ਨੂੰ ਕਹਿਣ ਲੱਗਾ, "ਲਉ ਬਾਬੂ ਜੀ, ਆਖ਼ਰੀ ਸਲਾਮ ।" ਉਹਨੇ ਖੱਦਰ ਦਾ ਲੰਮਾ ਕੁੜਤਾ ਤੇ ਸਲਵਾਰ ਪਾਈ ਹੋਈ ਸੀ, ਅਤੇ ਖੱਦਰ ਦੀ ਹੀ ਚਿੱਟੀ ਪੱਗ ਸੀ ਉਸ ਦੇ ਸਿਰ 'ਤੇ ।.........

ਸਕੂਲਾਂ ਵਿਚ ਮੁੰਡਿਆਂ ਨੂੰ ਗੋਲ ਗੋਲ ਸੁਨਹਿਰੀ ਤੇ ਚਾਂਦੀ ਦੇ ਤਮਗ਼ੇ ਦਿਤੇ ਜਾਂਦੇ ਸਨ । ਇਹਨਾਂ ਦੇ ਇਕ ਪਾਸੇ ਬਾਦਸ਼ਾਹ ਦੀ, ਅਤੇ ਦੂਜੇ ਪਾਸੇ ਇਕ ਗੋਰੇ ਤੇ ਇਕ ਦੇਸੀ ਸਿਪਾਹੀ ਦੇ ਬਗ਼ਲਗੀਰ ਹੋਣ ਦੀ ਤਸਵੀਰ ਹੁੰਦੀ ਸੀ । ਸਾਨੂੰ ਠੀਕ ਪਤਾ ਨਹੀਂ ਸੀ ਇਹ ਜੱਫੀ ਪਾ ਰਹੇ ਹਨ ਜਾਂ ਕੁਸ਼ਤੀ ਕਰ ਰਹੇ ਹਨ । ਕਦੇ ਬੜੇ ਚਾਅ ਨਾਲ ਅਸੀਂ ਇਹਨਾਂ ਤਮਗ਼ਿਆਂ ਨੂੰ ਕੋਟ ਦੇ ਕਾਲਰ ਨਾਲ ਟੰਗ ਲੈਂਦੇ ; ਅਤੇ ਕਦੇ ਉਸੇ ਚਾਅ ਨਾਲ ਕਿਸੇ ਵਡੇਰੇ ਦੇ ਆਖਣ 'ਤੇ, ਉਹਨਾਂ ਉਪਰ ਥੁਕ ਛਡਦੇ, ਖੁੱਤੀਆਂ ਵਿਚ ਦਬ ਕੇ ਉਹਨਾਂ ਉਪਰ ਪਿਸ਼ਾਬ ਕਰਦੇ, ਵੱਟਿਆਂ ਨਾਲ ਉਹਨਾਂ ਨੂੰ ਚਿੱਥਦੇ ।........

ਪਿਤਾ ਜੀ ਨੂੰ ਮਿਲਣ ਲਈ ਇਕ ਬਾਂਕੀਆਂ ਮੁੱਛਾਂ ਵਾਲੇ ਵਪਾਰੀ ਆਉਂਦੇ ਹੁੰਦੇ ਸਨ, ਜਿਨ੍ਹਾਂ ਦੇ ਪਹਿਰਾਵੇ ਦਾ ਸੁਹੱਪਣ ਮੈਨੂੰ ਬੜਾ ਚੰਗਾ ਚੰਗਾ ਲਗਦਾ ਹੁੰਦਾ ਸੀ । ਉਹ ਆਪਣੀ ਜੇਬ ਵਿਚੋਂ ਇਕ ਰਬੜ ਦੀ ਨਲੀ ਕੱਢਦੇ ਜਿਸ ਵਿਚ ਇਹਨ੍ਹਾਂ ਤਮਗ਼ਿਆਂ ਵਾਂਗਰ ਦੀਆਂ ਹੋਰ ਨਿੱਕੀਆਂ ਨਿੱਕੀਆਂ ਸੋਨੇ ਦੀਆਂ ਅਸ਼ਰਫ਼ੀਆਂ ਹੁੰਦੀਆਂ .... ।

ਇਹ ਸਾਰੀਆਂ ਦੁਖਾਵੀਆਂ ਤੇ ਸੁਖਾਵੀਆਂ ਘਟਨਾਵਾਂ ਅਸਾਂ ਬੱਚਿਆਂ ਲਈ ਖੇਡ ਦਾ ਮਸਾਲਾ ਬਣ ਜਾਂਦੀਆਂ ਸਨ । ਲੱਕੜੀ ਦਾ ਟਾਲ ਸਚ ਮੁੱਚ ਸਾਡੀਆਂ ਨਜ਼ਰਾਂ ਵਿਚ ਇਕ ਕਿਲ੍ਹਾ ਸੀ, ਅਤੇ ਅਸੀਂ ਹੈਰਾਨ ਸਾਂ ਕਿਉਂ ਇਹਦੇ ਮਾਲਕ ਬਖ਼ਸ਼ੀ ਸਾਹਿਬ ਸਾਨੂੰ ਦਾਦ ਦੇਣ ਦੀ ਥਾਂ ਗਾਲ੍ਹਾਂ ਕੱਢਦੇ ਸਨ । ਮੋਰਚੇ ਬੱਝ ਜਾਣ ਉਤੇ ਭਾਵੇਂ ਮਾਰਦੇ ਇਕ ਦੂਜੇ ਨੂੰ ਵੱਟੇ ਈ ਸਾਂ, ਪਰ ਦਿਮਾਗ਼ ਵਿਚ ਤਸੱਵਰ ਬੰਦੂਕਾਂ ਤੇ ਮਸ਼ੀਨ ਗੰਨਾਂ ਦਾ ਹੁੰਦਾ ਸੀ ।

ਬੱਚਿਆਂ ਦੀ ਕਲਪਨਾ ਬੜੀ ਤੀਬਰ ਹੁੰਦੀ ਹੈ, ਅਤੇ ਇਸੇ ਰਾਹੀਂ ਭਵਿੱਖ ਵਿਚ ਉਹਨਾ ਦਾ ਕਿਰਦਾਰ ਬਣਦਾ ਹੈ, ਪਰ ਮਾਂ-ਬਾਪ ਦੀ ਲਾਡ-ਭਰੀ ਅਣਗਹਿਲੀ ਅਕਸਰ ਇਹਨੂੰ ਠਾਰ ਛੱਡਦੀ ਹੈ । ਸ਼ਾਇਦ ਏਸੇ ਕਰ ਕੇ ਬੱਚੇ

ਬੜੇ ਸ਼ੌਕ ਨਾਲ ਨੌਕਰਾਂ ਦੇ ਕਵਾਟਰਾਂ ਦੀ ਸ਼ਰਨ ਲੈਂਦੇ ਹਨ। ਉਥੇ ਉਹਨਾਂ ਨੂੰ ਮਾਣ ਵੀ ਮਿਲਦਾ ਹੈ ਅਤੇ ਆਜ਼ਾਦੀ ਵੀ। ਮਨੁੱਖ ਦੇ ਹਰ ਕੰਮ ਪਿਛੇ ਕਲਪਨਾ ਦਾ ਹੱਥ ਹੈ। ਪਹਿਲਾਂ ਕਲਪਨਾ ਸ਼ੌਕ ਜਗਾਂਦੀ ਹੈ, ਫੇਰ ਹੱਥ ਪੈਰ ਕਰਮਸ਼ੀਲ ਹੁੰਦੇ ਹਨ। ਏਸੇ ਕਾਰਨ ਕਿਸੇ ਦੇ ਜੀਊਂਦੇ ਸੁਪਨਿਆਂ ਨੂੰ ਠੋਕਰ ਮਾਰਨਾ — ਭਾਵੇਂ ਉਹ ਇਆਣੇ ਈ ਕਿਉਂ ਨਾ ਹੋਣ — ਉਹਦੇ ਸ਼ੌਕ ਅਤੇ ਕਰਮ ਨੂੰ ਨਿਰਬਲ ਕਰਨਾ ਹੈ। ਮੈਂ ਹਮੇਸ਼ਾਂ ਉਸ ਪਟਵਾਰੀ ਨੂੰ ਬੜੇ ਹੀ ਪਿਆਰ ਤੇ ਸਤਿਕਾਰ ਨਾਲ ਯਾਦ ਕਰਦਾ ਹਾਂ। ਉਹਦੇ ਕੋਲ ਬਹਿ ਕੇ ਗੱਪਾਂ ਮਾਰਨ ਦਾ ਅਪੂਰਬ ਸੁਖ ਮੈਨੂੰ ਕਦੇ ਨਹੀਂ ਭੁੱਲ ਸਕਦਾ।

ਮਕਾਨ ਦੀ ਇਸ ਹੇਠਲੀ ਮੰਜ਼ਿਲ ਦੇ ਪਿਛਵਾੜੇ ਇਕ ਸੁਫ਼ਾ ਸੀ। ਜਿਹਨੂੰ ਸਾਡਾ ਪਰਵਾਰ ਕੇਵਲ ਓਦੋਂ ਵਰਤਦਾ ਸੀ ਜਦੋਂ ਕੋਈ ਡਾਕਾ-ਡੂਕਾ ਪੈਣ ਦੀ ਅਫ਼ਵਾਹ ਉਠਦੀ। ਇਸ ਵਿਚ ਨਾ ਕੋਈ ਬਾਰੀ ਨਾ ਰੋਸ਼ਨਦਾਨ। ਫ਼ਰਸ਼ ਵੀ ਕੱਚਾ ਸੀ, ਜਿਸ ਕਾਰਨ ਸੱਪ ਠੂਏਂ ਦਾ ਵੀ ਡਰ ਰਹਿੰਦਾ ਸੀ। ਏਸ ਵੇਲੇ ਇਸ ਦੇ ਬੂਹੇ ਉਤੇ ਤਾਲਾ ਵੱਜਿਆ ਹੋਇਆ ਸੀ, ਜਿਸ ਨੂੰ ਖੁਲ੍ਹਾਣ ਦੀ ਮੈਨੂੰ ਕੋਈ ਖ਼ਾਹਸ਼ ਨਹੀਂ ਹੋਈ।

ਫੇਰ ਪੌੜੀਆਂ ਉਤੇ ਪੈਰ ਧਰਦਾ ਮੈਂ ਉਪਰ ਵਾਲੇ ਕੋਠੇ ਉਤੇ ਜਾ ਚੜ੍ਹਿਆ ਜਿਥੇ ਸਾਡੇ ਪਰਵਾਰ ਦਾ ਵਧੇਰੇ ਰਹਿਣ-ਸਹਿਣ ਹੁੰਦਾ ਸੀ। ਮੋਕਲੀ ਫ਼ਿਜ਼ਾ ਵਿਚ ਭੁੱਲੀਆਂ ਵਿਸਰੀਆਂ ਨਿਸ਼ਾਨੀਆਂ ਚਹੁੰ ਪਾਸਿਉਂ ਜਿਵੇਂ ਉੱਛਲ ਉੱਛਲ ਕੇ ਮੇਰ ਵਲ ਆਉਣ ਲਗ ਪਈਆਂ — ਗੁਆਂਢੀ ਕੰਧਾਂ ਜਿਨ੍ਹਾਂ ਦੀਆਂ ਖੁੰਦਰਾਂ ਵਿਚ ਤੋਤਿਆਂ ਤੇ ਕਬੂਤਰਾਂ ਦੇ ਅਸੰਖ ਆਲ੍ਹਣੇ ਸਨ; ਉਹ ਗੋਲੀਆਂ ਵਾਲਾ ਮੈਦਾਨ ਜਿਥੇ ਡੋਡੇ ਤੇ ਬੰਟੇ ਖੇਡਦੇ ਹੁੰਦੇ ਸਾਂ; ਉਹ ਵਿਹੜਾ ਜਿਥੇ ਸਿਆਲੇ ਦੀ ਮਿੱਠੀ ਧੁੱਪ ਵਿਚ ਮਾਂ ਸਾਡੇ ਸਿਰ ਧੋਂਦੀ ਤੇ 'ਮਣ ਮਣ' ਮੈਲਾਂ ਕੱਢਦੀ ਹੁੰਦੀ ਸੀ। ਜਿਸ ਕਮਰੇ ਨੂੰ ਮੈਂ ਦੂਜੇ ਘਰੋਂ ਸਿਹਾਣਿਆ ਸੀ, ਇਕ ਬੰਦੇ ਨੇ ਅਗੇ ਵਧ ਕੇ ਖੋਲ੍ਹ ਦਿਤਾ। ਮੈਂ ਵੇਖਿਆ ਕਿ ਇਹਦਾ ਫ਼ਰਸ਼ ਪੂਰੇ ਦਾ ਪੂਰਾ ਢਹਿ ਚੁੱਕਿਆ ਹੈ। ਹੇਠਲਾ ਸੁਫ਼ਾ ਤੇ ਇਹ ਕਮਰਾ ਮਿਲ ਕੇ ਕਿਸੇ ਧਾਰਮਕ ਸੰਸਥਾ ਦਾ ਹਾਲ-ਕਮਰਾ ਜਿਹਾ ਦਿਸ ਰਹੇ ਹਨ। ਪਰ ਨਾਲ ਦੀ ਰਸੋਈ ਸਲਾਮਤ ਸੀ, ਅਤੇ ਉਸ ਦੀ ਅੰਗੀਠੀ ਉਪਰ ਭਾਂਡੇ ਠੀਕ ਉਸੇ ਤਰ੍ਹਾਂ ਪਏ ਹੋਏ ਸਨ ਜਿਵੇਂ ਮੈਂ ਨਿੱਕਿਆਂ ਹੁੰਦਿਆਂ ਵੇਖਦਾ ਹੁੰਦਾ ਸਾਂ। ਇੰਜ ਲਗਦਾ ਸੀ ਜਿਵੇਂ ਸਾਡੇ ਹੀ ਭਾਂਡੇ ਉਵੇਂ ਆਪਣੀ ਥਾਂ ਪਏ ਹੋਣ, ਪਰ ਮੇਰੀ ਪੁੱਛਣ ਦੀ ਹਿੰਮਤ ਨਹੀਂ ਹੋਈ।

ਫੇਰ ਦਗੜ ਦਗੜ ਕਰਦਾ ਮੈਂ ਧੁਰ ਕੋਠੇ ਜਾ ਚੜ੍ਹਿਆ। ਹੇਠੋਂ ਕਿਸੇ ਨੇ 'ਵਾਜ ਦਿਤੀ, "ਛੱਤ ਬੜੀ ਕੱਚੀ ਜੇ ਸੋਚ ਸਮਝ ਕੇ ਪੈਰ ਧਰਿਓ।"

ਸਚਮੁੱਚ ਕਿਤਨੀ ਗਈ-ਗੁਜ਼ਰੀ ਹਾਲਤ ਹੋ ਚੁੱਕੀ ਸੀ ਮਕਾਨ ਦੀ ਜਿਵੇਂ ਉਹ ਡਿਗਣ ਤੋਂ ਪਹਿਲਾਂ ਉਡੀਕ ਰਿਹਾ ਸੀ ਕਿ ਸਾਡੇ ਵਿਚੋਂ ਕੋਈ ਅੰਤਮ ਵਾਰ ਆ ਕੇ ਉਹਨੂੰ ਵੇਖ ਲਵੇ। ਪੈਰ ਧਰਦਿਆਂ ਛੱਤ ਚੱਪਾ ਚੱਪਾ ਲਿਫ਼ ਜਾਂਦੀ ਸੀ। ਬੜੀ ਇਹਤਿਆਤ ਨਾਲ ਸਿਕੰਦਰ ਤੇ ਮੈਂ ਕੋਠੇ ਦੀ ਪ੍ਰਦੱਖਣਾ ਕੀਤੀ। ਬਨੇਰਿਆਂ ਦੀ ਵ੍ਰਲਗਣ ਵਿਚ ਇਕ ਅਤਿ ਸੌੜਾ ਚਬੂਤਰਾ ਸੀ ਜੋ ਘਰ ਦੇ ਸਾਰੇ ਬੱਚਿਆਂ ਨੂੰ ਆਪਣੀਆਂ ਖੇਡਾਂ ਲਈ ਬੇਹੱਦ ਪਿਆਰਾ ਸੀ। ਇਥੇ ਮੇਰੀ ਨਿੱਕੀ ਭੈਣ ਆਪਣੀਆਂ ਸਹੇਲੀਆਂ ਨਾਲ ਗੁੱਡੀ ਗੁੱਡੇ ਦੇ ਵਿਆਹ ਰਚਾਂਦੀ ਹੁੰਦੀ ਸੀ। ਮੈਂ ਆਪ ਉਸ ਦੇ ਇਕਾਂਤ-ਸੁਖ ਨੂੰ ਕਈ ਕਈ ਘੰਟੇ ਬਹਿ ਕੇ ਮਾਣਦਾ ਰਹਿੰਦਾ। ਘਰ ਦਾ ਇਹ ਕੋਨਾ ਕਦੇ ਕਦੇ ਬੰਬਈ ਬੈਠਿਆਂ ਵੀ ਮੇਰੀ ਯਾਦ ਵਿਚ ਝਉਲਾ ਮਾਰ ਜਾਂਦਾ ਸੀ। ਏਥੋਂ ਉਫ਼ਕ ਉਤੇ ਖਿਉੜੇ ਦੀ ਮਨੋਰਮ ਪਰਬਤ-ਮਾਲਾ ਵੀ ਦਿਸਦੀ ਸੀ। ਇਹ ਮੈਨੂੰ ਉੱਕੀ ਵਿਸਰ ਚੁੱਕੀ ਸੀ। ਅਜ ਫੇਰ ਇਹਨੂੰ ਵੇਖ ਕੇ ਜਿਵੇਂ ਆਪਣੇ ਜੀਵਨ-ਰਹੱਸ ਦੀ ਕੋਈ ਪੂਰਤੀ ਜਿਹੀ ਹੁੰਦੀ ਜਾਪੀ। ਜਦੋਂ ਪਹਿਲੀ ਵਾਰ ਮੈਂ ਲਾਹੌਰ ਗਿਆ ਸਾਂ ਤਾਂ ਉਫ਼ਕ ਉਤੇ ਪਹਾੜਾਂ ਦੀ ਅਣਹੋਂਦ ਨੇ ਮੈਨੂੰ ਚਕ੍ਰਿਤ ਤੇ ਦੁਖੀ ਕੀਤਾ ਸੀ। ਮੈਨੂੰ ਇੰਜ ਭਾਸਿਆ ਸੀ ਜਿਵੇਂ ਕੁਦਰਤ ਦੇ ਕਿਸੇ ਅਟੱਲ ਨੇਮ ਦੀ ਉਲੰਘਣਾ ਹੋ ਗਈ ਹੋਵੇ। ਇਸ ਦਾ ਕਾਰਨ ਅਜ ਹੋਰ ਵੀ ਸਪਸ਼ਟ ਹੋ ਕੇ ਸਾਹਮਣੇ ਆ ਗਿਆ। ਆਪਣੀ ਬਾਲ-ਵਰੇਸ ਦੇ ਦੋਵਾਂ ਸ਼ਹਿਰਾਂ — ਪਿੰਡੀ ਅਤੇ ਭੇਰੇ — ਵਿਚ ਮੇਰੀਆਂ ਅੱਖੀਆਂ ਨਿਤ ਪਹਾੜ ਵੇਖਣ ਦੀਆਂ ਆਦੀ ਸਨ। ਪਹਾੜਾਂ ਤੋਂ ਮੇਰੀ ਕਲਪਨਾ ਨੂੰ ਸਹਾਰਾ ਮਿਲਦਾ ਸੀ, ਮੈਂ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦਾ ਸਾਂ। ਸ਼ਾਇਦ ਏਸੇ ਪ੍ਰਭਾਵ ਹੇਠ ਜੀਵਨ ਵਿਚ ਵੀ ਮੈਨੂੰ ਹਮੇਸ਼ਾਂ ਕਿਸੇ ਪਹਾੜ ਵਰਗੇ ਮਨੁੱਖ ਦਾ ਆਸਰਾ ਟੋਲਣ ਦੀ ਆਦਤ ਰਹੀ ਹੈ। ਆਪਣੇ ਤੋਂ ਪ੍ਰਬਲ ਸ਼ਖ਼ਸੀਅਤ ਦੀ ਛਤਰ-ਛਾਂ ਹੇਠ ਮੈਂ ਪੁੰਗਰਦਾ ਹਾਂ। ਪਹਾੜ-ਰਹਿਤ ਚੁਗਿਰਦੇ ਵਿਚ ਅਤੇ ਪਰਬਤ-ਸਮ ਮਿੱਤਰ ਤੋਂ ਵਾਂਝਿਆਂ ਹੋ ਕੇ ਮੈਂ ਬੜਾ ਨਿਰਬਲ ਮਹਿਸੂਸ ਕਰਦਾ ਹਾਂ।

ਅਚਾਨਕ ਸਿਕੰਦਰ ਨੇ ਕਿਹਾ, "ਬਲਰਾਜ ਸਾਹਿਬ ਆਪ ਵਾਕਈ ਬੜੇ ਸ਼ਾਨਦਾਰ ਆਦਮੀ ਹੈਂ। ਇਤਨੀ ਬੜੀ ਹੈਸੀਅਤ ਵਾਲੇ ਹੋ ਕਰ ਭੀ ਆਪ ਕੋ

ਯਿਹ ਅਪਨਾ ਛੋਟਾ ਸਾ ਪੁਰਾਨਾ ਮਕਾਨ ਇਤਨਾ ਪਿਆਰਾ ਲਗ ਰਹਾ ਹੈ। ਆਮ ਤੌਰ ਸੇ ਫ਼ਿਲਮ ਸਟਾਰ ਅਪਨੇ ਗ਼ਰੀਬੀ ਕੇ ਜ਼ਮਾਨੇ ਕੋ ਹਮੇਸ਼ਾ ਭੁਲਾਨੇ ਕੀ ਕੋਸ਼ਸ਼ ਕਰਤੇ ਹੈਂ।''

ਮੈਨੂੰ ਧੱਕਾ ਜਿਹਾ ਵੱਜਾ। ਕੀ ਸਾਡਾ ਘਰ ਵਾਕਈ ਛੋਟਾ ਤੇ ਗ਼ਰੀਬੜਾ ਸੀ ? ਮੈਂ ਉਹਨੂੰ ਨਿਰਪੱਖ ਨਜ਼ਰ ਨਾਲ ਵੇਖਣ ਦੀ ਕੋਸ਼ਸ਼ ਕੀਤੀ। ਸਚਮੁੱਚ ਇਤਨਾ ਛੋਟਾ ਸੀ ਕਿ ਉਸ ਤੋਂ ਛੋਟਾ ਮਕਾਨ ਮੈਂ ਸ਼ੈਦ ਈ ਕਦੇ ਵੇਖਿਆ ਹੋਵੇ। ਸੌਣ-ਬਹਿਣ ਲਈ ਇਕੋ ਇਕ ਤਾਂ ਚੱਜ ਦਾ ਕਮਰਾ ਸੀ ਉਸ ਵਿਚ — ਉਹੋ ਜਿਸ ਦਾ ਫ਼ਰਸ਼ ਡਿੱਗ ਚੁੱਕਾ ਸੀ ਇਸ ਵਿਚ ਅਸੀਂ ਕਿਵੇਂ ਸਾਰਾ ਟੱਬਰ ਗੁਜ਼ਰਾਨ ਕਰਦੇ ਹੋਵਾਂਗੇ, ਬੜੀ ਅਨੋਖੀ ਜਿਹੀ ਗੱਲ ਜਾਪਦੀ ਸੀ।

ਮੇਰੀ ਪਰਵਾਰਿਕ ਅਣਖ ਨੇ ਮੈਨੂੰ ਟੁੰਬਿਆ। ਗ਼ਰੀਬਾਂ ਨਾਲ ਭਾਵੇਂ ਕਿਤਨੀ ਹਮਦਰਦੀ ਹੋਵੇ, ਬੰਦਾ ਆਪਣੀ ਗ਼ਰੀਬੀ ਨੂੰ ਘੱਟ ਵਧ ਹੀ ਕਬੂਲਦਾ ਹੈ। ਮੈਂ ਕਿਹਾ, ''ਯਿਹ ਤੋ ਹਮਾਰਾ ਸੌ ਬਰਸ ਪੁਰਾਨਾ ਆਬਾਈ ਮਕਾਨ ਹੈ। ਹਮਾਰੀ ਮੁਸਤਕਿਲ ਰਿਹਾਇਸ਼ ਤੋ ਰਾਵਲਪਿੰਡੀ ਮੇਂ ਹੂਆ ਕਰਤੀ ਥੀ। ਯਹਾਂ ਤੋ ਹਮ ਬਹੁਤ ਕਮ ਆਇਆ ਕਰਤੇ ਥੇ। ਰਾਵਲਪਿੰਡੀ ਮੇਂ ਮੇਰੇ ਵਾਲਿਦ ਸ਼ਹਿਰ ਕੇ ਬੜੇ ਰਈਸੋਂ ਮੇਂ ਗਿਨੇ ਜਾਤੇ ਥੇ।''

ਮਕਾਨ ਵੇਖ ਕੇ ਬਾਹਰ ਨਿਕਲੇ ਤਾਂ ਮੈਲੇ ਕਪੜਿਆਂ ਵਾਲੇ ਗ਼ਰੀਬ ਜਿਹੇ ਮਨੁੱਖਾਂ ਦੀ ਇਕ ਭੀੜ ਸਾਨੂੰ ਉਡੀਕ ਰਹੀ ਸੀ। ਮਹੱਲੇ ਦੇ ਜਿਹੜੇ ਘਰ ਸਲਾਮਤ ਸਨ ਉਹ ਹੁਣ ਇਹਨਾਂ ਲੋਕਾਂ ਦੇ ਹੀ ਅਧੀਨ ਸਨ। ਬੋਲੀ ਤੋਂ ਇਹ ਲੋਕ ਮੈਨੂੰ ਕਰਨਾਲ ਜਾਂ ਰੋਹਤਕ ਵਲ ਦੇ ਜਾਪੇ। ਸਾਡੀ ਜੁੰਡਲੀ ਦਾ ਮਹੱਲੇ ਵਿਚ ਏਧਰ ਓਧਰ ਦੁਲੰਘੜੇ ਮਾਰਨਾ ਇਹਨਾਂ ਨੂੰ ਚੰਗਾ ਨਹੀਂ ਸੀ ਲੱਗਾ, ਜਿਵੇਂ ਉਹਨਾਂ ਦੀ ਆਪਣੀ ਸੁਰੱਖਿਆ ਲਈ ਕੋਈ ਖ਼ਤਰਾ ਪੈਦਾ ਹੋ ਗਿਆ ਹੋਵੇ। ਭਲਾ ਇਹ ਕੌਣ ਭਾਰਤੀ ਹਿੰਦੂ ਸੀ ਜਿਸ ਦੀਆਂ ਇਤਨੀਆਂ ਖ਼ਾਤਰਾਂ ਹੋ ਰਹੀਆਂ ਸਨ ? ਮੈਨੂੰ ਦਿਤਾ ਜਾ ਰਿਹਾ ਪਿਆਰ ਜਿਵੇਂ ਉਹਨਾਂ ਨੂੰ ਦੁਪਿਆਰਾ ਬਣਾ ਰਿਹਾ ਸੀ। ਮੈਨੂੰ ਉਹਨਾਂ ਦੀਆਂ ਅੱਖਾਂ ਵਿਚ ਦੁਰਬਲ ਜਿਹਾ ਰੋਹ ਧੁਖਦਾ ਦਿਸਿਆ, ਜੋ ਉਹਨਾਂ ਦੀ ਬੇਚਾਰਗੀ ਨੂੰ ਹੋਰ ਵੀ ਉਘਾੜ ਕੇ ਪੇਸ਼ ਕਰ ਰਿਹਾ ਸੀ। ਇਕ, ਜਿਨ੍ਹੇ ਕੁੱਛੜ ਤਿੰਨਾਂ ਚਹੁੰ ਵਰ੍ਹਿਆਂ ਦਾ ਬਾਲ ਚੁੱਕਿਆ ਹੋਇਆ ਸੀ, ਅਗੇ ਵਧ ਕੇ ਚੀਕਵੀਂ ਆਵਾਜ਼ ਨਾਲ ਬੋਲਿਆ, ''ਕਿਆ ਦੁਖੜੇ ਰੋ ਰਹੇ ਹੋ ਇਸ ਦੋ ਕੌੜੀ ਦੇ ਮਕਾਨ ਕੇ। ਜੋ ਕੁਛ ਹਮ ਪੀਛੇ ਛੋੜ ਕਰ ਆਏ ਹੈਂ, ਜੋ

ਹਮ ਪਰ ਗੁਜਰੀ ਹੈ ਔਰ ਗੁਜ਼ਰ ਰਹੀ ਹੈ, ਉਸ ਕਾ ਭੀ ਕੁਛ ਦਰਦ ਹੈ ਕਿਸੀ ਕੋ ?"

ਉਸ ਦੀ ਦੇਖਾ ਦੇਖੀ ਹੋਰ ਬੰਦਿਆਂ ਨੇ ਵੀ ਅਗੇ ਵਧ ਕੇ ਬੋਲਣਾ ਸ਼ੁਰੂ ਕਰ ਦਿਤਾ। ਮੇਰੇ ਸਾਥੀਆਂ ਨੇ ਝੱਟ ਉਹਨਾਂ ਨੂੰ ਡਾਂਟ ਕੇ ਪਿਛੇ ਹਟਾ ਦਿਤਾ। ਪਰ ਇੰਜ ਕਰਦਿਆਂ, ਮੈਨੂੰ ਜਾਪਿਆ, ਉਹ ਮੇਰੇ ਨਹੀਂ ਸਨ ਰਹੇ, ਉਹਨਾਂ ਦੇ ਹੋ ਗਏ ਸਨ ; ਅਤੇ ਮੈਂ ਇਕੱਲ-ਮੁਕੱਲੇ ਪ੍ਰਦੇਸੀ ਦੇ ਰੂਪ ਵਿਚ ਰਹਿ ਗਿਆ ਸਾਂ। ਬਾਹਰੋਂ ਆਏ ਮਹਿਮਾਨ ਨੂੰ ਪਰੇਸ਼ਾਨ ਕਰਨਾ ਖ਼ਿਲਾਫ਼-ਤਹਿਜ਼ੀਬ ਸੀ, ਉਹ ਸਿਰਫ਼ ਏਸ ਕਾਰਨ ਉਹਨਾਂ ਨੂੰ ਚੁੱਪ ਕਰਾ ਰਹੇ ਸਨ, ਭਾਵੇਂ ਅੰਦਰੋਂ ਉਹਨਾਂ ਦੇ ਜਜ਼ਬੇ ਕੁਝ ਹੋਰ ਈ ਹੋਣ । ਪਰ ਉਸ ਵੇਲੇ ਮੇਰੇ ਕੋਲੋਂ ਮਹਿਮਾਨ ਬਣ ਕੇ ਨਾ ਰਿਹਾ ਗਿਆ। ਮੈਂ ਅੱਗੇ ਵਧ ਕੇ ਉਸ ਆਦਮੀ ਦਾ ਹੱਥ ਅਪਣੇ ਹੱਥਾਂ ਵਿਚ ਘੁਟ ਲਿਆ ਜੋ ਪਹਿਲਾਂ ਬੋਲਿਆ ਸੀ :

"ਭਈਆ", ਮੈਂ ਕਿਹਾ, "ਯਕੀਨ ਮਾਨੋ ਮੈਂ ਤੁਮ੍ਹਾਰਾ ਦਿਲ ਦੁੱਖਾਨੇ ਨਹੀਂ ਆਇਆ। ਮੈਂ ਤੁਮ੍ਹਾਰਾ ਦੁਖ ਅੱਛੀ ਤਰ੍ਹਾਂ ਸਮਝ ਸਕਤਾ ਹੂੰ। ਮੈਂ ਯਹਾਂ ਕੌਨ ਸਾ ਰੋਜ਼ ਰੋਜ਼ ਆਊਂਗਾ । ਅਗਰ ਅਨਜਾਨੇ ਮੇਂ ਮੁਝ ਸੇ ਕੋਈ ਗ਼ਲਤੀ ਹੋ ਗਈ ਹੋ ਤੋ ਮੁਝੇ ਮਾਫ਼ ਕਰ ਦੋ।"

ਮੈਂ ਉਹਦੀ ਬੱਚੀ ਨੂੰ ਉਸ ਦੇ ਮੋਢਿਓਂ ਖਿਚ ਕੇ ਆਪ ਚੁੱਕ ਲਿਆ। ਪਿਆਰ ਨਾਲ ਉਸ ਦਾ ਮੂੰਹ ਚੁੰਮਿਆ ਅਤੇ ਪੰਜ ਦਾ ਨੋਟ ਉਸ ਦੀ ਤਲੀ 'ਤੇ ਧਰਿਆ। ਅਤੇ ਫੇਰ ਅਸੀਂ ਉਥੋਂ ਰੁਖ਼ਸਤ ਹੋ ਗਏ।

ਰਾਹ ਟੁਰਦੇ ਮੈਂ ਸੋਚਦਾ ਰਿਹਾ। ਆਪਣੇ ਪੁਰਾਣੇ ਮਕਾਨ ਨੂੰ ਵੇਖ ਕੇ ਮੈਨੂੰ ਤਾਂ ਅਚਰਜ ਆਨੰਦ ਮਿਲਿਆ । ਪਰ ਜਿਹੜਾ ਬੰਦਾ ਉਸ ਵਿਚ ਅਜ ਕਲ੍ਹ ਟਿਕਿਆ ਹੋਇਆ ਹੈ, ਉਹਨੂੰ ਇਹ ਮਕਾਨ ਕੀ ਸੁਖ ਪਹੁੰਚਾ ਸਕਦਾ ਹੈ। ਉਹਦੇ ਪਰਿਵਾਰ ਨੂੰ ਤਾਂ ਉਸ ਕੋਲੋਂ ਹਰਦਮ ਜਾਨ ਦਾ ਖ਼ਤਰਾ ਈ ਹੈ ਨਾ। ਨਾ ਉਸ ਆਦਮੀ ਕੋਲ ਇਹਨੂੰ ਮੁਰੰਮਤ ਕਰਾਣ ਦੀ ਤੌਫ਼ੀਕ ਹੈ, ਤੇ ਨਾ ਛਡ ਕੇ ਕਿਤੇ ਜਾਣ ਦੀ। ਕੇਵਲ ਸਾਡੇ ਮਕਾਨ ਦਾ ਨਹੀਂ, ਸਾਹਨੀਆਂ ਦੇ ਮਹੱਲੇ ਦੇ ਰਹਿੰਦੇ ਖੂੰਹਦੇ ਸਾਰੇ ਮਕਾਨਾਂ ਦਾ ਵੀ ਲਗ ਪਗ ਇਹੋ ਹਾਲ ਸੀ। ਉੱਚੇ ਦਰਜੇ ਦੇ ਲੋਕਾਂ ਨੂੰ ਇਧਰ ਓਧਰ ਗਸ਼ਤ ਕਰਦਿਆਂ ਵੇਖ ਕੇ ਸ਼ਾਇਦ ਉਹਨਾਂ ਗ਼ਰੀਬਾਂ ਨੂੰ ਅਨੁਮਾਨ ਹੋਇਆ ਹੋਵੇ ਕਿ ਵੱਡਾ ਅਫ਼ਸਰ ਹਾਲਤ ਦਾ ਮੁਤਾਲਿਆ

ਕਰਨ ਆਇਆ ਹੈ ਅਤੇ ਉਹਨਾਂ ਦੀ ਕੂਕ ਫ਼ਰਿਆਦ ਸੁਣੇਗਾ। ਇਤਨੀ ਵਡੀ ਸੰਖਿਆ ਵਿਚ ਉਹਨਾਂ ਦਾ ਸਿਖਰ ਦਿਹਾੜ ਵੇਲੇ ਜਮ੍ਹਾਂ ਹੋ ਜਾਣਾ ਉਹਨਾਂ ਦੀ ਬੇਰੁਜ਼ਗਾਰੀ ਦਾ ਕੀ ਸੂਚਕ ਨਹੀਂ ਸੀ ? ਇਹ ਵੀ ਪਿਆ ਸਾਫ਼ ਦਿਸਦਾ ਸੀ ਕਿ ਵਖਰੀ ਬੋਲੀ ਅਤੇ ਕਿਰਦਾਰ ਕਾਰਨ ਉਹ ਹਾਲੀਂ ਵੀ ਸਥਾਨਕ ਲੋਕਾਂ ਨਾਲ ਇਕ-ਮਿਕ ਨਹੀਂ ਸਨ ਹੋ ਸਕੇ।

ਕੋਹਲੀ ਦੇ ਮਹੱਲੇ ਮੇਰੀ ਭੂਆ ਦਾ ਘਰ ਸੀ। ਬਸਾਂ ਦੇ ਅੱਡੇ 'ਤੇ ਵਾਪਸ ਜਾਣ ਲਈ ਅਸਾਂ ਉਸੇ ਪਾਸੇ ਲੰਘਣਾ ਸੀ। ਭੂਆ ਦਾ ਘਰ ਵੇਖਣ ਨੂੰ ਵੀ ਮੇਰਾ ਜੀਅ ਲਲਚਾ ਪਿਆ।

ਉਹ ਪਾਸਾ ਕੁਝ ਬਿਹਤਰ ਹਾਲਤ ਵਿਚ ਸੀ। ਜਿਸ ਜਿਸ ਗਲੀ ਤੇ ਬਾਜ਼ਾਰ ਵਿਚੋਂ ਲੰਘਦਾ ਉਹ ਚੱਪਾ ਚੱਪਾ ਮੈਂ ਸਿਹਾਣ ਜਾਂਦਾ ਸਾਂ। ਕੁਝ ਵੀ ਨਹੀਂ ਸੀ ਬਦਲਿਆ। ਏਥੇ ਜ਼ਿੰਦਗੀ ਬਿਲਕੁਲ ਉਸੇ ਢੰਗ ਤੇ ਰਫ਼ਤਾਰ ਨਾਲ ਟੁਰਦੀ ਜਾਪਦੀ ਸੀ ਜਿਵੇਂ ਅਜ ਤੋਂ ਅਧੀ ਸਦੀ ਪਹਿਲਾਂ। ਜੇ ਕੋਈ ਤਬਦੀਲੀ ਨਜ਼ਰ ਆਈ ਸੀ ਤਾਂ ਉਹ ਸਨ ਡਿਗੇ ਹੋਏ ਮਕਾਨ। ਕਿਸੇ ਨੇ ਦਸਿਆ ਇਹਦਾ ਕਾਰਨ ਜਿਹਲਮ ਦਰਿਆ ਦਾ ਸ਼ਹਿਰ ਦੇ ਬਿਲਕੁਲ ਨੇੜੇ ਆ ਜਾਣਾ ਹੈ। ਪਰ ਕੇਵਲ ਇਹੋ ਕਾਰਨ ਨਹੀਂ ਸੀ ਹੋ ਸਕਦਾ। ਡਿਗਣ ਵਾਲੇ ਮਕਾਨਾਂ ਵਿਚੋਂ ਬਹੁ-ਸੰਖਿਆ ਅਤਿ-ਪੁਰਾਣੇ ਛੋਟੀਆਂ ਇੱਟਾਂ ਵਾਲੇ ਮਕਾਨਾਂ ਦੀ ਸੀ, ਜਿਨ੍ਹਾਂ ਦੇ ਦਰਵਾਜ਼ਿਆਂ ਤੇ ਛੱਜਿਆ ਉਪਰ ਕੀਤੀ ਗਈ ਚੋਬਦਾਰੀ ਦਾ ਕੰਮ ਆਪਣੀ ਸੁੰਦਰਤਾ ਲਈ ਸੰਸਾਰ ਭਰ ਵਿਚ ਮਸ਼ਹੂਰ ਹੈ ਅਤੇ ਜਿਸ ਦੇ ਨਮੂਨੇ ਲਾਹੌਰ ਦੇ ਅਜਾਇਬ-ਘਰ ਵਿਚ ਵੀ ਰਖੇ ਗਏ ਹਨ। ਕਿਤੇ ਕਿਤੇ ਅਜਿਹਾ ਦਰਵਾਜ਼ਾ ਹੁਣ ਵੀ ਨਜ਼ਰ ਆ ਜਾਂਦਾ ਅਤੇ ਵੇਖ ਕੇ ਬੜੀ ਖ਼ੁਸ਼ੀ ਹੁੰਦੀ। ਮੇਰਾ ਅਨੁਮਾਨ ਹੈ ਕਿ ਵੰਡ ਤੋਂ ਬਾਅਦ ਜਦੋਂ ਮਕਾਨ ਨਵੇਂ ਸਿਰੋਂ ਅਲਾਟ ਕੀਤੇ ਗਏ ਹੋਣਗੇ ਤਾਂ ਪੈਸੇ ਵਾਲਿਆਂ ਨੇ ਉਹਨਾਂ ਨੂੰ ਢਾਹ ਕੇ ਨਵੇਂ ਮਕਾਨ ਬਣਾਨ ਦਾ ਇਰਾਦਾ ਕੀਤਾ ਹੋਵੇਗਾ, ਜੋ ਸ਼ਾਇਦ ਕਾਰ-ਵਿਹਾਰ ਦੇ ਸਾਧਨ ਉਮੀਦ ਮੁਜਬ ਉਸਰਦੇ ਨਾ ਵੇਖ ਕੇ ਮੁਲਤਵੀ ਕਰ ਦਿਤਾ ; ਅਤੇ ਜਿਨ੍ਹਾਂ ਕੋਲ ਪੈਸਾ ਨਹੀਂ ਸੀ ਉਹਨਾਂ ਨੇ ਮਕਾਨਾਂ ਨੂੰ ਤੇ ਆਪਣੇ ਆਪ ਨੂੰ ਵੀ ਰੱਬ ਆਸਰੇ ਛਡ ਦਿਤਾ ਹੋਵੇਗਾ। ਕਿਤਨਾ ਚੰਗਾ ਹੁੰਦਾ ਜੇ ਭੇਰੇ ਜਹੇ ਧੁਰ ਕਦੀਮ ਇਤਿਹਾਸਕ ਸ਼ਹਿਰ ਦੀ ਹਕੂਮਤ ਨੇ ਆਪ ਬਹੁਤ ਕੁਝ ਸਾਰ ਲਈ ਹੁੰਦੀ। ਇਥੇ ਬਹੁਤ ਕੁਝ ਸੰਭਾਲ ਕੇ ਰਖਣ ਜੋਗਾ ਸੀ। ਯੋਰਪ ਵਿਚ ਪੁਰਾਣੇ ਸ਼ਹਿਰਾਂ ਦੀ ਬੜੀ ਕਦਰ ਕੀਤੀ ਜਾਂਦੀ

ਹੈ, ਪਰ ਇਹ ਗੁਣ ਅਸਾਂ ਲੋਕਾਂ ਹਾਲੀ ਨਹੀਂ ਸਿਖਿਆ।

ਬਾਜ਼ਾਰ ਵਿਚੋਂ ਕੋਹਲੀਆਂ ਦੇ ਮਹੱਲੇ ਦੀ ਗਲੀ ਵਿਚ ਵੜਦਿਆਂ ਮੇਰੀ ਭੂਆ ਦਾ ਸੱਜੇ ਪਾਸੇ ਪਹਿਲਾ ਘਰ ਸੀ। ਇਹ ਗੱਲ ਮੈਨੂੰ ਪੱਕੀ ਯਾਦ ਸੀ। ਮਕਾਨ ਦੀ ਸ਼ਕਲ ਸੂਰਤ ਮੈਂ ਨਾ ਪਛਾਣ ਸਕਿਆ, ਪਰ ਯਕੀਨ ਸੀ ਕਿ ਮਕਾਨ ਇਹੋ ਹੈ। ਜਦੋਂ ਮੇਰੇ ਸਾਥੀਆਂ ਨੇ ਘਰ ਵਾਲਿਆਂ ਤੋਂ ਅੰਦਰ ਪ੍ਰਵੇਸ਼ ਕਰਨ ਦੀ ਇਜਾਜ਼ਤ ਮੰਗੀ ਤਾਂ ਉਹਨਾਂ ਆਖਿਆ, "ਕੋਈ ਨਿਸ਼ਾਨੀ ਦਸੋ। ਜੇ ਠੀਕ ਨਿਕਲੀ ਤਾਂ ਅਸੀਂ ਤੁਹਾਨੂੰ ਇਜਾਜ਼ਤ ਦੇ ਦਿਆਂਗੇ।"

ਅਜੇ ਉਹਨਾਂ ਗੱਲ ਪੂਰੀ ਵੀ ਨਹੀਂ ਸੀ ਕੀਤੀ ਕਿ ਮੈਂ ਧੜੱਲੇ ਨਾਲ ਬੋਲ ਉਠਿਆ, "ਅੰਦਰ ਕਿਤੇ ਲਾਲ ਪੀਲੇ ਨੀਲੇ ਰੰਗ ਦੇ ਸ਼ੀਸ਼ੇ ਲਗੇ ਹੋਏ ਹੋਣਗੇ।" ਭੇਰੇ ਪੁਜ ਕੇ ਮੇਰੇ ਅੰਦਰ ਦਾ ਜਿਹੜਾ ਅੱਠਾਂ ਕੁ ਵਰ੍ਹਿਆਂ ਦਾ ਬਾਲ ਜਾਗ ਪਿਆ ਸੀ, ਉਹੋ ਫੇਰ ਕੂਕਿਆ ਸੀ।

ਘਰ ਵਾਲਿਆਂ ਦਾ ਇਕ ਬੰਦਾ ਝਟ ਦਾ ਝਟ ਅੰਦਰ ਗਿਆ ਤੇ ਫੇਰ ਬਾਹਰ ਆ ਕੇ ਕਹਿਣ ਲਗਾ, "ਆ ਜਾਓ ਬੜੀ ਖ਼ੁਸ਼ੀ ਨਾਲ, ਤੁਸੀਂ ਮਕਾਨ ਵੇਖ ਸਕਦੇ ਹੋ।"

ਉਪਰ ਵਾਲੀ ਮੰਜ਼ਲ ਦੇ ਕਮਰੇ ਵਿਚ ਬਾਰੀਆਂ ਨੂੰ ਸਚ ਮੁਚ ਰੰਗੀਨ ਸੀਸ਼ੇ ਲਗੇ ਹੋਏ ਸਨ। ਇਹਨਾਂ ਨੂੰ ਵੇਖ ਕੇ ਮੇਰੇ ਸਾਥੀਆਂ ਨੇ ਤਾਂ ਹੈਰਾਨ ਹੋਣਾ ਸੀ, ਮੈਂ ਆਪ ਵੀ ਆਪਣੀ ਯਾਦ-ਸ਼ਕਤੀ ਦੀ ਕਰਾਮਾਤ 'ਤੇ ਹੱਕਾ ਬੱਕਾ ਰਹਿ ਗਿਆ।

ਅਚਾਨਕ ਮੈਨੂੰ ਇਹ ਵੀ ਸਮਝ ਆ ਗਈ ਕਿਵੇਂ ਇਹ ਸ਼ੀਸੇ ਮੇਰੀ ਯਾਦ ਵਿਚ ਉੱਕਰੇ ਹੋਣਗੇ। ਇਕ ਵਾਰੀ ਪਿਤਾ ਜੀ ਕਿਸੇ ਵਿਆਹ ਉਤੇ ਮੈਨੂੰ ਆਪਣੇ ਨਾਲ ਪਿੰਡੀਓਂ ਭੇਰੇ ਲੈ ਗਏ ਸਨ। ਉਥੇ ਜਾ ਕੇ ਮੈਂ ਬੀਮਾਰ ਹੋ ਗਿਆ ਸਾਂ ਅਤੇ ਮੈਨੂੰ ਭੂਆ ਦੇ ਘਰ ਰਖਿਆ ਗਿਆ ਸੀ। ਉਸ ਵੇਲੇ ਮੇਰੀ ਉਮਰ ਕੋਈ ਛਿਆਂ ਕੁ ਵਰ੍ਹਿਆਂ ਦੀ ਸੀ। ਮੇਰੀ ਮੰਜੀ ਦੇ ਨਾਲ ਕਰ ਕੇ ਮੇਰੀ ਫੁਫੇਰ ਭੈਣ ਦੀ ਮੰਜੀ ਸੀ, ਜੋ ਮੇਰੇ ਕੋਲੋਂ ਛੇ ਸਤ ਸਾਲ ਵਡੀ ਸੀ। ਉਹ ਵੀ ਬੀਮਾਰ ਸੀ। ਸਵੇਰ ਵੇਲੇ ਨੌਕਰ ਦੋਹਾਂ ਲਈ ਦੁੱਧ ਦੇ ਗਲਾਸ ਲੈ ਆਉਂਦਾ, ਮੈਂ ਗਟਾਗਟ ਪੀ ਜਾਂਦਾ, ਪਰ ਉਹ ਆਪਣਾ ਗਲਾਸ ਹੱਥ ਵਿਚ ਫੜ ਕੇ ਤੇ ਅੱਖਾਂ ਟੱਡ ਕੇ ਬੜਾ ਚਿਰ ਮੇਰੇ ਵਲ ਵੇਖਦੀ ਰਹਿੰਦੀ ਸੀ। ਉਸ ਨੂੰ ਦੁੱਧ ਤੋਂ ਨਫ਼ਰਤ ਸੀ, ਅਤੇ ਉਹ ਹੈਰਾਨ ਹੁੰਦੀ ਕਿ ਮੈਂ ਕਿਵੇਂ ਏਨੇ ਸੌਖ ਨਾਲ ਇਹ ਪੀ ਲੈਂਦਾ ਹਾਂ। ਕਾਫ਼ੀ ਸਾਰਾ ਚਿਰ ਮੇਰੇ ਵਲ ਘੂਰ ਕੇ ਫੇਰ ਉਹ ਬਾਰੀ ਵਿਚੋਂ

ਆਪਣੇ ਗਲਾਸ ਨੂੰ ਬਾਹਰ ਡੋਲ੍ਹ ਛਡਦੀ। ਉਹ ਇਹੋ ਸ਼ੀਸ਼ਿਆਂ ਵਾਲੀ ਬਾਰੀ ਸੀ।

ਹੋਰ ਕਈ ਯਾਦਾਂ ਉਭਰਦੀਆਂ। ਭੂਆ ਮੈਨੂੰ ਕਿਤਨਾ ਪਿਆਰ ਕਰਦੀ ਸੀ। ਸਾਰੇ ਘਰ ਵਿਚ ਇਕ ਉਹੋ ਮੈਨੂੰ "ਬਲੀ" ਬੁਲਾਂਦੀ ਸੀ। ਉਹਦਾ ਆਪਣਾ ਕਮਰਾ ਕਿਸ਼-ਮਿਸ਼, ਬਦਾਮ, ਮਿਸ਼ਰੀ, ਲਾਚੀ ਆਦਿ ਦੀਆਂ "ਚੰਗੇਰਾਂ" ਨਾਲ ਹਮੇਸ਼ਾਂ ਭਰਿਆ ਰਹਿੰਦਾ ਸੀ, ਅਤੇ ਉਸ ਦੇ ਹੱਥੋਂ ਜੋ ਸੁਆਦ ਸੀ ਖਾਣ ਦਾ ਉਹ ਆਪਣੀ ਮਾਂ ਦੇ ਹੱਥੋਂ ਵੀ ਨਹੀਂ ਸੀ। ਉਹਨੂੰ ਕਪੜਿਆਂ ਦਾ ਵੀ ਬੜਾ ਸ਼ੌਕ ਸੀ। ਜਦੋਂ ਸਕੂਲੇ ਮੈਂ ਅਲੀਬਾਬਾ ਦੀ "ਖੁਲ੍ਹ ਸਮ ਸਮ" ਵਾਲੀ ਗ਼ਾਰ ਬਾਰੇ ਪੜ੍ਹਦਾ ਤਾਂ ਫ਼ੌਰਨ ਮੈਨੂੰ ਆਪਣੀ ਭੂਆ ਦਾ ਇਹ ਜਗਮਗ ਕਰਦਾ ਕਮਰਾ ਚੇਤੇ ਆ ਜਾਂਦਾ ਸੀ। ਮੇਰੀ ਭੂਆ ਦੀ ਸਭ ਤੋਂ ਛੋਟੀ ਧੀ ਉਸ ਵੇਲੇ ਡੇਢ ਦੋ ਸਾਲ ਦੀ ਸੀ। ਉਸ ਦਾ ਨਵਾਂ ਨਵਾਂ ਮੁੰਡਨ ਹੋਇਆ ਸੀ, ਏਸ ਲਈ ਹਰ ਵੇਲੇ ਸਿਰ ਉਤੇ ਰੇਸ਼ਮ ਦਾ ਰੰਗੀਨ ਰੁਮਾਲ ਬੰਨ੍ਹੀ ਰੌਲਾ ਪਾਂਦੀ ਫਿਰਦੀ ਸੀ : "ਨਹੀਂ ਦੇਣੀ ਸਰਕਾਰ ਪਰਚੀ ਨਹੀਂ ਦੇਣੀ।"

ਵਡੇਰੇ ਬੰਦ ਘਰ ਵਿਚ ਵੜਦਿਆਂ ਹੀ ਹੋਕਰਾ ਮਾਰ ਕੇ ਪੁੱਛਦੇ "ਤੋਸ਼ੀ! ਪਰਚੀ ਦੇਣੀ ਏ ਕਿ ਨਹੀਂ ?" ਉਹ ਜਿਥੇ ਵੀ ਹੁੰਦੀ ਚੀਕ ਪੈਂਦੀ, "ਨਹੀਂ", ਤੇ ਸਾਰੇ ਘਰ 'ਚ ਹਾਸਾ ਮਚ ਪੈਂਦਾ। ਸ਼ਾਇਦ ਇਹ ਰੌਲਟ ਐਕਟ ਦਾ ਜ਼ਮਾਨਾ ਸੀ।

ਜਦੋਂ ਬਾਹਰ ਆ ਕੇ ਮੈਂ ਮਕਾਨ ਦੀ ਫ਼ੋਟੋ ਲੈਣ ਲਗਾ ਤਾਂ ਇਕ ਬੁੱਢੀ ਜਿਹੀ ਤੀਵੀਂ ਮੇਰੀ ਬਾਂਹ ਫੜ ਕੇ ਆਖਣ ਲਗੀ, "ਵੇ ਚਰੰਜੀਤ ਲਾਲ ਦਾ ਮਕਾਨ ਵੇਖ ਲਿਆ ਈ, ਤਾਂ ਸ਼ਿਵਰਾਮ ਦਾ ਨਹੀਂ ਵੇਖਣਾ ?"

ਝੱਟ ਮੇਰਾ ਫੇਰ ਰੋਣਾ ਨਿਕਲ ਗਿਆ। ਇਹ ਬੁਢੜੀ ਸਾਡੇ ਸ਼ਰੀਕੇ ਵਿਚੋਂ ਈ ਕਿਤੋਂ ਉਠ ਕੇ ਆ ਗਈ ਜਾਪਦੀ ਸੀ। ਕੋਈ ਮੇਰੇ ਪਿੰਡੇ ਵਿਚ ਨਸ਼ਤਰ ਚੋਭ ਦੇਂਦਾ ਤਾਂ ਮੈਨੂੰ ਯਕੀਨ ਨਹੀਂ ਸੀ ਆਉਣਾ ਕਿ ਉਹ ਮੇਰੇ ਲਈ ਗ਼ੈਰ ਹੈ। ਏਥੇ ਵੀ ਹੁਣ ਕਾਫ਼ੀ ਭੀੜ ਜਮ੍ਹਾਂ ਹੋ ਗਈ ਸੀ। ਥੜੇ ਉਪਰ ਮੈਂ ਉਸ ਕੋਲ ਬਹਿ ਗਿਆ। ਮੇਰੀ ਭੂਆ ਨੂੰ ਯਾਦ ਕਰ ਕੇ ਉਹ ਵੀ ਪਈ ਰੋਈ ਜਾਵੇ ਤੇ ਮੈਂ ਵੀ। ਮੇਰੇ ਫੁਫੜ ਦੇ ਛੋਟੇ ਵੀਰ ਸ਼ਿਵਰਾਮ ਹੁਰਾਂ ਦਾ ਮਕਾਨ ਪਿਛੋਂ ਬਣਿਆ ਸੀ, ਏਸੇ ਲਈ ਮੈਨੂੰ ਨਹੀਂ ਸੀ ਯਾਦ। ਉਸ ਵੇਲੇ ਇਸ ਘਰ ਦੇ ਆਸ ਪਾਸ ਕਾਫ਼ੀ ਖੁਲ੍ਹੀ ਜ਼ਮੀਨ ਸੀ, ਜਿਥੇ ਬਲੋਚਾਂ ਦਾ ਡੇਰਾ ਸੀ।

ਸਾਡੇ ਆਪਣੇ ਘਰ ਵਾਂਗ ਮੇਰੀ ਭੂਆ ਦਾ ਮਕਾਨ ਵੀ ਕਿਸੇ ਮੁਹਾਜਰ ਨੇ ਮਲਿਆ ਹੋਇਆ ਸੀ। ਜਦੋਂ ਮੈਂ ਬੁਢੜੀ ਨਾਲ ਬੈਠਾ ਬੀਤੇ ਦੇ ਸੁਖ ਵਿਚ ਗ਼ਲਤਾਨ ਸਾਂ ਉਹਨੇ ਅਗੇ ਵਧ ਕੇ ਹੋਰ ਤਰ੍ਹਾਂ ਦੇ ਕਿੱਸੇ ਛੇੜ ਦਿਤੇ। ਉਹਨੂੰ ਸ਼ੱਕ ਸੀ ਕਿ ਨਾਲ ਲਗਦਾ ਮਕਾਨ ਵੀ, ਜਿਸ ਦਾ ਬਾਹਰਲਾ ਬੂਹਾ ਸੜਕ 'ਤੇ ਖੁਲ੍ਹਦਾ ਸੀ ਇਸੇ ਮਕਾਨ ਦਾ ਭਾਗ ਹੀ ਹੈ। ਉਹ ਸ਼ਾਇਦ ਉਹਨੂੰ ਵੀ ਆਪਣੇ ਕਬਜ਼ੇ ਵਿਚ ਲੈਣਾ ਚਾਹੁੰਦਾ ਸੀ। ਉਹ ਤਰਲੇ ਕਰਨ ਲਗ ਪਿਆ ਮੈਂ ਉਹਨੂੰ ਲਿਖ ਕੇ ਦੇ ਦਿਆਂ ਕਿ ਦੋਵੇਂ ਮਕਾਨ ਮੇਰੇ ਫੁਫੜ ਜੀ ਦੀ ਮਲਕੀਅਤ ਸਨ। ਪਰ ਮੇਰੀ ਯਾਦ ਅਨੁਸਾਰ ਇਹ ਗੱਲ ਗ਼ਲਤ ਸੀ, ਇਸ ਲਈ ਮੈਂ ਲਿਖ ਦੇਣ ਤੋਂ ਇਨਕਾਰ ਕਰ ਦਿਤਾ। ਇਸ ਗੱਲ ਉਤੇ ਉਹ ਬਹੁਤ ਖ਼ਫ਼ਾ ਹੋਇਆ। ਭਾਵੇਂ ਮੈਂ ਉਸ ਉਪਰ ਕਿਤੇ ਜ਼ਿਆਦਾ ਖ਼ਫ਼ਾ ਸਾਂ। ਉਹ ਮੇਰੇ ਸੁਪਨਿਆਂ ਨੂੰ ਨਹੁੰਦਰਾਂ ਮਾਰ ਰਿਹਾ ਸੀ।

ਬਸ ਵਿਚ ਬੈਠ ਕੇ ਅਸੀਂ ਮੁੜ ਸਰਗੋਧੇ ਵਾਲੀ ਸੜਕ 'ਤੇ ਪੈ ਗਏ। ਕੁਲ ਤਿੰਨ ਘੰਟੇ ਭੇਰੇ ਵਿਚ ਗੁਜ਼ਾਰੇ ਸਨ। ਪਰ ਮੈਂ ਆਪਣੇ ਆਪ ਨੂੰ ਇਤਨਾ ਮਾਲਦਾਰ ਮਹਿਸੂਸ ਪਿਆ ਕਰਦੇ ਸਾਂ ਜਿਵੇਂ ਦੁਨੀਆਂ ਦਾ ਸਭ ਤੋਂ ਕੀਮਤੀ ਖ਼ਜ਼ਾਨਾ ਮੈਨੂੰ ਮਿਲ ਗਿਆ ਹੋਵੇ। ਸੜਕ ਦੇ ਕੰਢੇ ਕੋਈ ਬਜ਼ੁਰਗ ਬੈਠਾ ਦਿਸਦਾ ਮੈਨੂੰ ਪਿਤਾ ਸਮਾਨ ਜਾਪਦਾ, ਕਿਸੇ ਘਰ ਦੀ ਤਾਕੀ ਵਿਚੋਂ ਕੋਈ ਤੀਵੀਂ ਝਾਕਦੀ ਮੈਨੂੰ ਆਪਣੀਆਂ ਧੀਆਂ ਭੈਣਾਂ ਵਾਂਗ ਜਾਪਦੀ। ਏਸ ਤੋਂ ਵਡਾ ਸਰਾਪ ਕੀ ਹੋ ਸਕਦਾ ਸੀ ਕਿ ਮੈਂ ਆਪਣੇ ਪੁਰਖਿਆਂ ਦੀ ਧਰਤ ਦੀ ਜਿਸ ਨਾਲ ਮੇਰਾ ਹੱਡ-ਮਾਸ ਬਝਿਆ ਹੋਇਆ ਹੈ, ਕੋਈ ਸੇਵਾ ਨਹੀਂ ਕਰ ਸਕਿਆ। ਉਥੋਂ ਦੇ ਲੋਕਾਂ ਦੇ ਕਿਸੇ ਕੰਮ ਨਹੀਂ ਆ ਸਕਿਆ। ਕਿਸਮਤ ਏਸ ਤੋਂ ਵਡਾ ਸਰਾਪ ਕੀ ਦੇ ਸਕਦੀ ਹੈ ?

ਪਰ ਚਾਲ੍ਹੀਆਂ ਵਰ੍ਹਿਆਂ ਬਾਅਦ ਏਥੇ ਮੈਂ ਮੁੜ ਕੇ ਆਇਆ ਤਾਂ ਸਹੀ, ਆਪਣੀ ਧਰਤ ਅਤੇ ਉਹਦੇ ਜਾਇਆਂ ਨੂੰ ਵੇਖਿਆ ਅਤੇ ਪਛਾਣਿਆਂ ਤਾਂ ਸਹੀ, ਉਹ ਵੀ ਤਾਂ ਹਨ ਜਿਨ੍ਹਾਂ ਨੂੰ ਹਾਲੇ ਵੀ ਆਪਣੇ ਪਿੰਡ ਤੋਂ, ਆਪਣੇ ਹਮਸਾਇਆਂ ਤੋਂ, ਆਪਣੀ ਬੋਲੀ ਅਤੇ ਸਭਿਆਚਾਰ ਤੋਂ ਨਫ਼ਰਤ ਹੈ। ਜੋ ਆਪਣੇ ਆਪ ਨੂੰ ਪੰਜਾਬੀ ਮੰਨਣੋਂ ਵੀ ਸੰਗਦੇ ਹਨ। ਘਟੋ ਘਟ ਉਹਨਾਂ ਜਿਹਾ ਮੂਰਖ ਤਾਂ ਮੈਂ ਨਹੀਂ ਹਾਂ ਨਾ। ਚਲੋ ਇਹ ਵੀ ਗ਼ਨੀਮਤ ਹੈ।

ਸਰਗੋਧੇ ਵਾਪਸ ਪੁਜ ਕੇ ਵੀ ਇੰਜ ਭਾਸਦਾ ਰਿਹਾ ਜਿਵੇਂ ਇਤਨਾ

ਅਨੰਦਮਈ ਦਿਨ ਸੰਸਾਰ ਉਪਰ ਕਦੇ ਨਹੀਂ ਚੜ੍ਹਿਆ। ਤਾਰ ਘਰ ਵਿਚ ਜਾ ਕੇ ਆਪਣੀ ਮਾਂ ਨੂੰ ਇਕ ਲੰਮੀ ਸਾਰੀ ਤਾਰ ਭੇਜੀ। ਰਾਤੀਂ ਜਦੋਂ ਮੋਹਨ ਲਾਲ ਸਾਹਨੀ ਜੀ ਦੇ ਪਰਵਾਰ ਨਾਲ ਬੈਠ ਕੇ ਰੋਟੀ ਖਾ ਰਿਹਾ ਸਾਂ ਤਾਂ ਉਹ ਕਹਿਣ ਲੱਗੇ, "ਬਲਰਾਜ, ਅਜ ਤਾਂ ਬੜੀ ਪੱਕੀ ਭਿਰੋਚੀ ਬੋਲੀ ਪਿਆ ਬੋਲਨੈਂ। ਏਡੀ ਜਲਦੀ ਕੀਕਣ ਸਿਖ ਆਇਐਂ ?"........

੧੭ ਅਕਤੂਬਰ, ੧੯੬੨

ਸਵੇਰੇ ਸਤ ਵਜੇ ਸਰਗੋਧਿਓਂ ਲਾਲੇਮੂਸੇ ਜਾਣ ਵਾਲੀ ਗੱਡੀ ਵਿਚ ਸਵਾਰ ਹੋ ਗਿਆ। ਕਲ੍ਹ ਵਾਲੀ ਪ੍ਰਫੁਲਤਾ ਮਨ ਵਿਚੋਂ ਉਸੇ ਤੇਜ਼ੀ ਨਾਲ ਅਲੋਪ ਹੋ ਚੁੱਕੀ ਸੀ, ਜਿਸ ਤੇਜ਼ੀ ਨਾਲ ਆਈ ਸੀ। ਜਿਉਂ ਜਿਉਂ ਗੱਡੀ ਫੱਪ ਫੱਪ ਕਰਦੀ ਅੱਗੇ ਵਲ ਟੁਰੀ ਜਾਂਦੀ, ਭੇਰਾ ਗੁਆਚਣ ਦਾ ਦੁਖ ਤਪੀ ਹੋਈ ਸਲਾਖ ਵਾਂਗ ਮੇਰੇ ਕਲੇਜੇ ਅੰਦਰ ਧਸੀ ਜਾਂਦਾ। ਚਾਲ੍ਹੀ ਸਾਲਾਂ ਬਾਅਦ ਜਿਸ ਧਰਤ ਨੂੰ ਕੇਵਲ ਤਿੰਨ ਘੰਟਿਆਂ ਲਈ ਵੇਖ ਕੇ ਇਤਨਾ ਰੀਝਿਆ ਸਾਂ, ਹੁਣ ਫੇਰ, ਤੇ ਸ਼ਾਇਦ ਹਮੇਸ਼ ਲਈ ਮੈਥੋਂ ਦੂਰ ਹੁੰਦੀ ਜਾ ਰਹੀ ਸੀ।

੧੧

੦੦੦

ਸਰਗੋਧਿਓਂ ਸਵੇਰੇ ਸਤ ਵਜੇ ਦੀ ਤੁਰੀ ਗੱਡੀ ਯਾਰ੍ਹਾਂ ਵਜੇ ਲਾਲਾਮੂਸੇ ਪੁੱਜੀ। ਪਾਕਿਸਤਾਨ ਵਿਚ ਗੱਡੀਆਂ ਦੇ ਬੜੇ ਸੁਹਣੇ ਸੁਹਣੇ ਨਾਂ ਰਖੇ ਹੋਏ ਹਨ ... ... ਤੇਜ਼ ਗਾਮ, ਤੇਜ਼ ਰੌਅ, ਸੁਬਕ ਗਾਮ, ਸੁਬਕ ਰੌਅ। ਇਕ ਤੇਜ਼ ਗੱਡੀ ਜਿਹੜੀ ਕਰਾਚੀਓਂ ਪਿਸ਼ਾਵਰ ਤਕ ਜਾਂਦੀ ਹੈ ਅਤੇ ਜਿਸ ਵਿਚ ਬਹਿ ਕੇ ਮੈਂ ਪਿੰਡੀ ਅਪੜਨਾ ਸੀ, ਦਾ ਨਾਂ ਹੈ "ਡਾਚੀ"। ਪਤਾ ਨਹੀਂ ਜਿਸ ਵਿਚ ਸਫ਼ਰ ਕਰ ਕੇ ਲਾਲੇਮੂਸੇ ਪੁੱਜਿਆ ਉਸ ਦਾ ਕੀ ਨਾਂ ਹੈ। ਬ੍ਰਾਂਚ ਲਾਈਨ ਗੱਡੀਆਂ ਦੇ ਸ਼ਾਇਦ ਨਾਂ ਨਹੀਂ ਰਖੇ ਜਾਂਦੇ, ਵਰਨਾ ਇਹਦਾ ਨਾਂ ਜ਼ਰੂਰ "ਸੁਸਤ ਰੌਅ" ਹੋਣਾ ਸੀ।

ਇਕ ਜ਼ਮਾਨਾ ਸੀ ਜਦੋਂ ਪਿੰਡੀਓਂ ਲਾਹੌਰ ਤਕ ਦੀ ਦੌੜ ਕਾਰੇਨੁਮਾਯਾਂ ਮੰਨੀ ਜਾਂਦੀ ਸੀ। ਓਦੋਂ ਮੇਰੇ ਮਨ ਵਿਚ ਲਾਲੇਮੂਸੇ ਦੀ ਦੋ ਤਰ੍ਹਾਂ ਦੀ ਕਲਪਨਾ ਸੀ। ਇਕ ਇਹ ਕਿ ਪਿੰਡੀ ਤੇ ਲਾਹੌਰ ਦਰਮਿਆਨ ਉਹ ਨਖੇੜਵੀਂ ਲੀਕ ਵਾਂਗ ਹੈ। ਦੂਜੇ; ਭੇਰੇ ਜਾਣ ਆਉਣ ਵਾਲੇ "ਲਾਲਿਆਂ" ਨੂੰ ਇਥੇ ਕਈ ਘੰਟੇ "ਮੁਸਣਾ" ਪੈਂਦਾ ਹੈ। ਇਹ ਦੂਜੀ ਵਿਸ਼ੇਸ਼ਤਾ ਤਾਂ ਹਾਲੀਂ ਵੀ ਕ਼ਾਇਮ ਸੀ। ਤਿੰਨ ਘੰਟੇ ਸਟੇਸ਼ਨ 'ਤੇ ਵਿਹਲਿਆਂ ਬਹਿ ਕੇ ਕੱਟਣੇ ਸਨ।

ਪਰ ਮੈਨੂੰ ਕੋਫ਼ਤ ਮਹਿਸੂਸ ਨਹੀਂ ਹੋਈ। ਅਕਤੂਬਰ ਦਾ ਪਿਛਲਾ ਪੰਦਰਵਾੜਾ ਸ਼ੁਰੂ ਹੋ ਚੁੱਕਿਆ ਸੀ। ਏਸ ਮੌਸਮ ਲਾਹੌਰ ਵਿਚ ਹਾਲੇ ਵੀ

ਦਿਹਾੜ ਗਰਮ ਹੁੰਦੀ ਹੈ, ਪਰ ਪੋਠੋਹਾਰ ਦੀ ਧਰਤ ਉਪਰ ਪਹਾੜਾਂ ਤੋਂ ਠੰਢੀਆਂ ਹਵਾਵਾਂ ਲਹਿ ਕੇ ਧੁੱਪ ਵਿਚ ਨਿੱਘ ਅਤੇ ਕਿਤਨੇ ਕੁ ਕੈਰਟ ਸੋਨਾ ਹੋਰ ਭਰ ਦੇਂਦੀਆਂ ਹਨ । ਇਹ ਬੜਾ ਸੁਹਾਵਣਾ ਸਮਾਂ ਹੁੰਦਾ ਹੈ ਅਤੇ ਪ੍ਰਦੇਸ ਵਿਚ ਬੈਠੇ ਪੋਠੋਹਾਰੀ ਨੂੰ ਕਦੇ ਵੀ ਨਹੀਂ ਭੁੱਲਦਾ। ਸਮ੍ਰਿਤੀ ਦੁਪਹਿਰੀਂ ਸੜਕਾਂ ਅਤੇ ਕੰਧਾਂ ਉਪਰ ਵਕਤੋਂ ਪਹਿਲਾਂ ਲਮੇਰੀਆਂ ਹੁੰਦੀਆਂ ਛਾਵਾਂ ਨੂੰ ਸਦਾ ਸਾਂਭ ਕੇ ਰਖਦੀ ਹੈ। ਇਸ ਮੌਸਮ ਵਿਚ ਮੈਨੂੰ ਆਪਣਾ ਸਕੂਲ ਵੀ ਚੰਗਾ ਚੰਗਾ ਲਗਣ ਲੱਗ ਪੈਂਦਾ ਸੀ, ਕਿਉਂਕਿ ਮਾਸਟਰ ਕੁਝ ਸੁਸਤ ਹੋ ਜਾਂਦੇ ਤੇ ਘੱਟ ਮਾਰਦੇ। ਸਕੂਲ ਦਾ ਵਕਤ ਬਦਲ ਜਾਂਦਾ। ਸਵੇਰੇ ਨੌਂ ਕੁ ਵਜੇ ਮਾਂ ਸਾਨੂੰ ਚੰਗੀ ਤਰ੍ਹਾਂ ਖੁਆ ਪਿਆ ਕੇ ਟੋਰਦੀ ਅਤੇ ਮੁੜਨ ਵੇਲੇ ਲਈ ਮੱਠੀ ਅੱਗੀਂ ਦੁੱਧ ਕੜ੍ਹਨਾ ਧਰ ਦੇਂਦੀ, ਜਿਸ ਵਿਚ ਬਦਾਮ ਹੁੰਦੇ, ਛੁਹਾਰੇ, ਲਾਚੀਆਂ, ਖ਼ਸਖ਼ਾਸ ਤੇ ਖ਼ਬਰੇ ਹੋਰ ਕੀ ਕੀ। ਤ੍ਰਿਕਾਲਾਂ ਤਕ ਇਹ ਦੁੱਧ ਉੱਬਲ ਉੱਬਲ ਕੇ ਲਾਲ ਤੇ ਧੁੱਪ ਵਾਂਗ ਹੀ ਸੰਘਣਾ ਹੋ ਜਾਂਦਾ।

ਇਸ ਵਿਸ਼ੇਸ਼ ਧੁੱਪ ਦਾ ਸੁਆਦ ਮਾਣਦਾ ਮੈਂ ਪਲੈਟ ਫ਼ਾਰਮ 'ਤੇ ਕਿਤਨਾ ਚਿਰ ਟਹਿਲਦਾ ਰਿਹਾ । ਸਟੇਸ਼ਨ ਜ਼ਰਾ ਵੀ ਨਹੀਂ ਸੀ ਬਦਲਿਆ, ਸਿਵਾ ਇਸ ਦੇ ਕਿ ਗਾਹੇ ਗਾਹੇ ਬੁਲਾਰਾ ਨਿਹਾਇਤ ਸੁਸਤਾ ਉਰਦੂ ਵਿਚ ਲਾਊਡ-ਸਪੀਕਰ 'ਤੇ ਗੱਡੀਆਂ ਦੇ ਆਉਣ ਜਾਣ ਬਾਰੇ ਵੇਰਵਾ ਦੇਂਦਾ ਸੀ । ਇਹ ਲਾਊਡ-ਸਪੀਕਰ ਹਿੰਦੁਸਤਾਨ ਦੇ ਸਟੇਸ਼ਨਾਂ 'ਤੇ ਵੀ ਲਗ ਗਏ ਹਨ, ਪਰ ਉਹਨਾਂ ਉਪਰ ਜ਼ਬਾਨ ਦੀ ਜੋ ਦੁਰਦਸ਼ਾ ਕੀਤੀ ਜਾਂਦੀ ਹੈ, ਉਹ ਵਰਣਨ ਤੋਂ ਬਾਹਰ ਹੈ। ਹਿੰਦੁਸਤਾਨ ਦੇ ਸਰਕਾਰੀ ਮਹਿਕਮਿਆਂ ਵਿਚ ਹਿੰਦੀ ਵਿਗਾੜ ਕੇ ਤੇ ਅੰਗਰੇਜ਼ੀ ਸੰਵਾਰ ਕੇ ਬੋਲਣਾ ਉਚੇਰੀ ਤਹਿਜ਼ੀਬ ਅਤੇ ਪੁਜ਼ੀਸ਼ਨ ਦਾ ਇਸ਼ਤਿਹਾਰ ਹੈ । ਹਵਾਈ ਜਹਾਜ਼ਾਂ ਵਿਚ ਹੋਸਟੈਸਾਂ ਵੀ ਬੋਲਣ ਵੇਲੇ ਕੌਮੀ ਅਣਖ ਨੂੰ ਬਾਲਾਏ-ਤਾਕ ਰਖ ਦੇਂਦੀਆਂ ਹਨ। ਇਸ ਦੇ ਵਿਪ੍ਰੀਤ ਪਾਕਿਸਤਾਨੀ ਅਫ਼ਸਰਾਂ ਅਤੇ ਉੱਚੀ ਸ਼ਰੇਣੀ ਦੇ ਲੋਕਾਂ ਨੂੰ ਮੈਂ ਅੰਗਰੇਜ਼ੀਅਤ ਦੇ ਖ਼ਬਤ ਤੋਂ ਆਜ਼ਾਦ ਵੇਖਿਆ।

ਖ਼ਾਨਸਾਮਾ ਮੇਰੇ ਲਈ ਰੋਟੀ ਵੇਟਿੰਗ ਰੂਮ ਵਿਚ ਹੀ ਲੈ ਆਇਆ। ਇਹਦੇ ਨਾਲ ਲਗਦੇ ਡ੍ਰੈਸਿੰਗ ਰੂਮ ਵਿਚ ਇਕ ਲੱਕੜੀ ਦੀ ਬਣੀ ਹੋਈ ਜਾਇ-ਨਿਮਾਜ਼ ਪਈ ਸੀ। ਦੁਪਹਿਰ ਦੀ ਨਿਮਾਜ਼ ਵੇਲੇ ਜੇਲਵੇ ਦੇ ਛੋਟੇ ਤੇ ਵਡੇ ਕਰਮਚਾਰੀ ਵਾਰੋਵਾਰੀ ਅੰਦਰ ਆਉਂਦੇ, ਜਾਇ-ਨਿਮਾਜ਼ ਵਿਛਾਂਦੇ ਤੇ ਨਿਮਾਜ਼

ਪੜ੍ਹਦੇ । ਕਾਫ਼ੀ ਚਿਰ ਤਕ ਇਹ ਆਵਾਜਾਈ ਲੱਗੀ ਰਹੀ ਅਤੇ ਇਹਨੂੰ ਵੇਖ ਕੇ ਮੇਰਾ ਮਨ ਚੁਟਕੀਆਂ ਲੈਣ ਲਗ ਪਿਆ ।

ਏਸ ਇਬਾਦਤ ਦਾ ਕੁਝ ਨਾ ਕੁਝ ਫ਼ਾਇਦਾ ਤਾਂ ਜ਼ਰੂਰ ਹੁੰਦਾ ਹੋਵੇਗਾ, ਮੈਂ ਸੋਚਿਆ ? ਭਾਵੇਂ ਥੋੜੇ ਚਿਰ ਲਈ ਹੀ ਸਹੀ, ਛੋਟੇ ਤੇ ਵਡੇ ਕਰਮਚਾਰੀ ਆਪਣੇ ਆਪ ਨੂੰ ਇਕ ਦੂਜੇ ਦੇ ਨੇੜੇ ਨੇੜੇ ਤੇ ਬਰਾਬਰ ਮਹਿਸੂਸ ਕਰਨ ਲਗ ਪੈਂਦੇ ਹੋਣਗੇ ? ਉਹਨਾਂ ਦੇ ਆਚਰਣ ਵਿਚ ਸਵੱਛਤਾ ਆ ਜਾਂਦੀ ਹੋਵੇਗੀ ? ਮੁਸਾਫ਼ਰਾਂ ਨਾਲ ਸਲੂਕ ਸੁਧਰ ਜਾਂਦਾ ਹੋਵੇਗਾ ?

ਇਸਲਾਮ ਦੀਆਂ ਬੇਸ਼-ਕੀਮਤ ਸਮਾਜੀ ਤੇ ਜਮਹੂਰੀ ਰਵਾਇਤਾਂ ਹਨ । ਜਦੋਂ ਮੈਂ ਕਾਲਜ ਵਿਚ ਪੜ੍ਹਦਾ ਹੁੰਦਾ ਸਾਂ, ਸਰ ਸਿਕੰਦਰ ਹਯਾਤ ਖ਼ਾਨ ਕੁਝ ਮਹੀਨਿਆਂ ਲਈ ਪੰਜਾਬ ਦੇ ਗਵਰਨਰ ਨੀਯਤ ਹੋਏ ਸਨ । ਪਰ ਉਹਨਾਂ ਆਪਣੀ ਰਿਹਾਇਸ਼ ਗੌਰਮਿੰਟ ਹਾਊਸ ਤਬਦੀਲ ਨਹੀਂ ਸੀ ਕੀਤੀ । ਆਪਣੀ ਕੋਠੀ ਦੇ ਹਾਤੇ ਵਿਚ ਹੀ ਇਕ ਉੱਚੇ ਮਸਤੂਲ ਉਪਰ ਯੂਨੀਅਨ ਜੈਕ ਲਗਵਾ ਛਡਿਆ ਸੀ । ਉਹਨਾਂ ਦੇ ਪਹਿਲੇ ਹਿੰਦੁਸਤਾਨੀ ਗਵਰਨਰ ਬਣਨ 'ਤੇ ਲੋਕਾਂ ਨੂੰ ਬੜਾ ਮਾਣ ਸੀ । ਇਕ ਸ਼ਾਮ ਜਦੋਂ ਉਹਨਾਂ ਦਾ ਲੜਕਾ ਸ਼ੌਕਤ, ਜੋ ਮੇਰਾ ਜਮਾਤੀ ਸੀ, ਤੇ ਮੈਂ ਉਹਨਾਂ ਦੀ ਕੋਠੀ ਦਾਖ਼ਲ ਹੋਏ ਤਾਂ ਅਜੀਬ ਨਜ਼ਾਰਾ ਵੇਖਿਆ । ਲਾਅਨ ਵਿਚ ਵਿਛੀਆਂ ਦਰੀਆਂ ਉਪਰ ਅਮੀਰ ਤੇ ਗ਼ਰੀਬ, ਦੋਹਾਂ ਤਰ੍ਹਾਂ ਦੇ ਮੁਲਾਕਾਤੀਆਂ ਦੀ ਭੀੜ ਲਗੀ ਹੋਈ ਸੀ । ਇਸ ਦੇ ਐਨ ਵਿਚਕਾਰ ਸਰ ਸਿਕੰਦਰ ਆਪ ਬੜੀ ਬੇਤਕੱਲਫ਼ੀ ਨਾਲ ਸਜੇ ਹੋਏ ਸਨ, ਅਤੇ ਹੁਕਾ ਵੀ ਸਾਂਝਾ ਕਰ ਰਹੇ ਸਨ । ਜਿਸ ਟਾਂਗੇ ਵਿਚ ਅਸੀਂ ਆਏ ਉਸ ਦਾ ਕੋਚਵਾਨ ਵੀ ਝਟ ਦਰੀ 'ਤੇ ਆ ਬੈਠਾ ਸੀ ਤੇ ਹੁੱਕੇ ਦਾ ਦਮ ਲਾ ਕੇ ਚਲਦਾ ਬਣਿਆ ਸੀ । ਮੈਂ ਬੜਾ ਹੀ ਪ੍ਰਭਾਵਤ ਹੋਇਆ ਸਾਂ ; ਅਤੇ ਸ਼ੌਕਤ ਨੇ ਉਸ ਸ਼ਾਮ ਇਸਲਾਮੀ ਇਸ਼ਤਰਾਕੀਅਤ ਉਪਰ ਮੈਨੂੰ ਇਕ ਚੰਗਾ ਖ਼ਾਸਾ ਲੈਕਚਰ ਦਿਤਾ ਸੀ ।

ਪਾਕਿਸਤਾਨ ਦੇ ਵਜੂਦ ਵਿਚ ਆਉਣ ਤੋਂ ਬਾਅਦ ਉਥੋਂ ਦੀ ਜਨਤਾ ਨੇ ਜ਼ਰੂਰ ਆਸ ਕੀਤੀ ਹੋਵੇਗੀ ਕਿ ਹੁਣ ਨਿਜ਼ਾਮ ਇਹਨਾਂ ਹੀ ਜਮਹੂਰੀ ਅਤੇ ਇਸ਼ਤਰਾਕੀ ਲੀਹਾਂ 'ਤੇ ਚਲੇਗਾ । ਲੋਟੂ ਅੰਗਰੇਜ਼ ਚਲੇ ਗਏ, ਸੂਦ ਖ਼ੋਰੇ ਖੱਤਰੀ ਦਫ਼ਾ ਹੋ ਗਏ, ਹੁਣ ਭਲਾ ਕਿਹੜੀ ਰੁਕਾਵਟ ਰਹਿ ਗਈ ।

ਇਹ ਆਸ ਉਹਨਾਂ ਦੀ ਕਿਥੋਂ ਤਕ ਪੂਰੀ ਹੋਈ, ਉਹ ਆਪ ਹੀ ਦਸ ਸਕਦੇ ਹਨ। ਪਰ ਇਕ ਬਾਹਰੋਂ ਆਇਆ ਹੋਇਆ, ਸਰਸਰੀ ਨਜ਼ਰ ਨਾਲ ਵੇਖਣ ਵਾਲਾ, ਮਹਿਮਾਨ ਇਤਨਾ ਜ਼ਰੂਰ ਕਹਿ ਸਕਦਾ ਹੈ ਕਿ ਉਹ ਆਪਣੀ ਮੰਜ਼ਿਲੇ ਮਕਸੂਦ ਤੋਂ ਸ਼ਾਇਦ ਉਤਨੇ ਹੀ ਦੂਰ ਹਨ ਜਿਤਨੇ ਅਸੀਂ ਆਪ ਹਾਂ। ਗ਼ਰੀਬ ਅਮੀਰ ਦੇ ਭੇਦ ਓਵੇਂ ਹੀ ਮੌਜੂਦ ਹਨ, ਹੋ ਸਕਦੈ ਹੋਰ ਵੀ ਤਿੱਖੇ ਹੋ ਗਏ ਹੋਣ।

ਸਾਡੇ ਹਿੰਦੁਸਤਾਨ ਵਿਚ ਤਾਂ ਮਜ਼ਹਬਾਂ ਦਾ ਕੋਈ ਹਿਸਾਬ ਨਹੀਂ। ...... ਹਿੰਦੂ, ਮੁਸਲਮਾਨ, ਸਿੱਖ, ਈਸਾਈ, ਪਾਰਸੀ, ਬੋਧ, ਜੈਨ, ਅਤੇ ਅਨੇਕਾਂ ਹੋਰ ਮਤ-ਮਤਾਂਤਰ। ਜੇ ਸਾਡੇ ਸਟੇਸ਼ਨਾਂ ਉਤੇ ਵੀ ਇਸੇ ਤਰ੍ਹਾਂ ਕਰਮਚਾਰੀਆਂ ਨੂੰ ਆਪਣੇ ਢੰਗ ਨਾਲ ਇਬਾਦਤ ਕਰਨ ਦੀ ਸਹੂਲਤ ਦਿਤੀ ਜਾਵੇ ਤਾਂ ਮੁਮਕਿਨ ਹੈ, ਜਿਸ ਰਫ਼ਤਾਰ ਨਾਲ ਉਹਨਾਂ ਦਾ ਕਿਰਦਾਰ ਸੁਧਰੇ ਉਸ ਤੋਂ ਕਿਤੇ ਜਲਦੀ ਰੇਲ ਮਹਿਕਮੇ ਦਾ ਕਾਰੋਬਾਰ ਖ਼ਤਮ ਹੋ ਜਾਏ।

ਸਮਾਨਤਾ, ਨਿਆਂ, ਮਨੁੱਖ-ਮਾਤਰ ਦੇ ਕਲਿਆਨ ਦਾ ਉਪਦੇਸ਼ ਸੰਸਾਰ ਦੇ ਹਰ ਮਹਾਂਪੁਰਸ਼ ਨੇ ਦਿਤਾ ਹੈ। ਕਮਿਊਨਿਜ਼ਮ ਨੂੰ ਭੰਡਣ ਵੇਲੇ ਹਿੰਦੂ ਵੀਰ ਝਟ —

"ਸਰਵੇ ਭਵੰਭੂਤ ਸੁਖਿਨ: ਸਰਵੇ ਸੰਤੂ ਨਿਰਾਮਯ"

ਦੇ ਹਵਾਲੇ ਦੇਣ ਲੱਗ ਪੈਂਦੇ ਹਨ, ਅਤੇ ਸਿੱਖ ਵੀਰ ਦਸਮ ਪਿਤਾ ਦੇ ਇਸ ਵਾਕ ਦੇ —

"ਸਭੇ ਸਾਂਝੀਵਾਲ ਸਦਾਇਨ ਕੋਈ ਨ ਦਿਸੈ ਬਾਹਰਾ ਜੀਓ।"

ਪਰ ਵਡਿਆਈ ਦੀ ਕਸੌਟੀ ਤੁਕਾਂ ਦੁਹਰਾਣਾ ਜਾਂ ਧਾਰਮਕ ਰਹੁ-ਰੀਤ ਦਾ ਪਾਬੰਦ ਹੋਣਾ ਨਹੀਂ, ਉਹ ਸਾਡਾ ਅਮਲ ਹੈ। ਸੱਚਾ ਉਹ ਜਿਦ੍ਹਾ ਅਮਲ ਸੱਚਾ।

ਕਲ੍ਹ ਰਾਤ ਦੀ ਇਕ ਘਟਨਾ ਯਾਦ ਆਈ। ਮੁੰਡੇ ਖੁੰਡੇ ਖਿੱਚ ਕੇ ਮੈਨੂੰ ਸਿਨਮੇ ਲੈ ਗਏ ਸਨ। ਇਹ ਸਿਨਮਾ ਵੀ, ਜੇ ਮੈਂ ਭੁੱਲਦਾ ਨਹੀਂ, ਉਸ ਸਾਹਣੀ ਮੁਸਲਮਾਨ ਵੀਰ ਦਾ ਸੀ, ਜਿਨ੍ਹਾਂ ਦੀ ਹੱਟੀ ਉਤੇ ਮੈਂ ਸਰਗੋਧੇ ਪਹਿਲੀ ਸ਼ਾਮ ਜਾ ਚੜ੍ਹਿਆ ਸਾਂ। ਪਿਕਚਰ ਦਾ ਨਾਂ ਸੀ, "ਔਰ ਚਰਾਗ਼ ਜਲਤਾ

ਰਹਾ।" ਇਸ ਦੇ ਪ੍ਰੋਡਯੂਸਰ-ਡਾਇਰੈਕਟਰ ਪਹਿਲਾਂ ਹਿੰਦਸਤਾਨੀ ਤੇ ਫੇਰ ਪਾਕਿਸਤਾਨੀ ਸਿਵਲ-ਸਰਵਿਸ ਦੇ ਇਕ ਉੱਚੇ ਅਫ਼ਸਰ ਰਹਿ ਚੁਕੇ ਹਨ। ਰੀਟਾਇਰ ਹੋ ਕੇ ਫ਼ਿਲਮਾਂ ਦੀ ਪੱਧਰ ਨੂੰ ਉਚੇਰਾ ਕਰਨ ਦੇ ਮੁਬਾਰਕ ਇਰਾਦੇ ਨਾਲ ਇਹ ਪਹਿਲੀ ਫ਼ਿਲਮ ਬਣਾਈ ਹੈ। ਕਲਾ-ਪੱਖ ਕਾਫ਼ੀ ਕੱਚਾ ਹੈ। (ਫ਼ਿਲਮ ਬਣਾਨ ਦਾ ਕੰਮ ਅੰਦਰੋਂ ਇਤਨਾ ਆਸਾਨ ਨਹੀਂ ਜਿਤਨਾ ਬਾਹਰੋਂ ਦਿਸਦਾ ਹੈ)। ਪਰ ਵਿਚਾਰ ਤੇ ਆਦਰਸ਼ ਦੀ ਦ੍ਰਿਸ਼ਟੀ ਤੋਂ ਸਾਫ਼ ਸੁਥਰੀ ਅਤੇ ਸਿਖਿਆ-ਦਾਇਕ ਫ਼ਿਲਮ ਹੈ। ਇਸ ਵਿਚ ਇਕ ਆਦਰਸ਼ ਮੁਸਲਮਾਨ ਪਰਵਾਰ ਦੀ ਵਿਆਖਿਆ ਕੀਤੀ ਗਈ ਹੈ, ਜੋ ਵੱਡੀ ਤੋਂ ਵੱਡੀ ਅਜ਼ਮਾਇਸ਼ ਵੇਲੇ ਵੀ ਸਬਰ ਸਿਦਕ ਦਾ ਦਾਮਨ ਨਹੀਂ ਛੱਡਦਾ। ਰੱਬੀ ਮਾਰਗ ਉਤੇ ਤੁਰਦਾ ਹੈ।

ਉਹ ਮਾਰਗ ਕੀ ਹੈ? ਹਮੇਸ਼ ਸੱਚ ਬੋਲੋ, ਬਦ ਤੋਂ ਬਦ ਦੁਸ਼ਮਨ ਨਾਲ ਵੀ ਸੱਜਣਤਾਈ ਨਾਲ ਪੇਸ਼ ਆਓ। ਪ੍ਰੇਮ ਤੇ ਅਹਿੰਸਾ ਰਾਹੀਂ ਇਕ ਨਾ ਇਕ ਦਿਨ ਜ਼ਰੂਰ ਤੁਸੀਂ ਉਸ ਦਾ ਮਨ-ਪ੍ਰੀਵਰਤਨ ਕਰ ਲਓਗੇ। ਰੱਬ ਦੇ ਘਰ ਦੇਰ ਹੈ, ਅੰਧੇਰ ਨਹੀਂ। ਕਦੇ ਆਪਣੇ ਦਿਲ ਵਿਚ ਮਲੀਨ ਵਿਚਾਰ ਨਾ ਲਿਆਓ। ਸੰਸਾਰਕ ਲੋਭ ਤੇ ਲਾਲਸਾ ਤੋਂ ਮੁਕਤ ਹੋਣ ਦੀ ਕੋਸ਼ਸ਼ ਕਰੋ। ਸਾਦਾ ਖਾਣਾ, ਸਾਦਾ ਪਹਿਨਣਾ, ਸੱਚੀ ਨਿਰਮਾਣਤਾ, ਮਨੁੱਖਤਾ ਦੀ ਸੇਵਾ ਕਰਨੀ, ਇਹੋ ਉੱਤਮ ਜੀਵਨ ਦੇ ਲੱਛਣ ਹਨ।

ਪਰ, ਇਹੋ ਤਾਲੀਮ ਤਾਂ ਆਰੀਆ ਸਮਾਜ ਦੇ ਉਪਦੇਸ਼ਕ ਵੀ ਦਿਆ ਕਰਦੇ ਹਨ? ਬਾਬਾ ਨੌਧ ਸਿੰਘ ਦਾ ਕਿਰਦਾਰ ਵੀ ਤਾਂ ਭਾਈ ਵੀਰ ਸਿੰਘ ਨੇ ਇਸੇ ਫ਼ਾਰਮੂਲੇ ਅਨੁਸਾਰ ਘੜਿਆ ਸੀ। ਸੱਚੇ ਹਿੰਦੂ ਜਾਂ ਸੱਚੇ ਸਿੱਖ ਦੀ ਜੋ ਪਰਿਭਾਸ਼ਾ ਕੀਤੀ ਜਾਂਦੀ ਹੈ, ਉਹੋ ਇਸ ਫ਼ਿਲਮ ਅਨੁਸਾਰ ਇਕ ਸੱਚੇ ਮੁਸਲਮਾਨ ਦੀ ਸੀ। ਮੈਨੂੰ ਇੰਜ ਜਾਪਿਆ, ਜਿਵੇਂ ਪ੍ਰੇਮ ਚੰਦ ਦਾ ਕੋਈ ਨਾਵਲ ਪੜ੍ਹ ਰਿਹਾ ਹਾਂ। ਮਹਾਤਮਾ ਗਾਂਧੀ ਅਤੇ ਟਾਲਸਟਾਏ ਦੇ ਵੀ ਤਾਂ ਇਹੋ ਵਿਚਾਰ ਹਨ?

ਹਾਲ ਖ਼ਾਲੀ ਪਿਆ ਸੀ। ਮਸਾਂ ਦੋ ਕੁ ਸੌ ਬੰਦੇ ਹੋਣਗੇ ਅਤੇ ਉਹ ਵੀ ਬੜੀ ਅਰੁਚੀ ਨਾਲ ਫ਼ਿਲਮ ਵੇਖ ਰਹੇ ਸਨ। ਮੇਰੇ ਸਾਥੀਆਂ ਵਿਚੋਂ ਵੀ ਕਿਸੇ ਨੂੰ ਫ਼ਿਲਮ ਪਸੰਦ ਨਾ ਆਈ। ਸ਼ੋ ਦੇ ਖ਼ਾਤਮੇ ਉਤੇ ਉਹ ਮੇਰੀ ਰਾਏ ਤਲਬ ਕਰਨ

ਲੱਗ ਪਏ। ਜਦੋਂ ਮੈਂ ਕਿਹਾ ਕਿ ਪਿਕਚਰ ਮੈਨੂੰ ਪਸੰਦ ਆਈ ਹੈ ਤਾਂ ਉਹਨਾਂ ਟਿਚਕਰਾਂ ਕਰਨੀਆਂ ਸ਼ੁਰੂ ਕਰ ਦਿਤੀਆਂ, ਅਖੇ ਮੈਂ ਡਿਪਲੋਮੇਸੀ ਵਰਤ ਰਿਹਾਂ, ਦਿਲ ਦੀ ਗੱਲ ਨਹੀਂ ਕਰ ਰਿਹਾ। ਇਸ ਇਲਜ਼ਾਮ ਵਿਚ ਥੋੜੀ ਬਹੁਤ ਸਚਿਆਈ ਵੀ ਸੀ। ਬਦੇਸ਼ੋਂ ਆਇਆ ਆਦਮੀ ਘਰ ਦੇ ਬੱਚੇ ਵਾਂਗ ਖੁਲ੍ਹ ਕੇ ਆਲੋਚਨਾ ਨਹੀਂ ਕਰ ਸਕਦਾ, ਪਰ ਜਦੋਂ ਮੈਂ ਨਿਵੇਦਨ ਕੀਤਾ ਕਿ ਮੇਰੇ ਦ੍ਰਿਸ਼ਟੀਕੋਣ ਅਨੁਸਾਰ ਫ਼ਿਲਮਾਂ ਕੇਵਲ ਮਨੋਰੰਜਨ ਦਾ ਸਾਧਨ ਨਹੀਂ ਹੁੰਦੀਆਂ ਅਤੇ ਕੋਈ ਵੀ ਫ਼ਿਲਮ ਜਿਹੜੀ ਜਨ-ਸੁਧਾਰ ਦੇ ਆਸ਼ੇ ਨਾਲ ਬਣਾਈ ਗਈ ਹੋਵੇ ਕਾਬਿਲੇ ਇਹਤਰਾਮ ਹੈ ਤਾਂ ਉਹਨਾਂ ਬੇਯਕੀਨੀ ਖ਼ਾਮੋਸ਼ੀ ਨਾਲ ਸਿਰ ਹਿਲਾ ਛਡੇ। ਸਾਫ਼ ਜ਼ਾਹਰ ਸੀ ਕਿ ਇਹਨਾਂ ਨੌਜਵਾਨਾਂ ਦਾ ਉਹਨਾਂ ਆਦਰਸ਼ਾਂ ਤੋਂ ਹੀ ਯਕੀਨ ਉਠ ਗਿਆ ਸੀ, ਜੋ ਇਸ ਫ਼ਿਲਮ ਵਿਚ ਦਰਸਾਏ ਗਏ ਸਨ। ਉਹਨਾਂ ਦਾ ਜੀਵਨ-ਤਜਰਬਾ ਦਸਦਾ ਸੀ ਕਿ ਅਕਸਰ ਇਹਨਾਂ ਆਦਰਸ਼ਾਂ ਦਾ ਐਲਾਨ ਕਰਨ ਵਾਲੇ ਹੀ ਅੰਦਰਖਾਤੇ ਇਹਨਾਂ ਦਾ ਗਲਾ ਘੋਪਦੇ ਹਨ।

ਇਕ ਵਾਰੀ ਫੇਰ ਮੈਨੂੰ ਆਪਣੇ ਮੁਲਕ ਹਿੰਦੁਸਤਾਨ ਦਾ ਨਿਧਰਮਕ ਵਿਧਾਨ ਵਡਮੁੱਲਾ ਭਾਸਣ ਲੱਗ ਪਿਆ। ਬਿਹਤਰ ਗੱਲ ਇਹੋ ਹੈ ਕਿ ਇਨਸਾਨ ਮਜ਼ਹਬ ਦੀ ਦੌੜ ਆਪਣੀ ਜ਼ਮੀਰ ਤੇ ਆਪਣੇ ਭਗਵਾਨ ਤਕ ਹੀ ਸੀਮਤ ਰਖੇ। ਜੇ ਇੰਜ ਕਰਨ ਵਿਚ ਉਹ ਕਾਮਯਾਬ ਹੈ ਤਾਂ ਉਹ ਸਾਰੀ ਮਨੁੱਖਤਾ ਲਈ ਉਹਦੇ ਦਿਲ ਵਿਚ ਪ੍ਰੇਮ ਤੇ ਸਨਮਾਨ ਪੈਦਾ ਹੋਵੇਗਾ। ਇਹੋ ਸਾਡੇ ਪੁਰਖਿਆਂ ਦੀ ਰੀਤ ਰਹੀ ਹੈ। ਮਜ਼ਹਬ ਦਾ ਸਮਾਜਕ ਅਤੇ ਰਾਜਨੀਤਕ ਕੰਮਾਂ ਵਿਚ ਜਿਤਨਾ ਘਟ ਪ੍ਰਵੇਸ਼ ਹੋਵੇ ਉਤਨਾ ਹੀ ਚੰਗਾ ਹੈ।

ਭਾਰਤ ਦੀ ਜਨਤਾ ਆਪਣੇ ਅਨੁਭਵ ਨਾਲ ਹੌਲੀ ਹੌਲੀ ਇਸ ਗੱਲ ਨੂੰ ਸਿੱਖ ਰਹੀ ਹੈ, ਭਾਵੇਂ ਸਿਰ-ਫਿਰਿਆਂ ਦੀ ਅਜੇ ਵੀ ਘਾਟ ਨਹੀਂ। ਇਕ ਵੇਲਾ ਸੀ ਜਦੋਂ ਹਕੂਮਤ ਦੀ ਪਕਿਆਈ ਜਨਤਾ ਨੂੰ ਲੜਾਣ ਉਤੇ ਨਿਰਭਰ ਸੀ। ਇਹ ਅੰਗਰੇਜ਼ੀ ਰਾਜ ਦਾ ਵੇਲਾ ਸੀ। ਇਸ ਕੰਮ ਲਈ ਚਰਿੱਤਰ-ਹੀਨ ਅਤੇ ਜ਼ਮੀਰ ਫ਼ਰੋਸ਼ ਲੋਕਾਂ ਨੂੰ ਆਸਾਨੀ ਨਾਲ ਵਰਤਿਆ ਜਾ ਸਕਦਾ ਸੀ। ਪਰ ਹੁਣ ਆਜ਼ਾਦ ਸਰਕਾਰ ਲਈ ਪਕਿਆਈ ਦੀ ਮੁੱਢਲੀ ਸ਼ਰਤ ਦੇਸ਼-ਵਿਆਪੀ ਏਕਤਾ ਹੈ। ਉਸ ਤੋਂ ਬਿਨਾਂ ਨਾ ਦੇਸ਼ ਸਲਾਮਤ ਰਹਿ ਸਕਦਾ ਹੈ, ਨਾ ਹਕੂਮਤ। ਕੋਈ ਬੜਾ ਹੀ ਮੂਰਖ ਹਿੰਦੁਸਤਾਨੀ ਹੋਵੇਗਾ, ਜਿਹੜਾ ਇਸ ਗੱਲ ਨੂੰ ਨਾ ਸਮਝੇ। ਅਤੇ ਰਾਜ ਵਲੋਂ ਵੀ ਹੁਣ ਉਹਨਾਂ ਲੋਕਾਂ ਨੂੰ ਸ਼ਹਿ ਨਹੀਂ ਮਿਲਦੀ ਜਿਹੜੇ ਮਜ਼ਹਬ ਦੇ

ਨਾਂ ਉਤੇ ਲੋਕਾਂ ਨੂੰ ਲੜਾਣਾ ਚਾਹੁੰਦੇ ਹੋਣ। ਇਸ ਨੀਤੀ ਤੋਂ ਜਨਤਾ ਦਾ ਸੰਤੁਸ਼ਟ ਹੋਣਾ ਸੁਭਾਵਕ ਹੈ, ਕਿਉਂਕਿ ਉਹ ਸੁਰੱਖਿਅਤ ਤੇ ਸੁਖਾਲਾ ਜੀਵਨ ਪਸੰਦ ਕਰਦੀ ਹੈ। ਅਜਿਹੇ ਜੀਵਨ ਨੂੰ ਵਜੂਦ ਵਿਚ ਲਿਆਉਣ ਲਈ ਉਪਜ-ਵਧਾਊ ਹੰਭਲੇ ਮਾਰਨ ਦੀ ਲੋੜ ਹੈ, ਮਜ਼ਹਬੀ ਨਾਅਰਿਆਂ ਦੀ ਨਹੀਂ। ਅਤੇ ਇਸੇ ਦਿਸ਼ਾ ਵਿਚ ਸਾਡੀ ਹਕੂਮਤ ਸਾਨੂੰ ਵੰਗਾਰਦੀ ਹੈ।

ਪਰ ਉਪਜ ਦੇ ਵਾਧਿਆਂ ਦਾ ਕੀ ਲਾਭ ਜੇ ਮੁਨਾਫ਼ਿਆਂ ਦੇ ਜ਼ਖੀਰੇ ਮੋਟਿਆਂ ਢਿੱਡਾਂ ਵਿਚ ਲਹਿੰਦੇ ਜਾਣ ? ਇਸ ਜ਼ਖੀਰੇ ਦੀ ਵੰਡ ਜਮਹੂਰੀ ਤੇ ਇਸ਼ਤਰਾਕੀ ਢੰਗ ਨਾਲ ਹੋਣੀ ਲਾਜ਼ਮੀ ਹੈ। ਸਾਡੀ ਹਕੂਮਤ ਇਸ ਹਕੀਕਤ ਨੂੰ ਤਸਲੀਮ ਕਰਦੀ ਹੈ ਅਤੇ ਇਸ ਦੇ ਅਨੁਕੂਲ ਆਪਣੇ ਪ੍ਰੋਗਰਾਮ ਢਾਲਣਾ ਚਾਹੁੰਦੀ ਹੈ। ਇਹ ਵੀ ਬੜੇ ਸੰਤੋਖ ਦੀ ਗੱਲ ਹੈ।

ਪ੍ਰਦੇਸ ਵਿਚ ਬੈਠ ਕੇ ਮੇਰੇ ਦਿਲ ਅੰਦਰ ਪੰਡਤ ਨਹਿਰੂ ਲਈ ਬੜੇ ਆਦਰ ਤੇ ਸਤਿਕਾਰ ਦੀ ਭਾਵਨਾ ਉਠ ਪਈ। ਉਹੋ ਇਹਨਾਂ ਨੀਤੀਆਂ ਦਾ ਅਵਿਕਾਰਕ ਅਤੇ ਕਰਣਧਾਰ ਹੈ। ਉਹ ਆਦਰਸ਼ਾਂ ਨੂੰ ਵਿਵਹਾਰਕ ਅਤੇ ਵਿਗਿਆਨਕ ਢੰਗ ਨਾਲ ਵੇਖਦਾ ਹੈ, ਅਮਲ ਦੀਆਂ ਯਥਾਰਥ ਰਾਹਾਂ ਟੋਲਦਾ ਹੈ। ਆਪਣੀ ਜਨਤਾ ਦੀ ਸੋਚ-ਪੱਧਰ ਨੂੰ ਧਿਆਨ ਵਿਚ ਰਖ ਕੇ ਸਹਿਜੇ ਸਹਿਜੇ ਅਗੇ ਕਦਮ ਪੁਟਦਾ ਹੈ, ਉਤਾਵਲੀਆਂ ਛਾਲਾਂ ਨਹੀਂ ਮਾਰਦਾ। ਇਸੇ ਕਾਰਨ ਉਹ ਜਨਤਾ ਦੇ ਦਿਲਾਂ ਵਿਚ ਖੁੱਭਿਆ ਰਹਿੰਦਾ ਹੈ। ਉਸ ਦੀ ਖ਼ਾਤਰ ਲੋਕ ਉਸ ਦੀ ਸਰਕਾਰ ਦੇ ਵੀ ਸੌ ਕਸੂਰ ਮਾਫ਼ ਕਰ ਛਡਦੇ ਹਨ। ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਜਿਉਂ ਜਿਉਂ ਦੇਸ ਵਿਚ ਜਾਗਿਰਤੀ ਆਵੇਗੀ ਉਸ ਦੀਆਂ ਬਣਾਈਆਂ ਨੀਤੀਆਂ ਹੋਰ ਵੀ ਮਜ਼ਬੂਤ ਹੁੰਦੀਆਂ ਜਾਣਗੀਆਂ। ਉਹ ਜ਼ਮਾਨੇ ਦੀ ਮੰਗ ਹਨ।

ਪਾਕਿਸਤਾਨ ਵੀ ਏਸ਼ੀਆ ਦੇ ਨਵੇਂ ਆਜ਼ਾਦ ਹੋਏ ਦੇਸਾਂ ਵਿਚੋਂ ਹੈ। ਉਸ ਦੇ ਨਿਰਮਾਣ ਵਿਚ ਮਜ਼ਹਬ ਦਾ ਭਾਵੇਂ ਕਿਤਨਾ ਹੀ ਹੱਥ ਰਿਹਾ ਹੋਵੇ, ਪ੍ਰਗਤੀ ਤੇ ਵਿਕਾਸ਼ ਲਈ ਉਸ ਨੂੰ ਵੀ ਉਦਾਰ ਲੋਕਸ਼ਾਹੀ ਤੇ ਸਮਾਜਵਾਦੀ ਅਸੂਲ ਅਪਣਾਨੇ ਪੈਣਗੇ, ਜਿਵੇਂ ਕਿ ਮਿਸਰ, ਅਲਜੀਰੀਆ ਆਦਿ ਮੁਸਲਮਾਨ ਦੇਸ਼ਾਂ ਨੇ ਕੀਤਾ ਹੈ। ਦੇਸ਼ ਵਿਚੋਂ ਗ਼ਰੀਬੀ, ਜਹਾਲਤ, ਬੀਮਾਰੀ, ਅਨਿਆਂ ਨੂੰ ਦੂਰ ਕਰਨ ਨਾਲੋਂ ਵੱਡੀ ਇਬਾਦਤ ਹੋਰ ਕਿਹੜੀ ਹੋ ਸਕਦੀ ਹੈ ?

ਫੇਰ ਖ਼ਿਆਲ ਆਇਆ' ਸਿਆਸਤ ਦੇ ਦਾਅ-ਪੇਚ ਤੂੰ ਕੀ ਜਾਣੇ ਮਨਾ ! ਕੀ ਭਾਰਤ ਵਿਚ ਅਜੋਕੀ ਕਾਣੀ-ਵੰਡ ਅਤੇ ਭ੍ਰਿਸ਼ਟਾਚਾਰ ਦੀ ਕੋਈ ਘਾਟ ਹੈ ? ਕੀ ਦੇਸ਼ ਦਾ ਵੰਡਾਰਾ ਬਜ਼ਾਤੇ-ਖ਼ੁਦ ਨਹਿਰੂ ਦੀ ਅਤੇ ਸਾਡੀ ਕੌਮੀ ਤਹਿਰੀਕ ਦੀ ਹਾਰ ਨਹੀਂ ਸੀ ? ਜੇ ਫੇਰ ਕੋਈ ਸੰਕਟ ਉਠ ਖਲੋਵੇ, ਤਾਂ ਕੀ ਗਰੰਟੀ ਹੈ ਕਿ ਨਹਿਰੂ ਜਾਂ ਉਸ ਦੀ ਸਰਕਾਰ ਭਾਰਤ ਦੀ ਏਕਤਾ ਨੂੰ ਕਾਇਮ ਰਖ ਸਕੇਗੀ ? ਅਖ਼ਬਾਰਾਂ ਦੀਆਂ ਸੁਰਖੀਆਂ ਦਸਦੀਆਂ ਹਨ ਕਿ ਚੀਨੀਆਂ ਨਾਲ ਕਸ਼ੀਦਗੀ ਦਿਨੋ ਦਿਨ ਵਧ ਰਹੀ ਹੈ । ਜੇ ਖ਼ੁਦਾ-ਨਾ-ਖ਼ਾਸਤਾ ਸਚ-ਮੁਚ ਜੰਗ ਛਿੜ ਪਈ ? ਕਿਤੇ ਫੇਰ ਤਾਂ ਨਾ, ਹਮੇਸ਼ ਵਾਂਗ, ਸਾਡੇ ਦੇਸ਼ ਦੀ ਏਕਤਾ ਢਹਿ ਕੇ ਢੇਰੀ ਹੋ ਜਾਏਗੀ ?... ..

ਮੇਰੇ ਸੁਆਦ ਦੀ ਨਿੱਘੀ ਧੁੱਪ ਉਪਰ ਝੱੜ ਜਿਹਾ ਫੈਲਣ ਲੱਗ ਪਿਆ । ਭੇਰੇ ਸ਼ਹਿਰ ਨਾਲ ਉਦੋਂ ਦੀਆਂ ਯਾਦਾਂ ਵਾਬਸਤਾ ਸਨ, ਜਦੋਂ ਜੀਵਨ ਵਿਚ ਕਿਸੇ ਕਿਸਮ ਦੀ ਵਿਖਮਤਾ ਪੈਦਾ ਨਹੀਂ ਸੀ ਹੋਈ । ਝੰਗ ਤੇ ਸਰਗੋਧਾ ਪਹਿਲੀ ਵਾਰ ਵੇਖਿਆ ਸੀ। ਹੁਣ ਮੈਂ ਐਸੇ ਇਲਾਕੇ ਵਿਚ ਦਾਖ਼ਲ ਹੋ ਰਿਹਾ ਸਾਂ ਜੋ ਚੰਗੀਆਂ ਤੇ ਮਾੜੀਆਂ, ਸੁਖਦਾਈ ਤੇ ਦੁਖਦਾਈ, ਦੋਵੇਂ ਤਰ੍ਹਾਂ ਦੀਆਂ ਯਾਦਾਂ ਨਾਲ ਝੂਰਿਆ ਪਿਆ ਸੀ । ਕਿਤਨੇ ਦਿਨਾਂ ਤੋਂ ਤੜਪ ਰਿਹਾ ਸਾਂ ਪੋਠੋਹਾਰ ਦੀ ਧਰਤ ਦੇ ਦਰਸ਼ਨ ਲਈ । ਕਦੋਂ ਮੈਂ ਆਪਣਾ ਪਿੰਡੀ ਸ਼ਹਿਰ ਵੇਖਾਂਗਾ...... ਸ਼ਾਹ ਚੰਨ ਚਿਰਾਗ਼ ਦੀ ਗਲੀ, ਜਿਥੇ ਮੈਂ ਜੰਮਿਆਂ । ਛਾਛੀ ਮਹੱਲਾ ਜਿਸ ਦੀਆਂ ਗਲੀਆਂ ਤੇ ਨਾਲੀਆਂ ਵਿਚ ਖੇਡ ਖੇਡ ਕੇ ਵੱਡਾ ਹੋਇਆ । ਮੇਰਾ ਡੀ. ਏ. ਵੀ. ਕਾਲਜ, ਕੰਪਨੀ ਬਾਗ਼ ਜਿਥੇ ਹਾਕੀ ਖੇਡਦੇ ਸਾਂ, ਤਪਾਬੱਨ, ਮਾਈ ਵੀਰੋ ਦੀ' ਬੰਨ੍ਹ, ਚਿੱਟੀਆਂ ਹੱਟੀਆਂ, ਲੰਡਾ ਬਾਜ਼ਾਰ, ਤਲਵਾੜਾਂ ਦਾ ਬਾਜ਼ਾਰ, ਸਦਰ ਦਾ ਪੁਲ ...

ਪਰ ਹੁਣ ਜਦ ਵਤਨ ਦੀ 'ਮੁਹਾਠ' 'ਤੇ ਆ ਖਲੋਤਾ ਸਾਂ, ਉਸ ਤੋਂ ਡਰ ਲੱਗਣ ਲੱਗ ਪਿਆ ਸੀ । ਸਾਰਾ ਚਾਅ ਕਿਤੇ ਗੁਆਚ ਗਿਆ ਜਾਪਦਾ ਸੀ। ਦੰਗੇ-ਫ਼ਸਾਦ ਦੀਆਂ ਅੱਗਾਂ ਯਾਦ ਆਉਣ ਲੱਗ ਪਈਆਂ, 'ਅੱਲਾਹ-ਓ-ਅਕਬਰ' ਅਤੇ 'ਹਰ ਹਰ ਮਹਾਂਦੇਵ' ਦੇ ਨਾਅਰੇ ਕੰਨਾਂ ਵਿਚ ਗੂੰਜਣ ਲੱਗ ਪਏ, ਅੱਖਾਂ ਅਗੇ ਚਿਹਰਿਆਂ ਦੇ ਸਹਿਮ ਤੇ ਪਥਰਾ ਘੁੰਮਣ ਲੱਗ ਪਏ ।

ਦਿੱਲੀ ਵਿਚ ਇਕ ਪਿਆਰੇ ਸੱਜਣ ਨੇ ਫ਼ਰਮਾਇਸ਼ ਕੀਤੀ ਸੀ ਕਿ ਜਿਹਲਮ ਦੇ ਪੁਲ ਤੋਂ ਜਦੋਂ ਗੱਡੀ ਲੰਘੇ ਉਹਨਾਂ ਵਲੋਂ ਇਕ ਚਾਂਦੀ ਦਾ ਰੁਪਿਆ ਦਰਿਆ

ਦੀ ਭੇਟ ਕਰਾਂ। ਵੰਡ ਦੇ ਦਿਨਾਂ ਵਿਚ ਇਹੋ ਪਾਣੀ ਉਹਨਾਂ ਦੇ ਪਰਵਾਰ ਦੇ ਕਿਤਨੇ ਹੀ ਜੀਆਂ ਦੇ ਖ਼ੂਨ ਨਾਲ ਰੰਗਿਆ ਗਿਆ ਸੀ। ਜਿਹਲਮੋਂ ਨੱਠ ਕੇ ਦਿੱਲੀ ਪੁਜਣ ਤਕ ਉਹਨਾਂ ਉਪਰ ਕੀ ਕੀ ਬੀਤੀ, ਜਦੋਂ ਵੀ ਮੇਰਾ ਮਿੱਤਰ ਵਿਸਕੀ ਜਾਂ ਬੀਅਰ ਦਾ ਘੁਟ ਭਰ ਲਵੇ ਦੁਹਰਾਣ ਲੱਗ ਪੈਂਦਾ ਹੈ। ਅਸੀਂ ਕਈ ਵਾਰੀ ਜ਼ਿਚ ਵੀ ਆ ਜਾਂਦੇ ਹਾਂ, ਪਰ ਜੇ ਸੁਣਨ ਲੱਗ ਜਾਈਏ ਤਾਂ ਹਰ ਵਾਰੀ ਬਦਨ ਦੇ ਰੌਂਗਟੇ ਖੜੇ ਹੋ ਜਾਂਦੇ ਹਨ। ਕਿਤਨੇ ਲੋਕਾਂ ਨੇ ਆਪਣੀਆਂ ਧੀਆਂ-ਭੈਣਾਂ ਨੂੰ ਕਮਰਿਆਂ ਵਿਚ ਬੰਦ ਕਰ ਕੇ ਆਪਣੇ ਹੱਥਾਂ ਨਾਲ ਸਾੜ ਮੁਕਾਇਆ ਸੀ।

ਉਸ ਜ਼ਮਾਨੇ ਮੈਂ ਬੰਬਈ ਵਿਚ ਬੈਠਾ ਨਿਰਵਿਘਨ ਫ਼ਿਲਮਾਂ ਦੀ ਸ਼ੂਟਿੰਗ ਕਰ ਰਿਹਾ ਸਾਂ। ਪਰਵਾਰ ਕਸ਼ਮੀਰ ਸੀ। ਉਜੜੇ ਅਸੀਂ ਵੀ, ਕਬਾਇਲੀਆਂ ਦੇ ਹਮਲੇ ਵੇਲੇ ਖ਼ਤਰਿਆਂ ਵਿਚ ਵੀ ਪਏ, ਪਰ ਲੱਖਾਂ ਨਾਲੋਂ ਫੇਰ ਵੀ ਚੰਗੇ ਰਹੇ। ਮੈਂ ਵੀ ਜੇ ਕਾਫ਼ਲਿਆਂ ਨਾਲ ਟੁਰਿਆ ਹੁੰਦਾ, ਆਪਣੀ ਅੱਖੀਂ ਬਰਬਰਤਾ ਭਰੇ ਕਤਲੇ-ਆਮ ਵੇਖੇ ਹੁੰਦੇ ਤਾਂ ਦਿਲ ਕਰਦਾ ਕਦੇ ਏਸ ਪਾਸੇ ਦੁਬਾਰਾ ਆਉਣ 'ਤੇ ? ......

ਮੇਰੇ ਮਿੱਤਰ ਨੇ ਕਦੇ ਨਹੀਂ ਆਉਣਾ। ਪਰ ਵਤਨ ਫੇਰ ਵੀ ਉਹਨੂੰ ਪਿਆਰਾ ਹੈ। ਮੇਰੇ ਹੱਥੀਂ ਦਰਿਆ ਵਿਚ ਰੁਪਿਆ ਸੁਟਵਾ ਕੇ ਜਿਵੇਂ ਉਹ ਸੁਨੇਹਾ ਘਲ ਰਿਹਾ ਹੋਵੇ, ਆਪਣੇ ਨਾ ਆ ਸਕਣ ਲਈ ਮਾਫ਼ੀ ਮੰਗ ਰਿਹਾ ਹੋਵੇ।

ਆਪਣੇ ਵਕਤ ਸਿਰ "ਡਾਚੀ" ਆ ਗਈ, ਸਾਰੀ ਦੀ ਸਾਰੀ ਸਾਵੇ ਰੰਗ ਦੀ। ਪਰ ਇਸ ਦੇ ਕਾਰਨ ਮਾਹੌਲ ਇਕਦਮ ਅਜਨਬੀ ਜਿਹਾ ਹੋ ਗਿਆ। ਕੁਲੀ ਨੇ ਮੇਰਾ ਸਾਮਾਨ ਫ਼ਸਟ ਕਲਾਸ ਦੇ ਇਕ ਕੂਪੇ ਵਿਚ ਰਖ ਦਿਤਾ। ਸਰਗੋਧਿਓਂ ਲਾਲੇਮੂਸੇ ਤਕ ਕੰਪਾਰਟਮੈਂਟ ਵਿਚ ਇਕੱਲਾ ਆਇਆ ਸਾਂ, ਦਰਵਾਜ਼ੇ ਅੰਦਰੋਂ ਚੰਗੀ ਤਰ੍ਹਾਂ ਬੰਦ ਕਰ ਕੇ। ਪਰ ਹੁਣ ਨਾਲ ਇਕ ਹਮਸਫ਼ਰ ਸੀ। ਪਾਕਿਸਤਾਨੀ ਫ਼ੌਜ ਦਾ ਇਕ ਨੌਜਵਾਨ ਕਪਤਾਨ, ਦੂਜੇ ਸਿਰੇ ਬਾਰੀ ਕੋਲ ਬੈਠਾ ਹੋਇਆ ਸੀ।

ਜਿਉਂ ਜਿਉਂ ਜਿਹਲਮ ਨੇੜੇ ਆਉਂਦਾ ਜਾਵੇ ਮੈਂ ਖੀ ਵਿਚ ਹੱਥ ਪਾਸੇ ਕੇ ਆਪਣੇ ਭਾਰਤੀ ਰੁਪਈਏ ਨੂੰ ਮਸਲੀ ਜਾਵਾਂ। ਅਫ਼ਸਰ ਨਾਲ ਮੇਰੀ ਗੱਲਬਾਤ

ਨਹੀਂ ਸੀ ਛਿੜੀ, ਪਰ ਕਦੇ ਕਦੇ ਉਹ ਭਰਵੀਂ ਨਜ਼ਰ ਨਾਲ ਮੇਰੇ ਵਲ ਵੇਖ ਲੈਂਦਾ ਸੀ। ਮੇਰੇ ਆਪਣੇ ਪਾਸੇ ਦਾ ਆਦਮੀ ਸੀ, ਗੋਰਾ ਚਿੱਟਾ ਤੇ ਕੱਦਾਵਰ, ਸ਼ਾਇਦ ਹਜ਼ਾਰੇ ਦਾ ਹੋਵੇ। ਇੰਜ ਜਾਪਦਾ ਸੀ ਜਿਵੇਂ ਗੱਲ ਬਾਤ ਛੇੜਨ ਦਾ ਕੋਈ ਬਹਾਨਾ ਲਭ ਰਿਹਾ ਹੈ। ਪਰ ਮੈਂ ਸੁੰਗੜਦਾ ਜਾ ਰਿਹਾ ਸਾਂ। ਏਸ ਵੇਲੇ ਉਹ ਜ਼ਰੂਰ ਮੈਨੂੰ ਆਪਣਾ ਵਤਨੀ ਮੁਸਲਮਾਨ ਸਮਝ ਰਿਹਾ ਹੈ। ਪਰ ਜੇ ਉਹਨੇ ਮੈਨੂੰ ਦਰਿਆ ਵਿਚ ਪੈਸੇ ਸੁਟਦਿਆਂ ਵੇਖ ਲਿਆ ਤਾਂ ਸਾਡੇ ਦਰਮਿਆਨ ਸਾਰੀ ਸੁਭਾਵਕਤਾ ਨਸ਼ਟ ਹੋ ਜਾਵੇਗੀ। ਪਤਾ ਨਹੀਂ ਉਸ ਤੋਂ ਬਾਅਦ ਉਹ ਮੇਰੇ ਨਾਲ ਕਿਸ ਤਰ੍ਹਾਂ ਪੇਸ਼ ਆਏ ?

ਅੱਧਾ ਦਰਿਆ ਲੰਘ ਗਿਆ, ਮੇਰੀ ਜੇਬ ਵਿਚੋਂ ਹੱਥ ਬਾਹਰ ਕੱਢਣ ਦੀ ਹਿੰਮਤ ਨਾ ਹੋਈ। ਅਖ਼ੀਰ ਆਪਣੇ ਵਲੋਂ ਬੜਾ ਛੁਪਾ ਛੁਪਾ ਕੇ ਮੈਂ ਰੁਪਈਆ ਬਾਰੀ ਵਿਚੋਂ ਉਲਾਰ ਕੇ ਸੁਟ ਹੀ ਦਿਤਾ। ਪਰ ਉਹ ਤਾੜ ਗਿਆ ਕਿ ਮੈਂ ਕੋਈ ਅਨੋਖੀ ਹਰਕਤ ਕੀਤੀ ਹੈ। ਮੈਂ ਆਜਿਜ਼ਾਨਾ ਜਿਹੇ ਢੰਗ ਨਾਲ, ਜਿਵੇਂ ਕਿਸੇ ਅਪਰਾਧ ਲਈ ਸਫ਼ਾਈ ਪੇਸ਼ ਕਰ ਰਿਹਾ ਹੋਵਾਂ, ਅੰਗਰੇਜ਼ੀ ਵਿਚ ਕਹਿਣਾ ਸ਼ੁਰੂ ਕੀਤਾ, "ਮੈਨੂੰ ਅਜਿਹੀਆਂ ਗੱਲਾਂ ਵਿਚ ਕੋਈ ਯਕੀਨ ਨਹੀਂ, ਪਰ ਕਿਸੇ ਦੋਸਤ ਦਾ ਆਖਿਆ......"

ਉਸ ਦਾ ਚਿਹਰਾ ਗੰਭੀਰ ਹੋ ਗਿਆ, ਅਤੇ ਬੜੀ ਸੁਹਿਰਦਤਾ ਨਾਲ ਉਸ ਨੇ ਸਿਰ ਨਿਵਾ ਕੇ ਕਿਹਾ, "ਤੁਸੀਂ ਜੰਮ ਜੰਮ ਕਰੋ, ਮੈਂ ਤੁਹਾਡੇ ਜਜ਼ਬਿਆਂ ਨੂੰ ਸਮਝਦਾ ਹਾਂ।"

ਪਲ ਭਰ ਲਈ ਇੰਜ ਜਾਪਿਆ ਜਿਵੇਂ ਅਸੀਂ ਇਕ ਦੂਜੇ ਦੇ ਬੜੇ ਕਰੀਬ ਆ ਗਏ ਹਾਂ, ਪਰ ਉਸ ਤੋਂ ਬਾਅਦ ਅਸੀਂ ਫੇਰ ਇਕ ਦੂਜੇ ਤੋਂ ਦੂਰ ਹੋ ਗਏ, ਜਿਵੇਂ ਰੇਲ ਦੀਆਂ ਲਾਈਨਾਂ ਨਿੱਖੜ ਜਾਂਦੀਆਂ ਹਨ। ਆਪਸ ਵਿਚ ਮਸਾਂ ਦੋ ਚਾਰ ਗੱਲਾਂ ਈ ਹੋਈਆਂ, ਜਿਵੇਂ ਤਪਦੀ ਧਰਤ 'ਤੇ ਮੀਂਹ ਦਾ ਛਿੱਟਾ ਪੈ ਜਾਏ। ਬਹੁਤਾ ਸਫ਼ਰ ਅਸਾਂ ਆਪਣੀ ਆਪਣੀ ਬਾਰੀ ਵਿਚੋਂ ਬਾਹਰ ਵੇਖਦਿਆਂ ਹੀ ਗੁਜ਼ਾਰਿਆ। ਮੈਨੂੰ ਹੋਰ ਚਾਹੀਦਾ ਵੀ ਕੀ ਸੀ ? ਆਪਣੀ ਪੋਠੋਹਾਰ ਦੀ ਧਰਤ ਲਈ ਤਾਂ ਅੱਖਾਂ ਤਰਸੀਆਂ ਹੋਈਆਂ ਸਨ, ਯਕੀਨ ਨਹੀਂ ਸੀ ਆਉਂਦਾ ਸਚਮੁੱਚ ਢੰਨਾਂ ਢੱਕੀਆਂ ਤੇ ਪਹਾੜ ਵੇਖ ਰਿਹਾ ਹਾਂ ਜਾਂ ਕੋਈ ਸੁਪਨਾ ਹੈ। ਸਕੂਲੇ ਜੁਗਰਾਫ਼ੀਏ ਵਾਲਾ ਮਾਸਟਰ ਪੜ੍ਹਾਂਦਾ ਹੁੰਦਾ ਸੀ ਕਿ ਅਜਿਹੀ ਧਰਤੀ ਨੂੰ

ਸਤਹਿ-ਮੁਰਤਫ਼ਾ ਆਖਦੇ ਹਨ। ਕਿਤਨਾ ਔਖਾ ਸੀ ਇਹ ਸ਼ਬਦ ਸਹਤਿ-ਮੁਰਤਫ਼ਾ। ਪਰ ਕਿਤਨਾ ਪਿਆਰਾ ਸੀ। ਅਜੇ ਤਕ ਨਹੀਂ ਸੀ ਭੁੱਲਿਆ। ਆਪਣੇ ਵਤਨ ਨੂੰ ਜੂ ਲਗਦਾ ਸੀ।

'ਤਰੱਕੀ' ਦਾ ਮਸ਼ਹੂਰ ਮੋੜ ਲੰਘਿਆ। ਫੇਰ ਸੁਹਾਵਾ, ਮਿੱਸਾ, ਕੇਸਵਾਲ। ਗੁਜਰਖਾਨ ਪੁਜ ਕੇ ਚਾਹ ਜ਼ਰੂਰ ਪੀਂਦੇ ਸਾਂ, ਨਾਲ ਠੰਢੇ ਠੰਢੇ ਉਬਲੇ ਹੋਏ 'ਆਂਟੜੇ' ਖਾਂਦੇ ਸਾਂ। ਪਰ ਐਤਕੀ ਗੱਡੀ ਰੁਕੀ ਹੀ ਨਹੀਂ......ਖਸਮਾਂ ਖਾਣੀ। ਅਗੇ ਤਾਂ ਫ਼ਰੰਟੀਅਰ ਮੇਲ ਵੀ ਠਹਿਰਦੀ ਸੀ।...ਮੰਦਰਾਂ, ਮਾਣਕਿਆਲਾ, ਮਿਹਾਲਾ. ਹੁਣੇ ਨਾਲਾ ਕੁਰੰਗ ਆਵਗਾ...ਉਹ ਕਿਤਨੀਆਂ ਉਡੀਕਾਂ ਪਿਛੋਂ ਆਇਆ ਤੇ ਕਿਤਨੀ ਛੇਤੀ ਲੰਘ ਗਿਆ। ਚੰਗੀ ਤਰ੍ਹਾਂ ਵੇਖਣ ਵੀ ਨਹੀਂ ਹੋਇਆ। ਕਿਤਨੀ ਬੇਇਨਸਾਫ਼ੀ ਦੀ ਗੱਲ ਹੈ, ਜ਼ਰਾ ਹੌਲੀ ਨਹੀਂ ਸੀ ਚਲਾ ਸਕਦਾ ਗੱਡੀ ਨੂੰ ?......ਆ ਖਲੋਤੀ ਚੱਕਲਾਲੇ ਗੱਡੀ। ਔਹ ਪਈ ਦੂਰ ਦਿਸਦੀ ਏ ਪਿੰਡੀ। ਕੋਈ ਬਹੁਤਾ ਬਦਲਿਆ ਤੇ ਨਹੀਂ ਨਜ਼ਾਰਾ ?... ਔਹ ਆਇਆ ਮਰ੍ਹੀੜ ਦਾ ਪੁਲ, ਝੱਟ ਇਸ ਦੇ ਹੇਠੋਂ ਮਰੀ ਰੋਡ ਲੰਘ ਗਈ। ਇਹ ਪੁਲ ਮੈਨੂੰ ਉਦੋਂ ਦਾ ਯਾਦ ਹੈ, ਜਦੋਂ ਮਾਂ ਮੈਨੂੰ ਕੁੱਛੜ ਚੁਕ ਕੇ ਗੱਡੀ ਦੀ ਬਾਰੀ ਕੋਲ ਬੈਠੀ ਹੋਈ ਸੀ, ਅਤੇ ਮੈਂ ਹੈਰਾਨ ਰਹਿ ਗਿਆ ਸਾਂ ਕਿਵੇਂ ਗੱਡੀ ਇਕਦਮ ਹੇਠਾਂ ਸੜਕ 'ਤੇ ਉਤਰ ਕੇ ਬਿਨਾਂ ਕੋਈ ਝਟਕਾ ਖਾਧੇ ਫੇਰ ਉਪਰ ਚੜ੍ਹ ਆਈ ਸੀ।... ਫੇਰ ਮੈਨੂੰ ਜੀਵਨ ਦਾ ਪਹਿਲਾ ਰੇਲ-ਸਫ਼ਰ ਯਾਦ ਆਇਆ। ਰਾਤ ਵੇਲੇ ਗੱਡੀ ਚੜ੍ਹੇ ਸਾਂ। ਬੜਾ ਲੰਮਾ ਡੱਬਾ ਸੀ, ਲੰਮੀ ਜਿਹੀ ਸੁਰੰਗ ਵਾਂਗ। ਬੜੇ ਲੋਕ ਸਨ। ਅਚਾਨਕ ਡੱਬੇ ਦੀਆਂ ਕੰਧਾਂ ਸੱਜੇ ਖੱਬੇ ਝੋਲ ਖਾਣ ਲਗ ਪਈਆਂ ਸਨ। ਸਾਰੀ ਰਾਤ ਮੈਂ ਡਰਦਾ ਰਿਹਾ ਸਾਂ ਕਿਤੇ ਗੱਡੀ ਡਿਗ ਨਾ ਪਏ। ਪਰ ਉਹ ਨਹੀਂ ਸੀ ਡਿੱਗੀ। ਇਸ ਤੋਂ ਮੈਂ ਅਨੁਮਾਨ ਲਾਇਆ ਸੀ ਕਿ ਗੱਡੀ ਸੱਜੇ ਖੱਬੇ ਘਸੁਟਣੀਆਂ ਮਾਰ ਕੇ ਅਗੇ ਸਰਕਦੀ ਹੋਵੇਗੀ, ਕੀੜੇ ਵਾਂਗ। ਮੈਨੂੰ ਨਹੀਂ ਸੀ ਪਤਾ ਥਲੇ ਪਹੀਏ ਲਗੇ ਹੋਏ ਹਨ।......ਔਹ ਆਇਆ ਸਦਰ ਦਾ ਪੁਲ।...... ਅਠਵੀਂ ਜਮਾਤੇ ਪੜ੍ਹਦਾ ਸਾਂ। ਇਸ ਪੁਲ ਉਤੇ ਵਿਹਲਾ ਖੜਾ ਹੇਠਾਂ ਸ਼ੰਟ ਕਰਦੀਆਂ ਗੱਡੀਆਂ ਦਾ ਤਮਾਸ਼ਾ ਵੇਖ ਰਿਹਾ ਸਾਂ। ਐਤਵਾਰ ਦਾ ਦਿਨ ਸੀ, ਸਕੂਲੋਂ ਛੁੱਟੀ ਸੀ। ਅਚਾਨਕ ਮੇਰੇ ਮਨ ਵਿਚ ਫ਼ਲਸਫ਼ੇ ਦੀ ਲਹਿਰ ਉਠ ਪਈ। ਜੀਵਨ ਰੇਲ ਗੱਡੀ ਦੇ ਸਫ਼ਰ ਵਾਂਗ ਹਨ। ਤਿੱਥ, ਵਾਰ, ਮਹੀਨੇ ਸਾਲ ਸਟੇਸ਼ਨਾਂ ਵਾਂਗ ਹਨ। ਮੈਂ ਫ਼ੈਸਲਾ ਕੀਤਾ ਕਿ ਹਰ ਐਤਵਾਰ ਇਸ ਬਿੰਦ ਨੂੰ ਯਾਦ ਕਰ ਕੇ

ਆਪਣੀ ਜੀਵਨ ਯਾਤਰਾ ਨੂੰ ਨਾਪਿਆ ਕਰਾਂਗਾ। ਇਸ ਮੂਰਖ ਜਿਹੇ ਪ੍ਰਣ ਨੂੰ, ਖੌਰੇ ਕਿਉਂ, ਮੈਂ ਅਜ ਤਕ ਨਿਭਾਉਂਦਾ ਚਲਾ ਆ ਰਿਹਾਂ। ਕਈ ਵਾਰੀ ਇਹਨੂੰ ਭੁਲਾਣ ਦੀ ਕੋਸ਼ਸ਼ ਕੀਤੀ ਹੈ, ਪਰ ਹਰ ਐਤਵਾਰ ਕਿਸੇ ਨਾ ਕਿਸੇ ਵੇਲੇ ਮੇਰਾ ਧਿਆਨ ਇਸ ਸਦਰ ਵਾਲੇ ਪੁਲ 'ਤੇ ਪਹੁੰਚ ਹੀ ਜਾਂਦਾ ਹੈ ਮੈਂ ਖਿੱਝ ਜਾਂਦਾ ਹਾਂ। ਅਤੇ ਅੰਗਰੇਜ਼ੀ ਦੀ ਇਕ ਕਵਿਤਾ ਚੇਤੇ ਆਂਦੀ ਹੈ......

When as a babe I slept and wept
Time crept.
When as a boy I laughed and talked
Time walked.
When I became a full-grown man
Time ran.
And older as I daily grew
Time few.
Soon I shall find in travelling on
Time gone.

ਉਦੋਂ ਜੀਵਨ ਗੱਡੀ ਵਾਂਗ ਤਾਂ ਜਾਪਿਆ ਸੀ, ਪਰ ਇਹ ਨਹੀਂ ਸੀ ਸੁਝਿਆ ਕਿ ਇਸ ਦਾ ਨਾਂ 'ਸੁਪਰ-ਤੇਜ਼-ਗਾਮ' ਹੈ।

ਗੱਡੀ ਇਸ ਪੁਲ ਹੇਠੋਂ ਸੱਪ ਵਾਂਗ ਵੱਲ ਖਾਂਦੀ ਪਿੰਡੀ ਦੇ ਪਲੈਟਫ਼ਾਰਮ ਨੰਬਰ ਇਕ ਨਾਲ ਅੰਗ ਜੋੜ ਰਹੀ ਹੈ। ਸ਼ਾਮ ਡੂੰਘੀ ਹੋ ਗਈ। ਬੜੇ ਬੜੇ ਦੂਰ ਦੇ ਸਫ਼ਰ ਕਰ ਕੇ ਆਉਂਦਾ ਹੁੰਦਾ ਸਾਂ ਪਿੰਡੀ ਵਾਪਸ। ਉਸ ਘੜੀ ਦਾ ਖ਼ਿਆਲ ਕਰ ਕੇ ਜਦੋਂ ਟਾਂਗਾ ਘਰ ਦੇ ਬੂਹੇ ਜਾ ਖਲੋਵੇਗਾ, ਹਰ ਵਾਰੀ ਦਿਲ ਛਾਲਾਂ ਮਾਰਨ ਲਗ ਪੈਂਦਾ ਸੀ। ਮੈਂ ਥੱਲਾ ਚੜ੍ਹ ਕੇ ਪਿਤਾ ਜੀ ਦੇ ਦਫ਼ਤਰ ਵਿਚ ਜਾ ਵੜਾਂਗਾ, ਅਤੇ ਉਹ ਹੱਕੇ ਬੱਕੇ ਹੋ ਕੇ, ਖ਼ੁਸ਼ੀ ਨਾਲ ਖਿੜਦੇ, ਕੁਰਸੀ ਤੋਂ ਉਠ ਪੈਣਗੇ......"ਓਏ ਬਲਰਾਜ ਤੂੰ ਆ ਗਿਐਂ ?"

ਤੇ ਫੇਰ ਉਹ ਆਪ ਨੌਕਰ ਨੂੰ ਵਾਜ ਮਾਰਨਗੇ ਅਤੇ ਬਾਹਰ ਜਾ ਕੇ ਟਾਂਗੇ ਵਾਲੇ ਨੂੰ ਪੈਸੇ ਦੇਣਗੇ। ਉਹਨਾਂ ਨੂੰ ਪਤਾ ਸੀ ਪੁੱਤਰ ਨੂੰ ਜੇਬਾਂ ਖ਼ਾਲੀ ਕਰ ਕੇ ਹੀ ਘਰ ਨੂੰ ਪਰਤਣ ਦਾ ਸ਼ੌਕ ਹੈ......

ਹੁਣ ਇਸ ਸ਼ਹਿਰ ਵਿਚ ਮੈਨੂੰ ਕੋਈ ਉਡੀਕਣ ਵਾਲਾ ਨਹੀਂ। ਮੈਂ ਘਰ ਨਹੀਂ ਜਾਣਾ, ਕਿਸੇ ਹੋਟਲ ਵਿਚ ਡੇਰਾ ਕਰਨਾ ਹੈ:

"ਸ਼ਹਿਰ ਵਾਲਿਓ! ਆਪਣੇ ਸ਼ਹਿਰ ਅੰਦਰ
ਅਸੀਂ ਆਏ ਹਾਂ ਵਾਂਗ ਪਰਦੇਸੀਆਂ ਦੇ।"

੧੨

ooo

ਮੈਂ ਗਾਹੇ ਬਗਾਹੇ ਆਪਣੇ ਪ੍ਰੋਗਰਾਮ ਬਾਰੇ ਡਾਕਟਰ ਨਜ਼ੀਰ ਅਹਿਮਦ ਨੂੰ ਲਾਹੌਰ ਇਤਲਾਹ ਦੇਂਦਾ ਰਹਿੰਦਾ ਸਾਂ। ਉਹਨਾਂ ਨੂੰ ਪਤਾ ਸੀ ਮੈਂ ਕਦੋਂ ਪਿੰਡੀ ਪਹੁੰਚਣਾ ਹੈ। ਉਸ ਅਨੁਸਾਰ ਉਹਨਾਂ ਆਪਣੇ ਇਕ ਪ੍ਰੀਚਿਤ ਸੱਜਣ ਨੂੰ ਦਰਖ਼ਾਸਤ ਕੀਤੀ ਕਿ ਮੈਨੂੰ ਸਟੇਸ਼ਨ ਉਤੇ ਲੈਣ ਆਉਣ।

ਇਹ ਸੱਜਣ ਸਟੇਸ਼ਨ 'ਤੇ ਆਏ ਜ਼ਰੂਰ, ਪਰ ਦਿਸ ਰਿਹਾ ਸੀ ਕਿ ਬਹੁਤੇ ਖ਼ੁਸ਼ ਨਹੀਂ ਹਨ, ਪਰ ਫੇਰ ਵੀ ਮੇਰੇ ਲਈ ਉਹਨਾਂ ਦਾ ਆਉਣਾ ਗ਼ਨੀਮਤ ਸੀ। ਪ੍ਰਦੇਸ ਵਿਚ ਪਹਿਲਾ ਸਵਾਲ ਰਿਹਾਇਸ਼ ਦਾ ਹੁੰਦਾ ਹੈ, ਅਤੇ ਕਿਸੇ ਜਾਣੂੰ ਦੀ ਮਦਦ ਨਾਲ ਸੌਖਾ ਹਲ ਹੋ ਜਾਂਦਾ ਹੈ।

ਪਲੇਟਫ਼ਾਰਮ ਤੇ ਡਿਓੜ੍ਹੀ ਵਿਚਾਲੇ ਉੱਚੇ ਦਰਜੇ ਦੇ ਮੁਸਾਫ਼ਰਾਂ ਲਈ ਬਣਿਆ ਹੋਇਆ ਸਲਾਮੀਦਾਰ ਲਾਂਘਾ ਪਿੰਡੀ ਸਟੇਸ਼ਨ ਦੀ ਖ਼ਾਸ ਨਿਸ਼ਾਨੀ ਹੈ। ਤਾਲਬ-ਇਲਮੀ ਦੇ ਦਿਨਾਂ ਵਿਚ, ਸੈਕੰਡ ਕਲਾਸ ਦਾ ਟਿਕਟ ਜੇਬ ਵਿਚ ਹੋਏ ਤਾਂ ਇਸ ਵਿਚੋਂ ਬੜੀ ਸ਼ਾਨ ਵਿਖਾ ਕੇ ਗੁਜ਼ਰੀਦਾ ਸੀ। ਅੱਜ ਇਸ ਦੀਆਂ ਪੱਥਰ ਦੀਆਂ ਤ੍ਰੇੜਾਂ ਉਪਰ ਮੈਂ ਹੌਲੇ ਹੌਲੇ ਪੈਰ ਧਰੇ, ਤਾਂ ਜੋ ਉਹਨਾਂ ਨੂੰ ਜ਼ਰਬ ਨਾ ਲਗੇ। ਬਾਹਰ ਇਕ ਨਿੱਕੀ ਜਿਹੀ ਟੈਕਸੀ ਵਿਚ ਸਾਮਾਨ ਰਖਵਾਇਆ ਤੇ ਦੋਵੇਂ ਜਣੇ ਬਹਿ ਗਏ। ਉਹਨਾਂ ਰਸਮੀ ਜਿਹੇ ਖ਼ਲੂਸ ਨਾਲ ਕਿਹਾ, "ਆਪ ਫ਼ਲੈਸ਼ਮੈਨ ਹੋਟਲ ਮੇਂ ਠਹਿਰਨਾ ਪਸੰਦ ਫ਼ਰਮਾਏਂਗੇ। ਮੈਂ ਨੇ ਦੋਪਹਿਰ ਕੋ ਫ਼ੋਨ ਪਰ ਉਨ ਸੇ

ਬਾਤ ਕੀ ਥੀ, ਉਸ ਵਕਤ ਕੋਈ ਕਮਰਾ ਖ਼ਾਲੀ ਨਹੀਂ ਥਾ। ਲੇਕਨ ਮੇਰੇ ਖ਼ਿਆਲ ਮੇਂ ਅਬ ਫਿਰ ਚਲ ਕਰ ਪੂਛ ਲੇਤੇ ਹੈਂ।"

ਮੈਂ ਹਾਂ ਤਾਂ ਕਰ ਦਿਤੀ, ਪਰ ਅੰਦਰੋਂ ਮੇਰਾ ਉਥੇ ਠਹਿਰਨ 'ਤੇ ਉਕਾ ਮਨ ਨਹੀਂ ਸੀ। ਇਕ ਤਾਂ ਮੇਰੀ ਆਰਥਕ ਸਥਿਤੀ ਬਹੁਤੀ ਚੰਗੀ ਨਹੀਂ ਸੀ। ਦੂਜੇ, ਮੇਰੇ ਵੇਲੇ, ਜਦੋਂ ਸਦਰ ਕੇਵਲ ਹਵਾ-ਖ਼ੋਰੀ ਲਈ ਜਾਈਦਾ ਸੀ, ਉਸ ਹੋਟਲ ਵਿਚ ਬੜੇ ਸਹਿਮ-ਪਾਊ ਕਿਸਮ ਦੇ ਅੰਗਰੇਜ਼ ਅਫ਼ਸਰ ਰਿਹਾ ਕਰਦੇ ਸਨ। ਤੀਜੇ ਪਿਛਲੇ ਪੰਜ ਸਤ ਦਿਨ ਮੈਂ ਗਲੀਆਂ, ਮਹੱਲਿਆਂ ਅਤੇ ਸਰਾਵਾਂ ਵਿਚ ਠਹਿਰਦਾ ਆਇਆ ਸਾਂ। ਸਾਧਾਰਨ ਲੋਕਾਂ ਨਾਲ ਮਿਲਣ ਗਿਲਣ ਅਤੇ ਆਜ਼ਾਦ ਵਿਚਰਨ ਦਾ ਅਪੂਰਬ ਮੌਕਾ ਮਿਲਿਆ ਸੀ, ਜੋ ਫ਼ਿਲਮ ਐਕਟਰ ਹੋਣ ਦੇ ਸਦਕੇ ਹਿੰਦੁਸਤਾਨ ਵਿਚ ਮੈਨੂੰ ਨਸੀਬ ਨਹੀਂ ਸੀ, ਜਿਚਰ ਤੀਕ ਹੋ ਸਕੇ ਮੈਂ ਵਡਿਆਈ ਦੀ ਕੈਦ ਤੋਂ ਮੁਕਤ ਰਹਿਣਾ ਚਾਹੁੰਦਾ ਸਾਂ। ਪਰ ਉਹਨਾਂ ਦੇ ਠੰਡੇ ਠੰਡੇ ਸਲੂਕ ਕਾਰਨ ਮੈਂ ਖਲ੍ਹ ਕੇ ਗੱਲ ਕਰਨ ਜੋਗਾ ਨਹੀਂ ਸਾਂ।

ਅਚਾਨਕ ਟੈਕਸੀ ਡਰਾਈਵਰ ਨੇ ਪਿਛੇ ਮੂੰਹ ਫੇਰ ਕੇ ਕਿਹਾ, "ਜੀ ਮਾਫ਼ ਕਰਨਾ, ਤੁਸੀਂ ਬਲਰਾਜ ਸਾਹਣੀ ਤਾਂ ਨਹੀਓਂ ?"

ਮੈਂ ਸੋਚਿਆ ਕਿਸੇ ਅਖ਼ਬਾਰ ਵਿਚ ਉਸ ਨੇ ਮੇਰਾ ਜ਼ਿਕਰ ਪੜ੍ਹਿਆ ਹੋਣੈਂ। ਰੋਜ਼ ਹੀ ਤਾਂ ਉਹ ਬੜੇ ਨਿੱਘ ਨਾਲ ਮੇਰੇ ਬਾਰੇ ਕੁਝ ਨਾ ਕੁਝ ਛਾਪਦੀਆਂ ਰਹਿੰਦੀਆਂ ਸਨ; ਜਾਂ ਹੋ ਸਕਦੈ ਉਹਨੇ ਮੇਰੀ ਕੋਈ ਫ਼ਿਲਮ ਵੇਖੀ ਹੋਵੇ। ਪਰ ਗੱਲ ਕੁਝ ਹੋਰ ਨਿਕਲੀ। "ਹਾਂ ਭਾਈ ਹੈ ਤਾਂ ਉਹੀ ਆਂ," ਮੈਂ ਕਿਹਾ।

"ਤੇ ਮੈਂ ਖ਼ੁਰਸ਼ੀਦ ਆਂ ਜੇ ਨਾਂ। ਮੂੰਹ ਨਹੀਂ ਸਿਹਾਤਾ ਨੇ ?"

ਮੇਰੇ ਬਦਨ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਹਨੇਰੇ ਵਿਚ ਮੈਂ ਉਹਦੇ ਚਿਹਰੇ ਨੂੰ ਪਛਾਣਨ ਦੀ ਬੜੀ ਕੋਸ਼ਿਸ਼ ਕੀਤੀ, ਪਰ ਕਾਮਯਾਬ ਨਾ ਹੋ ਸਕਿਆ। ਪਰ ਆਪ-ਮੁਹਾਰੇ ਮੂੰਹੋਂ ਨਿਕਲ ਗਿਆ, "ਕਿਹੜਾ ਖ਼ੁਰਸ਼ੀਦ ? ਕਿਧਰੇ ਤੂੰ ਗ਼ਨੀ ਦਾ ਭਿਰਾ ਤਾਂ ਨਹੀਂ ਏਂ ?"

"ਉਹ ਨਹੀਂ ਆਂ ਤੇ ਹੋਰ ਕੌਣ ਆਂ। ਖ਼ੁਦਾ ਦੀ ਕਸਮੇਂ, ਡਾਹਡਾ ਪਕੜਿਆ ਨੇ," ਉਹ ਜ਼ੋਰ ਦਾ ਹੱਸਿਆ।

"ਫ਼ਲੈਸ਼ਮੈਨ ਹੋਟਲ ਚਲੀਏ," ਮੇਰੇ ਸਾਥੀ ਨੇ ਉਹਨੂੰ ਉਰਦੂ ਵਿਚ ਆਪਣੇ ਫ਼ਰਜ਼ ਤੋਂ ਆਗਾਹ ਕੀਤਾ।

ਖ਼ੁਰਸ਼ੀਦ ਨੇ ਗੱਡੀ ਟੋਰ ਦਿਤੀ, ਪਰ ਗੱਲਾਂ ਦਾ ਸਿਲਸਿਲਾ ਬੰਦ ਨਾ ਕੀਤਾ,

"ਚਲੋ ਨਾ ਘਰ ਲੈ ਜੁਲਾਂ ਨੇ। ਹੋਟਲ ਵਿਚ ਠਹਿਰਸੋ ਤਾਂ ਸਾਡੇ ਵਾਸਤੇ ਬੜੇ ਸ਼ਰਮ ਦੀ ਗੱਲ ਹੋ ਜਾਸੀ।"

"ਤੂੰ ਗ਼ਮ ਨਾ ਕਰ। ਕਲ੍ਹ ਸਵੇਰੇ ਮੈਂ ਛਾਛੀ ਮਹੱਲੇ ਆਸਾਂ ਨਾ, ਫੇਰ ਗੱਲ ਕਰਸਾਂ। ਅਜੇ ਇਥੇ ਈ ਆਂ ਚਾਰ ਪੰਜ ਦਿਹਾੜੇ।"

"ਕਸਮੇਂ ਰੱਬ ਦੀ ਸਚ ਪਿਆ ਆਖਨਾਂ ਨੇ, ਜੇ ਕਿਸੇ ਆਂ ਪਤਾ ਲਗ ਗਿਆ ਤੁਸਾਂ ਕੀ ਹੋਟਲ ਛੋੜ ਆਇਆਂ ਤਾਂ ਮਾਰ ਮਾਰ ਕੇ ਮੂੰ ਲੰਮਿਆਂ ਪਾ ਛੋੜਸੀ ਨੇ।"

"ਮੈਂ ਜੇ ਜ਼ਿਮੇਦਾਰ ਹਾਂ......"

ਮੇਰੇ ਭਾਗਾਂ ਨੂੰ ਫਲੈਸ਼ਮੈਨ ਹੋਟਲ ਦੇ ਕਾਊਂਟਰ ਪਿਛੇ ਖੜੇ ਕਲਰਕ ਨੇ ਫੇਰ ਠੁਠ ਵਿਖਾ ਦਿਤਾ, ਪਰ ਗੱਲਬਾਤ ਦੇ ਦੌਰਾਨ ਉਹਦੀ ਨਜ਼ਰ ਮੇਰੇ ਚਿਹਰੇ ਉਪਰ ਖੁੱਭਣ ਲਗ ਪਈ। ਇਸ ਖ਼ਤਰੇ ਦੀ ਨਿਸ਼ਾਨੀ ਤੋਂ ਮੈਂ ਖ਼ੂਬ ਵਾਕਫ਼ ਸਾਂ ਪੇਸ਼ਤਰ ਇਸ ਦੇ ਕਿ ਉਹ ਆਪਣੀ ਨਾਂਹ ਨੂੰ ਵਾਪਸ ਲੈਣ ਦਾ ਵਿਚਾਰ ਕਰ ਲਏ ਮੈਂ ਆਪਣੇ ਸਾਥੀ ਦੀ ਬਾਂਹ ਫੜ ਕੇ ਬਾਹਰ ਵਲ ਟੁਰ ਪਿਆ।

ਦੂਜੇ ਨੰਬਰ ਦਾ ਹੋਟਲ ਸੀ ਮੈਟਰੋਪੋਲ। ਇਸ ਵਿਚ ਇਕ ਗੁਜ਼ਾਰੇ ਲਾਇਕ ਚੰਗਾ ਕਮਰਾ ਮਿਲ ਗਿਆ। ਮੇਰੇ ਮਿਹਰਬਾਨ ਸਵੇਰੇ ਨੌਂ ਵਜੇ ਫੇਰ ਆਉਣ ਅਤੇ ਮੈਨੂੰ ਸਿਕਿਉਰਿਟੀ ਆਫ਼ਸ ਲੈ ਚੱਲਣ ਦਾ ਵਿਸ਼ਵਾਸ ਦਿਵਾ ਕੇ ਰੁਖ਼ਸਤ ਹੋ ਗਏ। ਪਰ ਉਹਨਾਂ ਦੇ ਚਿਹਰੇ ਤੋਂ ਮੈਨੂੰ ਸ਼ਕ ਪੈ ਰਿਹਾ ਸੀ ਕਿ ਸ਼ੈਦ ਨਾ ਹੀ ਆਉਣ। ਪਰ ਖ਼ੁਰਸ਼ੀਦ ਦੇ ਆਉਣ ਦਾ ਮੈਨੂੰ ਪੂਰਾ ਯਕੀਨ ਸੀ। ਅਤੇ ਹੋਰ ਮੈਨੂੰ ਚਾਹੀਦਾ ਵੀ ਕੀ ਸੀ ?

ਰਾਤ ਨੂੰ ਸੌਣ ਤੋਂ ਪਹਿਲਾਂ ਮੈਂ ਹੋਟਲ ਦੇ ਵਸੀਹ ਹਾਤੇ ਵਿਚ, ਚੀੜਾਂ ਦੇ ਉੱਚੇ ਉੱਚੇ ਦਰਖ਼ਤਾਂ ਹੇਠ, ਠੰਡੀ ਠੰਡੀ ਘਾਹ ਉਪਰ, ਬੜਾ ਚਿਰ ਟਹਿਲਦਾ ਰਿਹਾ। ਸਰ ਸਰ ਕਰਦੀ ਵਾ ਕਦੇ ਮੈਨੂੰ ਐਬਟਾਬਾਦ ਅਤੇ ਕਦੇ ਕੋਹਮਰੀ ਦੇ ਕਿੱਸੇ ਸੁਣਾਨ ਲਗ ਪੈਂਦੀ, ਅਤੇ ਮੈਂ ਹਉਕਾ ਭਰ ਕੇ ਆਖਿਆ — "ਹਾਏ ਨੀ ਪਿੰਡੀਏ ! ਇਤਨੀ ਸੁਹਣੀ ਨਾ ਹੁੰਦੀਓਂ ਤਾਂ ਤੈਨੂੰ ਭੁਲਾਣਾ ਸ਼ੈਦ ਆਸਾਨ ਹੁੰਦਾ।"

ਰਾਤੀਂ ਭੈੜੇ ਭੈੜੇ ਸੁਪਨੇ ਆਂਦੇ ਰਹੇ। ਇਕ ਤਾਂ ਬਹੁਤ ਈ ਭਿਆਨਕ ਸੀ। ਇਹ ਕਿ ਮੈਂ ਹੋਟਲ ਵਿਚ ਨਹੀਂ ਆਪਣੇ ਛਾਛੀ ਮਹੱਲੇ ਵਾਲੇ ਘਰ ਜਾ

ਠਹਿਰਿਆ ਹਾਂ। ਮੇਰੇ ਗੁਆਂਢੀ ਪਰਮ-ਮਿੱਤਰ ਬੋਸਤਾਨ ਨੇ ਸਾਡੇ ਪਰਵਾਰ ਦੇ ਕਦੇ ਨਾ ਕਦੇ ਮੁੜ ਆਉਣ ਦੀ ਉਡੀਕ ਵਿਚ, ਕਿਸੇ ਮਹਾਜਰ ਨੂੰ ਉਸ ਵਿਚ ਵੱਸਣ ਨਹੀਂ ਸੀ ਦਿਤਾ। ਉਹਨੇ ਸਾਡੇ ਘਰ ਦਾ ਸਾਰਾ ਸਾਮਾਨ, ਜੋ ਇਕ ਜ਼ਮੀਨ-ਦੋਜ਼ ਗੁਦਾਮ ਵਿਚ ਸੁਰੱਖਿਅਤ ਸੀ ਮੁੜ ਉਸੇ ਦਾ ਉਸੇ ਤਰ੍ਹਾਂ ਵਾਪਸ ਰਖਵਾ ਦਿਤਾ। ਮੇਰੀ ਖ਼ੁਸ਼ੀ ਦਾ ਕੋਈ ਪਾਰ-ਉਤਾਰ ਨਹੀਂ ਸੀ। ਬੜੇ ਚਾਅ ਨਾਲ ਮੈਂ ਆਪਣੇ ਕਿਤਾਬਾਂ ਵਾਲੇ ਕਮਰੇ ਨੂੰ ਨਵੇਂ ਸਿਰੋਂ ਸਜਾਇਆ। ਪੜ੍ਹਨ ਵਾਲੀਆਂ ਕਿਤਾਬਾਂ ਦੀ ਲਿਸਟ ਬਣਾਈ। ਲਿਖਣ ਦਾ ਪ੍ਰੋਗਰਾਮ ਨਿਸ਼ਚਿਤ ਕੀਤਾ, ਅਤੇ ਅਗੋਂ ਲਈ ਫ਼ੈਸਲਾ ਕਰ ਲਿਆ ਕਿ ਸਾਲ ਵਿਚ ਘਟ ਤੋਂ ਘਟ ਛੇ ਮਹੀਨੇ ਇਥੇ ਗੁਜ਼ਾਰਿਆ ਕਰਾਂਗਾ। ਫੇਰ ਮੇਰੀ ਇਕ ਅਜਿਹੇ ਦੋਸਤ ਨਾਲ ਮੁਲਾਕਾਤ ਹੋਈ ਜਿਸ ਨੂੰ ਮੈਂ ਉੱਕਾ ਹੀ ਭੁੱਲ ਚੁਕਾ ਸਾਂ। ਗੋਰਾ ਹੂੰ ਤੇ ਅਤ-ਕੂਲਾ ਪਿੰਡਾ ਹੁੰਦਾ ਸੀ ਉਸ ਦਾ। ਸਕੂਲ ਵਿਚ ਮਾਸਟਰ ਉਸ ਨੂੰ ਚਪੇੜ ਮਾਰਨ ਤੋਂ ਸੰਗਦੇ ਸਨ ਕਿਉਂਜੋ ਉਂਗਲਾਂ ਦੇ ਨਿਸ਼ਾਨ ਸਾਰਾ ਦਿਨ ਉਸ ਦੀਆਂ ਗੱਲ੍ਹਾਂ ਤੋਂ ਨਹੀਂ ਸਨ ਹਟਦੇ। ਉਹਨੇ ਮੈਨੂੰ ਆਪਣੇ ਘਰ ਰੋਟੀ ਖਾਣ ਦੀ ਦਾਅਵਤ ਦਿਤੀ, ਜਿਹਨੂੰ ਮੈਂ ਖ਼ੁਸ਼ੀ ਖ਼ੁਸ਼ੀ ਕਬੂਲ ਕੀਤਾ। ਬੜੀ ਸ਼ਾਨਦਾਰ ਦਾਅਵਤ ਖੁਆਈ ਉਸ ਨੇ, ਪਰ ਅੰਤ ਭਰੀ ਮਹਿਫ਼ਲ ਵਿਚ ਛੁਰਾ ਕੱਢ ਲਿਆ ਅਤੇ ਇਹ ਕਹਿੰਦੇ ਹੋਏ ਕਿ "ਉਹ ਵੀ ਮੇਰਾ ਫ਼ਰਜ਼ ਸੀ ਅਤੇ ਇਹ ਵੀ ਮੇਰਾ ਫ਼ਰਜ਼ ਹੈ" ਮੇਰੀ ਛਾਤੀ ਵਿਚ ਘੋਪ ਦਿਤਾ। ਬੋਸਤਾਨ, ਬਖ਼ਸ਼ਾ, ਮੁਰਤਜ਼ਾ ਖ਼ਾਨਾਂ ਅਤੇ ਹੋਰ ਕਿਤਨੇ ਦੋਸਤ ਉਥੇ ਮੌਜੂਦ ਸਨ, ਪਰ ਕਿਸੇ ਨੇ ਉਹਦਾ ਹੱਥ ਨਹੀਂ ਰੋਕਿਆ।......

ਇਸ ਮੂਰਖਤਾ ਭਰੇ ਸੁਪਨੇ ਕਾਰਨ ਦਿਲ ਨੂੰ ਆਜ਼ੁਰਦਾ ਹੋਣ ਦੀ ਥਾਂ ਪ੍ਰਸੰਨਤਾ ਜਿਹੀ ਮਹਿਸੂਸ ਹੋਈ ਕਿ ਇਕ ਭੁੱਲੇ ਵਿਸਰੇ ਮਿੱਤਰ ਦੀ ਯਾਦ ਇਤਨੇ ਲੰਮੇ ਅਰਸੇ ਬਾਅਦ ਅਚਾਨਕ ਤਾਜ਼ਾ ਹੋ ਗਈ। ਕੱਚੀ ਪਹਿਲੀ ਤੋਂ ਬਾਰ੍ਹਵੀਂ ਤਕ ਅਸੀਂ ਇਕੱਠੇ ਇਕੋ ਜਮਾਤ ਵਿਚ ਪੜ੍ਹੇ ਸਾਂ। ਮੇਰੀ ਮਾਂ ਮੇਰੇ ਸਾਰੇ ਮਿੱਤਰਾਂ ਵਿਚੋਂ ਉਹਨੂੰ ਸਭ ਤੋਂ ਜ਼ਿਆਦਾ ਪਿਆਰ ਕਰਦੀ ਹੁੰਦੀ ਸੀ ਅਸੀਂ ਇਕੱਠੇ ਪੜ੍ਹਦੇ, ਇਕੱਠੇ ਖੇਡਦੇ ; ਕਦੇ ਉਹ ਸਾਡੇ ਘਰ ਸੌਂ ਜਾਂਦਾ, ਕਦੇ ਮੈਂ ਉਸ ਦੇ ਘਰ। ਉਸ ਸੁਹਲ ਤੇ ਮਲੂਕੜੇ ਬੰਦੇ ਦਾ ਸੁਪਨੇ ਵਿਚ ਵੀ ਕਿਸੇ ਨੂੰ ਛੁਰਾ ਮਾਰਨਾ ਅਨਹੋਣੀ ਗੱਲ ਸੀ, ਪਰ ਏਸ ਤੋਂ ਵੀ ਅਨਹੋਣੀ ਅਤੇ ਨਾਕਾਬਿਲੇ ਮੁਆਫ਼ੀ ਗੱਲ ਸੀ ਮੇਰਾ ਉਸ ਨੂੰ ਇੰਜ ਮੁਕੰਮਲ ਭੁਲਾ ਦੇਣਾ। ਪਿਛਲੇ ਵੀਹਾਂ ਪੰਝੀਆਂ ਸਾਲਾਂ ਤੋਂ ਕਦੇ ਇਕ ਵਾਰੀ ਵੀ ਮੈਨੂੰ ਉਸ ਦਾ ਖ਼ਿਆਲ ਨਹੀਂ ਸੀ

ਆਇਆ। ਐਫ਼. ਏ. ਪਾਸ ਕਰਨ ਤੋਂ ਬਾਅਦ ਮੈਂ ਲਾਹੌਰ ਜਾ ਦਾਖ਼ਲ ਹੋਇਆ, ਅਤੇ ਉਹ ਫ਼ੌਜ ਵਿਚ ਭਰਤੀ ਹੋ ਕੇ ਕਿਸੇ ਪਰਾਏ ਦੇਸ਼ ਚਲਾ ਗਿਆ। ਹੁਣ ਕਿਥੇ ਹੋਵੇਗਾ ਉਹ ? ਨਾਂ ਕੀ ਸੀ ਉਸ ਦਾ ? ਮੈਂ ਬੜਾ ਖਿਝਿਆ, ਜਦੋਂ ਲਗਾਤਾਰ ਕੋਸ਼ਸ਼ ਕਰਨ ਦੇ ਬਾਵਜੂਦ ਮੈਨੂੰ ਉਹਦਾ ਨਾਂ ਚੇਤੇ ਨਾ ਆਇਆ। ਕੀ ਐਤਕੀਂ ਮੈਂ ਉਹਨੂੰ ਮਿਲ ਸਕਾਂਗਾ ? ਕਿਤਨੀ ਸੁਹਣੀ ਪੱਗ ਬੰਨਦਾ ਹੁੰਦਾ ਸੀ — ਬਿਲਕੁਲ ਪੰਡਤਾਂ ਵਾਲੀ। ਕਿਵੇਂ ਢੂੰਡਾਂਗਾ ਉਹਨੂੰ, ਜਦ ਕਿ ਉਸ ਦਾ ਨਾਂ ਈ ਯਾਦ ਨਹੀਂ ?

ਨੀਂਦਰ ਸਵੇਰੇ ਜਲਦੀ ਖੁਲ੍ਹ ਗਈ ਸੀ। ਹਨੇਰੇ ਹਨੇਰੇ ਵਿਚ, ਖੁਲ੍ਹੀ ਹੋਈ ਬਾਰੀ ਵਾਲਾ ਇਹ ਕਮਰਾ ਕੋਹਮਰੀ ਦੀ ਇਕ ਕੋਠੀ ਦੀ ਯਾਦ ਦਿਵਾ ਰਿਹਾ ਸੀ। ਠੰਡ ਵੀ ਤਾਂ ਚੰਗੀ ਖ਼ਾਸੀ ਸੀ, ਜਿਵੇਂ ਸੱਚਮੁਚ ਕਿਸੇ ਹਿੱਲ-ਸਟੇਸ਼ਨ ਉਤੇ ਆ ਗਿਆ ਹੋਵਾਂ। ਅਜ ਤੋਤਿਆਂ ਦੀ ਥਾਂ ਬੁਲਬੁਲਾਂ ਪਈਆਂ ਬੋਲਦੀਆਂ ਸਨ। ਜਦੋਂ ਉਹ ਚੁੱਪ ਹੋਈਆਂ ਤਾਂ ਲਾਲੀਆਂ ਨੇ ਚਿਚਲਾਣਾ ਸ਼ੁਰੂ ਕੀਤਾ। ਉਜਾਲਾ ਹੋਣ ਵੇਲੇ ਚਿੜੀਆਂ ਦੇ ਸ਼ੋਰ ਦਾ ਹੜ੍ਹ ਜਿਹਾ ਆ ਗਿਆ। ਕਲ੍ਹ ਤੀਕਰ ਉਤੇ ਲੈਣ ਲਈ ਇਕ ਕੰਬਲ ਕਾਫ਼ੀ ਸੀ। ਅਜ ਉਹਦੇ ਨਾਲ ਧੁੱਸਾ ਵੀ ਜੋੜਨਾ ਪਿਆ ਸੀ, ਜੋ ਡਾਕਟਰ ਨਜ਼ੀਰ ਨੇ ਖ਼ਾਸ ਪਿੰਡੀ ਲਈ ਇਨਾਇਤ ਕੀਤਾ, ਅਤੇ ਇਕ ਖੇਸ ਵੀ। ਰਜ਼ਾਈ ਹੁੰਦੀ ਤਾਂ ਹੋਰ ਵੀ ਸੁਆਦ ਆਉਂਦਾ।

ਜਨਵਰੀ ਫ਼ਰਵਰੀ ਪਿੰਡੀ ਕੁਹਰੇ ਜੰਮ ਜਾਂਦੇ। ਕਿਸੇ ਕਿਸੇ ਸਾਲ ਬਰਫ਼ ਵੀ ਪੈ ਜਾਂਦੀ ਅਤੇ ਸਾਰਾ ਸ਼ਹਿਰ ਜਸ਼ਨ ਮਨਾਉਂਦਾ। ਕਾਸ਼ ਮੈਂ ਉਹ ਮੌਸਮ ਵੀ ਵੇਖ ਸਕਦਾ।

ਪਿਤਾ ਜੀ ਸਖ਼ਤ ਤੋਂ ਸਖ਼ਤ ਸਰਦੀ ਵਿਚ ਵੀ ਸਾਨੂੰ ਸਵੇਰੇ ਚਾਰ ਵਜੇ ਜਗਾ ਦੇਂਦੇ। ਠੰਢੇ ਪਾਣੀ ਨਾਲ ਨਹਾਣਾ ਪੈਂਦਾ। ਹੱਥ ਪੈਰ ਬਰਫ਼ ਹੋ ਜਾਂਦੇ, ਅਤੇ ਫੇਰ ਰਜ਼ਾਈ ਵਿਚ ਵੜ ਕੇ ਅਸੀਂ ਪੜ੍ਹਦੇ। ਪੜ੍ਹਦੇ ਪੜ੍ਹਦੇ ਫੇਰ ਸੌਂ ਜਾਂਦੇ।

ਬਿਸਤਰੇ ਦਾ ਨਿੱਘ ਤਿਆਗ ਕੇ ਮੈਂ, ਗ਼ੁਸਲਖ਼ਾਨੇ ਵਿਚ ਆ ਵੜਿਆ ਤੇ ਠੰਢੇ ਪਾਣੀ ਨਾਲ ਇਸ਼ਨਾਨ ਕੀਤਾ, ਲੁਤਫ਼ ਆ ਗਿਆ। ਫੇਰ ਕਪੜੇ ਪਾ ਕੇ ਮੈਂ ਮਾਲ ਰੋਡ ਦੀ ਸੈਰ ਨਿਕਲ ਪਿਆ। ਪਰ ਪਹਿਲੇ ਵਕਤਾਂ ਵਾਲੀ ਖ਼ੁਸ਼ੀ ਨਸੀਬ ਨਾ ਹੋਈ। ਅਜੇ ਸਿਕਿਉਰਿਟੀ ਆਫ਼ਸ ਤੇ ਪੁਲਸ ਸਟੇਸ਼ਨ ਇੰਦਰਾਜ ਨਹੀਂ ਸੀ ਕਰਾਇਆ। ਖ਼ੌਰੇ ਮੇਰਾ ਹੋਟਲ ਤੋਂ ਬਾਹਰ ਨਿਕਲਣਾ ਵਾਜਬ ਸੀ ਜਾਂ

ਨਾ-ਵਾਜਬ ? ਆਲੇ ਦੁਆਲੇ ਨੂੰ ਓਪਰਿਆਂ ਵਾਂਗ ਵੇਖਣਾ ਮੇਰੇ ਲਈ ਅਨਿਵਾਰਯ ਹੋ ਗਿਆ ਸੀ। ਮਲਕਾਂ ਦੇ ਬੁੱਤ ਤੀਕਰ ਗਿਆ। ਦਿਲ ਕੀਤਾ ਹੋਰ ਵੀ ਅਗੇ ਜਾਵਾਂ। ਟੋਪੀ ਪਾਰਕ ਨੂੰ ਹੱਥ ਲਾ ਆਵਾਂ, ਪਰ ਹਿੰਮਤ ਨਹੀਂ ਪਈ। ਵਾਪਸੀ ਉਤੇ ਵੇਖਿਆ ਸ਼ਹਿਰੋਂ ਲਾਲ ਕੁੜਤੀ ਦੇ ਮਹਿਕਮਿਆਂ ਵਿਚ ਕੰਮ ਕਰਨ ਲਈ ਜਾਣ ਵਾਲੇ ਲੋਕਾਂ ਦੀਆਂ ਡਾਰਾਂ ਸੜਕਾਂ ਪਾਰ ਕਰ ਰਹੀਆਂ ਹਨ। ਮੋੜ ਉਤੇ ਇਕ ਦਿੱਲੀ ਯੂ. ਪੀ. ਵਾਲੇ ਪਾਸੇ ਦਾ ਫ਼ਕੀਰ ਬੇ-ਪਨਾਹ ਰਸੀਲੀ ਤੇ ਚੁਸਤ ਉਰਦੂ ਵਿਚ ਅੱਲਾਹ-ਓ-ਨਬੀ ਦੇ ਵਾਸਤੇ ਪਾ ਕੇ ਬੜੀ ਕਾਮਯਾਬੀ ਨਾਲ ਭਾਵਕ ਪੰਜਾਬੀਆਂ ਦੇ ਖੀਸੇ ਝਾੜ ਰਿਹਾ ਸੀ।

ਹੋਟਲ ਵਾਪਸ ਆ ਗਿਆ। ਹਾਲੀ ਅੱਠ ਵੀ ਨਹੀਂ ਸਨ ਵਜੇ। ਹਾਤੇ ਵਿਚ ਇਕ ਥਾਂ ਰਾਜ ਮਜੂਰ ਮੁਰੰਮਤ ਦਾ ਕੰਮ ਕਰ ਰਹੇ ਸਨ। ਰਾਜਾਂ ਦ ਸੰਦ ਨਿੱਕਿਆਂ ਹੁੰਦਿਆਂ ਮੇਰੀ ਮਨ-ਪਸੰਦ ਖੇਡ ਸਨ, ਪਰ ਹੁਣ ਮੈਨੂੰ ਉਹਨਾਂ ਦੇ ਨਾਂ ਭੁੱਲ ਚੁਕੇ ਸਨ। ਮੈਂ ਨੇੜੇ ਜਾ ਕੇ ਨਾਂ ਪੁੱਛੇ। ਤੇਸੀ, ਕਾਂਡੀ। ਮਿਸਤਰੀ ਅਦਬ ਨਾਲ ਖਲੋ ਕੇ ਮੈਨੂੰ "ਸਾਹਬ," "ਸਾਹਬ' ਬੁਲਾਣ ਲੱਗ ਪਿਆ। ਉਹਨੇ ਮਨ ਵਿਚ ਸੋਚਿਆ ਹੋਵੇਗਾ, "ਇਹਨਾਂ ਵਡਿਆਂ ਦੇ ਵੀ ਅਜੀਬ ਚੁਹਲ ਹੁੰਦੇ ਨੇ, ਭਲਾ ਇਹਨਾਂ ਔਜ਼ਾਰਾਂ ਦੇ ਨਾਂ ਪੁੱਛ ਕੇ ਇਹਨੇ ਕ੍ਰੀ ਲੈਣੈਂ ?" ਬੜਾ ਦਿਲ ਦੁਖਿਆ। ਉਸ ਮਿਸਤਰੀ ਦਾ ਦਰਜਾ ਮੇਰੀਆਂ ਅੱਖਾਂ ਵਿਚ ਬਾਦਸ਼ਾਹਾਂ ਵਰਗਾ ਸੀ ਕਿਉਂਕਿ ਉਸ ਕੋਲ ਆਪਣਾ ਵਤਨ ਸੀ, ਅਤੇ ਮੇਰਾ ਇਕ ਫ਼ਕੀਰ ਤੋਂ ਵੀ ਨੀਵਾਂ। "ਸਾਹਬ ਸਾਹਬ" ਕਹਿ ਕੇ ਜਿਵੇਂ ਉਹ ਮੇਰੇ ਜ਼ਖ਼ਮਾਂ ਉਤੇ ਲੂਣ ਛਿੜਕ ਰਿਹਾ ਸੀ।

ਚਾਰ ਕੁ ਵਰ੍ਹਿਆਂ ਦਾ ਸਾਂ, ਜਦੋਂ ਸਾਡਾ ਛਾਛੀ ਮਹੱਲੇ ਵਾਲਾ ਘਰ ਬਣਿਆ। ਮਿਸਤਰੀ ਕਰੀਮ ਬਖ਼ਸ਼ ਨੇ ਬਣਾਇਆ ਸੀ, ਅਤੇ ਅਸੀਂ ਉਹਨਾਂ ਨੂੰ ਹਮੇਸ਼ਾ "ਚਾਚਾ ਜੀ" ਸੱਦਦੇ ਸਾਂ। ਉਹਨਾਂ ਦਾ ਘਰ ਵੀ ਸਾਡੇ ਮਹੱਲੇ ਵਿਚ ਈ ਸੀ, ਸ਼ਾਹ ਦੀਆਂ ਟਾਹਲੀਆਂ ਵਾਲੀ ਗਲੀ ਵਿਚ। ਇਕ ਵਾਰੀ ਮੈਂ ਬਾਂਦਰਾਂ ਵਾਂਗ ਹੱਥਾਂ ਪੈਰਾਂ ਭਾਰ ਆਪਣੇ ਉਪਰ ਵਾਲੇ ਕੋਠੇ ਦੀਆਂ ਪੌੜੀਆਂ ਚੜ੍ਹ ਰਿਹਾ ਸਾਂ, ਚਾਚੇ ਦੀ ਡਢ ਕੁ ਸਾਲ ਦੀ ਬੱਚੀ ਗੁਲਜ਼ਾਰ ਰਾਹ ਮਲ ਕੇ ਬੈਠੀ ਹੋਈ ਸੀ। ਅਚਾਨਕ ਮੈਨੂੰ ਉਸ ਉਪਰ ਇਤਨਾ ਪਿਆਰ ਆਇਆ ਕਿ ਮੈਂ ਉਸ ਦੀ ਲੱਤ ਉੱਪਰ ਜ਼ੋਰ ਦਾ ਚੱਕ ਵੱਢ ਮਾਰਿਆ। ਉਹਦੀਆਂ ਚੀਕਾਂ ਨਿਕਲ ਗਈਆਂ, ਅਤੇ ਮੈਨੂੰ ਬੜੀ ਕੁੱਟ ਪਈ। ਮੈਨੂੰ ਅਜ ਤੀਕ ਸਮਝ ਨਹੀਂ

ਆਇਆ ਕਿ ਕਿਉਂ ਮੈਂ ਖ਼ਾਹਮਖ਼ਾਹ ਉਹਨੂੰ ਚੱਕ ਵੱਢਿਆ ? ਬੜੀ ਸ਼ਰਮ ਆਉਂਦੀ ਹੈ, ਉਸ ਅਪਰਾਧ ਨੂੰ ਯਾਦ ਕਰ ਕੇ। ਉਹਦਾ ਭਰਾ ਗਜ਼ਨਫ਼ਰਅਲੀ, ਜਿਸ ਨੂੰ ਸਾਰਾ ਮਹੱਲਾ ਗ਼ਜ਼ਨ ਫ਼ਰੱਲੀ ਬੁਲਾਂਦਾ ਸੀ, ਮੇਰੇ ਹਾਣ ਦਾ ਸੀ। ਉਹ ਕਿਥੇ ਹੋਣੈ ਅਜ ਕਲ੍ਹ ?

ਕਮਰੇ ਵੱਲ ਵਾਪਸ ਆਉਂਦਿਆਂ ਵਾਰਸ ਸ਼ਾਹ ਦੀਆਂ ਕੁਝ ਸਤਰਾਂ ਚੇਤੇ ਆਈਆਂ :

"ਹੁਕਮ ਪਾਕ ਅੱਲਾਹ ਦਾ ਮੰਨ ਲਈਏ,
ਵਾਰਦ ਹੋ ਜਾਵੇ ਤਕਦੀਰ ਜਿਥੇ।
ਓਥੇ ਦਾਨਸ਼ਮੰਦ ਹੈਰਾਨ ਹੋਂਦੇ,
ਪੇਸ਼ ਜਾਏ ਨਹੀਂ ਤਦਬੀਰ ਜਿਥੇ।
ਹੁਕਮ ਮੰਨਿਆਂ ਨਬੀਆਂ ਔਲੀਆਂ ਨੇ,
ਤਾਬਾ ਹੋਏ ਨੇ ਪੀਰ ਫ਼ਕੀਰ ਜਿਥੇ।
ਘਰ ਇਹੋ ਹੈ ਮਿਹਰ ਦਾ ਜੋਗੀਆ ਵੇ,
ਸੈਦੇ ਵਿਆਹ ਕੇ ਆਂਦੜੀ ਹੀਰ ਜਿਥੇ।
ਰੋ ਰੋ ਕੇ ਅਜ ਤੂੰ ਕੱਢਣੀ ਏਂ,
ਨੱਕ ਨਾਲ ਹਦੀਸ ਲਕੀਰ ਜਿਥੇ।
ਗ਼ਾਫ਼ਲ ਕੂੜ ਮਕਾਮ ਤੇ ਰੁਝ ਰਿਹੋਂ,
ਇਕ ਦਮ ਦੀ ਨਹੀਂ ਖਲ੍ਹੀਰ ਜਿਥੇ।

ਠੀਕ ਨੌਂ ਵਜੇ ਖ਼ੁਰਸ਼ੀਦ ਟੈਕਸੀ ਲੈ ਕੇ ਘਰ ਆ ਗਿਆ। ਮੈਂ ਡਾਈਨਿੰਗ ਰੂਮ ਵਿਚੋਂ ਨਿਕਲ ਰਿਹਾ ਸਾਂ। ਉਸ ਹੱਥ ਜੋੜ ਕੇ ਅਜਿਹੇ ਡੂੰਘੇ ਅਦਬ ਨਾਲ ਨਮਸਤੇ ਕੀਤੀ ਕਿ ਮੇਰਾ ਹਾਸਾ ਨਿਕਲ ਗਿਆ, "ਸੁਣਾ ਖ਼ੁਰਸ਼ੀਦ ! ਕੇ ਹਾਲ ਚਾਲ ਏ ?"

"ਵੱਲ ਆਂ ਜੀ।"

ਉਹ ਬੜੇ ਹੁਸੀਨ ਜਿਹੇ ਤਜ਼ਬਜ਼ਬ ਵਿਚ ਫਸਿਆ ਹੋਇਆ ਸੀ। ਇਕ ਪਾਸੇ ਉਹ ਟੈਕਸੀ ਡਰਾਈਵਰ, ਨਾਲੇ ਉਮਰ ਵਿਚ ਵੀ ਛੋਟਾ। ਦੂਜੇ ਪਾਸੇ ਮੈਂ ਉਹਦਾ ਮਹੱਲੇਦਾਰ, ਉਹਦੇ ਵੱਡੇ ਭਰਾ ਦਾ ਦੋਸਤ। ਸਾਫ਼ ਦਿਸ ਰਿਹਾ

ਸੀ ਕਿ ਇਹ ਅਦਬ ਆਦਾਬ ਉਸ ਕੋਲੋਂ ਜ਼ਿਆਦਾ ਚਿਰ ਨਹੀਂ ਨਿਭਣਾ।

ਮੈਂ ਕਿਹਾ, "ਉਹ ਸਾਹਬ ਨਹੀਂ ਆਏ ਹਾਲਾਂ। ਉਡੀਕ ਲਈਏ ਜ਼ਰਾ ?"

"ਹਾਂ, ਉਡੀਕੋ ਨੇ ਨਾ।"

"ਤੂੰ ਇਹ ਮੀਟਰ ਤੱਲੇ ਨਹੀਂ ਕੀਤਾ। ਇਹ ਗੱਲ ਨਹੀਂ ਠੀਕ। ਇਹਨੂੰ ਤੱਲੇ ਕਰ ਲੈ।"

"ਹੋਨਾ ਨਹੀਂ ਨਾ ਜੀ। ਕੁਝ ਖ਼ਰਾਬੀ·'ਸ।"

"ਮੈਂ ਕਰ ਦਿਆਂ ?"

"ਕਰੋਸ ਨਾ। ਜੋ ਹੋ ਵੰਜੇ ਤਾਂ ਬੜਾ ਹੀ ਮਾਦਰ......" ਇਹ ਕਹਿੰਦਾ ਹੋਇਆ ਉਹ ਬਾਨਟ ਕੋਲੋਂ ਹਟ ਕੇ ਗੱਡੀ ਦੇ ਪਿਛੇ ਚਲਾ ਗਿਆ, ਜਿਵੇਂ ਗਾਲ੍ਹ ਮੂੰਹ ਵਿਚੋਂ ਕਢਣ ਉਤੇ ਸ਼ਰਮਿੰਦਾ ਹੋਵੇ। ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਪਿਆਰ ਨਾਲ ਮੈਂ ਉਹਦੇ ਮੋਢੇ ਉਤੇ ਹੱਥ ਧਰ ਕੇ ਆਖਿਆ "ਚਲ, ਚਾਹ ਪੀਵੀਏ।"

ਤੇ ਮੈਂ ਉਹਨੂੰ ਆਪਣੇ ਕਮਰੇ ਵਿਚ ਲੈ ਗਿਆ। ਅੱਧੇ ਘੰਟੇ ਬਾਅਦ ਅਸੀਂ ਕਾਰ ਵਿਚ ਨਾਲੋ ਨਾਲ ਬਹਿ ਕੇ ਸਿਕਿਉਰਿਟੀ ਆਫ਼ਿਸ ਰਵਾਨਾ ਹੋ ਪਏ। ਤਕੱਲਫ਼ ਦੀਆਂ ਸਾਰੀਆਂ ਹੱਦਾਂ ਟੁਟ ਚੁਕੀਆਂ ਸਨ। ਸਾਰਾ ਰਸਤਾ ਨਿਝੱਕ ਹੋ ਕੇ ਉਹ ਉਸ ਸਜਣ ਦਾ ਮਖ਼ੌਲ ਉਡਾਂਦਾ ਰਿਹਾ, ਜਿਹੜਾ ਵਾਅਦਾ ਕਰਨ ਦੇ ਬਾਵਜੂਦ ਨਹੀਂ ਸੀ ਆਇਆ।

"ਮਾਂ ਤਾਂ ਰਾਤੀ ਪਿਆ ਸਹੀ ਹੋਨਾ ਹਿਆ; ਉਸ ਬੰਦੇ ਦੇ ਪੁੱਤਰ ਨੀ ਜ਼ਬਾਨ ਕੁਝ ਹੋਰ ਆਖਨੀ ਏ ਤੇ ਤੇ ਦਿਲ ਪਿਆ ਕਿਸੇ ਹੋਰ ਪਾਸੇ ਝੱਖਾਂ ਮਾਰਨਾਸ। ਟੋਪੀ ਨਹੀਂ ਵੇਖੀ ਹਈ ਨੇ ਸਾਹਬ ਬਹਾਦਰੇ ਨੀਂ ? ਕਿੰਜ ਕੰਨਾਂ ਉਤੇ ਛਿਕੀ ਹੋਈ ਹਈਸ, ਥਲੂੰ ਅਧਾ ਮੂੰਹ ਦਿਸਨਾ ਈ ਨਹੀਂ ਹਿਆ। ਅਸਾਂ ਪਤੈ ਨਾ ਜੀ ਸਾਰੀ ਗੱਲ ਨਾ। ਉਹ ਡਰਨਾ ਹਿਆ ਪਈ ਜੇ ਤੁਸਾਂ ਨਾਲ ਵੰਜੇ ਤਾਂ ਸੀ. ਆਈ. ਡੀ. ਵਿਚ ਆਪਨਾ ਨੰਬਰ ਵੀ ਨੋਟ ਹੋ ਜਾਵਸ। ਰਾਤੀਂ ਵੀ ਪਤਲੂਨ ਪਈ ਤੱਲੇ ਢੈਨੀ ਹਈਸ। ਹਿਧਰੂੰ ਹੁਧਰੂੰ ਵੇਖ ਕੇ ਪਿਆ ਉੱਚੀ ਕਰਨਾ ਹਿਆ।"

"ਚਲ ਯਾਰ, ਕੋਈ ਗੱਲ ਨਹੀਂ। ਕੁਝ ਤਾਂ ਮਦਦ ਕੀਤੀ ਈਸ ਨਾ।"

ਉਸ ਦੀਆਂ ਗੱਲਾਂ ਦਾ ਅਜਿਹਾ ਸੁਆਦ ਆ ਰਿਹਾ ਸੀ ਜਿਵੇਂ ਉਹਨੂੰ ਮਿਲਣ ਦੇ ਮਕਸਦ ਨਾਲ ਹੀ ਮੈਂ ਪਾਕਿਸਤਾਨ ਆਇਆ ਹੋਵਾਂ।......

"ਜਾਮ ਜੇਲਖ਼ਾਨਾ ਪਿੰਡੀ ਰੇਲ ਵਾਲਾ" ਇਕ ਮਸ਼ਹੂਰ ਤੇ ਮੁਕੱਦਸ ਥਾਂ ਹੈ। ਆਜ਼ਾਦੀ ਦੇ ਅਣਗਿਣਤ ਨਾਮਵਰ ਤੇ ਗੁਮਨਾਮ ਪਰਵਾਨਿਆਂ ਨੇ ਇਸ ਦੀ ਚਾਰਦੀਵਾਰੀ ਵਿਚ ਤਸੀਹੇ ਝੱਲੇ ਹਨ, ਜੋ ਇਕੱਤਰ ਕਰਨ ਯੋਗ ਬੈਂਤਾਂ ਅਤੇ ਬੋਲੀਆਂ ਵਿਚ ਦਰਜ ਹਨ। ਇਹਦੇ ਫਾਟਕ ਵਲੋਂ ਅਦਾਲਤ ਦੀ ਪੇਸ਼ੀ ਲਈ ਹੱਥਕੜੀਆਂ-ਜਕੜੇ ਅਤੇ ਸੰਗਲ-ਪਰੁਤੇ ਮੁਲਜ਼ਮਾਂ ਦੀਆਂ ਦੋ ਮੁਸਾਵੀ ਕਤਾਰਾਂ ਤੁਰਦੀਆਂ ਆ ਰਹੀਆਂ ਸਨ। ਆਲੇ ਦੁਆਲੇ ਸਿਪਾਹੀਆਂ ਤੋਂ ਇਲਾਵਾ ਉਹਨਾਂ ਦੇ ਘਰ ਵਾਲੇ ਮਰਦਾਂ ਤੀਵੀਂਆਂ ਦੀ ਭੀੜ ਸੀ। ਪਿੰਡਾਂ ਦੇ ਲੋਕ ਸਨ ਇਹ, ਚਿੱਟੇ ਲੱਠੇ ਦੀਆਂ ਚਾਦਰਾਂ ਲੈਣ ਵਾਲੇ ਉੱਚੇ, ਲੰਮੇ ਤੇ ਹੁਸੀਨ। ਮੇਰਾ ਵੀਜ਼ਾ ਪਿੰਡਾਂ ਵਿਚ ਜਾਣ ਦੀ ਇਜਾਜ਼ਤ ਨਹੀਂ ਸੀ ਦੇਂਦਾ। ਕਿਸੇ ਮਿਕਦਾਰ ਵਿਚ ਅੱਖਾਂ ਦੀ ਭੁੱਖ ਲਾਹੁਣ ਲਈ ਮੈਂ ਇਸ ਜਲੂਸ ਨੂੰ ਉਡੀਕਣ ਲਗ ਪਿਆ। ਇਕ ਕੱਦਾਵਰ ਸੁਆਣੀ, ਜੋ ਮੋਹਨ ਸਿੰਘ ਦੀ ਕਵਿਤਾ "ਕੁੜੀ ਪੋਠੋਹਾਰ ਦੀ" ਦੀ ਮੁਜੱਸਮ ਤਸਵੀਰ ਸੀ — ਸਬਰ-ਸਿਦਕ ਦੀ ਮੂਰਤ — ਅੱਖਾਂ ਵਿਚੋਂ ਚੁੱਪ-ਚੁਪੀਤੇ ਟਪ-ਟਪ ਹੰਝੂ ਵਹਾਉਂਦੀ ਮੇਰੇ ਕੋਲੋਂ ਦੀ ਲੰਘ ਗਈ, ਜਿਵੇਂ ਆਖ ਗਈ ਹੋਵੇ, "ਤੂੰ ਮੈਂਡੇ ਦੁੱਖ ਨਹੀਂ ਵੰਡੇ ਵੀਰਾ! ਪਰ ਕੋਈ ਗੱਲ ਨਹੀਂ, ਜੀਨਾ ਰਵ੍ਹੇਂ!"

ਏਸ ਸਿਕਿਉਰਿਟੀ ਆਫ਼ਸ ਦਾ ਅਤੇ ਜਿਨ੍ਹਾਂ ਵਿਚ ਹੁਣ ਤੀਕ ਪੇਸ਼ ਹੁੰਦਾ ਆਇਆ ਸਾਂ ਜ਼ਮੀਨ ਅਸਮਾਨ ਦਾ ਫ਼ਰਕ ਸੀ। ਸੁਹਣਾ ਸਜਿਆ ਹੋਇਆ ਕਮਰਾ, ਆਮ੍ਹੋਂ ਸਾਹਮਣੇ ਡੱਠੀਆਂ ਹੋਈਆਂ ਆਰਾਮ ਕੁਰਸੀਆਂ ਦੀਆਂ ਕਤਾਰਾਂ, ਇਕ ਨੁੱਕਰੇ ਅਫ਼ਸਰ ਦੀ ਮੇਜ਼, ਇਸ ਉਪਰ ਫ਼ਾਈਲਾਂ ਦੇ ਦੱਥੇ ਨਹੀਂ ਸਨ, ਨਾ ਹੀ ਅਰਦਲੀਆਂ ਤੇ ਕਲਰਕਾਂ ਦੀ ਭਗਦੜ ਸੀ। ਦੋ ਯੋਰਪੀਨ ਇਸਤ੍ਰੀਆਂ ਨੂੰ ਖ਼ੁਸ਼ ਖ਼ੁਸ਼ ਰੁਖ਼ਸਤ ਕਰ ਕੇ ਅਫ਼ਸਰ ਨੇ ਮੇਰੇ ਵਲ ਧਿਆਨ ਕੀਤਾ। ਪਾਸਪੋਰਟ ਵੇਖ ਕੇ, ਬੜੀ ਨਿਰਮਾਣਤਾ ਨਾਲ ਮੈਥੋਂ ਇਜਾਜ਼ਤ ਮੰਗ ਕੇ, ਪੰਜਾਂ ਕੁ ਮਿੰਟਾਂ ਲਈ ਕਮਰੇ ਵਿਚੋਂ ਬਾਹਰ ਚਲੇ ਗਏ। ਜ਼ਰੂਰ ਮੇਰੀ ਫ਼ਾਈਲ ਮੰਗਵਾ ਕੇ ਪੜ੍ਹੀ ਹੋਵੇਗੀ। ਕਾਰਵਾਈ ਤਾਂ ਹਰ ਥਾਂ ਇਕੋ ਜਿਹੀ ਹੁੰਦੀ ਹੈ, ਪਰ ਅਫ਼ਸਰਾਂ ਦਾ ਸਲੂਕ ਸ਼ਹਿਰਾਂ ਦੀ ਆਪਣੀ ਵੱਡੀ ਜਾਂ ਛੋਟੀ ਹੈਸੀਅਤ ਅਨੁਸਾਰ ਬਦਲਦਾ ਰਹਿੰਦਾ ਹੈ।

ਵਾਪਸ ਆ ਕੇ ਉਹਨਾਂ ਜ਼ਰੂਰੀ ਇੰਦਰਾਜ ਕਰਨ ਤੋਂ ਬਾਅਦ ਪਾਸਪੋਰਟ ਮੈਨੂੰ ਮੋੜ ਦਿਤਾ। ਫੇਰ ਕੁਰਸੀ ਤੋਂ ਉਠ ਖਲੋਤੇ ਤੇ ਮੇਰੇ ਨਾਲ ਹੱਥ ਮਿਲਾ ਕੇ

ਕਹਿਣ ਲੱਗੇ, "ਮੈਨੂੰ ਉਮੀਦ ਹੈ ਕਿ ਤੁਹਾਡਾ ਏਥੇ ਦਾ ਕਿਆਮ ਬੜਾ ਚੰਗਾ ਰਹੇਗਾ ।"

"ਕੀ ਪੁਲਿਸ ਸਟੇਸ਼ਨ ਨਹੀਂ ਜਾਣਾ ਪਵੇਗਾ ?" ਮੈਂ ਹੈਰਾਨ ਹੋ ਕੇ ਪੁੱਛਿਆ ।

"ਕਿਉਂ ? ਉਹ ਕਿਸ ਵਾਸਤੇ ?"

"ਹੁਣ ਤਕ ਤਾਂ ਮੈਨੂੰ ਹਮੇਸ਼ਾਂ ਦੋ ਥਾਵਾਂ 'ਤੇ ਜਾਣਾ ਪਿਆ ਹੈ ।"

"ਅੱਛਾ ? ਇਹ ਤਾਂ ਖ਼ਾਹਮਖ਼ਾਹ ਦੀ ਤਕਲੀਫ਼ ਏ । ਨਹੀਂ, ਹੋਰ ਕਿਧਰੇ ਜਾਣ ਦੀ ਲੋੜ ਨਹੀਂ । ਹਾਂ ਵਾਪਸੀ ਵੇਲੇ ਫੇਰ ਇਕ ਵਾਰੀ ਏਥੇ ਆਉਣ ਦੀ ਜ਼ਹਿਮਤ ਉਠਾਣੀ ਪਵੇਗੀ ਤੁਹਾਨੂੰ ?"

"ਪਰ ਮੈਂ ਕੋਹਮਰੀ ਵੀ ਜਾਣਾ ਹੈ । ਮੇਰਾ ਵੀਜ਼ਾ ਹੈ ਉਥੋਂ ਦਾ ।"

"ਤੁਸੀਂ ਬੜੀ ਖ਼ੁਸ਼ੀ ਨਾਲ ਕੋਹਮਰੀ ਜਾਓ ।"

"ਪਰ ਜਾਣ ਤੋਂ ਪਹਿਲਾਂ ਏਥੇ ਆਉਣ ਦੀ......"

"ਕੋਈ ਲੋੜ ਨਹੀਂ ।"

"ਓਥੇ ਪਹੁੰਚ ਕੇ ?"

"ਜੇ ਓਥੇ ਰਾਤ ਰਹਿਣਾ ਹੈ ਤਾਂ ਪੁਲਿਸ ਸਟੇਸ਼ਨ ਰਿਪੋਰਟ ਕਰਨੀ ਪਏਗੀ, ਵਰਨਾ ਕੋਈ ਲੋੜ ਨਹੀਂ ।"

"ਏਥੇ ਰਾਵਲਪਿੰਡੀ ਵਿਚ ਕੋਈ ਬੰਦਸ਼ ?"

"ਕੋਈ ਬੰਦਸ਼ ਨਹੀਂ ।"

"ਮੈਂ ਟੋਪੀ ਪਾਰਕ ਜਾ ਸਕਨਾਂ ?"

"ਬੜੀ ਖ਼ੁਸ਼ੀ ਨਾਲ ।"

"ਸੁਹਾਂ ?"

"ਉਹ ਜ਼ਰਾ ਦੁਰੇਡੇ ਹੈ ।" ਉਹਨਾਂ ਹੱਸ ਕੇ ਕਿਹਾ ।

"ਪਿੰਡੀ ਆ ਕੇ ਮੈਂ ਸੁਹਾਂ ਨਾ ਵੇਖਾਂ ?" ਉਹਨਾਂ ਦੇ ਚੰਗੇ ਸਲੂਕ ਨੇ ਮੇਰੇ ਅੰਦਰ ਦਲੇਰੀ ਲੈ ਆਂਦੀ ਸੀ ।

"ਚੰਗਾ ਵੇਖ ਆਓ ਸੁਹਾਂ ਵੀ । ਪਰ ਪੁਲ ਤੋਂ ਪਾਰ ਨਾ ਜਾਣਾ ।"

"ਥੈਂਕ ਯੂ ਵੈਰੀ ਮਚ", ਮੈਂ ਕਿਰਤੱਗਤਾ ਦੇ ਆਵੇਸ਼ ਵਿਚ ਫੇਰ ਉਹਨਾਂ ਨਾਲ ਹੱਥ ਮਿਲਾਇਆ ਤੇ ਬਾਹਰ ਆ ਗਿਆ ।

ਹੌਲਾ ਫੁੱਲ, ਜਿਵੇਂ ਹਵਾ ਵਿਚ ਉੱਡਦਾ, ਕਚਹਿਰੀਆਂ ਵਿਚੋਂ ਦੀ ਲੰਘ ਕੇ ਮੈਂ ਟੈਕਸੀ ਸਟੈਂਡ ਉਤੇ ਪੁਜ ਗਿਆ, ਜੋ ਕਿਸੇ ਜ਼ਮਾਨੇ ਪੂਰਨ-ਰੂਪ ਟਾਂਗਾ ਸਟੈਂਡ ਹੁੰਦਾ ਸੀ। ਖ਼ੁਰਸ਼ੀਦ ਮੈਨੂੰ ਉਡੀਕ ਰਿਹਾ ਸੀ। ਮੈਂ ਉਹਨੂੰ ਕਿਹਾ, "ਖ਼ੁਰਸ਼ੀਦ, ਲਗਦੇ ਹੱਥ ਟੋਪੀ ਰੱਖ ਤੇ ਸੂਹਾਂ ਦਾ ਚੱਕਰ ਲਾ ਆਈਏ, ਫੇਰ ਸ਼ਹਿਰ ਚਲਾਂਗੇ।"

"ਵਲ ਆਖਿਆ ਨੇ।"

ਟੋਪੀ ਰੱਖ ਦਾ ਨਾਂ ਹੁਣ ਅਯੂਬ ਪਾਰਕ ਹੈ। ਕੰਵਲ ਫੁੱਲਾਂ ਵਾਲੀ ਝੀਲ ਦੇ ਉਪਰਵਾਰ ਪੈਵਿਲੀਅਨ ਤੇ ਰੈਸਤੋਰਾਂ ਬਣ ਗਿਆ ਹੈ। ਉਥੇ ਬਹਿ ਕੇ ਅਸਾਂ ਚਾਹ ਪੀਤੀ। ਖ਼ੁਰਸ਼ੀਦ ਜਾਣ ਗਿਆ ਸੀ ਕਿ ਮੈਂ ਉਹਦੀਆਂ ਗੱਲਾਂ ਬੜੇ ਚਾਅ ਨਾਲ ਸੁਣਦਾ ਹਾਂ। ਹਰ ਚੀਜ਼ ਨੂੰ ਵਿਨੋਦੀ ਢੰਗ ਨਾਲ ਵੇਖਣਾ ਪੰਜਾਬੀ ਸੁਭਾਅ ਦੀ ਵਿਸ਼ੇਸ਼ਤਾ ਅਤੇ ਪਿੰਡੀ ਵਾਲਿਆਂ ਦੇ ਸੁਭਾਅ ਦੀ ਵਿਸ਼ੇਸ਼ ਵਿਸ਼ੇਸ਼ਤਾ ਹੈ। ਮਸਲਨ ਪਾਰਕ ਵਿਚ ਇਕ Teddy boy ਨੂੰ ਸੌੜੀ ਪਤਲੂਨ ਪਾਈ ਘੁੰਮਦਿਆਂ ਵੇਖ ਕੇ ਖ਼ੁਰਸ਼ੀਦ ਬੋਲਿਆ — "ਲਊ, ਹੇ ਵੇਖੋ, ਸਰੰਗੀ ਉਤੇ ਗ਼ਲਾਫ਼ ਚਾੜ੍ਹਿਆ ਹੋਇਆ ਨੇ।......ਇਹ ਵੜ ਤਾਂ ਗਿਆ ਇਸ ਪਿਉ ਵਾਲੀ ਪਤਲੂਨ ਵਿਚ, ਪਰ ਨਿਕਲਸੀ ਕਿਸ ਤਰ੍ਹਾਂ ?"

ਚੁਰਾਹਿਆਂ ਉਤੇ ਟ੍ਰੈਫ਼ਿਕ ਪੁਲਿਸਮੈਨਾਂ ਨੂੰ ਚਿੱਟੀ ਸੋਲਾ ਟੋਪੀ, ਚਿੱਟੇ ਬੂਟ, ਵਰਦੀ ਤੇ ਦਸਤਾਨੇ ਪਾਈ ਖਲੋਤਾ ਵੇਖ ਕੇ ਉਹਨੇ ਕਿਹਾ, "ਹੇ ਵੇਖੋ, ਚੂਨੇ 'ਚ ਕਾਂ ਫਸਿਆ ਹੋਇਆ ਨੇ। ਨਵੀਆਂ ਵਰਦੀਆਂ ਬਣਾਈਆਂ ਨੇ ਇਹਨਾਂ ਨੀਆਂ। ਟੋਪੀਆਂ ਗ਼ਲਤੀ ਨਾਲ ਸਾਰੀਆਂ ਹਿਕਾ ਸਾਈਜ਼ ਨੀਆਂ ਨਿਕਲ ਆਈਆਂ ਨੇ। ਕਿਸੇ ਆਂ ਪੂਰੀ ਆਨੀ ਏ, ਕਿਸੇ ਆਂ ਪੂਰੀ ਨਹੀਂ ਆਨੀ ਏ — ਹੇ ਇਸਾਂ ਵੇਖੋ, ਵੇਖਿਆ ਨੇ ?"

ਅਤੇ ਹੁਣ ਉਹ ਪਾਕਿਸਤਾਨੀ ਫ਼ਿਲਮਾਂ ਨੂੰ ਲੈ ਬੈਠਾ ਸੀ। ਲਾਹੌਰ ਕਿਸੇ ਸਟੂਡੀਉ ਜਾ ਕੇ ਇਕ ਵਾਰੀ ਸ਼ੂਟਿੰਗ ਵੇਖ ਆਇਆ ਸੀ। ਉਹ ਸਾਰਾ ਨਜ਼ਾਰਾ ਉਸ ਵੇਰਵੇ ਨਾਲ ਬਿਆਨ ਕੀਤਾ ਤੇ ਮੈਨੂੰ ਹਸਾ ਹਸਾ ਮਾਰਿਆ। ਆਖੇ — "ਐਵੇਂ ਹਰਾਮ ਨੀਆਂ ਖਾ ਖਾ ਕੇ ਢਿਡ ਮੋਟੇ ਕੀਤੇ ਹੋਏ ਨੇ। ਫ਼ਿਲਮ ਬਣਾਣੀ ਇਹਨਾਂ 'ਚੋਂ ਕਿਸੇ ਆਂ ਆਨੀ ਈ ਨਹੀਂ। ਫ਼ਿਲਮ ਨਾ ਕੰਮ ਹੋਨੈਂ ਝੂਠ ਆਂ ਸਚ ਕਰ ਕੇ ਵਿਖਾਣਾਂ। ਇਹ ਸੱਚ ਆਂ ਵੀ ਝੂਠ ਕਰ ਕੇ ਵਿਖਾਣੇਨ !"

ਫੇਰ ਉਤਰਾਈਆਂ ਲਹਿ ਕੇ ਅਸੀਂ ਸੂਹਾਂ ਦੇ ਕੰਢੇ ਜਾ ਬੈਠੇ। ਦਰਿਆ

ਨੂੰ ਵੇਖ ਕੇ ਅਸਾਂ ਦੋਹਾਂ ਉਪਰ ਸਕਤਾ ਜਿਹਾ ਛਾ ਗਿਆ।

ਮੈਨੂੰ ਪੁਰਾਣੇ ਵੇਲੇ ਯਾਦ ਆਏ। ਓਦੋਂ ਛਾਛੀ ਮਹੱਲੇ ਕੇਵਲ ਸਾਡਾ ਘਰ ਅਤੇ ਉਹਦੇ ਸਾਹਮਣੇ ਛਾਛੀਆਂ ਦੀ ਵਡੀ ਸਾਰੀ ਹਵੇਲੀ ਹੀ ਦੋ ਪੱਕੀਆਂ ਇਮਾਰਤਾਂ ਸਨ। ਬਾਕੀ ਹਰ ਪਾਸੇ ਕੱਚੇ ਕੱਚੇ ਕੋਠੇ ਸਨ ਜਿਵੇਂ ਪਿੰਡਾਂ ਦੇ ਹੁੰਦੇ ਹਨ। ਉਦੋਂ ਪਿੰਡੀਉਂ ਕਸ਼ਮੀਰ ਮਾਲ ਦੀ ਢੁਆਈ ਕਰਾਂਚੀਆਂ (ਬੈਲ-ਗੱਡੀਆਂ) ਰਾਹੀਂ ਹੁੰਦੀ ਸੀ। ਇਹੋ ਛਾਛੀਆਂ ਦਾ ਪੇਸ਼ਾ ਸੀ। ਕਰਾਂਚੀਆਂ ਦੇ ਲੰਮੇ ਲੰਮੇ ਕਾਫ਼ਲੇ ਟੁਰਦੇ। ਸਾਡੇ ਮਹੱਲੇ ਘਰ ਘਰ ਬਲਦਾਂ ਦੀਆਂ ਟੱਲੀਆਂ ਸੁਣਾਈ ਦੇਂਦੀਆਂ ਸਨ। ਦਾਂਦਾਂ (ਬਲਦਾਂ) ਨੂੰ ਇਹ ਛਾਛੀ ਮੁਸਲਮਾਨ ਆਪਣੇ ਘਰਾਂ ਦੇ ਜੀਆਂ ਵਾਂਗ ਪਿਆਰਦੇ। ਕੋਈ ਬਲਦ ਮਰ ਜਾਂਦਾ, ਔਰਤਾਂ ਚੀਕਾਂ ਮਾਰ ਮਾਰ ਕੇ ਰੋਂਦੀਆਂ ਤੇ ਪਿਟਦੀਆਂ। ਖ਼ੁਰਸ਼ੀਦ ਤੇ ਉਹਦਾ ਵੱਡਾ ਭਰਾ ਗ਼ਨੀ ਵੀ ਛਾਛੀਆਂ ਦੀ ਸੰਤਾਨ ਸਨ।

ਪਹਿਲੀ ਵਡੀ ਲਾਮ ਤੋਂ ਬਾਅਦ ਛਾਛੀਆਂ ਦੇ ਕੱਚੇ ਕੋਠੇ ਢਹਿਣੇ ਅਤੇ ਉਹਨਾਂ ਦੀ ਥਾਂ ਪੱਕੇ ਮਕਾਨ ਬਣਨੇ ਸ਼ੁਰੂ ਹੋ ਗਏ। ਪਹਿਲਾਂ ਮਹੱਲੇ ਵਿਚ ਮਸਾਂ ਇਕ ਦੋ ਘਰ ਹਿੰਦੂਆਂ ਦੇ ਸਨ। ਹੁਣ ਕਾਫ਼ੀ ਸਾਰੇ ਹਿੰਦੂ ਆ ਗਏ। ਫੇਰ ਲਾਰੀਆਂ ਦੇ ਆਉਣ ਨਾਲ ਕਰਾਂਚੀਆਂ ਦਾ ਕਾਰੋਬਾਰ ਖ਼ਤਮ ਹੋ ਗਿਆ ਅਤੇ ਛਾਛੀ ਹੌਲੇ ਹੌਲੇ ਸਾਰੇ ਮਹੱਲੇ ਵਿਚੋਂ ਲੁਪਤ ਹੁੰਦੇ ਗਏ। ਗ਼ਨੀ ਦਾ ਬਾਪ ਮੋਟਰ ਚਲਾਣ ਲਗ ਪਿਆ ਸੀ। ਬੜਾ ਚੰਗਾ ਡਰਾਈਵਰ ਮੰਨਿਆਂ ਜਾਂਦਾ ਸੀ। ਖ਼ੌਰੇ ਮੋਟਰ ਉਸ ਦੀ ਆਪਣੀ ਸੀ ਜਾਂ ਨੌਕਰੀ ਕਰਦਾ ਸੀ, ਮੈਨੂੰ ਨਹੀਂ ਪਤਾ। ਉਸ ਦਾ ਪਰਵਾਰ ਸਾਡੇ ਘਰ ਦੇ ਸਾਹਮਣੇ ਵਾਲੀ ਵਡੀ ਹਵੇਲੀ ਵਿਚ ਰਹਿੰਦਾ ਸੀ। ਅਨੇਕਾਂ ਹੋਰ ਪਰਵਾਰ ਰਹਿੰਦੇ ਸਨ। ਕਰਾਂਚੀਆਂ ਛਡ ਕੇ ਬਹੁਤਿਆਂ ਨੇ ਟਾਂਗੇ ਵਾਹੁਣੇ ਸ਼ੁਰੂ ਕਰ ਦਿਤੇ। ਗ਼ਨੀ ਚਾਰ ਪੰਜ ਜਮਾਤਾਂ ਮੇਰੇ ਨਾਲ ਆਰੀਆ ਸਕੂਲ ਵਿਚ ਪੜ੍ਹਿਆ। ਫੇਰ ਮਰੀ ਰੋਡ ਉਤੇ ਜਦੋਂ ਇਸਲਾਮੀਆ ਸਕੂਲ ਖੁਲ੍ਹਿਆ, ਤਾਂ ਉਥੇ ਪੈ ਗਿਆ। ਪੜ੍ਹਨ ਲਿਖਣ ਦਾ ਉਹਨੂੰ ਕੋਈ ਸ਼ੌਕ ਨਹੀਂ ਸੀ। ਫੇਰ ਬਾਪ ਨੇ ਉਹਨੂੰ ਚਕਲਾਲੇ ਐਮ. ਟੀ. ਦੀ ਵਰਕਸ਼ਾਪ ਵਿਚ ਭਰਤੀ ਕਰਾ ਦਿਤਾ ਸੀ। ਉਸ ਤੋਂ ਬਾਅਦ ਅਸੀਂ ਬਹੁਤਾ ਨਹੀਂ ਮਿਲੇ। ਇਹ ਖ਼ੁਰਸ਼ੀਦ, ਗ਼ਨੀ ਤੋਂ ਅਠ ਦਸ ਵਰ੍ਹੇ ਛੋਟਾ, ਮੇਰੇ ਭਣੇਵੇਂ ਅਸ਼ੋਕ ਨਾਲ ਖੇਡਣ ਸਾਡੇ ਘਰ ਆਣ ਜਾਣ ਲਗ ਪਿਆ ਸੀ। ਮੈਂ ਲਾਹੌਰ ਚਲਾ ਗਿਆ, ਉਥੋਂ ਸ਼ਾਂਤੀ ਨਿਕੇਤਨ ਉਥੋਂ ਸੇਵਾਗਰਾਮ। ਜਦੋਂ ਵੀ ਮੈਂ

ਪਿੰਡੀ ਫੇਰਾ ਪਾਂਦਾ ਗ਼ਨੀ ਮੈਨੂੰ ਬੜੇ ਪਿਆਰ ਨਾਲ ਮਿਲਣ ਆਂਦਾ ਸੀ। ਏਸ ਨਿਕੜੇ ਖ਼ੁਰਸ਼ੀਦ ਨੂੰ ਤਾਂ ਮੇਰੇ ਉਪਰ ਅੰਤਾਂ ਦਾ ਮਾਣ ਸੀ, ਭਾਵੇਂ ਮੈਂ ਉਹਨੂੰ ਬਹੁਤਾ ਨਹੀਂ ਸੀ ਗਉਲਦਾ। ਬੀ. ਬੀ. ਸੀ. ਦੀ ਨੌਕਰੀ ਤੇ ਮੇਰੇ ਵਲੈਤ ਜਾਣ ਪਿਛੋਂ ਗ਼ਨੀ ਗੁਜ਼ਰ ਗਿਆ ਸੀ । ਵਲੈਤੋਂ ਆ ਕੇ, ਮੈਂ ਬੰਬਈ ਵੱਸ ਗਿਆ, ਅਤੇ ਪਿੰਡੀ ਦੀ ਕਿਤਾਬ ਠੱਪੀ ਗਈ......

"ਹੇ ਵੇਖੋ," ਅਚਾਨਕ ਖ਼ੁਰਸ਼ੀਦ ਦੀ 'ਵਾਜ ਸੁਣ ਕੇ ਮੈਂ ਚੌਂਕ ਪਿਆ, "ਆ ਗਏ 'ਨੇ।"

ਉਸ ਦਾ ਇਸ਼ਾਰਾ ਦੂਰ ਇਕ ਟਿੱਲੇ ਉਤੇ ਖੜੇ ਦੋ ਸੀ. ਆਈ. ਡੀ. ਦੇ ਆਦਮੀਆਂ ਵਲ ਸੀ, ਜੋ ਮੋਟਰ ਸਾਈਕਲ ਉਤੇ ਬੈਠ ਕੇ ਕਬਾਬ ਵਿਚ ਹੱਡੀ ਵਾਲਾ ਰੋਲ ਅਦਾ ਕਰਨ ਲਈ ਸਾਡੇ ਪਿਛੇ ਆ ਗਏ ਸਨ।

੧੩

ooo

ਆਪਣੇ ਪੁਰਾਣੇ ਮਕਾਨ ਦੇ ਦਰਸ਼ਨਾਂ ਲਈ ਜਾਂਦਾ ਹਾਂ। ਪਰ ਅਖ਼ਬਾਰਾਂ ਦੇ ਪ੍ਰੈਸ ਫ਼ੋਟੋਗਰਾਫ਼ਰ ਮੈਥੋਂ ਪਹਿਲਾਂ ਉਥੇ ਪੁਜੇ ਹੋਏ ਹਨ। ਮਹੱਲੇ ਵਿਚ ਤਮਾਸ਼ਾ ਜਿਹਾ ਬਣ ਜਾਂਦਾ ਹੈ। ਰੱਜ ਕੇ ਮਕਾਨ ਨੂੰ ਵੇਖਣ ਦੀ, ਉਹਨੂੰ ਆਪਣੇ ਹਾਲ ਸੁਣਾਨ ਦੀ, ਉਹਦੇ ਪੁੱਛਣ ਦੀ ਸਿਕ ਇਕਾਂਤ ਵਿਚ ਹੀ ਪੂਰੀ ਹੋ ਸਕਦੀ ਸੀ। ਬਹੁਤ ਵਾਰੀ ਤਰਲੇ ਲਏ, ਪਰ ਇਹ ਇਕਾਂਤ ਨਸੀਬ ਨਾ ਹੋਈ।......

ਮਕਾਨ ਦੇ ਨਵੇਂ ਮਾਲਕ ਜਲੰਧਰ ਵਾਲੇ ਪਾਸੇ ਦੇ ਹਨ, ਰੱਜ ਕੇ ਸ਼ਰੀਫ਼ ਮਿਲਣਸਾਰ, ਨਿਮਰ। ਪਰਦਾ-ਨਸ਼ੀਨ ਹੁੰਦਿਆਂ ਵੀ ਤੀਵੀਂਆਂ ਨੇ ਮੇਰੇ ਕੋਲੋਂ ਪਰਦਾ ਨਹੀਂ ਕੀਤਾ। ਬੜੇ ਆਦਰ ਨਾਲ ਮੈਨੂੰ ਚਾਹ ਪਿਆਈ, ਕਮਰਿਆਂ ਦਾ ਚੱਕਰ ਲੁਆਇਆ। ਸਾਡਾ ਫ਼ਰਨੀਚਰ ਉਸੇ ਤਰਤੀਬ ਨਾਲ ਪਿਆ ਹੈ ਜਿਵੇਂ ਅਸੀਂ ਰਖਦੇ ਸਾਂ। ਮਕਾਨ ਦੇ ਖੁਸਣ ਦਾ ਰੰਜ ਬਿਲਕੁਲ ਮਹਿਸੂਸ ਨਹੀਂ ਹੋਇਆ, ਪਰ ਇਸ ਫ਼ਰਨੀਚਰ ਨੂੰ ਦੇਖ ਕੇ ਦਿਲ ਵਿਚ ਡਾਢਾ ਬਖ਼ੀਲੀ ਸਾੜਾ ਉਠ ਪਿਆ। ਦਿਲ ਕੀਤਾ ਸਾਰੀਆਂ ਚੀਜ਼ਾਂ ਚੁਕ ਕੇ ਲੈ ਜਾਵਾਂ।

ਇਕ ਪੁਰਾਣੇ ਮਹੱਲੇਦਾਰ. ਦੋਸਤ ਦੀ ਧੀ ਦਾ ਵਿਆਹ ਹੈ। ਜੰਞ ਨੂੰ ਸਾਡੇ ਘਰ ਦੇ ਹੇਠਲੇ ਹਿੱਸੇ ਵਿਚ ਰੋਟੀ ਖੁਆਈ ਜਾ ਰਹੀ ਹੈ। ਵਰਤਾਣ ਵਾਲਿਆਂ ਵਿਚ ਮੈਂ ਵੀ ਸ਼ਾਮਲ ਹਾਂ। ਮੇਜ਼ਾਂ ਕੁਰਸੀਆਂ ਅੰਦਰ ਵਿਹੜੇ ਵਿਚ

ਪਿਤਾ ਜੀ ਦੇ ਦਫ਼ਤਰ ਵਿਚ, ਅਤੇ ਉਸ ਦੇ ਪਿਛੇ ਮੇਰੇ ਆਪਣੇ ਸੌਂਣ-ਕਮਰੇ ਵਿਚ ਵਿਛੀਆਂ ਹੋਈਆਂ ਹਨ। ਸਮਾਂ ਅਜੀਬ ਝੂਟੇ ਲੈ ਰਿਹਾ ਹੈ।

"ਵਾਰਸ ਸ਼ਾਹ ਮੀਆਂ ਗੰਨਾਂ ਚੱਖ ਸਾਰਾ
ਮਜ਼ੇ ਵੇਖ ਲੈ ਪੋਰੀਆਂ ਪੋਰੀਆਂ ਦੇ।"

ਜੰਵ ਨੂੰ ਖੁਆ ਕੇ ਦੋਸਤਾਂ ਦੀ ਮੰਡਲੀ ਆਪ ਖਾਣ ਲਈ ਬੈਠਦੀ ਹੈ। ਅਚਾਨਕ ਉਹ ਦੋਸਤ ਵੀ ਅਪੜ ਜਾਂਦਾ ਹੈ ਜਿਸ ਨੇ ਸੁਪਨੇ ਵਿਚ ਮੈਨੂੰ ਛੁਰਾ ਮਾਰ ਕੇ ਹਲਾਕ ਕੀਤਾ ਸੀ, ਅਤੇ ਜਿਸ ਦਾ ਨਾਂ ਮੈਨੂੰ ਹੁਣ ਤੀਕਰ ਯਾਦ ਨਹੀਂ ਸੀ ਆਇਆ। ਹੂ-ਬ-ਹੂ ਸੁਪਨੇ ਵਾਂਗ ਹੀ ਨਾਲੋ ਨਾਲ ਬਹਿ ਕੇ ਰੋਟੀ ਖਾਣ ਲਗ ਪਏ। ਮੇਰੇ ਮੂੰਹੋਂ ਨਿਕਲ ਗਿਆ, "ਯਾਰਾ ਮੇਰੀ ਬਦਨਸੀਬੀ ਵੇਖ, ਤੇਰਾ ਨਾਂ ਮੈਨੂੰ ਯਾਦ ਨਹੀਂ ਆ ਰਿਹਾ।"

ਇਕਦਮ ਉਸ ਦਾ ਹੱਥ ਲਾਇਆਂ ਮੈਲਾ ਹੋਣ ਵਾਲਾ ਗੋਰਾ ਚਿਹਰਾ ਗ਼ੁਸੇ ਨਾਲ ਤਮਤਮਾਣ ਲਗ ਪਿਆ, ਜਿਵੇਂ ਹੁਣੇ ਜੇਬ ਵਿਚੋਂ ਚਾਕੂ ਕੱਢ ਕੇ ਸੁਪਨੇ ਨੂੰ ਪੂਰਨ ਰੂਪ ਸੱਚਾ ਕਰ ਵਿਖਾਏਗਾ। ਉਹਨੇ ਛੁਰਾ ਤਾਂ ਨਹੀਂ ਕਢਿਆ, ਪਰ ਜਿਹੜੇ ਸ਼ਬਦ ਆਖੇ ਉਹ ਘਟ ਖੁਭਣ ਵਾਲੇ ਨਹੀਂ ਸਨ; "ਵਾਪਸ ਜਾ ਕੇ ਆਪਣੇ ਮਾਤਾ ਜੀ ਕੋਲੋਂ ਪੁਛੀਂ। ਉਹਨਾਂ ਕੀ ਮੇਰਾ ਨਾਂ ਨਹੀਂ ਭੁੱਲਿਆ ਹੋਣਾ।"

ਦਿੱਲੀ ਪੁਜ ਕੇ ਮੈਂ ਉਸ ਦੀ ਗੱਲ ਨੂੰ ਅਜ਼ਮਾਇਆ। ਮੈਂ ਮਾਂ ਨੂੰ ਕਿਹਾ, "ਮਾਤਾ ਜੀ ਮੇਰੇ ਬਚਪਨ ਦਾ ਉਹ ਦੋਸਤ ਯਾਦ ਜੇ? ਬੜਾ ਬੀਬੜਾ ਜਿਹਾ ਤੇ ਗੋਰਾ ਰੂੰ? ਸੁਹਣੀ ਜਿਹੀ ਪਗ......"

"ਮੇਰਾ ਮੁਖ਼ਤਾਰ?" ਮਾਤਾ ਜੀ ਨੇ ਝਟ ਟੋਕ ਕੇ ਕਿਹਾ, "ਹਾਏ ਉਸ ਵਿਚਾਰੇ ਨੂੰ ਕਿਵੇਂ ਭੁੱਲ ਸਕਨੀ ਹਾਂ?"......

ਕੰਪਨੀ ਬਾਗ਼ ਦਾ ਨਾਂ ਹੁਣ ਲਿਆਕਤ ਪਾਰਕ ਹੋ ਗਿਆ ਹੈ। ਇਸ ਤੋਂ ਆਪਣੇ ਟੈਕਸੀ ਡਰਾਈਵਰ ਯਾਰ ਖ਼ੁਰਸ਼ੀਦ ਦੀ ਇਕ ਗੱਲ ਯਾਦ ਆਈ। ਸਦਰ ਬਾਜ਼ਾਰ ਵਿਚੋਂ ਲੰਘ ਰਹੇ ਸਾਂ। ਮੈਂ ਉਹਨੂੰ ਪੁੱਛਿਆ, "ਖ਼ੁਰਸ਼ੀਦ, ਸਾਡੇ ਪਾਸੇ ਤਾਂ ਰਿਸ਼ਵਤ, ਸਫ਼ਾਰਸ਼ ਖ਼ੂਬ ਚਲਦੀ ਏ। ਇਥੇ ਕੀ ਹਾਲ ਏ?"

"ਲਿਆਕਤ ਆਂ ਤਾਂ ਗੋਲੀ ਮਾਰ ਛੋੜੀ ਨੇ ਨਾਂ ਜੀ," ਉਸ ਝਟ ਜਵਾਬ ਦੇ ਦਿਤਾ।

"ਕੀ ? ਮੈਂ ਨਹੀਂ ਸਮਝੀ ਤੇਰੀ ਗੱਲ ।"

"ਓ ਜੀ, ਲਿਆਕਤ ਅਲੀ ਹੋਰਾਂ ਕੀ ਤਾਂ ਗੋਲੀ ਮਾਰ ਛੋੜੀ ਹੋਈ ਨੇ ਨਾ। ਬਾਕੀ ਤਾਂ ਰਿਸ਼ਵਤ ਅਲੀ ਤੇ ਸਿਫ਼ਾਰਸ਼ ਅਲੀ ਹੋਰੀਂ ਈ ਰਹਿ ਗਏ ਨਾ ।"

ਲਿਆਕਤ ਪਾਰਕ ਵਿਚ ਸ਼ਹਿਰ ਦੇ ਪਤਰਕਾਰਾਂ ਨੇ ਮੈਨੂੰ ਪਾਰਟੀ ਦਿਤੀ ਹੈ। ਸ਼ੋਰਸ਼ ਮਲਿਕ, ਅਫ਼ਜ਼ਲ ਪਰਵੇਜ਼ (ਜਿਨ੍ਹਾਂ ਦੀਆਂ ਪੰਜਾਬੀ ਕਵਿਤਾਵਾਂ ਭਾਰਤੀ ਰਸਾਲਿਆਂ ਵਿਚ ਵੀ ਛਪਦੀਆਂ ਹਨ) ਅਤੇ ਹੋਰ ਕਈ ਸੱਜਣਾਂ ਨੇ ਪੰਜਾਬੀ ਅਤੇ ਉਰਦੂ ਦੀਆਂ ਅਭੁੱਲ ਕਵਿਤਾਵਾਂ ਸੁਣਾਈਆਂ । ਫੇਰ ਮੇਰੀ ਦਰਖ਼ਾਸਤ ਉਤੇ, ਉਸੇ ਰਾਤੀਂ ਇਹਨਾਂ ਸੱਜਣਾਂ ਨੇ ਪਾਰਕ ਵਿਚ ਦੂਰ ਪਿੰਡਾਂ ਤੋਂ ਕਲਾਵੰਤਾਂ ਨੂੰ ਸੱਦ ਕੇ ਲੋਕ-ਗੀਤਾਂ ਅਤੇ ਨ੍ਰਿਤਾਂ ਦਾ ਮੇਲਾ ਵੀ ਲ਼ਾਇਆ। ਜੀਵਨ ਵਿਚ ਪਹਿਲੀ, ਅਤੇ ਕੌਣ ਜਾਣੇ ਸ਼ੈਦ ਅਖ਼ੀਰਲੀ ਵਾਰੀ ਮੈਂ ਆਪਣੀ ਜਨਮ-ਧਰਤ ਦੀ ਗੋਦ ਵਿਚ ਬਹਿ ਕੇ ਵੇਖੇ। ਕਈ ਹੋਰ ਮਿੱਤਰਾਂ ਦੇ ਪਰਵਾਰ ਵੀ, ਜਿਹੜੇ ਮੇਰੇ ਨਾਲ ਹੁਣ ਇੰਜ ਸਲੂਕ ਕਰਨ ਲਗ ਪਏ ਸਨ, ਜਿਵੇਂ ਨਾ ਕਦੇ ਮੈਂ ਦੇਸੋਂ ਬਾਹਰ ਗਿਆ ਸਾਂ ਤੇ ਨਾ ਕਦੇ ਜਾਣਾ ਹੈ, ਏਸ "ਪਾਗਲਪਣੇ" ਵਿਚ ਸਾਥ ਦੇ ਰਹੇ ਸਨ। ਮੇਰਾ ਗੰਵਾਰੂ ਨਾਚਾਂ ਅਤੇ ਗੀਤਾਂ ਉਪਰ ਇਤਨਾ ਰੀਝਣਾ ਉਹਨਾਂ ਨੂੰ ਅਸੁਭਾਵਕ ਜਿਹਾ ਲਗ ਰਿਹਾ ਸੀ।

ਨੱਚਣ ਵਾਲਿਆਂ ਦੀਆਂ ਪੱਗਾਂ ਅਤੇ ਅੰਗਰਖੇ ਇਕ-ਦਮ ਮਾਰਵਾੜੀ ਜਾਂ ਕਾਠੀਆਵਾੜੀ ਢੰਗ ਦੇ ਸਨ। ਉਹਨਾਂ ਦਾ ਡੰਡਕੜੇ ਵਜਾ ਕੇ ਨੱਚਣਾ ਵੀ ਕਾਠੀਆਵਾੜੀ "ਡਾਂਡੀਆ ਰਾਸ" ਵਾਂਗਰ ਸੀ, ਪਰ ਜਿਸ ਮਰਦਊਪੁਣੇ ਨਾਲ ਇਹ ਪੋਠੋਹਾਰੀ ਗਭਰੂ ਉਛਲਦੇ ਅਤੇ ਘੂਕਰਦੇ ਸਨ, ਉਹ ਪੰਜਾਬ ਤੋਂ ਛੁੱਟ ਕਿਸੇ ਪ੍ਰਾਂਤ ਦੇ ਵਸ ਦਾ ਨਹੀਂ।

ਨ੍ਰਿਤਕਾਂ ਨੇ ਮੈਨੂੰ ਦਸਿਆ ਕਿ ਨ੍ਰਿਤ ਉਹਨਾਂ ਦੇ ਘਰਾਣਿਆਂ ਵਿਚ ਪੁਸ਼ਤ-ਦਰ-ਪੁਸ਼ਤ ਚਲਾ ਆ ਰਿਹਾ ਹੈ। ਪੁਸ਼ਾਕਾਂ ਦੇ ਡੀਜ਼ਾਈਨ ਵੀ ਸਦੀਆਂ ਪੁਰਾਣੇ ਹਨ, ਇਹਨਾਂ ਨੂੰ ਕਦੇ ਨਹੀਂ ਬਦਲਿਆ ਜਾਂਦਾ। ਨਾ ਹੀ ਨ੍ਰਿਤ ਤੋਂ ਇਲਾਵਾ ਕਿਸੇ ਹੋਰ ਮੌਕੇ 'ਤੇ ਵਰਤਿਆ ਜਾਂਦਾ ਹੈ।

ਝੰਗ ਦੇ ਨ੍ਰਿਤ ਵੇਖ ਕੇ ਮੈਨੂੰ ਪੱਛਮੀ ਪੰਜਾਬ ਅਤੇ ਕੱਛ-ਕਾਠੀਆਵਾੜ ਦੀ ਸਭਿਆਚਾਰਕ ਸਾਂਝ ਦਾ ਅਨੁਮਾਨ ਹੋਇਆ ਸੀ। ਉਸ ਦਾ ਪੱਕਾ ਸਬੂਤ ਪਿੰਡੀ

ਵਿਚ ਮਿਲ ਗਿਆ। ਇਹ ਨ੍ਰਿਤ ਅਵੱਸ਼ ਜਨਤਾ ਦੇ ਇਸਲਾਮ ਧਾਰਨ ਕਰਨ ਤੋਂ ਪਹਿਲਾਂ ਦੇ ਵੇਲਿਆਂ ਦੇ ਹਨ।

ਪੋਠੋਹਾਰ ਦੇ ਮਾਹੀਏ ਤੇ ਢੋਲੇ ਆਪਣੀ ਬੇ-ਮਿਸਾਲ ਸੁੰਦਰਤਾ ਲਈ ਮਸ਼ਹੂਰ ਹਨ। ਹੀਰ ਗਾਉਣ ਦੀ ਵੀ ਇਹਨਾਂ ਲੋਕਾਂ ਦੀ ਇਕ ਆਪਣੀ ਅਨੋਖੀ ਤਰਜ਼ ਹੈ। ਇਸ ਦੇ ਵਿਚ ਕਰੁਣ-ਰਸ ਨਹੀਂ, ਸਗੋਂ ਨਾਟਕਮਈ ਗੀਤਸ਼ਾਲੀ ਕਥਾ-ਰਸ ਦੀ ਪ੍ਰਬਲਤਾ ਹੈ ।

ਰਾਵਲਪਿੰਡੀ ਦੇ ਰਾਜਧਾਨੀ ਬਣਨ ਨਾਲ ਇਹਨਾਂ ਕਲਾਕਾਰਾਂ ਦੀ ਅਚਿੰਤੀ ਸਹਾਇਤਾ ਵਾਪਰ ਗਈ ਹੈ। ਵਿਦੇਸਾਂ ਤੋਂ ਆਉਣ ਵਾਲੇ ਮੁਅੱਜ਼ਜ਼ ਮਹਿਮਾਨਾਂ ਨੂੰ ਸਥਾਨਕ ਲੋਕ-ਕਲਾ ਦੇ ਨਮੂਨੇ ਵਿਖਾਣ ਲਈ ਸਰਕਾਰ ਵਲੋਂ ਉਹਨਾਂ ਨੂੰ ਯਾਦ ਕੀਤਾ ਜਾਣ ਲਗ ਪਿਆ ਹੈ। ਇੰਜ ਇਹਨਾਂ ਨੂੰ ਕਦੇ ਕਦੇ ਚੰਗੀ ਮਾਇਆ ਤੇ ਸ਼ਲਾਘਾ ਮਿਲ ਜਾਂਦੀ ਹੈ, ਪਰ ਪੜ੍ਹੇ ਲਿਖੇ ਮੁੰਡਿਆਂ ਕੁੜੀਆਂ ਨੂੰ, ਸਾਡੇ ਦੇਸ ਵਾਂਗ, ਲੋਕ-ਨ੍ਰਿਤ ਸਿਖਣ ਦੀ ਚੇਟਕ ਅਜੇ ਨਹੀਂ ਲਗੀ ।.........

ਸੈਦਪੁਰ (ਜਿਸ ਦਾ ਰਾਮ-ਕੁੰਡ ਦੂਜਾ ਨਾਂ ਸੀ) ਅਤੇ ਨੂਰਪੁਰ (ਜਿਥੇ ਬਰੀ ਇਮਾਮ ਦਾ ਮੇਲਾ ਲਗਦਾ ਹੈ) ਦੀ ਸੈਰ ਕਰਦਿਆਂ ਉਹ ਮਕਾਮ ਵੇਖਿਆ ਜਿਥੇ ਨਵੀਂ ਰਾਜਧਾਨੀ ਬਣੇਗੀ। ਸੈਦਪੁਰ ਤੋਂ ਤਿੰਨ ਕੁ ਮੀਲ ਉਰਾਂਹ ਤਖ਼ਤਪੜੀ ਦੀ ਪਹਾੜੀ ਨੂੰ ਕੇਂਦਰ ਬਣਾ ਕੇ ਨਗਰ ਰਮਣੀਕ ਪਹਾੜ-ਤਰਾਈ ਵਿਚ ਫੈਲਦਾ ਚਲਾ ਜਾਇਗਾ। ਮਰੀ ਰੋਡ ਉਪਰ ਰਾਵਲਾਂ ਨਾਮਕ ਥਾਂ 'ਤੇ ਇਕ ਨਵਾਂ ਤੇ ਬਹੁਤ ਵੱਡਾ ਬੰਨ੍ਹ ਬਣਾਇਆ ਗਿਆ ਹੈ। ਨੀਲਾ ਨਿਰਮਲ ਪਾਣੀ, ਝੀਲ ਰੂਪ ਕਈ ਮੀਲਾਂ ਦੇ ਰਕਬੇ ਵਿਚ ਫੈਲ ਗਿਆ ਹੈ। ਰਾਜਧਾਨੀ ਦਾ ਪੂਰਬਲਾ ਭਾਗ ਇਸ ਝੀਲ ਨੂੰ ਛੋਹੇਗਾ। ਮਕਾਮ ਚੁਣਨ ਵਾਲਿਆਂ ਦੀ ਸੋਚ ਉਪਰ ਚੰਡੀਗੜ੍ਹ ਦਾ ਚੋਖਾ ਪ੍ਰਭਾਵ ਪਿਆ ਜਾਪਦਾ ਹੈ। ਪਰ ਇਸ ਵਿਚ ਕੋਈ ਸ਼ਕ ਨਹੀਂ ਕਿ ਕੋਹਮਰੀ ਦੀਆਂ ਪਹਾੜੀਆਂ ਦਾ ਨਜ਼ਾਰਾ ਸ਼ਿਵਾਲਿਕ ਦੀ ਪਰਬਤ-ਮਾਲਾ ਤੋਂ ਕਿਤੇ ਜ਼ਿਆਦਾ ਹੁਸੀਨ ਹੈ। ਚੰਡੀਗੜ੍ਹ ਕਿਸੇ ਫ਼ਰਾਂਸੀਸੀ ਇਮਾਰਤਕਾਰ ਦੀ ਸੋਚ ਦਾ ਕਰਿਸ਼ਮਾ ਸੀ। ਪਾਕਿਸਤਾਨ ਦੀ ਨਵੀਂ ਰਾਜਧਾਨੀ ਨੂੰ ਵਜੂਦ ਵਿਚ ਲਿਆਉਣ ਲਈ ਇਕ ਯੂਨਾਨੀ ਇਮਾਰਤਕਾਰ ਦੀਆਂ ਖ਼ਿਦਮਤਾਂ ਹਾਸਲ ਕੀਤੀਆਂ ਗਈਆਂ ਹਨ। ਵੇਖੀਏ ਇਸ ਬਾਦਸ਼ਾਹੀ ਦੌੜ ਵਿਚ ਕੌਣ ਜਿੱਤਦਾ ਹੈ। ਮੇਰੇ ਹੁੰਦਿਆਂ ਹਾਲੇ ਕੋਈ ਇਮਾਰਤ ਨਹੀਂ ਸੀ ਉਸਰੀ। ਤਖ਼ਤ-

ਪੜੀ ਉਪਰ ਕੁਝ ਸਰਕਾਰੀ ਇਮਾਰਤਾਂ ਦੀ ਨੀਂਹ-ਖੁਦਾਈ ਦੂਰੋਂ ਦਿਸ ਰਹੀ ਸੀ।

ਚੰਡੀਗੜ੍ਹ ਬਣਨ ਵੇਲੇ ਜਦੋਂ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਤੋਂ ਬੇ-ਦਖਲ ਕਰ ਕੇ ਦੂਜੀਆਂ ਥਾਵਾਂ 'ਤੇ ਭੇਜਿਆ ਗਿਆ ਤਾਂ ਉਹ ਬੜੇ ਦੁਖੀ ਹੋਏ ਸਨ। ਮੈਨੂੰ ਯਾਦ ਹੈ ਇਕ ਬੁੱਢੜੀ ਮੇਰੇ ਇਕ ਮਿੱਤਰ ਦੇ ਬੰਗਲੇ ਦੇ ਫਾਟਕ 'ਤੇ ਰੋਜ਼ ਸਵੇਰੇ ਬਹਿ ਕੇ ਵੈਣ ਕਰਦੀ ਸੀ। ਉਜੜਦੇ ਪਿੰਡ ਦੇ ਇਕ ਵਸਨੀਕ ਨੇ ਹਉਕੇ ਭਰਦਿਆਂ ਕਿਹਾ ਸੀ. "ਉਧਰੋਂ ਉਜੜ ਕੇ ਆਇਆਂ ਨੇ ਇਧਰ ਆ ਕੇ ਸਾਨੂੰ ਉਜਾੜ ਦਿਤਾ।"

ਮੈਂ ਖ਼ੁਰਸ਼ੀਦ ਨੂੰ ਪੁੱਛਿਆ, "ਜਿਨ੍ਹਾਂ ਦੀਆਂ ਜ਼ਮੀਨਾਂ ਲਿੱਤੀਆਂ ਗਈਆਂ ਨੇ, ਉਹ ਦੁਖੀ ਤਾਂ ਨਹੀਂ ?"

"ਰਾਜਿਆਂ ਦੀਆਂ ਜ਼ਮੀਨਾਂ ਹੋਈਆਂ ਨਾ ਜੀ," ਉਸ ਨੇ ਜੁਆਬ ਦਿਤਾ (ਰਾਜੇ ਕੋਹਮਰੀ ਦੇ ਪਹਾੜਾਂ ਵਿਚ ਵੱਸਣ ਵਾਲੀ ਕੌਮ ਦਾ ਨਾਂ ਹੈ) "ਜਿਹੜੇ ਕਲ੍ਹ ਤਾਣੀ ਘਾ ਖੋਤਰਨੇ ਹਏ, ਅਜ ਲੱਤਾਂ ਅਸਮਾਨ 'ਲ ਕਰ ਕੇ ਬੈਠੇ ਹੋਏ 'ਨ। ਢਿਡ ਹਿੰਜ ਕਢੇ ਨੇ ਜੀਕਣ ਮੋਚੀ ਨੇ ਅਗੇ ਤ੍ਰਾੜ ਪਈ ਹੋਨੀ ਏ। ਪੈਸਾ ਕੋਲ ਹੋਵੇ ਤਾਂ ਬੰਦਾ ਮਜਬੂਰ ਹੋ ਵੈਨੇ ਨਾਂ ਜੀ......"

* * *

ਆਪਣੀ ਨੋਟ-ਬੁੱਕ ਵਿਚੋਂ :

ਯਾਦ ਆਨੀ ਪਈਏ ਉਸ ਬੁੱਢੇ ਮਾਸਟਰ ਨੀ ਤਰੀਮਤ। ਗਲੀਆਂ ਨੇ ਚੱਕਰ ਮਾਰਨਿਆਂ ਮਾਂ ਕਿਸੇ ਦਸਿਆ ਹਿਥੇ ਕੋਈ ਹਿੰਦੂ ਮਾਸਟਰ ਰਹਿੰਨੈ। ਮੈਂ ਪੁੱਛਿਆ ਕਿਹੜੀ ਸਕੂਲ ਪੜ੍ਹਾਨੇ ਹਏ। ਅਖੇ ਕੋਹਮਰੀ ਗਵਰਮਿੰਟ ਸਕੂਲ...... ਨਾਂ ਵੀ ਦਸਿਆ ਨੇ, ਪਰ ਯਾਦ ਨਹੀਂ ਰਿਹਾ। ਪਹਿਲੋਂ ਤਾਂ ਧਿਆਨ ਨਹੀਂ ਕੀਤਾ, ਪਰ ਚਾਰ ਕਦਮ ਅੱਗੇ ਜਾ ਕੇ ਵੱਤ ਰੁਕ ਗਿਆ। ਯਾਦ ਆਇਆ ਹਿਕ ਵਾਰੀ ਜਦੋਂ ਕੋਹਮਰੀ ਛੁਟੀਆਂ 'ਤੇ ਗਿਆ ਹੋਇਆ ਹਿਆਂ, ਉਥੇ ਨੇ ਹਿਕ ਨਢੇ ਨਾਲ ਮੈਂਡੀ ਦੋਸਤੀ ਹੋ ਗਈ, ਤੇ ਹਿਕ ਦਿਹਾੜੇ ਉਹ ਮਾਂ ਬਜ਼ਾਰੂੰ ਥਲੇ ਆਪਣੀ ਗੌਰਮਿੰਟ ਸਕੂਲ ਵਿਚ ਝੂਠੀ ਮੂਠੀ "ਦਾਖ਼ਲ" ਕਰਾਣ ਲੈ ਗਿਆ ਹਿਆ। ਸਾਰਾ ਦਿਹਾੜਾ ਮੈਂ ਉਸ ਨੀ ਜਮਾਤ ਵਿਚ ਬੈਠ ਕੇ ਪੜ੍ਹਿਆ ਹਿਆ।

ਸੋਚਿਆ ਮਿਲ ਤਾਂ ਲੈਣਾ ਹੀ ਚਾਹੀਨਾਂ, ਅਤੇ ਸਿਹਾਣਨਾਂ ਈ ਹੋਵਾਂ ਉਹਨਾਂ ਮਾਸਟਰ ਹੋਰਾਂ ਕੀ ।

ਹਿਕ ਬੁੱਢੀ ਛੱਜੇ ਤੋਂ ਪਈ ਤੱਲੇ ਵੇਖਣੀ ਹਈ। ਗਏ ਆਂ ਉਪਰ ਪੌੜੀਆਂ ਚੜ੍ਹ ਕੇ। ਅਗੇ ਮਾਸਟਰ ਕੀ ਵੇਖਿਆ, ਯਮਰਾਜ ਨਾਂ ਮਿਹਮਾਨ ਬਣ ਕੇ ਬੈਠਾ ਹੋਇਆ ਕੁਰਸੀ ਨੇ ਉਪਰ। ਹਥ ਤੇ ਸਿਰ ਦੋਏਂ ਹਲਨੇਂ ਪਏ ਹਏ ਲਕਵੇ ਨਾਲ। ਮਾਂ ਝਟ ਯਾਦ ਆ ਗਿਆ, ਉਸ ਕੋਲੂੰ ਹਿਸਾਬ ਪੜ੍ਹਿਆ ਹਿਆ ਉਸ ਦਿਹਾੜੇ। ਇਹ ਮਾਸਟਰ ਪੱਕਾ ਆਰੀਆ ਸਮਾਜੀ ਹੋਨਾ ਹਿਆ, ਤੇ ਮੇਰੇ ਦੋਸਤ ਆਂ ਘਰ ਵੀ ਪਛ੍ਹਾਨ ਆਨਾ ਹਿਆ। ਕੇਡਾ ਸੁਹਣਾ ਜੁਆਨ ਹੋਨਾ ਹਿਆ। ਹੁਣ ਵੀ ਏਡਾ ਬੁੱਢਾ ਤਾਂ ਨਹੀਂ ਹੋਣਾਂ। ਇਜਹੀ ਹਾਲਤਾਂ ਕੀਕੁਣ ਪਹੁੰਚ ਗਿਆ ? ਅੱਖਾਂ ਤੋਂ ਦਿਸਨਾਂ ਨਹੀਂ, ਬੋਲ ਸਕਨਾਂ ਨਹੀਂ। ਦਾੜ੍ਹੀ ਤੇ ਸਿਰ ਨੇਂ ਵਾਲ ਚਿੱਟੇ ਭਰੂੜ। ਬੁੱਢੀ ਨੇ ਹਿਸਾਬ ਮੁਤਾਬਕ ਉਸ ਨੀ ਉਮਰ ਪੈਂਠਾਂ ਸੱਤਰਾਂ ਤੋਂ ਉਪਰ ਨਹੀਂ ਹੋਣੀ। ਇਹ ਹਾਲਤ ਜ਼ਰੂਰ ਦਿਲ ਦੇ ਗ਼ਮ ਨੇ ਕੀਤੀ ਹੋਸੀ, ਜਿਹੜਾ ਸ਼ਹਿਰ ਹਿੰਦੂਆਂ ਤੋਂ ਖ਼ਾਲੀ ਹੋ ਜਾਣ ਨਾਲ ਦਿਲ ਨੂੰ ਲਗ ਗਿਆ। ਪਹਿਲੋਂ ਮੌਤ ਨਾਂ ਡਰ, ਪਿਛੋਂ ਪੁੱਤਰ ਮੁਸਲਮਾਣ ਹੋ ਗਿਆ, ਧਰਮ ਭਰਿਸ਼ਟ ਗਿਆ। ਆਪਣੀ ਪਿਸੰਦ ਨੀ ਦੁਨੀਯਾ ਖ਼ਤਮ ਹੋ ਗਈ।

ਪਰ ਉਸ ਨੀ ਤਰੀਮਤ, ਉਹ ਬੁਢੜੀ, ਵਧੇਰੇ ਮਜ਼ਬੂਤ ਹੱਡ-ਮਾਸ ਨੀ ਬਣੀ ਹੋਈ ਜਾਪਨੀ ਏਂ। ਆਪੇ ਈ ਗੱਲਾਂ ਕਰਨ ਲਗ ਪਈ ਅਸਾਂ ਨਾਲ, ਮਾਸਟਰ ਤਾਂ ਬੋਲ ਈ ਨਹੀਂ ਸੀ ਸਕਨਾਂ।

"ਹੁਣ ਉਠ ਕੇ ਬਹਿਣ ਜੋਗੇ ਤਾਂ ਹੋ ਗਏ ਨੇ। ਬੜੀ ਖ਼ਿਦਮਤ ਕੀਤੀ ਏ ਵਿਦਿਆ ਸਾਗਰੇ ਨੇ। ਬਸ ਇਹਾ ਹਿਕਾ ਪੁੱਤਰ ਨਿਖ਼ਤਾ ਨੇ, ਰੱਬ ਹਯਾਤੀ ਦੇਵੇਸ। ਸਭ ਉਸੇ ਨਾਂ ਹੁਕਮ ਏਂ ਬੱਚਿਆ। ਮਾਂ ਪਿਉ ਹਿੰਦੂ ਤੇ ਪੁੱਤਰ ਮੁਸਲਮਾਣ—ਇੱਕਾ ਗੱਲ ਨਹੀਂ। ਸਾਰੇ ਹਿਕ ਈ ਆਂ ਕੇ। ਅਸਾਂ ਸੜਨੈ ਤੇ ਅਗੋਂ ਉਹਨਾਂ ਨੀ ਔਲਾਦ ਉਹਨਾਂ ਕੀ ਕਬਰਾਂ ਵਿਚ ਪਾ ਛੋੜਿਆ ਕਰਸੀ। ਮੈਂ ਤਾਂ ਹਾਲਾਂ ਤੋੜੀ ਗੰਗਾ ਨੇ ਵੀ ਦਰਸ਼ਨ ਨਹੀਂ ਕੀਤੇ। ਅਸਾਂ ਵਾਸਤੇ ਤਾਂ ਭਾਂਡੇ ਅਲਗ ਰਖੇ ਹੋਏ ਨੇ, ਇਹ ਤਾਂ ਪੁੱਤਰੇ ਨੇ ਹੱਥ ਨਾ ਪਾਣੀ ਵੀ ਨਹੀਂ ਪੀਣੇ।" (ਇਕ ਬੁਰਕੇ ਵਾਲੀ ਕੁੜੀ ਬਾਹਰੋਂ ਵਾਜ ਮਾਰਨੀਂ ਏਂ, "ਮਾਤਾ ਜੀ ਸਾਗਰ ਕਿਥੇ ਐ ? ਹਾਲਾਂ ਤੋੜੀ ਨਹੀਂ ਆਇਆ ?") ਹੇ ਸਾਗਰੇ ਨੀ ਵਹੁਟੀ ਐ। ਇਹ ਵੀ ਪਛ੍ਹਾਨੀ ਐਂ। ਬੁਰਕਾ ਤਾਂ ਹੁਣ ਕੋਈ ਨਹੀਂ ਪਾਨਾਂ, ਇਹ ਤਾਂ ਕਦੇ

ਕਦੇ......ਮਿਸ ਕਾਮਟੇ ਇਥੇ ਇਕ ਹਿੰਦੂ ਜ਼ਨਾਨੀ ਐਂ । ਉਹ ਵੀ ਪੜ੍ਹਾਨੀਂ ਐਂ । ਹਜ਼ਾਰ ਰੁਪਿਆ ਤਨਖ਼ਾਹ ਲੈਣੀਐਂ......ਦਿਲ ਮਜ਼ਬੂਤ ਰਖਣਾਂ ਚਾਹੀਨੈ । ਕੋਹਮਰੀ ਔਹ ਕਿਧਰ ਲੁੱਗੇ ਪਾਸੇ ਰਹਿਨੈਂ ਹਏ ਹਾਂ । ਕਿਤਨਾਂ ਕਿਤਨਾਂ ਚਿਰ ਕੱਲੀ ਬੈਠੀ ਰਹਿਨੀਂ ਹਈ ਆਂ । ਡਰਨਾਂ ਨਹੀਂ ਚਾਹੀਨਾਂ ।"

ਪੁਠੁਹਾਰੀ ਦਲੇਰੀ, ਪੁਠੁਹਾਰੀ ਹਾਸਾ, ਅਤੇ ਪੁਠੁਹਾਰੀ ਹਲਕਾ ਫੁਲਕਾ ਸਰੀਰ ਇਸ ਤੀਵੀਂ ਦਾ, ਬੁਢਾਪੇ ਵਿਚ ਵੀ ਉਹਨੂੰ ਜੁਆਨ ਕਰ ਕੇ ਵਿਖਾ ਰਿਹਾ ਸੀ । ਜਿਸ ਮੁਸਲਮਾਨੀ ਹੌਲ ਨੇ ਮਰਦ ਦੀ ਰੱਤ ਘੁੱਟ ਭਰ ਭਰ ਕੇ ਪੀ ਛਡੀ ਸੀ ਇਸ ਤੀਵੀਂ ਦਾ ਕੁਝ ਵੀ ਨਹੀਂ ਸੀ ਵਿਗਾੜ ਸਕਿਆ । ਬੁੱਢਾ ਮਾਸਟਰ ਰੁਕ ਰੁਕ ਕੇ ਬੋਲਿਆ । ਦੋ ਚਾਰ ਗੱਲਾਂ ਮੈਂ ਵੀ ਕੀਤੀਆਂ, ਪਰ ਬੈਠਣਾ ਮੁਤਵਾਤਰ ਔਖਾ ਹੁੰਦਾ ਜਾ ਰਿਹਾ ਸੀ ।

* * *

ਲਾਹੌਰ, ਸਰਗੋਧਾ, ਝੰਗ ਆਦਿ ਸ਼ਹਿਰਾਂ ਵਿਚ ਪਿੰਡੀ-ਬਰਾਂਡ ਟਾਂਗੇ ਚਲਦੇ ਵੇਖ ਕੇ ਮੈਨੂੰ ਬੜਾ ਗੁਮਾਨ ਹੋਇਆ ਸੀ, ਪਰ ਖ਼ੁਦ ਆਪਣੇ ਸ਼ਹਿਰ ਵਿਚ ਇਹਨਾਂ ਦੀ ਹਾਲਤ ਤਰਸ-ਯੋਗ ਵੇਖੀ । ਰਾਜਧਾਨੀ ਬਣਨ ਤੋਂ ਬਾਅਦ...ਛੋਟੀਆਂ ਟੈਕਸੀਆਂ ਨੇ ਆ ਕੇ ਇਹਨਾਂ ਦਾ ਕਾਰੋਬਾਰ ਖ਼ਤਮ ਕਰ ਛਡਿਆ ਹੈ ।......

ਅਸਲਿਮ ਮਲਿਕ ਬੀ. ਬੀ, ਸੀ. (ਇੰਗਲਿਸਤਾਨ ਦੀ ਰੇਡਿਓ ਸੰਸਥਾ) ਲੰਦਨ ਵਿਚ ਮੇਰੇ ਨਾਲ ਕੰਮ ਕਰਦੇ ਹੁੰਦੇ ਸਨ । ਹੁਣ ਪਾਕਿਸਤਾਨ ਦੇ ਡਿਪਟੀ ਚੀਫ਼ ਆਫ਼ ਪ੍ਰੋਟੋਕੋਲ ਲਗੇ ਹੋਏ ਹਨ । ਮੈਨੂੰ ਆਪਣੀ ਮੋਟਰ ਵਿਚ ਬਿਠਾ ਕੇ ਟੈਕਸਿਲਾ ਵਿਖਾ ਲਿਆਏ । ਵੀਹ ਸਾਲ ਬਾਅਦ ਅਜ ਫੇਰ ਅਜਾਇਬ-ਘਰ ਵੇਖਿਆ, ਜਿਸ ਵਿਚ ਗੁਪਤ ਅਤੇ ਮੌਰੀਆ ਕਾਲ ਦੀ ਸਭਿਅਤਾ ਦੇ ਅਣਮੋਲ ਖ਼ਜ਼ਾਨੇ ਰਖੇ ਹੋਏ ਹਨ । ਅਸੰਖ ਨਿੱਕੇ ਤੇ ਵਡੇ ਬੁੱਤ ਹਨ ਇਥੇ । ਹਰ ਬੁੱਤ ਦੀ ਆਪਣੀ ਵਖਰੀ ਸ਼ਕਲ ਤੇ ਨੁਹਾਰ ਹੈ । ਜਿਵੇਂ ਅਜ ਕਲ੍ਹ ਫ਼ੋਟੋ ਖਿਚਵਾਉਣ ਦਾ ਰਿਵਾਜ ਹੈ ਇਵੇਂ ਹੀ ਉਸ ਵੇਲੇ ਬੁੱਤ ਬਣਾਉਣ ਦਾ ਰਿਵਾਜ ਹੁੰਦਾ ਹੋਵੇਗਾ । ਪ੍ਰਾਚੀਨ ਕਾਲ ਦੀ ਭਾਰਤੀ ਸਭਿਅਤਾ ਦੇ ਇਤਨੀ ਸੰਪੂਰਨਤਾ ਨਾਲ ਦਰਸ਼ਨ ਕਰਾਣ ਵਾਲਾ ਅਜਾਇਬ-ਘਰ ਟੈਕਸਿਲਾ ਤੋਂ ਛੁਟ ਹੋਰ ਕੋਈ ਨਹੀਂ, ਇਹ ਗੱਲ ਵਿਸ਼ਵਾਸ ਨਾਲ ਕਹੀ ਜਾ ਸਕਦੀ ਹੈ । ਪਾਕਿਸਤਾਨੀ ਹਕੂਮਤ ਨੇ ਇਸ ਨੂੰ ਆਦਰਸ਼

ਸੁਘੜਤਾ ਨਾਲ ਸਜਾ ਕੇ ਰਖਿਆ ਹੋਇਆ ਹੈ। ਜੇ ਕੋਈ ਸ਼ਿਕਾਇਤ ਹੋ ਸਕਦੀ ਹੈ ਤਾਂ ਕੇਵਲ ਇਹ ਕਿ ਦਿਖਾਣ ਵਾਲੇ ਗਾਈਡ ਯੂਨਾਨੀ ਪ੍ਰਭਾਵ ਦਾ ਜ਼ਿਕਰ ਅਜਿਹੇ ਢੰਗ ਨਾਲ ਕਰਦੇ ਹਨ ਜਿਵੇਂ ਬੁੱਧ ਕਾਲ ਦੇ ਭਾਰਤ ਨੇ ਸਾਰੀ ਸਭਿਅਤਾ ਯੂਨਾਨੀਆਂ ਤੋਂ ਹੀ ਸਿਖੀ ਹੋਵੇ।......

ਟੈਕਸਲਿਉਂ ਮੁੜ ਕੇ ਰਾਤ ਨੂੰ ਅਸਲਿਮ ਮਲਿਕ ਅਤੇ ਉਹਨਾਂ ਦੇ ਪਰਵਾਰ ਨਾਲ ਫ਼ਲੈਸ਼ਮੈਨ ਹੋਟਲ ਵਿਚ ਡਿਨਰ ਖਾਧਾ। ਜਦੋਂ ਬਾਹਰ ਨਿਕਲੇ ਤਾਂ ਇਕ ਨੌਜਵਾਨ ਨੇ ਕੋਲ ਆ ਕੇ ਕਿਹਾ, "ਬਲਰਾਜ ਜੀ, ਮੈਂ ਮੀਯਾਂ ਇਫ਼ਤਖ਼ਾਰੁਦੀਨ ਮਰਹੂਮ ਦਾ ਲੜਕਾ ਵਾਂ। ਮੱਮੀ ਬਹੁਤ ਅਫ਼ਸੋਸ ਕਰਦੇ ਨੇ ਕਿ ਤੁਸੀਂ ਲਾਹੌਰ ਉਹਨਾਂ ਨੂੰ ਮਿਲਣ ਤਕ ਨਹੀਂ ਗਏ......" ਮੈਂ ਅਵਾਕ ਹੋ ਕੇ ਉਹਦੇ ਵਲ ਵੇਖਦਾ ਰਹਿ ਗਿਆ।......

ਪੂਰਾ ਇਕ ਦਿਨ ਕੋਹਮਰੀ ਦੀ ਸੈਰ ਕੀਤੀ। ਖ਼ੁਰਸ਼ੀਦ ਜਾਣ ਗਿਆ ਸੀ, ਕਿ ਸਭ ਤੋਂ ਵਧੇਰੇ ਪੰਜਾਬੀ ਬੋਲੀ ਦੀ ਖਿੱਚ ਹੀ ਮੈਨੂੰ ਪਾਕਿਸਤਾਨ ਲੈ ਕੇ ਆਈ ਹੈ, ਅਤੇ ਉਹ ਬੋਲੀ ਦਾ ਮਾਹਰ ਸੀ, ਹਾਸ-ਰਸ ਦਾ ਸ਼ਹਿਨਸ਼ਾਹ; ਸਾਰਾ ਦਿਨ ਮੈਨੂੰ ਉਹਨੇ ਹਸਾ ਹਸਾ ਮਾਰਿਆ। ਇਸੇ ਤਰ੍ਹਾਂ ਕੋਹਮਾਰੀ ਵਿਚ ਇਕ ਵਾਰੀ ਪਹਿਲਾਂ ਵੀ ਹਸਿਆ ਸਾਂ। ਦਸਵੀਂ ਜਮਾਤੇ ਪੜ੍ਹਦੇ ਸਾਂ ਉਦੋਂ। ਮੁੰਡਿਆਂ ਦੀ ਇਕ ਟੋਲੀ ਸਕੂਲੋਂ ਛੁਟ ਕੇ ਕੋਹਮਰੀ ਟੁਰ ਪਈ; ਕਿਉਂਕਿ ਆਉਣ ਜਾਣ ਲਈ ਇਕ ਬੱਸ ਵਿਚ ਮੁਫ਼ਤ ਚਾੜ੍ਹੀ ਮਿਲ ਰਹੀ ਸੀ। ਇਸ ਟੋਲੀ ਦਾ ਸਰਦਾਰ ਸੀ ਮੋਹਣ। ਸਾਰਾ ਦਿਨ ਉਸ ਨੇ ਹਸਾ ਹਸਾ ਮਾਰਿਆ ਸੀ ਸਾਰਿਆਂ ਨੂੰ। ਏਸੇ ਖ਼ੁਰਸ਼ੀਦ ਵਾਂਗਰ ਹੀ ਦੁਬਲਾ ਪਤਲਾ ਸੀ ਉਹ ਵੀ। ਨਿੱਕੀ ਜਿਹੀ ਗੱਲ ਫੜ ਲੈਂਦਾ ਅਤੇ ਫੇਰ ਉਸੇ ਦੀਆਂ ਛਿੱਲਾਂ ਲਾਹ ਲਾਹ ਸੁਣਨ ਵਾਲਿਆਂ ਨੂੰ ਨਿਹਾਲ ਕਰੀ ਜਾਂਦਾ। ਹੁਣ ਕੌਣ ਜਾਣੇ ਕਿਥੇ ਤੇ ਕਿਸ ਹਾਲ ਹੋਵੇਗਾ ਮੋਹਣ? ਖ਼ੁਰਸ਼ੀਦ ਦੀ ਵੀ ਇਹੋ ਟੈਕਨੀਕ ਸੀ। ਕਿਵੇਂ ਸਟੂਡਿਓ ਵਿਚ ਉਹਨੇ ਸ਼ੂਟਿੰਗ ਵੇਖੀ। ਕਿਵੇਂ ਉਸ ਦਾ ਇਕ ਦੋਸਤ ਫ਼ਿਲਮੀ ਕਲਾਕਾਰ ਬਣਨ ਲਈ ਘਰੋਂ ਨਠ ਕੇ ਕਰਾਚੀ ਚਲਾ ਗਿਆ, ਅਤੇ "ਭੁਖਾਂ ਨੇ ਹੜਾਪ" ਕੱਢ ਕੱਢ ਕੇ ਵਾਪਸ ਆ ਗਿਆ। ਕਦੇ ਉਹ ਯੂ. ਪੀ. ਵਲੋਂ ਆਏ ਮੁਹਾਜਰਾਂ ਨੂੰ ਲੈ ਬਹਿੰਦਾ। ਉਹਨਾਂ ਦੀਆਂ "ਵੱਲ — ਫ਼ਰੇਬ" ਵਾਲੀਆਂ ਮੁੱਛਾਂ ਦਾ ਮਖ਼ੌਲ ਉਡਾਂਦਾ। ਸ਼ੈਦ ਉਹ ਲੋਕ ਮੁਰਦੇ ਨੂੰ ਓਨਾ ਡੂੰਘਾ ਦਫ਼ਨ ਨਹੀਂ ਕਰਦੇ, ਜਿੰਨਾ ਪੰਜਾਬੀ ਕਰਦੇ ਹਨ। ਏਸ ਗੱਲ ਉਪਰ ਉਸ ਨੇ "ਪੰਜਾਂ ਪਾਂਡਵਾਂ" ਕੋਲੋਂ ਲੰਘਦੇ ਤਬਸਰਾ ਸ਼ੁਰੂ ਕੀਤਾ

ਤੇ ਮਸਾਂ ਪੋਸਟ ਆਫ਼ਿਸ ਕੋਲ ਪੁਜ ਕੇ ਉਸ ਦਾ ਭੋਗ ਪਾਇਆ ।......

ਮੁੜ ਫੇਰ, ਅਯੂਬ ਪਾਰਕ । ਸਿਕਿਉਰਿਟੀ ਆਫ਼ਿਸ ਵਿਚ ਪਾਸਪੋਰਟ ਉਪਰ ਰੁਖ਼ਸਤੀ ਦੀ ਮੁਹਰ ਲਗਵਾ ਲਈ ਹੈ । ਰੁਖ਼ਸਤੀ ਦੀ ਜਾਂ ਜਲਾਵਤਨੀ ਦੀ ? ਅਯੂਬ ਪਾਰਕ ਵਿਚ ਇਕ ਵਡਾ ਸਾਰਾ ਓਪਨ-ਏਅਰ ਥੀਏਟਰ ਬਣਾ ਲਿਆ ਗਿਆ ਹੈ । ਉਸ ਦੀਆਂ ਪੌੜੀਆਂ ਉਪਰ ਖੜੇ ਹਾਂ — ਖ਼ੁਰਸ਼ੀਦ ਤੇ ਮੈਂ । ਇਕ ਦੂਜੇ ਤੋਂ ਦੂਰ, ਕਿਸੇ ਆਪਸ ਵਿਚ ਕੋਈ ਝਗੜਾ ਹੋ ਗਿਆ ਹੋਵੇ । ਨਾ ਉਸ ਦੇ ਹੰਝੂ ਠਲ੍ਹਦੇ ਹਨ, ਨਾ ਮੇਰੇ ।

ਨੁਕਤਾ ਚੀਂ ਹੈ ਗ਼ਮੇਂ ਦਿਲ ਉਸ ਕੋ ਸੁਨਾਏ ਨਾ ਬਨੇ
ਕਿਆ ਬਨੇ ਬਾਤ ਜਹਾਂ ਬਾਤ ਬਨਾਏ ਨਾ ਬਨੇ ।

ਥੋੜੀ ਦੂਰ ਝਾੜੀਆਂ ਵਿਚ "ਲੁਕ" ਕੇ ਸੀ. ਆਈ. ਡੀ. ਦੇ ਮੋਟਰ-ਸਾਈਕਲ ਸਵਾਰ — ਜਿਨ੍ਹਾਂ ਪੂਰੇ ਪੰਜ ਦਿਨ ਨਿਰੰਤਰ ਸਾਥ ਨਿਭਾਇਆ — ਸਾਡੇ ਓਪਨ ਏਅਰ ਡਰਾਮੇ ਦੇ ਅਖ਼ੀਰਲੇ ਸੀਨ ਦਾ ਖ਼ੂਬ ਲੁਤਫ਼ ਉਠਾ ਰਹੇ ਹਨ । ਚਕਲਾਲੇ ਦਾ ਹਵਾਈ ਅੱਡਾ ਬਸ ਇਥੋਂ ਦਸ ਕੁ ਮਿੰਟ ਦਾ ਪੈਂਡਾ ਹੈ ।...

੧੪

○○○

ਪੋਠੋਹਾਰ ਦੀ ਧਰਤ ਨੂੰ ਹਵਾਈ ਜਹਾਜ਼ ਤੋਂ ਪੰਖੇਰੂ-ਅੱਖ ਨਾਲ ਵੇਖਣਾ ਇਕ ਦਾਤ ਸੀ ਜਿਸ ਨੇ ਵਤਨ-ਵਿਛੋੜੇ ਦੇ ਦੁਖ ਨੂੰ ਕੁਝ ਮਿਕਦਾਰ ਵਿਚ ਹਲਕਾ ਕੀਤਾ। ਜੇ ਮੈਂ ਕਵੀ ਹੁੰਦਾ ਤਾਂ ਏਸ ਰਲੀ-ਮਿਲੀ ਅਨੁਭੂਤੀ ਨੂੰ ਸ਼ਬਦਾਂ ਦਾ ਭੇਸ ਪੁਆ ਸਕਦਾ। ਜਦੋਂ ਹਵਾਈ ਜਹਾਜ਼ ਦੇ ਟੁਰਨ ਵੇਲੇ ਪਿਛਲੀ ਸੀਟ ਤੋਂ ਆਵਾਜ਼ ਆਈ ਸੀ, "ਪੇਟੀ ਲਾਈ ਘਿਨੋ!" ਜਜ਼ਬੇ ਬੇਕਾਬੂ ਹੋ ਗਏ ਸਨ ਅਤੇ ਕੁਝ ਤੁਕਾਂ ਜੋੜੀਆਂ, ਪਰ ਕਾਗਜ਼ ਉਤੇ ਲਿਆਉਣ ਯੋਗ ਉਹ ਨਾ ਹੋ ਸਕੀਆਂ। ਪੋਠੋਹਾਰ ਦਾ ਪਹਾੜੀ ਸਿਲਸਿਲਾ ਐਨ ਦਰਿਆ ਜਿਹਲਮ ਦੇ ਕੰਢੇ ਤੀਕ ਜਾ ਪਹੁੰਚਦਾ ਹੈ। ਜੇ ਸ਼ਾਇਰੀ ਜ਼ਰੂਰ ਕਰਨੀ ਹੋਵੇ ਤਾਂ ਇਸ "ਸਤਹਿ ਮੁਰਤਫ਼ਾ" ਨੂੰ ਇਕ ਉਚੇ ਤੇ ਚੌੜੇ ਜਿਹੇ ਪਲੰਘ ਨਾਲ ਤਸ਼ਬੀਹ ਦਿਤੀ ਜਾ ਸਕਦੀ ਹੈ ਜਿਸ ਉਪਰ ਬੜਾ ਵਧੀਆ ਬਾਗ਼ ਵਿਛਿਆ ਹੋਵੇ। ਪਿਛੇ ਕੋਹਮਰੀ ਤੇ ਕਸ਼ਮੀਰ ਦੇ ਪਹਾੜ ਇਸ ਕੀਮਤੀ ਪਲੰਘ ਦੀ ਉੱਚੀ ਢੋਅ ਹਨ। ਪਾਇਲਟ ਨੇ ਲਾਊਡ ਸਪੀਕਰ ਉਤੇ ਐਲਾਨ ਕੀਤਾ ਕਿ ਹੇਠ ਪਹਾੜੀਆਂ ਵਿਚ ਮੰਗਲਾ ਡੈਮ ਵਿਖਾਈ ਦੇ ਰਿਹਾ ਹੈ। ਬਿੰਦ ਕੁ ਪਹਿਲਾਂ ਅਖ਼ਬਾਰ ਵਿਚ ਪੜ੍ਹਿਆ ਸੀ ਕਿ ਕਈ ਦਿਨਾਂ ਤੋਂ ਏਸ ਡੈਮ ਦੇ ਮਜ਼ਦੂਰਾਂ ਦੀ ਹੜਤਾਲ ਚਲ ਰਹੀ ਹੈ। ਮਜ਼ਦੂਰ ਜਥੇਬੰਦੀ ਕਮਜ਼ੋਰ ਹੋਣ ਕਾਰਨ ਉਹਨਾਂ ਨੂੰ ਰਿਹਾਇਸ਼ ਤੇ ਖ਼ੁਰਾਕ ਦੀਆਂ ਘਟੋ ਘਟ ਸਹੂਲਤਾਂ ਵੀ ਨਹੀਂ ਸਨ ਮਿਲ ਰਹੀਆਂ। ਅਖ਼ਬਾਰ ਦੇ ਕਥਨ

ਅਨੁਸਾਰ, ਮਜ਼ਦੂਰਾਂ ਨੇ ਅਤਿ ਲਾਚਾਰ ਹੋ ਕੇ ਹੜਤਾਲ ਕੀਤੀ ਹੈ।

ਅਖ਼ਬਾਰ ਵਿਚ ਇਹ ਖ਼ਬਰ ਵੀ ਪੜ੍ਹੀ ਸੀ ਕਿ ਲਦਾਖ਼ ਅਤੇ ਨੀਫ਼ਾ ਦੀਆਂ ਸੀਮਾਵਾਂ ਉਤੇ ਚੀਨ ਨੇ ਹਿੰਦ ਦੀਆਂ ਨੌਂ ਚੌਕੀਆਂ ਹੋਰ ਮੱਲ ਲਈਆਂ ਹਨ। ਰਾਸ਼ਟਰਪਤੀ ਨੇ ਸੰਕਟ-ਕਾਲ ਦੀ ਘੋਸ਼ਣਾ ਕਰ ਦਿਤੀ ਹੈ।

ਏਅਰ ਹੋਸਟੈਸ ਨੇ ਮੈਨੂੰ ਪਛਾਣ ਲਿਆ, ਆਟੋਗਰਾਫ਼ ਲਿਆ ਅਤੇ ਦਰਖ਼ਸਾਤ ਕੀਤੀ ਕਿ ਬੰਬਈ ਪੁਜ ਕੇ ਬੇਬੀ ਨੰਦਾ ਦਾ ਦਸਖ਼ਤ-ਸ਼ੁਦਾ ਫ਼ੋਟੋ ਉਹਨੂੰ ਜ਼ਰੂਰ ਘੱਲਾਂ। ਉਡਾਰੀਆਂ ਦੇ ਦੌਰਾਨ ਹਿੰਦੁਸਤਾਨ ਦੇ ਸ਼ਹਿਰਾਂ ਦੀ ਸੈਰ ਦਾ ਮੌਕਾ ਮਿਲ ਜਾਂਦਾ ਹੈ ਤੇ ਹਿੰਦੀ ਫ਼ਿਲਮਾਂ ਉਹ ਬੜੇ ਚਾਅ ਨਾਲ ਵੇਖਦੀ ਹੈ।......

ਫ਼ੈਸ਼ਨ ਲਈ ਮਸ਼ਹੂਰ ਸ਼ਹਿਰ ਲਾਹੌਰ ਦਾ ਹਵਾਈ ਅੱਡਾ ਵੀ ਉਹਦੀ ਸ਼ਾਨ ਨੂੰ ਚਾਰ ਚੰਨ ਲਗਾਉਂਦਾ ਹੈ। ਕੋਈ ਆਲੀਸ਼ਾਨ ਇਮਾਰਤ ਨਹੀਂ ਖੜੀ ਕੀਤੀ ਗਈ। ਦੂਰੋਂ ਵੇਖਣ ਵਿਚ ਕਿਸੇ ਫ਼ੈਕਟਰੀ ਦਾ ਲੰਮਾ ਚੌੜਾ ਸ਼ੈੱਡ ਮਲੂਮ ਹੁੰਦਾ ਹੈ, ਪਰ ਅੰਦਰ ਦੇ ਸੁਹਜ ਅਤੇ ਕਰੀਨੇ ਨੂੰ ਵੇਖ ਕੇ ਬੰਦਾ ਅਸ਼ ਅਸ਼ ਕਰ ਉਠਦਾ ਹੈ। ਬਹੁਤ ਸਾਰਾ ਹਿੱਸਾ ਏਅਰ ਕੰਡੀਸ਼ਨ ਕੀਤਾ ਗਿਆ ਹੈ। ਹਰ ਪਾਸੇ ਫਬਵਾਂ ਅਤੇ ਹਲਕਾ ਫੁਲਕਾ ਫ਼ਰਨੀਚਰ, ਗੁਲਦਸਤੇ ਅਤੇ ਸਜਾਵਟਾਂ। ਅਜਿਹਾ ਵਾਤਾਵਰਨ ਯੋਰਪ ਦਿਆਂ ਹਵਾਈ ਅੱਡਿਆਂ ਵਿਦ ਹੀ ਵੇਖਣ ਨੂੰ ਮਿਲਦਾ ਹੈ, ਜਿਥੇ ਅਮੀਰੀ ਦਿਖਾਵੇ ਦਾ ਨਹੀਂ, ਸੁਗਮਤਾ ਅਤੇ ਸੁਖੈਨਤਾ ਦਾ ਵਾਤਾਵਰਨ ਪੈਦਾ ਕਰਨ ਦੀ ਕੋਸ਼ਸ਼ ਹੁੰਦੀ ਹੈ। ਪਹਿਲੇ ਕਯਾਮ ਦੇ ਦੌਰਾਨ ਡਾਕਟਰ ਨਜ਼ੀਰ ਅਹਿਮਦ ਇਕ ਸ਼ਾਮ ਮੈਨੂੰ ਇਥੇ ਲਿਆਏ ਸਨ। ਚੁਸਤ ਵਰਦੀਆਂ ਵਾਲੇ ਹਵਾਬਾਜ਼ਾਂ ਤੇ ਕਰਿੰਦਿਆਂ ਨੇ ਬੜੇ ਪ੍ਰੇਮ ਨਾਲ ਰੈਸਤੋਰਾਂ ਵਿਚ ਕਾਫ਼ੀ ਪਿਆਈ ਸੀ। ਉਹ ਮੈਨੂੰ ਹੂ-ਬ-ਹੂ ਆਪਣੇ ਦੇਸ਼ ਦੇ ਹਵਾਬਾਜ਼ਾਂ ਵਾਂਗਰ ਲਗੇ ਸਨ। ਫ਼ਰਕ ਸਿਰਫ਼ ਇਤਨਾ ਸੀ ਕਿ ਅੰਗਰੇਜ਼ੀ ਦੀ ਥਾਂ ਬੜੀ ਸਵਾਰ ਕੇ ਉਰਦੂ ਬੋਲ ਰਹੇ ਸਨ, ਪਰ ਜਿਹੜੀ ਉਹਨਾਂ ਦੀ ਮਾਤ-ਭਾਸ਼ਾ ਨਾ ਹੋਣ ਕਰ ਕੇ ਕੰਨਾਂ ਨੂੰ ਓਪਰੀ ਲਗਦੀ ਸੀ। ਨਿੱਕੀ ਨਿੱਕੀ ਗੱਲ ਲਈ ਬੜੇ ਵਡੇ ਵਡੇ ਫ਼ਾਰਸੀ ਸ਼ਬਦ ਵਰਤੇ ਜਾਂਦੇ ਸਨ, ਜਿਵੇਂ ਹੈਦਰਾਬਾਦੀ ਲੋਕ ਕਰਦੇ ਹਨ। ਮੇਰਾ ਬੜਾ ਦਿਲ ਕੀਤਾ ਪੰਜਾਬੀ ਛੋਹਣ ਉਤੇ, ਪਰ ਹਿੰਮਤ ਨਹੀਂ ਹੋਈ। ਇਹ ਨੌਜਵਾਨ ਪੂਰਨ ਰੂਪ ਸਾਡੇ ਆਪਣੇ ਪੜ੍ਹੇ ਲਿਖੇ ਨੌਜਵਾਨਾਂ ਵਾਂਗਰ ਸਨ। ਪਰ ਹੈਰਾਨੀ ਦੀ ਗੱਲ ਕਿ ਇਹੋ ਸਮਾਨਤਾ ਮੈਨੂੰ ਲਾਹੌਰ ਵਿਚ ਪਹਿਲੀ ਵਾਰ ਬਿਦੇਸ਼ੀ ਤੇ

ਅਜਨਬੀ ਮਹਿਸੂਸ ਕਰਾ ਰਹੀ ਸੀ। ਬੜਾ ਵਿਚਿਤਰ ਜਿਹਾ ਅਹਿਸਾਸ ਸੀ ਇਹ, ਅਤੇ ਬੜਾ ਚਿਰ ਮੈਂ ਆਪਣੇ ਮਨ ਵਿਚ ਇਸ ਦਾ ਕਾਰਨ ਢੂੰਡਦਾ ਰਿਹਾ।

ਹਵਾਈ ਜਹਾਜ਼ ਤੋਂ ਉਤਰ ਕੇ ਜਦੋਂ ਮੁਸਾਫ਼ਰਾਂ ਦੇ ਲੌਂਜ ਵਿਚ ਆਇਆ ਤਾਂ ਬੰਗਾਲੀਆਂ ਦੀ ਭਾਰੀ ਸੰਖਿਆ ਵੇਖੀ। ਨਿਸ਼ਚੇ ਹੀ ਇਹ ਪੂਰਬੀ ਬੰਗਾਲ ਦੇ ਲੋਕ ਸਨ। ਪਰ ਮੇਰੀਆਂ ਨਿਗਾਹਾਂ ਉਹਨਾਂ ਨੂੰ ਕੇਵਲ ਬੰਗਾਲੀ ਦੇ ਰੂਪ ਵਿਚ ਵੇਖ ਰਹੀਆਂ ਸਨ। ਬੰਗਾਲੀਆਂ ਨਾਲ ਮੈਨੂੰ ਬਹੁਤ ਪਿਆਰ ਹੈ। ਮੇਰਾ ਬੜਾ ਦਿਲ ਕੀਤਾ ਉਹਨਾਂ ਨਾਲ ਬੰਗਾਲੀ ਵਿਚ ਦੋ ਚਾਰ ਗੱਲਾਂ ਕਰਾਂ। ਇਤਨੇ ਬੰਗਾਲੀ ਲਾਹੌਰ ਵਿਚ!

ਪਾਸਪੋਰਟ ਆਦਿ ਦੀਆਂ ਦਿੱਕਤਾਂ ਮਿਟਾਣ ਲਈ ਡਾਕਟਰ ਨਜ਼ੀਰ ਦੇ ਪ੍ਰਾਈਵੇਟ ਸੈਕਰੇਟਰੀ ਫੇਰ ਹਾਜ਼ਰ ਹੋ ਗਏ ਸਨ। ਫੇਰ ਉਹੋ ਸੁਖਾਵਾਂ ਬੰਗਲਾ। ਇਕ ਉੱਤਮ ਦਰਜੇ ਦੇ ਪਰਵਾਰਕ ਜੀਵਨ ਦੀ ਮਿਠਾਸ। ਲਾਹੌਰ ਦੀ ਆਪਣੀ ਵਿਸ਼ੇਸ਼ ਆਜ਼ਾਦ ਜਿਹੀ ਫ਼ਿਜ਼ਾ। ਕਹਿੰਦੇ ਨੇ ਲਾਹੌਰ, ਲਾਹੌਰ ਹੀ ਹੈ। ਮੇਰਾ ਅਨੁਭਵ ਇਸ ਦੀ ਅਜ ਫੇਰ ਤਸਦੀਕ ਕਰ ਰਿਹਾ ਸੀ। ਇਸ ਦਾ ਰਾਜ਼ ਮਧਿਅਮ-ਵਰਗੀ ਸਮਾਜੀ ਜੀਵਨ ਉਪਰ ਯੋਰਪੀਨ ਸਭਿਆਚਾਰ ਦੇ ਪਰਭਾਵ ਤੋਂ ਛੁੱਟ ਕੀ ਹੋ ਸਕਦਾ ਹੈ? ਅੰਗਰੇਜ਼ ਦੇ ਵੇਲੇ ਇਸ ਪਰਭਾਵ ਦੇ ਤਾਰੀਕ ਪਹਿਲੂ ਵਧੇਰੇ ਨੁਮਾਯਾਂ ਸਨ। ਆਜ਼ਾਦੀ ਦੇ ਯੁਗ ਵਿਚ ਇਸ ਨੂੰ ਸਮੂਹ ਜਨਤਕ ਜੀਵਨ ਦੇ ਸੁਧਾਰ ਲਈ, ਉਹਨੂੰ ਵਧੇਰੇ ਉਦਾਰ ਅਤੇ ਨਿਯਮਵਾਨ ਬਣਾਨ ਲਈ ਵਰਤਿਆ ਜਾ ਸਕਦਾ ਹੈ, ਪਰ ਇਹ ਤਾਂ ਹੀ ਹੋ ਸਕਦਾ ਹੈ ਜੇ ਮਧਿਅਮ-ਵਰਗੀ ਜਨਤਾ ਨਾਲ ਆਪਣੇ ਆਪ ਨੂੰ ਅਭੇਦ ਕਰੇ। ਇਸ ਕੰਮ ਵਿਚ ਲੇਖਕ ਤੇ ਕਲਾਕਾਰ ਬੜਾ ਹਿੱਸਾ ਪਾ ਸਕਦੇ ਹਨ, ਬਸ਼ਰਤੇ ਕਿ ਉਹ ਸੱਚੇ ਅਰਥਾਂ ਵਿਚ ਅਵਾਮੀ ਲੇਖਕ ਅਤੇ ਕਲਾਕਾਰ ਬਣਨ ਦੀ ਕਾਬਲੀਅਤ ਆਪਣੇ ਅੰਦਰ ਪੈਦਾ ਕਰਨ। ਕਿਸੇ ਦੇ ਮੂੰਹੋਂ ਸੁਣਿਆ ਸੀ, ਖ਼ੋਰੇ ਝੰਗ ਵਿਚ ਜਾਂ ਕਿਤੇ ਹੋਰ ਕਿ ਵਾਰਿਸ ਸ਼ਾਹ ਦੀ ਹੀਰ ਪਾਕਿਸਤਾਨੀ ਪੰਜਾਬ ਵਿਚ ਹੁਣ ਵੀ ਲਗਭਗ ਇਕ ਲੱਖ ਦੀ ਸੰਖਿਆ ਵਿਚ ਸਾਲਾਨਾ ਵਿਕਦੀ ਹੈ। ਇਸ ਦੇ ਮੁਕਾਬਲੇ ਵਿਚ ਫ਼ੈਜ਼ ਅਹਿਮਦ ਫ਼ੈਜ਼ ਦੀ ਕਵਿਤਾ ਕਿਤਨੀ ਕੁ ਵਿਕਦੀ ਹੋਵੇਗੀ? ਕੀ ਉਸ ਦਾ ਅਸਰ ਪੜ੍ਹੇ ਲਿਖੇ ਮਧਿਅਮ-ਵਰਗ ਤੀਕਰ ਮਹਿਦੂਦ ਨਹੀਂ ਰਹਿ ਜਾਂਦਾ? ਇਸ ਦਾ ਇਹ ਮਤਲਬ ਨਹੀਂ ਕਿ ਫ਼ੈਜ਼ ਦੀ ਕਵਿਤਾ ਵਿਚ ਕੋਈ ਘਾਟ ਹੈ, ਨਿਸਚੇ ਹੀ ਉਹ ਸੰਸਾਰ ਦੇ ਮਹਾਨ ਕਵੀਆਂ ਵਿਚੋਂ ਹੈ। ਮੇਰੇ ਲਈ

ਇਸ ਤੋਂ ਵਧ ਮਾਣ ਦੀ ਕੀ ਗੱਲ ਹੋ ਸਕਦੀ ਹੈ ਕਿ ਗੌਰਮਿੰਟ ਕਾਲਜ ਲਾਹੌਰ ਦੀਆਂ ਬੈਂਚਾਂ ਉਤੇ ਮੈਂ ਉਸ ਦੇ ਨਾਲ ਬੈਠ ਕੇ ਇਕੋ ਕਲਾਸ ਵਿਚ ਪੜ੍ਹਿਆ ਸਾਂ ? ਪਰ ਮੈਂ ਸੋਚਨਾਂ ਕਿਤਨਾ ਚੰਗਾ ਹੁੰਦਾ ਜੇ ਉਹ ਪੰਜਾਬੀ ਵਿਚ ਕਵਿਤਾ ਕਰਦਾ ? ਪਰ ਉਸ ਦੇ ਮੁਲਕ ਨੂੰ ਤਾਂ ਉਸ ਦੀ ਉਰਦੂ ਦੀ ਅਤੇ ਮਧਿਅਮ-ਵਰਗ ਤੀਕਰ ਅਸਰ ਕਰਨ ਵਾਲੀ ਕਵਿਤਾ ਵੀ ਬਰਦਾਸ਼ਤ ਨਾ ਹੋਈ । ਏਸੇ ਦੋਸ਼ ਵਿਚ ਤਾਂ ਉਹ ਅਜ ਜਲਾਵਤਨੀ ਦੀ ਖ਼ਾਕ ਛਾਣ ਰਿਹਾ ਹੈ । ਜੇ ਇਸੇ ਇਨਕਲਾਬੀ ਰੰਗ ਵਿਚ ਅਤੇ ਏਸੇ ਹੁਨਰ ਭਰਪੂਰ ਢੰਗ ਨਾਲ ਉਹ ਪੰਜਾਬੀ ਵਿਚ ਕਵਿਤਾ ਲਿਖਦਾ ਤਾਂ ਖ਼ੌਰੇ ਏਸ ਤੋਂ ਵੀ ਔਖੀਆਂ ਸਜ਼ਾਵਾਂ ਮਿਲਦੀਆਂ ਉਸ ਨੂੰ !...

ਡਰਾਇੰਗ ਰੂਮ ਵਿਚ ਇਕੱਲਾ ਬੈਠਾ ਇਹੋ ਜਿਹੀਆਂ ਗੱਲਾਂ ਸੋਚ ਰਿਹਾ ਸਾਂ ਕਿ ਪੰਜਾਬੀ ਦੇ ਪ੍ਰਸਿਧ ਕਵੀ ਅਹਿਮਦ ਰਾਹੀ ਮਿਲਣ ਆ ਗਏ । ਮੈਂ ਇਹਨਾਂ ਨੂੰ ਪਹਿਲਾਂ ਕਦੇ ਨਹੀਂ ਸਾਂ ਮਿਲਿਆ, ਪਰ ਕਦੇ ਕਦੇ ਉਹਨਾਂ ਦੀਆਂ ਰਚਨਾਵਾਂ ਆਪਣੇ ਪੰਜਾਬੀ ਰਸਾਲਿਆਂ ਵਿਚ ਪੜ੍ਹੀਆਂ ਸਨ । ਪਿੰਡੀ ਛਡ ਆਉਣ ਦਾ ਸਜਰਾ ਦੁਖ ਸ਼ੈਦ ਉਹਨਾਂ ਮੇਰੀਆਂ ਅੱਖਾਂ ਵਿਚ ਪੜ੍ਹ ਲਿਆ ਤੇ ਉਹਨਾਂ ਨੂੰ ਆਪਣਾ ਵਿਛੜਿਆ ਸ਼ਹਿਰ ਅੰਮ੍ਰਿਤਸਰ ਯਾਦ ਆ ਗਿਆ । ਜਿਸ ਦਾ ਜੋਗੀ-ਫੇਰਾ ਲਾਉਂਦਿਆਂ ਕੁਝ ਵਰ੍ਹੇ ਪਹਿਲਾਂ ਉਹਨਾਂ ਇਕ ਮਸ਼ਹੂਰ ਕਵਿਤਾ ਲਿਖੀ ਸੀ :—

"ਦੇਸ ਵਾਲਿਓ ਆਪਣੇ ਦੇਸ ਅੰਦਰ
ਅਸੀਂ ਆਏ ਹਾਂ ਵਾਂਗ ਪ੍ਰਦੇਸੀਆਂ ਦੇ
ਘਰਾਂ ਵਾਲਿਓ ਆਪਣੇ ਘਰ ਅੰਦਰ
ਅਸੀਂ ਆਏ ਹਾਂ ਵਾਂਗ ਪਰਾਹੁਣਿਆਂ ਦੇ ।"

ਇਹ ਕਵਿਤਾ ਉਹ ਮੈਨੂੰ ਸੁਣਾਨ ਲਗ ਪਏ । ਜਿਉਂ ਜਿਉਂ ਸੁਣਦਾ ਗਿਆ ਮੈਨੂੰ ਆਪਣਾ ਦੁਖ ਉਹਨਾਂ ਦੇ ਦੁਖ ਦੇ ਮੁਕਾਬਲੇ ਛੋਟਾ ਪ੍ਰਤੀਤ ਹੋਣ ਲਗ ਪਿਆ । ਇਸ ਤੋਂ ਵਡਾ ਜ਼ੁਲਮ ਕੀ ਹੋ ਸਕਦਾ ਹੈ ਕਿ ਵਤਨ ਕੁਲ ਤੀਹ ਮੀਲ ਦੀ ਵਾਟ ਉਤੇ ਹੋਵੇ ਅਤੇ ਬੰਦਾ ਉਹਦੇ ਨਜ਼ਦੀਕ ਨਾ ਜਾ ਸਕੇ । ਜਦੋਂ ਉਹਨਾਂ ਆਖਿਆ :

"ਏਸ ਮਿੱਟੀ ਦੀ ਕੁੱਖ 'ਚ ਮਾਂ ਮੇਰੀ
ਸੁੱਤੀ ਪਈ ਹੈ ਸਮਿਆਂ ਦੀ ਹੂਕ ਬਣ ਕੇ
ਏਸ ਪਾਣੀ ਨਾਲ ਪਾਣੀ ਹੋਏ ਨੀਰ ਮੇਰੇ
ਏਥੇ ਆਸ ਤੜਫੀ ਮੇਰੀ ਕੂਕ ਬਣ ਕੇ......

ਕਿਸੇ ਬੰਨ੍ਹ ਦੇ 'ਕਲੜੇ ਰੁੱਖ ਵਾਂਗੂ
ਧੁੱਪਾਂ ਛਾਵਾਂ ਦੇ ਭਾਰ ਨਾਲ ਡੋਲਨਾ ਵਾਂ
ਆਪਣੀ ਮਾਂ ਦੀ ਕਬਰ ਨੂੰ ਲਭਨਾਂ ਵਾਂ
ਭੈਣਾਂ ਭਰਾਵਾਂ ਦੀਆਂ ਹੱਡੀਆਂ ਟੋਲਨਾਂ ਵਾਂ।"

ਮੈਂ ਰਾਹੀ ਦੇ ਦਰਦ ਕਰ ਕੇ ਬੜਾ ਬੇਹਾਲ ਹੋਇਆ। ਮੈਨੂੰ ਸ਼ਰਮ ਆਉਣ ਲਗ ਪਈ ਕਿ ਸਾਰੇ ਦਾ ਸਾਰਾ ਅੰਮ੍ਰਿਤਸਰ ਉਹਦੇ ਹਵਾਲੇ ਕਰ ਦੇਣ ਦੀ ਤੌਫ਼ੀਕ ਮੈਨੂੰ ਕਿਉਂ ਨਹੀਂ ? ਪਰ ਜਦੋਂ ਉਹ ਅਖ਼ੀਰਲੇ ਬੰਦ ਉਤੇ ਪੁਜਿਆ ਤਾਂ ਚੇਤਨਾ ਆਪਣੇ ਦੁਖ ਵਲ ਵੀ ਮੁੜ ਆਈ। ਮੈਂ ਸੋਫ਼ੇ ਉਤੇ ਡਿੱਗ ਕੇ ਰੋਣ ਲਗ ਪਿਆ। ਨਹੀਂ ਸੀ ਪਤਾ ਕਿਹੜੇ ਹੰਝੂ ਰਾਹੀ ਲਈ ਸਨ ਤੇ ਕਿਹੜੇ ਆਪਣੇ ਲਈ :

"ਤੁਸੀਂ ਦੇਸ ਵਾਲੇ, ਤੁਸੀਂ ਘਰਾਂ ਵਾਲੇ
ਅਸੀਂ ਬੇਘਰੇ, ਅਸੀਂ ਪਰਦੇਸੀ
ਤੁਸੀਂ ਹਸ ਕੇ ਸੀਨੇ ਨਾਲ ਲਾ ਲਿਤਾ
ਅਸਾਂ ਰੋ ਕੇ ਅੱਖ ਪਰਚਾ ਲਿਤੀ
ਤਾਰੇ ਬੁਝੇ ਹੋਏ ਫੇਰ ਇਕ ਵਾਰ ਚਮਕੇ
ਜਿਹਦੀ ਆਸ ਨਹੀਂ ਸੀ ਉਹ ਆਸ ਪੁੱਗੀ
ਜੀਵੇ ਸ਼ਹਿਰ ਮੇਰਾ, ਜੀਵਨ ਸ਼ਹਿਰ ਵਾਲੇ
ਅਸੀਂ ਆਏ ਦੁਆਵਾਂ ਇਹ ਦੇ ਚਲੇ
ਚਾਰੇ ਕੰਨੀਆਂ ਸਾਡੀਆਂ ਵੇਖ ਖ਼ਾਲੀ
ਅਸੀਂ ਨਾਲ ਨਾਹੀਂ ਕੁਝ ਲੈ ਚਲੇ।"......

ਕਦੇ ਮੇਰੇ ਉਸਤਾਦ ਪਤਰਸ ਨੇ ਲਾਹੌਰ ਦਾ ਜੁਗਰਾਫ਼ੀਆ ਲਿਖਿਆ ਸੀ। ਅਜ ਉਹਨਾਂ ਦਾ ਇਹ ਨਾਚੀਜ਼ ਸ਼ਾਗਿਰਦ ਲਿਖ ਰਿਹਾ ਹੈ। ਅਨਾਰਕਲੀ — ਭੀੜ ਉਤਨੀ ਹੀ ਹੈ, ਪਰ ਰੌਣਕ ਉਤਨੀ ਨਹੀਂ। ਪਿੰਡੀ ਵਾਂਗ ਏਥੇ ਵੀ ਜਿਥੇ ਪਹਿਲਾਂ ਹਿੰਦੂ ਕਪੜਾ ਵੇਚਦਾ ਸੀ ਹੁਣ ਉਥੇ ਮੁਸਲਮਾਨ ਵੇਚ ਰਿਹਾ ਹੈ। ਜਿਸ ਦੁਕਾਨ ਉਤੇ ਮਨਿਆਰੀ ਵਾਲਾ ਬਹਿੰਦਾ ਸੀ ਉਥੇ ਹੁਣ ਵੀ ਮਨਿਆਰੀ ਵਾਲਾ ਹੀ ਬਹਿੰਦਾ ਹੈ। ਜਿਥੇ ਹਿੰਦੂ ਦੁੱਧ ਲੱਸੀ ਵੇਚਦਾ ਸੀ ਹੁਣ ਮੁਸਲਮਾਨ ਵੇਚਦਾ ਹੈ। ਸਿੱਖਾਂ ਦੀ ਘਾਟ ਮੌਲਵੀ ਟਾਈਪ ਮੁਸਲਮਾਨਾਂ ਦੀਆਂ ਦਾੜ੍ਹੀਆਂ ਕਿਸੇ ਹੱਦ ਤਕ ਪੂਰੀ ਕਰਦੀਆਂ ਹਨ,

ਪਰ ਤੀਵੀਆਂ ਦੀ ਗ਼ੈਰ-ਹਾਜ਼ਰੀ ਕੋਈ ਛਲਾਵਾ ਪੂਰੀ ਨਹੀਂ ਕਰ ਸਕਦਾ। ਉਹਨਾਂ ਦੀ ਸਹੂਲਤ ਲਈ ਅਨਾਰਕਲੀ ਦੇ ਅੰਦਰਵਾਰ ਤੰਗ ਗਲੀਆਂ ਵਿਚ "ਬਾਨੋ ਮਾਰਕਿਟ" ਬਣਾਈ ਗਈ ਹੈ। ਇਸ ਤੋਂ ਛੁਟ ਹੋਰ ਕੋਈ ਤਰੱਕੀ-ਪਸੰਦ ਤਬਦੀਲੀ ਵੇਖਣ ਵਿਚ ਨਹੀਂ ਆਉਂਦੀ।

ਗਲੀਆਂ ਮਹੱਲਿਆਂ ਵਿਚੋਂ ਲੰਘ ਕੇ, ਜਿਹੜੇ ਹੁਣ ਵੀ ਸਦਾ ਵਾਂਗ ਈ ਹਨ......(ਅਲਬੱਤਾ ਟਿੱਬੀ ਬਜ਼ਾਰ ਵਿਚ ਕਸ਼ਮੀਰੀ ਹੁਸਨ ਦੀ ਘਾਟ ਸੁਣਿਆਂ ਹੈ ਸ਼ੌਕੀਨਾਂ ਨੂੰ ਜ਼ਰੂਰ ਮਾਯੂਸ ਕਰਦੀ ਹੈ)......ਸ਼ਾਹੀ ਮਸਜਿਦ ਦੀ ਅਪੂਰਬ ਸੁੰਦਰਤਾ ਦਾ ਸੁਆਦ ਮਾਣਿਆਂ। ਮੁਖ-ਦੁਆਰ ਦੇ ਸਾਹਮਣੇ ਇਕ ਪਾਸੇ ਮਹਾਂਕਵੀ ਇਕਬਾਲ ਦਾ ਅਤੇ ਦੂਜੇ ਪਾਸੇ ਸਰ ਸਿਕੰਦਰ ਹਯਾਤ ਦਾ ਮਕਬਰਾ ਹੈ। ਬੜੀਆਂ ਫਬਵੀਆਂ ਤੇ ਸੁੰਦਰ ਇਮਾਰਤਾਂ ਬਣਾਈਆਂ ਗਈਆਂ ਹਨ, ਪਰ ਜ਼ਿਆਰਤ ਕਰਦਿਆਂ ਇਹ ਨਹੀਂ ਭੁੱਲਣ ਹੋਇਆ ਕਿ ਸਰ ਸਿਕੰਦਰ ਵੰਡਾਰੇ ਤੋਂ ਕਈ ਸਾਲ ਪਹਿਲਾਂ ਉਸ ਦੇ ਭਿਆਨਕ ਨਤੀਜਿਆਂ ਅਤੇ ਕਤਲੇਆਮਾਂ ਦੀ ਪੇਸ਼ੀਨਗੋਈ ਕਰ ਚੁਕੇ ਸਨ, ਜੋ ਗਾਂਧੀ ਜੀ ਤੋਂ ਛੁੱਟ ਦੇਸ਼ ਦੇ ਹੋਰ ਕਿਸੇ ਨੇਤਾ ਨੇ ਨਹੀਂ ਗੌਲੀ। ਇਕਬਾਲ ਦੇ ਮਜ਼ਾਰ ਉੱਤੇ ਪੁਜ ਕੇ ਬਾਰ ਬਾਰ ਮਨ ਵਿਚ ਸਵਾਲ ਉਠਦਾ ਸੀ ਕਿ ਕੀ ਹੇਠਲੀਆਂ ਸਤਰਾਂ ਲਿਖਣ ਵਾਲੇ ਦੀ ਆਤਮਾ ਏਥੇ ਪੂਰੀ ਤਰ੍ਹਾਂ ਸੰਤੁਸ਼ਟ ਹੈ ? —

ਚਿਸ਼ਤੀ ਨੇ ਜਿਸ ਜ਼ਮੀਂ ਮੇਂ ਪੈਗ਼ਾਮੇ ਹੱਕ ਸੁਨਾਯਾ
ਨਾਨਕ ਨੇ ਜਿਸ ਜ਼ਮੀਂ ਮੇਂ ਵਹਿਦਤ ਕਾ ਗੀਤ ਗਾਯਾ
ਤਾਤਾਰੀਯੋਂ ਨੇ ਜਿਸ ਕੋ ਅਪਨਾ ਵਤਨ ਬਨਾਯਾ
ਜਿਸ ਨੇ ਹਿਜਾਜ਼ੀਓਂ ਸੇ ਦਸ਼ਤੇ ਅਰਬ ਛੁੜਾਯਾ
ਮੇਰਾ ਵਤਨ ਵਹੀ ਹੈ, ਮੇਰਾ ਵਤਨ ਵਹੀ ਹੈ।
ਯੂਨਾਨੀਓਂ ਕੋ ਜਿਸ ਨੇ ਹੈਰਾਨ ਕਰ ਦੀਯਾ ਥਾ
ਸਾਰੇ ਜਹਾਂ ਕੋ ਜਿਸ ਨੇ ਇਲਮੋ ਹੁਨਰ ਦੀਯਾ ਥਾ
ਮਿੱਟੀ ਕੋ ਜਿਸ ਕੀ ਹਕ ਨੇ ਜ਼ਰ ਕਾ ਅਸਰ ਦੀਆ ਥਾ
ਦੁਨੀਯਾ ਕਾ ਜਿਸ ਨੇ ਦਾਮਨ ਹੀਰੋਂ ਸੇ ਭਰ ਦੀਯਾ ਥਾ
ਮੇਰਾ ਵਤਨ ਵਹੀ ਹੈ, ਮੇਰਾ ਵਤਨ ਵਹੀ ਹੈ।......

ਗੁਰੂ ਅਰਜਨ ਦੇਵ ਦੀ ਸਮਾਧ ਵੀ ਇਥੋਂ ਨੇੜੇ ਈ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਇਸ ਦੀ ਹਿਫ਼ਾਜ਼ਤ ਨਹੀਂ ਹੁੰਦੀ। ਬਾਹਰ ਬੰਦੂਕ ਮੋਢੇ ਉਤੇ

ਰਖ ਕੇ ਇਕ ਸਿਪਾਹੀ ਜ਼ਰੂਰ ਖੜਾ ਹੈ, ਪਰ ਹਾਲਤ ਉਹੀ ਹੈ ਜਿਵੇਂ ਇਕ ਇਤਿਹਾਸਕ ਖੰਡਰ ਦੀ। ਅੰਦਰ ਜਾਣ ਲਈ ਬੂਟ ਲਾਹਣਾ ਪੈਂਦਾ ਹੈ, ਪਰ ਥੋੜੇ ਚਿਰ ਵਿਚ ਹੀ ਜੁਰਾਬਾਂ ਚਿਰਾਂ ਤੋਂ ਨਾ ਸਾਫ਼ ਕੀਤੇ ਫ਼ਰਸ਼ ਦੀ ਧੂੜ ਨਾਲ ਲਿਬੜ ਜਾਂਦੀਆਂ ਹਨ। ਪਰ ਅਫ਼ਸੋਸ ਇਸ ਗੱਲ ਦਾ ਇਤਨਾ ਨਹੀਂ ਜਿਤਨਾ ਇਹ ਸੋਚ ਕੇ ਹੁੰਦਾ ਹੈ ਕਿ ਮੇਰੇ ਮੁਸਲਮਾਨ ਸਾਥੀਆਂ ਵਿਚੋਂ ਕਿਸੇ ਨੂੰ ਇਹ ਖ਼ਾਬ-ਖ਼ਿਆਲ ਵੀ ਨਹੀਂ ਸੀ ਕਿ ਇਹ ਯਾਦਗਾਰ ਉਹਨਾਂ ਦੀ ਮਾਤ ਬੋਲੀ ਦੇ ਨਿਰਮਾਤਾ ਅਤੇ ਸਾਂਝੀ ਪੰਜਾਬੀ ਕੌਮੀਅਤ ਦੇ ਜਨਮਦਾਤਾ, ਇਕ ਮਹਾਨ ਚਿੰਤਕ ਫ਼ਿਲਾਸਫ਼ਰ ਅਤੇ ਕਲਾਕਾਰ ਦੀ ਹੈ। ਉਹਨਾਂ ਨੂੰ ਨਹੀਂ ਪਤਾ ਕਿ ਅੰਮ੍ਰਿਤਸਰ ਦੇ ਗੁਰੂਮੰਦਰ ਦੀ ਬੁਨਿਆਦ ਇਸ ਮਹਾਂਪੁਰਸ਼ ਨੇ ਉਹਨਾਂ ਦੇ ਆਪਣੇ ਹਮ-ਮਜ਼ਹਬ ਪੀਰ ਮੀਯਾਂਮੀਰ ਦੇ ਹੱਥੋਂ ਰਖਵਾਈ ਸੀ। ਪਰ ਕੀ ਇਸ ਬੇਕਦਰੀ ਤੇ ਬੇਕੁਰਬੀ ਦੇ ਜ਼ਿਮੇਦਾਰ ਕੇਵਲ ਮੁਸਲਮਾਨ ਲੋਕ ਹਨ ? ਕੀ ਉਤਨੀ ਹੀ ਜ਼ਿਮੇਦਾਰੀ ਸਿੱਖਾਂ ਉਤੇ ਨਹੀਂ ਆਂਦੀ ? ਏਸੇ ਗੁਰੂ ਅਰਜਨ ਨੇ ਗੁਰੂ ਗ੍ਰੰਥ ਵਿਚ ਸ਼ੇਖ਼ ਫ਼ਰੀਦ ਦੀ ਬਾਣੀ ਸਜਾਈ ਸੀ ਜਿਸ ਅਗੇ ਸਿੱਖ ਹਰ ਰੋਜ਼ ਗੁਰਦੁਆਰਿਆਂ ਵਿਚ ਜਾ ਕੇ ਮੱਥਾ ਟੇਕਦੇ ਹਨ। ਸਿੱਖਾਂ ਦੇ ਹੀ ਦਸਮ-ਪਾਤਸ਼ਾਹ ਨੇ ਭਗਵਾਨ ਨੂੰ ਅੱਲਾਹ, ਰਹੀਮ ਤੇ ਕਰੀਮ ਦੇ ਨਾਂ ਨਾਲ ਯਾਦ ਕੀਤਾ ਸੀ। ਫੇਰ ਉਹਨਾਂ ਕਿਹੜੀ ਧਾਰਮਿਕ ਸਿਖਿਆ ਦੇ ਆਧਾਰ ਉਤੇ ਆਪਣੀਆਂ ਪਵਿੱਤਰ ਕ੍ਰਿਪਾਨਾਂ ਨਿਰਦੋਸ਼ ਮੁਸਲਮਾਨ ਤੀਵੀਆਂ ਤੇ ਬੱਚਿਆਂ ਉਪਰ ਖੋਲ੍ਹੀਆਂ ? ਕੀ ਕੋਈ ਸਿੱਖ ਆਗੂ ਇਸ ਸਵਾਲ ਦਾ ਜਵਾਬ ਦੇ ਸਕਦਾ ਹੈ ?......

ਪੁਰਾਣਾ ਕਿਲ੍ਹਾ ਵੇਖਿਆ। ਉਹ ਸ਼ੀਸ਼ਿਆਂ ਜੜੀਆਂ ਛਤਾਂ ਵੇਖੀਆਂ ਜਿਹਨਾਂ ਹੇਠ ਅਣਗਿਣਤ ਆਜ਼ਾਦੀ ਦੇ ਪਰਵਾਨਿਆਂ ਨੂੰ ਅਕਹਿ ਤਸੀਹੇ ਦਿਤੇ ਗਏ ਸਨ। ਉਹਨਾਂ ਦੀ ਕੁਰਬਾਨੀ ਨੇ ਕੇਵਲ ਭਾਰਤ ਨਹੀਂ ਸਗੋਂ ਪਾਕਿਸਤਾਨ ਦੀ ਆਜ਼ਾਦੀ ਦਾ ਦਿਨ ਵੀ ਨੇੜੇ ਲਿਆਂਦਾ, ਪਰ ਇਥੇ ਕਿਤੇ ਵੀ ਉਹਨਾਂ ਦਾ ਜ਼ਿਕਰ ਤਕ ਕੀਤਾ ਨਹੀਂ ਮਿਲਦਾ, ਕਿਤੇ ਕੋਈ ਯਾਦਗਾਰ ਨਹੀਂ ਕਿਲ੍ਹਾ ਕੇਵਲ ਇਕ ਸੈਰਗਾਹ ਬਣਾ ਦਿਤਾ ਗਿਆ ਹੈ।

ਪਤਾ ਲਗਿਆ ਕਿ ਉਸਤਾਦ ਦਾਮਨ ਵੀ ਇਥੇ ਕਿਤੇ ਨੇੜੇ ਹੀ ਰਹਿੰਦੇ ਹਨ। ਪਰ ਉਹਨਾਂ ਨੂੰ ਸ਼ਰਧਾਂਜਲੀ ਦੇਣ ਦਾ ਸ਼ਰਫ਼ ਹਾਸਲ ਨਾ ਹੋ ਸਕਿਆ ਕਿਉਂਕਿ ਉਹ ਸ਼ਹਿਰੋਂ ਕਿਤੇ ਬਾਹਰ ਗਏ ਹੋਏ ਸਨ।

ਲਾਹੌਰ ਦੇ ਨਵੇਂ ਜੁਗਰਾਫ਼ੀਏ ਵਿਚ ਸਨਅੱਤ ਨੇ ਕੋਈ ਖ਼ਾਸ ਹਿੱਸਾ ਨਹੀਂ

ਪਾਇਆ । ਨਵੀਆਂ ਸੜਕਾਂ, ਬਸਤੀਆਂ ਅਤੇ ਰਿਹਾਇਸ਼ਗਾਹਾਂ ਨੇ ਉਹਨੂੰ ਵਧੇਰੇ ਸ਼ਿੰਗਾਰਿਆ ਹੈ । ਇਹਨਾਂ ਵਿਚੋਂ ਸਭ ਤੋਂ ਮਸ਼ਹੂਰ ਅਤੇ ਕਾਬਿਲੇ-ਦੀਦ "ਗੁਲਬਰਗਾ" ਅਖਵਾਂਦੀ ਹੈ । ਕਾਇਦੇ-ਆਜ਼ਮ ਪਾਰਕ (ਲਾਰੰਸ ਗਾਰਡਨ) ਵਲੋਂ ਨਹਿਰ ਪਾਰ ਕਰਦੀ ਅਤੇ ਸੁੰਦਰ ਸੰਘਣੇ ਦਰਖ਼ਤਾਂ ਨਾਲ ਉਲੀਕੀ ਹੋਈ ਸੜਕ ਉਸ ਵਲ ਜਾਂਦੀ ਹੈ । ਅਮੀਰਾਂ ਨੇ ਬੜੇ ਹੀ ਖ਼ੂਬਸੂਰਤ ਬੰਗਲੇ ਇਥੇ ਬਣਾਏ ਹਨ । ਦਰਾਮਦ ਦੀ ਖੁਲ੍ਹ ਹੋਣ ਕਰ ਕੇ ਚਮਤਕਾਰੀ ਵੰਨਗੀ ਦੀਆਂ ਮੋਟਰਾਂ ਏਧਰੋਂ ਓਧਰ ਦੌੜਦੀਆਂ ਫਿਰਦੀਆਂ ਹਨ । ਕਾਲਜ ਦੇ ਇਕ ਪੁਰਾਣੇ ਮਿੱਤਰ ਦੇ ਘਰ ਦਾਅਵਤ ਹੋਈ । ਲਾਅਨ ਵਿਚ ਸੁਖਾਲਾ ਬਹਿ ਕੇ ਕਈ ਘੰਟੇ ਬੀਅਰ ਪੀਤੀ ਗਈ । ਅਨੇਕ ਯਾਦਾਂ ਤੇ ਯਾਰੀਆਂ ਮੁੜ ਤਾਜ਼ਾ ਹੋਈਆਂ । ਫ਼ਰਾਗ਼ਤ, ਫ਼ੁਰਸਤ, ਦਿਮਾਗ਼ੀ ਅਤੇ ਜਜ਼ਬਾਤੀ ਸੁਹਜ, ਨਿੱਘੀਆਂ ਅਤੇ ਡੂੰਘੀਆਂ ਯਾਰੀਆਂ ਦੀ ਬਦੌਲਤ ਸਦਾ ਵਾਂਗ ਲਾਹੌਰ ਲਾਹੌਰ ਈ ਹੈ । ਇਸ ਪਖੋਂ ਸ਼ੈਦ ਕੋਈ ਹੋਰ ਸ਼ਹਿਰ ਉਸ ਦੀ ਰੀਸ ਨਹੀਂ ਕਰ ਸਕਦਾ । ਕਦੇ ਵਿਚਕਾਰ ਬੰਬਈ ਦੇ ਮਸ਼ੀਨੀ ਜੀਵਨ ਵਲ ਧਿਆਨ ਚਲਾ ਜਾਂਦਾ, ਰੂਹ ਕੰਬ ਉਠਦੀ । ਨਾਟਕ, ਫ਼ਿਲਮ ਸੰਗੀਤ ਸਾਹਿੱਤ ਆਦਿ ਬਾਰੇ ਖ਼ੂਬ ਗੱਲਾਂ ਹੋਈਆਂ । ਵਿਚ ਵਿਚ ਲਤੀਫ਼ਿਆਂ ਤੇ ਚੁਟਕਲਿਆਂ ਦੀ ਵੀ ਝੜੀ ਲਗੀ । ਇੰਜ ਜਾਪਿਆ ਜਿਵੇਂ ਮੈਂ ਵੀਹ ਸਾਲ ਉਮਰ ਵਿਚ ਛੋਟਾ ਹੋ ਗਿਆ ਹਾਂ । ਪਰ ਮੈਂ ਆਪਣੇ ਆਪ ਤੋਂ ਪੁੱਛੇ ਬਿਨਾਂ ਨਾ ਰਹਿ ਸਕਿਆ ਕੀ ਵੀਹ ਸਾਲ ਛੋਟਾ ਹੋ ਜਾਣਾ ਮੈਨੂੰ ਸਚਮੁੱਚ ਪਸੰਦ ਹੈ ? ਝਟਪਟ ਇੰਜ ਜਾਪਿਆ ਜਿਵੇਂ ਮੈਂ ਛੋਟਾ ਨਹੀਂ ਹੋਇਆ, ਵੀਹ ਸਾਲ ਤੋਂ ਮੇਰੇ ਇਹਨਾਂ ਮਿੱਤਰਾਂ ਦਾ ਵਾਧਾ ਰੁਕਿਆ ਪਿਆ ਹੈ । ਉਹਨਾਂ ਦੇ ਨਜ਼ਰਈਆਂ ਵਿਚ ਹਾਲਾਂ ਵੀ ਆਲੋਚਕਾਂ ਵਾਲਾ ਦਾਨਿਸ਼ਵਰੀ ਵਿਅੰਗਾਤਮਕ ਘੁਮੰਡ ਹੈ, ਸਿਰਜਕਾਂ ਵਾਲੀ ਜਗਿਆਸਾ ਤੇ ਨਿਰਮਾਣਤਾ ਨਹੀਂ ਆਈ । ਲਤੀਫ਼ੇ ਤੇ ਚੁਟਕਲੇ ਵੀ ਪੁਰਾਣੇ ਸਨ । ਇੰਜ ਮਹਿਸੂਸ ਹੋਇਆ ਜਿਵੇਂ ਵਕਤ ਲਾਹੌਰ ਨੂੰ ਪਿਛੇ ਛਡ ਕੇ ਬਹੁਤ ਦੂਰ ਅਗਾਂਹ ਲੰਘ ਗਿਆ ਹੈ ।

ਏਥੋਂ ਮਾਲ ਰੋਡ ਉਤੇ "ਆਰਟ ਕੌਂਸਲ" ਦੇ ਮੈਂਬਰਾਂ ਨਾਲ ਚਾਹ ਪੀਣ ਜਾਣਾ ਸੀ । ਅੱਧਾ ਘੰਟਾ ਦੇਰ ਨਾਲ ਪੁਜਿਆ, ਏਸ ਅਪਰਾਧ ਲਈ ਸ਼ੈਦ ਮੈਂ ਆਪਣੇ ਆਪ ਨੂੰ ਕਦੇ ਵੀ ਮਾਫ਼ ਨਹੀਂ ਕਰ ਸਕਾਂਗਾ ।

ਸੱਯਦ ਇਮਤਿਆਜ਼ ਅਲੀ ਤਾਜ, ਜਿਹਨਾਂ ਦੇ ਪਿਆਲੇ ਵਿਚੋਂ ਮੈਂ ਅਭਿਨਯ-ਕਲਾ ਦੇ ਸ਼ੌਕ ਦਾ ਪਹਿਲਾ ਘੁਟ ਭਰਿਆ ਸੀ, ਸ਼ੌਕਤ ਸਾਹਬ, ਅਤੇ ਹੋਰ

ਕਿਤਨੀਆਂ ਸਨਮਾਨ-ਯੋਗ ਹਸਤੀਆਂ ਖ਼ਾਮੋਸ਼ ਆਜ਼ੁਰਦਗੀ ਨਾਲ ਮੈਨੂੰ ਉਡੀਕ ਰਹੀਆਂ ਸਨ। ਜਾਣ ਬੁਝ ਕੇ ਦੇਰ ਨਹੀਂ ਸੀ ਕੀਤੀ, ਪਰ ਗ਼ਫ਼ਲਤ ਹੋਈ ਜ਼ਰੂਰ ਸੀ ਮੈਥੋਂ। ਫ਼ਿਲਮ ਐਕਟਰਾਂ ਦਾ ਨਾਮਣਾ ਇਸ ਲਿਹਾਜ਼ ਤੋਂ ਉਂਜ ਵੀ ਚੰਗਾ ਨਹੀਂ। ਪਤਾ ਨਹੀਂ ਕੀ ਸੋਚਦੇ ਹੋਣਗੇ ? ਪਰ ਮੇਰੀ ਸ਼ਰਮਿੰਦਗੀ ਨੂੰ ਉਹਨਾਂ ਦੀ ਉਦਾਰਤਾ ਨੇ ਦੂਣਾ ਕਰ ਦਿਤਾ। ਕਿਸੇ ਨੇ ਮੱਥੇ ਉਤੇ ਵਟ ਨਹੀਂ ਪਾਇਆ। ਮੈਨੂੰ ਆਪਣੇ ਅੰਦਰ ਇੰਜ ਸਮੋ ਲਿਆ ਜਿਵੇਂ ਦੁੱਧ ਵਿਚ ਖੰਡ ਘੁਲਦੀ ਹੈ। ਬੜੀ ਪਿਆਰੀ ਸ਼ਾਮ ਗੁਜ਼ਰੀ ਉਹ। ਨੇਤਾ ਜੀ ਸੁਭਾਸ਼ ਬੋਸ ਦੇ ਪਰਮ-ਸਾਥੀ, ਅਤੇ ਮੇਰੇ ਕਾਲਜ ਦੇ ਸਾਥੀ ਕਰਨਲ ਅਹਿਸਾਨ ਕਾਦਿਰ ਦੇ ਨਾਲ ਬਹਿ ਕੇ, "ਪਦਮਾ ਨਦੀਰ ਮਾਂਝੀ" ਨਾਂ ਦੀ ਬੰਗਾਲੀ ਨਾਵਲ ਦੇ ਆਧਾਰ ਤੇ ਪੂਰਬੀ ਪਾਕਿਸਤਾਨ ਵਿਚ ਬਣੀ ਇਕ ਉੱਤਮ ਫ਼ਿਲਮ ਵੇਖੀ, ਜਿਸ ਨੂੰ ਕੁਝ ਸਾਲ ਪਹਿਲਾਂ ਮਾਸਕੋ ਦੇ ਫ਼ਿਲਮ ਉਤਸਵ ਵਿਚ ਪੁਰਸਕਾਰ ਮਿਲਿਆ ਸੀ। ਨਿਰਾਸਤਾ ਦੂਰ ਹੋਈ, ਚੋਖੀ ਪ੍ਰੇਰਣਾ ਮਿਲੀ।

੧੫

OOO

ਸੱਯਦ ਇਮਤਿਆਜ਼ ਅਲੀ ਤਾਜ ਨੇ ਦੂਜੇ ਦਿਨ ਆਪਣੇ ਘਰ ਚਾਹ ਲਈ ਦਾਅਵਤ ਦਿਤੀ। ਇੰਜ ਅਨੇਕਾਂ ਹੋਰ ਪਿਆਰੇ ਮਿੱਤਰਾਂ ਨੂੰ ਮਿਲਣ ਦਾ ਅਵਸਰ ਮਿਲਿਆ, ਜਿਹੜੇ ਕਿਸੇ ਜ਼ਮਾਨੇ ਹਿੰਦੁਸਤਾਨ ਦੇ ਫ਼ਿਲਮ-ਗਗਨ ਦੇ ਜਗਮਗਾਉਂਦੇ ਸਿਤਾਰੇ ਸਨ, ਨੂਰਜਹਾਂ, ਨੀਨਾ, ਰਫ਼ੀ ਪੀਰ, ਡਬਲਯੂ. ਜ਼ੈਡ. ਅਹਿਮਦ......।

ਲਾਹੌਰ ਦੇ ਨਵੇਂ ਜੁਗਰਾਫ਼ੀਏ ਵਿਚ ਮੁਲਤਾਨ ਰੋਡ ਨੇ ਅਹਿਮ ਸਥਾਨ ਹਾਸਲ ਕਰ ਲਿਆ। ਕਈ ਕਾਰਖ਼ਾਨੇ ਵਜੂਦ ਵਿਚ ਆ ਗਏ ਤੇ ਆ ਰਹੇ ਹਨ, ਪਰ ਵਧੇਰੇ ਇਸ ਦੀ ਸ਼ੁਹਰਤ ਨਵੇਂ ਫ਼ਿਲਮ ਸਟਡੀਓਆਂ ਕਾਰਨ ਹੈ। ਸ਼ੌਕਤ ਸਾਹਿਬ ਖ਼ੁਦ ਆਪਣਾ ਬਹੁਤ ਵਡਾਂ ਸਟੂਡੀਓ ਬਣਾ ਰਹੇ ਹਨ। 'ਐਵਰ-ਨਿਊ' ਵੀ ਇਕ ਨਵਾਂ ਅਤੇ ਵਡੇ ਪੈਮਾਨੇ ਦਾ, ਆਲ੍ਹਾ ਤੋਂ ਆਲ੍ਹਾ ਟੈਕਨੀਕਲ ਸਾਮਾਨ ਨਾਲ ਲੈਸ ਸਟੂਡੀਓ ਹੈ। ਇਥੇ ਪਾਕਿਸਤਾਨ ਦੇ ਉਘੇ ਫ਼ਿਲਮ ਪ੍ਰੋਡਯੂਸਰਾਂ, ਡਾਇਰੈਕਟਰਾਂ ਅਤੇ ਫ਼ਿਲਮੀ ਮਾਹੌਲ ਤੋਂ ਅਕਸਰ ਤੰਗ ਆ ਜਾਂਦਾ ਹਾਂ, ਪਰ ਬਾਹਰ ਜਾ ਕੇ ਆਪਣੇ ਇਸ ਪੇਸ਼ੇ ਲਈ ਮਨ ਵਿਚ ਆਦਰ ਪੈਦਾ ਹੋ ਜਾਂਦਾ ਹੈ ਜੋ ਇਕ ਨਾਚੀਜ਼ ਜਿਹੇ ਆਦਮੀ ਨੂੰ ਵੀ ਇਤਨੀ ਇੱਜ਼ਤ ਬਖ਼ਸ਼ਾਉਂਦਾ ਹੈ।

ਜਦੋਂ ਵੀ ਸੈਰ ਦੇ ਦੌਰਾਨ ਵਕਤ ਮਿਲਿਆ ਮੈਂ ਪਾਕਿਸਤਾਨੀ ਫ਼ਿਲਮਾਂ

ਵੇਖਦਾ ਅਤੇ ਉਹਨਾਂ ਦਾ ਜਾਇਜ਼ਾ ਲੈਂਦਾ ਰਿਹਾ ਸਾਂ। ਹੁਣ ਤਕ ਮੈਂ "ਔਲਾਦ", "ਸੁਸਰਾਲ", "ਬੰਜਾਰਨ", "ਚਿਰਾਗ਼ ਜਲਤਾ ਰਹਾ" ਚਾਰ ਉਰਦੂ ਦੀਆਂ ਅਤੇ ਦੋ ਬੰਗਾਲੀ ਫਿਲਮਾਂ ਵੇਖ ਚੁਕਿਆ ਸਾਂ। ਪੰਜਾਬੀ ਦੀ ਸ਼ਾਹਕਾਰ ਫ਼ਿਲਮ "ਕਰਤਾਰ ਸਿੰਘ" ਵੇਖਣ ਨੂੰ ਬੜਾ ਜੀਅ ਕਰਦਾ ਸੀ, ਪਰ ਉਸ ਦੀ ਕਿਤੇ ਵੀ ਨੁਮਾਇਸ਼ ਨਹੀਂ ਸੀ ਹੋ ਰਹੀ। "ਐਵਰ-ਨਿਊ" ਸਟੂਡੀਓ ਵਿਚ ਪੰਜ ਛੇ ਬਣ ਰਹੀਆਂ ਫ਼ਿਲਮਾਂ ਦੀਆਂ ਰੀਲਾਂ ਵੀ ਵੇਖੀਆਂ। ਇਸ ਮਿਲਣੀ ਦੇ ਰੂਹੇ-ਰਵਾਂ ਸਨ ਪਾਕਿਸਤਾਨ ਵਿਚ ਪਹਿਲੇ ਨੰਬਰ ਤੇ ਗਿਣੇ ਜਾਣ ਵਾਲੇ ਅਦਾਕਾਰ ਇਲਾਉਦੀਨ। "ਕਰਤਾਰ ਸਿੰਘ" ਦੇ ਇਹੋ ਹੀਰੋ ਹਨ। ਅਤੇ "ਸੁਸਰਾਲ" — ਜਿਸ ਵਿਚ ਮੈਂ ਉਹਨਾਂ ਦਾ ਕੰਮ ਆਪਣੀ ਅੱਖੀਂ ਵੇਖਿਆ — "ਦੋ ਬਿਘਾ ਜ਼ਮੀਨ", "ਜਾਗਤੇ ਰਹੋ", ਅਤੇ "ਪਾਥੇਰ ਪੰਚਾਲੀ" ਜਿਹੀ ਉੱਤਮ ਦਰਜੇ ਦੀਆਂ ਫ਼ਿਲਮਾਂ ਨਾਲ ਮੋਢਾ ਮੇਚਦੀ ਹੈ।

ਇਸ ਫ਼ਿਲਮ ਦੀ ਸਾਰੀ ਸ਼ੂਟਿੰਗ ਲਾਹੌਰ ਦੇ ਗਲੀ ਮਹੱਲਿਆਂ ਵਿਚ ਹੋਈ। ਘਟ ਵਧ ਹੀ ਕੋਈ ਸੀਨ ਸਟੂਡੀਓ ਵਿਚ ਸ਼ੂਟ ਕੀਤਾ ਗਿਆ। ਇਸ ਕਾਰਨ ਫ਼ਿਲਮ ਵਿਚ ਅਜਿਹੀ ਸੁੰਦਰਤਾ ਆਈ ਹੈ ਜੋ ਵੇਖਣ ਨਾਲ ਹੀ ਤਅੱਲਕ ਰਖਦੀ ਹੈ। ਪ੍ਰੇਮੀ ਕਾਗ਼ਜ਼ੀ ਫੁਲਵਾੜੀਆਂ ਵਿਚ ਟਪਦੇ ਤੇ ਗੀਤ ਗਾਉਂਦੇ ਨਹੀਂ ਵਿਖਾਏ ਜਾਂਦੇ, ਸਗੋਂ ਹਨੇਰੀਆਂ ਪੌੜੀਆਂ ਅਤੇ ਟੁੱਟੀਆਂ ਚਿਕਾਂ ਦੀ ਓਟ ਵਿਚ ਚੋਰੀ ਚੋਰੀ ਮਿਲਦੇ ਹਨ, ਜਿਵੇਂ ਕਿ ਜੀਵਨ ਵਿਚ ਵਾਪਰਦਾ ਹੈ। ਮੁਖ-ਪਾਤਰ ਇਕ ਬੈਂਡ ਦਾ ਤੁਰਮਚੀ ਹੈ। ਰੋਜ਼ ਜੰਞਾਂ ਚੜ੍ਹਦੀਆਂ ਹਨ ਜਿਨ੍ਹਾਂ ਅਗੇ ਇਹ ਤੁਰਮ ਵਜਾਂਦਾ ਤੁਰਦਾ ਹੈ, ਪਰ ਗ਼ਰੀਬ ਹੋਣ ਕਾਰਨ ਇਸ ਦੀ ਆਪਣੀ ਸ਼ਾਦੀ ਨਹੀਂ ਹੁੰਦੀ। ਮਹੱਲੇ ਵਿਚ ਇਕ ਚੁਸਤ ਆਦਮੀ ਨੇ ਰਿਸ਼ਤਾ ਕਰਾਣ ਦੀ ਵਿਚੋਲੀਆ-ਏਜੰਸੀ ਖੋਲ੍ਹੀ ਹੋਈ ਹੈ। ਤੁਰਮਚੀ ਕੋਲੋਂ ਚੰਗੇ ਪੈਸੇ ਡਕਾਰਨ ਦੇ ਬਾਵਜੂਦ ਉਹ ਇਹਨੂੰ ਇਕ ਬੇ-ਰਹਿਮ ਧੋਖੇ ਦਾ ਸ਼ਿਕਾਰ ਬਣਾਉਂਦਾ ਹੈ, ਸੁਹਣੀ ਕੁੜੀ ਵਿਖਾ ਕੇ ਕੋਝੀ ਨਾਲ ਉਹਦਾ ਨਿਕਾਹ ਪੜ੍ਹਾ ਦਿਤਾ ਜਾਂਦਾ ਹੈ। ਏਸੇ ਤਰ੍ਹਾਂ ਮਹੱਲੇ ਦੇ ਹੋਰ ਕਿਰਦਾਰ ਵੀ ਇਕ ਦੂਜੇ ਨਾਲ ਧੋਖਾ ਕਰਦੇ ਵਿਖਾਏ ਜਾਂਦੇ ਹਨ। ਉਹ ਦਿਲ ਦੇ ਮਾੜੇ ਨਹੀਂ, ਅਤੇ ਨਾ ਹੀ ਆਪਣੀ ਮਰਜ਼ੀ ਨਾਲ ਇੰਜ ਕਰਦੇ ਹਨ। ਉਹ ਸਮਾਜੀ ਹਾਲਤਾਂ ਤੋਂ ਮਜਬੂਰ ਹਨ, ਅਤੇ ਇਹੋ ਗਿਆਨ ਉਹਨਾਂ ਨੂੰ ਹਸ ਖੇਡ ਕੇ ਝਟ ਗੁਜ਼ਾਰਨ ਦੀ ਸ਼ਕਤੀ ਬਖ਼ਸ਼ਦਾ ਹੈ।

ਇਲਾਉਦੀਨ ਕਮਾਲ ਦੀ ਹੁਨਰਮੰਦੀ ਨਾਲ ਇਹ ਕਿਰਦਾਰ ਖੇਡ ਗਏ ਹਨ, ਪਰ ਏਸ ਫ਼ਿਲਮ ਦੇ ਪਰੋਡਯੂਸਰ ਡਾਇਰੈਕਟਰ ਰਿਆਜ਼ ਸ਼ਾਹਿਦ ਹਨ। ਸੱਚੀ ਗੱਲ ਤੜਾਕ ਮੂੰਹੋਂ ਕਢਣਾ ਇਸ ਨੌਜਵਾਨ ਦਾ ਜੀਵਨ-ਆਦਰਸ਼ ਜਾਪਦਾ ਹੈ, ਅਤੇ ਇਹੋ ਖ਼ਤਰਨਾਕ ਗੁਣ ਉਸ ਦੀਆਂ ਅੱਖਾਂ, ਉਸ ਦੇ ਚਿਹਰੇ ਅਤੇ ਫ਼ਨ ਵਿਚ ਸਦੀਵੀ ਜਿਹੀ ਤਮਤਮਾਹਟ ਅਤੇ ਤੜਪ ਪੈਦਾ ਕਰੀ ਰਖਦਾ ਹੈ। ਜੀਵਨ ਦੇ ਯਥਾਰਥ ਨਾਲ ਉਹਨੂੰ ਇਸ਼ਕ ਹੈ। ਇਸ ਨੂੰ ਉਹ ਬਨਾਵਟੀ ਸੁੰਦਰਤਾ ਦੇ ਪੋਚੇ ਮਾਰ ਕੇ ਕੁਰੂਪ ਨਹੀਂ ਬਣਾਂਦਾ ਤੇ ਇੰਜ ਉਹ ਨਵੀਆਂ ਰਾਹਾਂ ਦਾ ਖੋਜੀ ਹੈ। ਕਈ ਦੂਜੇ ਪਰੋਡਯੂਸਰਾਂ ਦੇ ਮੁਕਾਬਲੇ ਵਿਚ, ਜੋ ਬੰਬਈਉਂ ਆਏ ਤੇ ਬੰਬਈ ਦੀਆਂ ਹੀ ਲੀਹਾਂ ਤੇ ਟੁਰਦੇ ਹਨ, ਉਸ ਕੋਲੋਂ ਨਿੱਗਰ ਅਤੇ ਉੱਤਮ ਫ਼ਿਲਮਕਾਰੀ ਦੀ ਵਧੇਰੇ ਆਸ ਕੀਤੀ ਜਾ ਸਕਦੀ ਹੈ।

ਸਟੂਡੀਓ ਵਿਚ ਨੀਲੂ, ਦਰਪਨ, ਜਾਫ਼ਰੀ, ਅਸਲਮ ਪਰਵੇਜ਼, ਲੈਲਾ, ਸਬੀਹਾ ਅਤੇ ਕਈ ਹੋਰ ਉਘੇ ਫ਼ਿਲਮ ਸਟਾਰਾਂ ਨਾਲ ਮਿਲ ਬੈਠਣ ਦਾ ਮੌਕਾ ਮਿਲਿਆ ਜਿਸ ਪਿਆਰ ਤੇ ਖ਼ਲੂਸ ਨਾਲ ਇਹ ਲੋਕ ਅਤੇ ਸਟੂਡੀਓ ਦੇ ਟੈਕਨੀਸ਼ਨ ਮੇਰੇ ਨਾਲੇ ਪੇਸ਼ ਆਏ, ਮੈਂ ਕਦੇ ਭੁੱਲ ਨਹੀਂ ਸਕਾਂਗਾ।

ਰਿਆਜ਼ ਸ਼ਾਹਿਦ, ਅਤੇ ਇਲਾਉਦੀਨ (ਜੋ ਮੇਰੇ ਵਤਨ ਰਾਵਲਪਿੰਡੀ ਦੇ ਜੰਮ-ਪਲ ਹਨ) ਦੇ ਕਥਨ ਅਨੁਸਾਰ ਪਾਕਿਸਤਾਨ ਵਿਚ ੪੦ ਕੁ ਫ਼ਿਲਮਾਂ ਹਰ ਸਾਲ ਬਣਦੀਆਂ ਹਨ। ਇਹਨਾਂ ਵਿਚੋਂ ੬੦ ਫ਼ੀ ਸਦੀ ਇਕਦਮ ਭਾਰਤੀ ਤੇ ਅਮਰੀਕੀ ਫ਼ਿਲਮਾਂ ਦੀ ਨਕਲ, ੩੦ ਫ਼ੀ ਸਦੀ ਰਵਾਇਤੀ ਫ਼ਾਰਮੂਲਿਆਂ ਅਨੁਸਾਰ, ਅਤੇ ਕੇਵਲ ੧੦ ਫ਼ੀ ਸਦੀ ਨਿਰੋਲ ਕਲਾਮਈ ਹੁੰਦੀਆਂ ਹਨ। ਪਾਕਿਸਤਾਨੀ ਫ਼ਿਲਮਾਂ ਸਨਅੱਤ ਦੀ ਮੌਜੂਦਾ ਡੋਲਵੀਂ ਹਾਲਤ ਸਭਨਾਂ ਲਈ ਪਰੇਸ਼ਾਨੀ ਦਾ ਕਾਰਨ ਬਣੀ ਹੋਈ ਹੈ।

ਮੇਰੇ ਆਪਣੇ ਮੋਟੇ ਮੋਟੇ ਅਨੁਮਾਨ ਇਹ ਬਣੇ :—

੧. ਪਾਕਿਸਤਾਨ ਕੋਲ ਕਲਾਕਾਰਾਂ ਦੀ ਕੋਈ ਘਾਟ ਨਹੀਂ। ਖ਼ਾਸ ਕਰ ਕੇ ਲੜਕੀਆਂ ਤਾਂ ਆਪਣੇ ਜਲਾਲੀ ਹੁਸਨ ਅਤੇ ਡੀਲ ਡੌਲ ਵਜੋਂ "ਚੜ੍ਹਿਆ ਹਿੰਦ ਤੇ ਕਟਕ ਪੰਜਾਬ ਦਾ" ਵਾਲੀ ਗੱਲ ਨੂੰ ਸੱਚਾ ਸਾਬਤ ਕਰਦੀਆਂ ਹਨ।

੨. ਪਾਕਿਸਤਾਨੀ ਲੋਕ ਮਤ ਸਮਾਜਕ ਜੀਵਨ ਵਿਚ ਪਰਦੇਦਾਰੀ ਦਾ, ਪਰ ਫ਼ਿਲਮਾਂ ਵਿਚ ਬੇਪਰਦਗੀ ਦਾ ਸਮਰਥਕ ਜਾਪਦਾ ਹੈ। ਅਧਨੰਗੇ ਅੰਗਾਂ ਦੀ ਜਨੂਨੀ ਅਤੇ ਲੱਜ਼ਤ-ਆਮੇਜ਼ ਤਰਥਲੀ ਲੋਕ ਅਤੇ ਸ਼ਾਸਤਰੀ ਨ੍ਰਿਤ ਦੇ ਸਾਰੇ

ਕਾਇਦੇ ਕਾਨੂੰਨਾਂ ਉਪਰ ਗ਼ਾਲਬ ਆ ਚੁਕੀ ਹੈ। ਇਹ ਵਿਰੋਧ ਬਾਹਰੋਂ ਆਏ ਆਦਮੀ ਨੂੰ ਕਾਫ਼ੀ ਹੈਰਾਨ ਕਰਦਾ ਹੈ।

੩. ਹਕੂਮਤ ਵਲੋਂ ਦਿਤੀਆਂ ਗਈਆਂ ਚੋਖੀਆਂ ਸਹੂਲਤਾਂ ਅਤੇ ਭਾਰਤੀ ਫ਼ਿਲਮਾਂ ਦੀ ਦਰਾਮਦ-ਬੰਦੀ ਵਗ਼ੈਰਾ ਦਾ ਪਾਕਿਸਤਾਨੀ ਫ਼ਿਲਮ ਇੰਡਸਟਰੀ ਨੇ ਕੋਈ ਖ਼ਾਸ ਫ਼ਾਇਦਾ ਨਹੀਂ ਉਠਾਇਆ।

੪. ਦੋਹਾਂ ਦੇਸ਼ਾਂ ਦਰਮਿਆਨ ਉੱਚੀ ਪੱਧਰ ਦੀਆਂ ਮਨੁੱਖਵਾਦੀ ਫ਼ਿਲਮਾਂ ਦਾ ਵਟਾਂਦਰਾ ਨਾ ਹੋਣਾ ਬੜੀ ਹੀ ਅਫ਼ਸੋਸਨਾਕ ਹਕੀਕਤ ਹੈ। ਜੇ ਪਾਕਿਸਤਾਨ ਵਿਚ 'ਦੋ ਬਿਘਾ ਜ਼ਮੀਨ,' 'ਕਾਬਲੀਵਾਲਾ' ਜਿਹੀਆਂ ਫ਼ਿਲਮਾਂ ਨਹੀਂ ਜਾ ਸਕਦੀਆਂ ਤਾਂ ਘਟ ਤੋਂ ਘਟ ਸਾਡੇ ਦੇਸ਼ ਵਿਚ 'ਕਰਤਾਰ ਸਿੰਘ' ਅਤੇ 'ਸੁਸਰਾਲ' ਵਰਗੀਆਂ ਫ਼ਿਲਮਾਂ ਤਾਂ ਅਵੱਸ਼ ਆਉਣੀਆਂ ਚਾਹੀਦੀਆਂ ਹਨ। ਜੇ ਇਹ ਡਿਸਟ੍ਰੀਬਿਊਟਰਾਂ ਲਈ ਲਾਭਵੰਦ ਨਹੀਂ ਤਾਂ ਸਾਡੀ ਹਕੂਮਤ ਨੂੰ ਖ਼ੁਦ ਅੱਗੇ ਵਧਣਾ ਚਾਹੀਦਾ ਹੈ। ਕੇਵਲ ਤਕਰੀਰਾਂ ਕਰਨ ਅਤੇ ਬਿਆਨ ਦੇਣ ਨਾਲ ਦੋਵਾਂ ਦੇਸਾਂ ਦੇ ਸੰਬੰਧ ਸੁਹਾਣੇ ਨਹੀਂ ਹੋ ਸਕਦੇ।

ਗੌਰਮਿੰਟ ਕਾਲਜ ਦੇ ਹਾਲ ਵਿਚ, ਜੋ ਮੇਰੇ ਲਈ ਤੀਰਥ-ਸਥਾਨ ਹੈ, ਡਰਾਮਾ ਸੁਸਾਇਟੀ ਨੇ ਮੈਨੂੰ ਡਿਨਰ ਦੀ ਦਾਅਵਤ ਦਿਤੀ ਹੈ। ਸੱਯਦ ਇਮਤਿਆਜ਼ ਅਲੀ ਤਾਜ, ਇਮਦਾਦ ਹੁਸੈਨ, ਅਤੇ ਹੋਰ ਕਈ ਪੁਰਾਣੇ ਸਾਥੀ ਮੇਰੇ ਸਾਹਮਣੇ ਬੈਠੇ ਹਨ। ਪਰ ਮੇਰੀਆਂ ਨਜ਼ਰਾਂ ਬਾਰ ਬਾਰ ਉਸ ਖ਼ਿਲਾਅ ਉਪਰ ਜਾ ਟਿਕਦੀਆਂ ਹਨ ਜਿਥੇ ਅਹਿਮਦ ਸ਼ਾਹ ਬੁਖ਼ਾਰੀ ਦੇ ਬੇ-ਖ਼ਰੋਸ਼ ਕਦਮਾਂ ਦੀ ਆਹਟ ਸੁਣਾਈ ਦੇਂਦੀ ਹੈ। ਐਰਿਕ ਡਿਕਿਨਸਨ ਗਾਊਨ ਭੁੜਕਾਂਦਾ ਲੰਘ ਜਾਂਦਾ ਹੈ। ਮਦਨ ਗੋਪਾਲ ਸਿੰਘ ਦਾ ਸਰੀਰ ਲਹੂ-ਲੁਹਾਨ ਹੋ ਕੇ ਤੜਫਦਾ ਹੈ। ਅਗਿਣਤ ਯਾਦਾਂ ਦਿਮਾਗ਼ ਵਿਚ ਕੂਕਦੀਆਂ ਹਨ। ਸਟੇਜ ਫਿਰ ਸੱਜ ਗਿਆ ਹੈ। ਮਲਿਕ ਗੁਰਦਿਆਲ ਇਕ ਕੋਨੇ ਖੜਾ ਸੋਂਧੀ ਸਾਹਿਬ ਨੂੰ ਕੁਝ ਕਹਿ ਰਿਹਾ ਹੈ। ਪੜਦਾ ਉਠ ਗਿਆ। ਲੇਖਕ ਦੀ ਸੁਰਗਵਾਸੀ ਧਰਮ ਪਤਨੀ ਦਮੋ ਅਤੇ ਸਤੀਸ਼ ਕਿਤਨਾ ਸੁਹਣਾ ਪਾਰਟ ਕਰ ਰਹੇ ਹਨ! ਕਿਥੇ ਗ਼ਾਇਬ ਹੋ ਗਏ ਦੋਵੇਂ ? ਇਤਨੀ ਛੋਟੀ ਉਮਰ ਵਿਚ ਵੀ ਕੋਈ ਮਰਦਾ ਹੈ ? ਲਾਈਟਾਂ ਕਿਉਂ ਇਕਦਮ ਆਫ਼ ਹੋ ਗਈਆਂ ? ਔਹ-ਦੂਰ, ਬਹੁਤ ਦੂਰ, ਰੌਸ਼ਨੀ ਦਾ ਇਕ ਨੁਕਤਾ ਜਿਹਾ ਦਿਖਾਈ ਦੇ ਰਿਹਾ ਹੈ। ਕੀ ਹੈ ਉਹ ? ਵਡਾ ਹੁੰਦਾ ਜਾ ਰਿਹਾ ਹੈ, ਨੀਲਾ ਨੀਲਾ। ਉਹਦੇ ਅੰਦਰ ਨੀਲਾ ਸੂਟ ਪਾਈ ਕੀ ਮੈਂ ਹੀ ਖੜਾ ਹਾਂ ? ਹਾਂ, ਮੈਂ ਈ ਹਾਂ। ਬੜਾ

ਸੁਆਦ ਆਇਆ ਅਜ ਪਾਰਟ ਕਰਨ ਦਾ। ਸਚ, ਸਟੇਜ ਉਤੇ ਅਚਾਨਕ ਇਕ ਤਲਿਸਮ ਜਿਹਾ ਛਾ ਗਿਆ ਸੀ। ਮੈਨੂੰ ਆਪਣੇ ਸਾਰੇ ਬੰਦ ਮੋਕਲੇ ਹੁੰਦੇ ਪਰਤੀਤ ਹੋਣ ਲਗ ਪਏ ਸਨ। ਸਾਰੀਆਂ ਰੁਕਾਵਟਾਂ ਦੂਰ ਹੁੰਦੀਆਂ ਜਾਪਦੀਆਂ ਸਨ। ਕੀ ਇਸੇ ਨੂੰ ਪ੍ਰੇਰਨਾ ਆਖਦੇ ਹਨ ? ਪਹਿਲਾਂ ਤਾਂ ਕਦੇ ਅਜਿਹਾ ਸੁਆਦ ਨਹੀਂ ਸੀ ਆਇਆ ? ਕਿਤਨੀਆਂ ਜ਼ੋਰ ਦੀਆਂ ਤਾੜੀਆਂ ਮਾਰ ਰਹੇ ਹਨ ਲੋਕੀਂ। ਇਸ ਨੀਲੀ ਰੌਸ਼ਨੀ ਦੇ ਹਲਕੇ ਵਿਚ ਖੜਾ ਮੈਂ ਕਿਸ ਨੂੰ ਉਡੀਕ ਰਿਹਾ ਹਾਂ ? ਦਰਸ਼ਕਾਂ ਵਿਚਕਾਰ ਇਮਤਿਆਜ਼ ਸਾਹਿਬ ਦਾ ਹਨੇਰੇ ਵਿਚ ਚਿਹਰਾ ਨਜ਼ਰ ਆਇਆ ਸੀ। ਕੀ ਉਹਨਾਂ ਨੂੰ ਵੀ ਮੇਰਾ ਪਾਰਟ ਪਸੰਦ ਆਇਆ ? ਅਜ ਮੈਂ ਅੰਮ੍ਰਿਤ ਚਖਿਆ ਹੈ। ਅਜ ਵਿਸ਼ੇਸ਼ ਦਿਨ ਹੈ ? ਉਹ ਆਉਂਦੇ ਕਿਉਂ ਨਹੀਂ ? ਖ਼ੌਰੇ ਕਿਸ ਵੇਲੇ ਆਏ ਅਤੇ ਮੈਨੂੰ ਬਾਹਾਂ ਵਿਚ ਸਮੇਟ ਲਿਤਾ।...... ਇਹ ਕੌਣ ਬੋਲ ਰਿਹਾ ਹੈ ? ਡਾਕਟਰ ਨਜ਼ੀਰ ਅਹਿਮਦ ਤਕਰੀਰ ਕਰ ਰਹੇ ਹਨ, "ਜਬ ਬੰਬਈ ਮੇਂ ਬਲਰਾਜ ਸਾਹਿਬ ਸੇ ਮੁਲਾਕਾਤ ਹੂਈ ਔਰ ਉਨਹੋਂ ਮੈਂ ਨੇ ਆਪਨੇ ਯਹਾਂ ਠਹਿਰਨੇ ਕੀ ਦਾਅਵਤ ਦੀ, ਤੋ ਮੁਝੇ ਮੁਤਲਕ ਅੰਦਾਜ਼ਾ ਨਹੀਂ ਥਾ ਕਿ ਵੋਹ ਇਤਨੀ ਮਸ਼ਹੂਰ ਹਸਤੀ ਹੈਂ, ਔਰ ਉਨ ਕੀ ਵਜ੍ਹਾ ਸੇ ਮੇਰੇ ਘਰ ਮੇਂ ਇਤਨੀ ਭੀੜਭਾੜ ਹੋ ਜ਼ਾਏਗੀ।"......ਅਤੇ ਹੁਣ ਮੈਂ ਜਵਾਬ ਦੇ ਰਿਹਾ ਹਾਂ, "ਜਬ ਬੰਬਈ ਮੇਂ ਡਾਕਟਰ ਨਜ਼ੀਰ ਅਹਿਮਦ ਸਾਹ੍ਹਿਬ ਸੇ ਮੁਲਾਕਾਤ ਹੂਈ ਤੋ ਮੁਝੇ ਭੀ ਯਕੀਨ ਨਹੀਂ ਆਇਆ ਕਿ ਉਨ ਜੈਸਾ ਫ਼ਕੀਰਨੁਮਾ ਆਦਮੀ ਗੌਰਮਿੰਟ ਕਾਲਜ ਲਾਹੌਰ ਕਾ ਪ੍ਰਿੰਸੀਪਲ ਹੋ ਸਕਤਾ ਹੈ। ਮੁਝੇ ਸ਼ੱਕ ਹੂਆ ਥਾ ਕਹੀਂ ਵੋਹ ਮੇਰੇ ਸਾਥ ਚਾਰ ਸੌ ਬੀਸ ਤੋ ਨਹੀਂ ਕਰ ਰਹੇ ?"......ਤਕੱਲੁਫ਼, ਬੇਮਤਲਬ ਤਕੱਲੁਫ਼ !! ਨਵੇਂ ਮੁੰਡੇ ਬੜੀਆਂ ਬੇਯਕੀਨ ਨਜ਼ਰਾਂ ਨਾਲ ਵੇਖ ਰਹੇ ਹਨ ਮੈਨੂੰ, ਜਿਵੇਂ ਉਹਨਾਂ ਨਾਲ ਵੀ ਕੋਈ ਚਾਰ ਸੌ ਵੀਹ ਕੀਤੀ ਜਾ ਰਹੀ ਹੋਵੇ। ਭਲਾ ਕਿਵੇਂ ਮੰਨਿਆ ਜਾ ਸਕਦਾ ਹੈ ਕਿ ਕਾਲਜ ਪਹਿਲਾਂ ਕਿਸੇ ਹੋਰ ਤਰ੍ਹਾਂ ਦਾ ਹੁੰਦਾ ਸੀ ?......

ਐ ਤਾਜ਼ਾ ਵਾਰਿਦਾਨੇ ਬਿਸਾਤੇ ਹਵਾਏ ਗੁਲ
ਜਨਹਾਰ ਅਗਰ ਤੁਮ੍ਹੇ ਹਵਸੇ ਨਾਓ ਨੋਸ਼ ਹੈ
ਦੇਖੋ ਮੁਝੇ ਜੋ ਦੀਦਾਏ ਇਬਰਤ ਨਿਗਾਰ ਹੋ
ਮੇਰੀ ਸੁਨੋ ਜੋ ਗੋਸ਼ ਨਸੀਹਤ ਨਿਓਸ਼ ਹੈ......

ਚੁੱਪ ! ਉਹ ਕੀ ਲਗਦੇ ਨੇ ਤੇਰੇ ? ਤੂੰ ਕੀ ਲਗਦਾ ਹੈਂ ਉਹਨਾਂ ਦਾ ? ਸੋਚ

ਸਮਝ ਕੇ ਬੋਲ। ਸਵੇਰੇ ਜਿਹੜਾ ਰਿਆਜ਼ ਸ਼ਾਹਿਦ ਨੇ ਰੁੱਕਾ ਭੇਜਿਆ ਸੀ ਉਹ ਤੇਰੀ ਸਮਝਦਾਰੀ ਤੇ ਸਿਆਣਪ ਦਾ ਸਰਟੀਫ਼ਿਕੇਟ ਹੈ :

"ਬਲਰਾਜ ਸਾਹਿਬ,

ਆਪ ਏਕ ਦਿਲਾਵੇਜ਼ ਮੁਸਕਰਾਹਟ ਬਨ ਕਰ ਸਟੂਡੀਓ ਆਏ ਔਰ ਚਲੇ ਗਏ -- ਔਰ ਯੇਹ ਮੁਸਕਰਾਹਟ ਹਮਾਰੀ ਆਂਖੋਂ ਕੇ ਸਾਮ੍ਹਨੇ ਇਤਨਾ ਕਮ ਅਰਸਾ ਰਹੀ ਕਿ ਯੇਹ ਭੀ ਤਮੀਜ਼ ਨਾ ਕਰ ਸਕਾ ਕਿ ਯਿਹ ਮੁਸਕਰਾਹਟ ਖ਼ੈਰ-ਸਗਾਲੀ (?) ਜਜ਼ਬਾ ਥੀ, ਸਿਆਸੀ ਜ਼ਰੂਰਤ ਥੀ, ਇਜ਼ਹਾਰੇ ਤਨਜ਼ ਥੀ, ਯਾ ਮਹਿਜ਼ ਆਦਤ। ਆਪ ਕੇ ਚਲੇ ਜਾਨੇ ਕੇ ਬਾਅਦ ਭੀ ਮੈਂ ਕਿਸੀ ਖ਼ਾਸ ਨਤੀਜੇ, ਪਰ ਨਾ ਪਹੁੰਚ ਸਕਾ......"

ਬਸ ਇੰਜ ਹੀ ਕੀਤਾ ਕਰੋ। ਕਾਮਯਾਬ ਐਕਟਿੰਗ ਇਸੇ ਨੂੰ ਆਖਦੇ ਹਨ। ਅਜ ਦੇ ਜ਼ਮਾਨੇ ਐਕਟਰਾਂ ਦੀ ਬਹੁਤ ਕਦਰ ਹੈ ਕਿਉਂਕਿ ਹਰ ਆਦਮੀ ਐਕਟਰ ਬਣ ਚੁਕਾ ਹੈ। ਇਹ ਜਜ਼ਬਿਆਂ ਦਾ ਨਹੀਂ, ਜਜ਼ਬਿਆਂ ਦੇ ਵਿਖਾਲੇ ਦਾ ਯੁਗ ਹੈ।

ਗੱਡੀ ਤੁਰਨ ਵਾਲੀ ਹੈ। ਉਹ ਡੱਬੇ ਤੇ ਉਹੋ ਇੰਜਨ, ਜਿਹੜੇ ਪੰਦਰਾਂ ਦਿਨ ਪਹਿਲਾਂ ਮੈਨੂੰ ਹਿੰਦੁਸਤਾਨੋਂ ਲਿਆਏ ਸਨ। ਉਹੋ ਹਿੰਦੂ ਡਰਾਈਵਰ ਅਤੇ ਉਸ ਦਾ ਸਿੱਖ ਫ਼ਾਇਰਮੈਨ। ਵਿਛੋੜੇ ਦੀ ਉਡੀਕ ਵਿਚ ਆਪਣੇ ਉਹਨਾਂ ਮਿੱਤਰਾਂ ਦੀ ਨਿੱਕੀ ਜਿਹੀ ਭੀੜ ਵਿਚ ਖਲੋਤਾ ਹੋਇਆ ਸਾਂ। ਜਿਨ੍ਹਾਂ ਵਿਚੋਂ ਕਈਆਂ ਨੂੰ ਵੀਹਾਂ ਵਰ੍ਹਿਆਂ ਬਾਅਦ ਵੇਖਿਆ ਸੀ, ਅਤੇ ਹੁਣ ਫੇਰ ਖ਼ਬਰੇ ਕਦੋਂ ਵੇਖਾਂਗਾ। ਅਹਿਮਦ ਰਾਹੀ ਵੀ ਸੀ। ਇਕ ਘੰਟੇ ਦੇ ਅੰਦਰ ਅੰਦਰ ਗੱਡੀ ਅੰਮ੍ਰਿਤਸਰ ਪਹੁੰਚ ਜਾਏਗੀ ਜੋ ਕਦੇ ਉਸ ਦਾ ਸ਼ਹਿਰ ਸੀ, ਅਤੇ ਹੁਣ ਕੇਵਲ ਉਸ ਦੇ ਖ਼ਾਬਾਂ ਦਾ। ਅਬਦੁੱਲਾ ਮਲਿਕ, ਕਿਤਨੀਆਂ ਸੈਰਾਂ ਕਰਦਾ ਹੁੰਦਾ ਸੀ ਬੰਬਈ, ਕਲਕੱਤੇ ਦੀਆਂ। ਹੁਣ ਦਿੱਲੀ ਤਕ ਜਾਣ ਲਈ ਸੌ ਪਾਪੜ ਵੇਲਣੇ ਪੈਂਦੇ ਹਨ। ਇੰਗਲਿਸਤਾਨ ਵਿਚ ਜਿਵੇਂ ਲੋਕੀਂ ਲਗਾਤਾਰ ਮੌਸਮ ਦਾ ਜ਼ਿਕਰ ਕਰਦੇ ਹਨ, ਇਵੇਂ ਹੀ ਪਾਕਿਸਤਾਨ ਵਿਚ "ਵੀਜ਼ਾ" ਦੀ ਚਰਚਾ ਹੁੰਦੀ ਹੈ।

ਬੌਂਦਲੇ ਜਿਹੇ ਖੜੇ ਸਾਂ ਅਸੀਂ। ਕੁਝ ਸਮਝ ਨਹੀਂ ਸੀ ਪਈ ਆਉਂਦੀ

ਇਕ ਦੂਜੇ ਵਲ ਕਿੰਜ ਤੱਕੀਏ ਤੇ ਕੀ ਆਖੀਏ ? ਕਿਸਮਤ ਨੇ ਹੱਥੋਂ ਫੜ ਕੇ ਕਲ੍ਹ ਸਾਡੀ "ਬਾਬ" ਕਰਾਈ ਸੀ ਅਤੇ ਅਜ ਫੇਰ "ਕਾਟ" ਕਰਾ ਰਹੀ ਸੀ ਜਿਵੇਂ ਅਸੀਂ ਅਜੇ ਵੀ ਸਕੂਲ ਦੇ ਮੁੰਡੇ ਈ ਹੋਈਏ। ਕਿਤਨੇ ਹੋਰ ਕਰਨ ਵਾਲੇ ਕੰਮ ਸਨ ਦੁਨੀਆਂ ਵਿਚ, ਇਹ ਹਿੰਦੂ ਮੁਸਲਮਾਨਾਂ ਨੇ ਦੋ ਮੁਲਕ ਬਣਾ ਕੇ ਕੀ ਆਪਣੇ ਆਪ ਨੂੰ ਵਖਤਾਂ 'ਚ ਪਾ ਲਿਆ ਹੈ ? ਮਸਖ਼ਰਿਆਂ ਦੀ ਜੋੜੀ ਵਾਂਗਰ ਡਰਾਈਵਰ ਤੇ ਫ਼ਾਇਰਮੈਨ ਸਾਡੇ ਦਰਮਿਆਨ ਆ ਕੁੱਦੇ। ਸਿੱਖ ਫ਼ਾਇਰਮੈਨ ਹੱਸ ਕੇ ਕਹਿਣ ਲਗਾ, "ਕਿਉਂ ਜੀ, ਵੇਖ ਲਿਆ ਜੇ ਪਾਕਿਸਤਾਨ ? ਚਲੋ ਹੁਣ ਚਲੀਏ ਆਪਣੇ ਇੰਡੀਆ ਵਾਪਸ।" ਉਹਨਾਂ ਦੇ ਏਸ ਘਮੰਡੀ ਝਲਪੁਣੇ ਨੇ ਮੈਨੂੰ ਹੋਰ ਵੀ ਕੰਡਿਆਂ ਵਿਚ ਘਸੀਟਿਆ।

ਤੁਰ ਪਈ ਗੱਡੀ। ਮੈਂ ਕਲ-ਮੁਕੱਲਾ ਰਹਿ ਗਿਆ। ਜ਼ਮੀਰ ਨੇ ਮੈਨੂੰ ਗਵਾਹਾਂ ਵਾਲੇ ਕਠਘਰੇ ਵਿਚ ਖੜਾ ਕਰ ਦਿਤਾ ਅਤੇ ਜਿਰ੍ਹਾ ਸ਼ੁਰੂ ਕੀਤੀ :

ਜ਼ਮੀਰ — ਏਸ ਵੇਲੇ ਤੂੰ ਖ਼ੁਸ਼ ਹੈਂ ਕਿ ਗ਼ਮਗੀਨ ?

ਮੈਂ — ਹੋਣਾ ਤਾਂ ਮੈਨੂੰ ਗ਼ਮਗੀਨ ਚਾਹੀਦਾ ਹੈ, ਪਰ ਮੈਂ ਖ਼ੁਸ਼ ਹਾਂ।

ਜ਼ — ਤਾਂ ਫੇਰ ਤੂੰ ਅਹਿਮਦ ਰਾਹੀ ਅਤੇ ਦੂਜੇ ਮਿੱਤਰਾਂ ਦੇ ਸਾਹਮਣੇ ਰੰਜੂਲ ਹੋਣ ਦਾ ਕੇਵਲ ਪਾਰਟ ਅਦਾ ਕਰ ਰਿਹਾ ਸੈਂ।

ਮੈਂ — ਹਾਂ, ਮੈਂ ਕੇਵਲ ਪਾਰਟ ਅਦਾ ਕਰ ਰਿਹਾ ਸਾਂ।

ਜ਼ — ਤੇਰਾ ਕੀ ਖ਼ਿਆਲ ਹੈ ਉਹ ਵੀ ਪਾਰਟ ਅਦਾ ਕਰ ਰਹੇ ਸਨ ?

ਮੈਂ — ਹਾਂ, ਹੋ ਸਕਦਾ ਹੈ ਉਹ ਵੀ ਪਾਰਟ ਈ ਅਦਾ ਕਰ ਰਹੇ ਹੋਣ।

ਜ਼ — ਇਸ ਦਾ ਕਾਰਨ ?

ਮੈਂ — ਮੈਂ ਕੇਵਲ ਆਪਣੇ ਬਾਰੇ ਕਹਿ ਸਕਦਾ ਹਾਂ। ਮੈਨੂੰ ਖ਼ੁਸ਼ੀ ਹੈ ਕਿ ਮੈਂ ਆਪਣੇ ਘਰ ਜਾ ਰਿਹਾਂ।

ਜ਼ — ਘਰ ਤੋਂ ਤੇਰਾ ਕੀ ਮਤਲਬ ਹੈ ਬੰਬਈ ? ਤੇਰਾ ਪਰਵਾਰ ?

ਮੈਂ — ਨਹੀਂ ! ਘਰ ਤੋਂ ਮੇਰਾ ਮਤਲਬ ਹੈ ਇੰਡੀਆ — ਜਿਵੇਂ ਫ਼ਾਇਰ-ਮੈਨ ਨੇ ਕਿਹਾ ਸੀ।

ਜ਼ — ਇੰਡੀਆ ਕਿਉਂ ? ਹਿੰਦ ਜਾਂ ਭਾਰਤ ਕਿਉਂ ਨਹੀਂ ਕਹਿੰਦਾ ਤੂੰ ?

ਮੈਂ — ਕਿਉਂਕਿ ਮੈਂ ਵੀ ਆਪਣੇ ਅੰਦਰ ਉਹੋ ਘੁਮੰਡ ਜਿਹਾ ਮਹਿਸੂਸ ਕਰ

ਰਿਹਾ ਹਾਂ ਜਿਸ ਦਾ ਪ੍ਰਦਰਸ਼ਨ ਉਸ ਫ਼ਾਇਰਮੈਨ ਨੇ ਕੀਤਾ ਸੀ। ਮੇਰਾ ਵੀ ਉਸ ਜਿਹਾਂ ਦੀ ਸਫ਼ ਵਿਚ ਖਲੋਣ ਨੂੰ ਜੀਅ ਕਰ ਰਿਹਾ ਹੈ।

ਜ਼ — ਅਚਾਨਕ ਇਹ ਤਬਦੀਲੀ ਕਿਵੇਂ ? ਕੀ ਰਾਵਲਪਿੰਡੀ, ਭੇਰਾ ਅਤੇ ਲਾਹੌਰ ਉਪਰ ਤੈਨੂੰ ਮਾਣ ਨਹੀਂ ? ਕੀ ਉਹਨਾਂ ਨੂੰ ਛਡ ਜਾਣ ਦਾ ਤੈਨੂੰ ਦੁਖ ਨਹੀਂ ?

ਮੈਂ — ਨਹੀਂ ! ਏਸ ਵੇਲੇ ਮੈਨੂੰ ਇਕ ਮਹਾਨ ਸੰਤੋਖ ਪਿਆ ਦੁਲਾਰਦਾ ਹੈ, ਉਹ ਇਹ ਕਿ ਮੇਰਾ ਸ਼ਹਿਰ ਭਾਵੇਂ ਮੇਰੇ ਕੋਲੋਂ ਖ਼ੁਸ ਗਿਆ, ਮੇਰਾ ਦੇਸ਼ ਮੈਥੋਂ ਨਹੀਂ ਖੁਸਿਆ। ਮੈਂ ਇੰਡੀਅਨ ਜੰਮਿਆ ਸਾਂ, ਹੁਣ ਵੀ ਇੰਡੀਅਨ ਹਾਂ ਅਤੇ ਇੰਡੀਅਨ ਹੀ ਮਰਾਂਗਾ — ਏਸ ਤੋਂ ਵਡੀ ਚੀਜ਼ ਹੋਰ ਕੋਈ ਨਹੀਂ।

ਜ਼ — ਇਹ ਤਾਂ ਜਨੂੰਨ ਵਾਲੀ ਗੱਲ ਹੋ ਗਈ। ਮਜ਼੍ਹਬੀ ਜਨੂੰਨ ਨੇ ਜਿਹੜੇ ਫੁੱਲ ਖਿੜਾਏ ਹਨ, ਉਹੋ ਤੇਰਾ ਇਹ ਕੌਮੀ ਜਨੂੰਨ ਵੀ ਖਿੜਾ ਸਕਦਾ ਹੈ। ਯੌਰਪ ਦੇ ਮਹਾਂਯੁਧ ਏਸੇ ਕੌਮੀ ਜਨੂੰਨ ਨੇ ਹੀ ਤਾਂ ਕਰਾਏ ਹਨ : **my country, right or wrong** (ਆਪਣੇ ਮੁਲਕ ਲਈ ਮਰ ਮਿਟਣਾ ਹੈ, ਭਾਵੇਂ ਉਹ ਸੱਚਾ ਭਾਵੇਂ ਝੂਠਾ)।

ਜ਼ — ਲੈ, ਤੇਰੀਆਂ ਭਾਵਨਾਵਾਂ ਦਾ ਵਿਸ਼ਲੇਸ਼ਣ ਮੈਂ ਕਰ ਦਿਆਂ। ਜਿਨ੍ਹਾਂ ਲੋਕਾਂ ਨੇ ਸਾਮਰਾਜ ਨਾਲ ਲੜ ਕੇ ਆਜ਼ਾਦੀ ਹਾਸਲ ਕੀਤੀ, ਉਹਨਾਂ ਨੇ ਹੀ ਤੇਰੇ ਦੇਸ਼ ਵਿਚ ਹਕੂਮਤ ਬਣਾਈ। ਜਿਹੜਾ ਆਦਮੀ ਪਹਿਲੇ ਦਿਨ ਪ੍ਰਧਾਨ ਮੰਤ੍ਰੀ ਬਣਿਆ, ਉਹੋ ਅਜ ਵੀ ਪ੍ਰਧਾਨ ਮੰਤ੍ਰੀ ਹੈ। ਜਿਹੜੀਆਂ ਪਾਲਸੀਆਂ ਉਸ ਨੇ ਪਹਿਲੇ ਦਿਨ ਦੇਸ਼ ਅਗੇ ਰਖੀਆਂ, ਉਹੋ ਅਜ ਵੀ ਤੇਰੇ ਦੇਸ਼ ਦੀਆਂ ਸਫ਼ਲ ਪਾਲਸੀਆਂ ਹਨ। ਤੇਰੇ ਦੇਸ਼ ਦੇ ਅਗੇ ਇਕ ਆਦਰਸ਼ ਹੈ। ਉਹ ਕੇਵਲ ਇਕ ਜ਼ਾਤ ਜਾਂ ਇਕ ਧਰਮ ਦੇ ਲਾਭ ਲਈ ਨਹੀਂ; ਉਹ ਸਾਰੀ ਮਨੁੱਖਤਾ ਦੇ ਲਾਭ ਲਈ ਹੈ। ਉਸ ਨਿਸ਼ਾਨ ਵਲ ਤੁਰ ਕੇ ਤੇਰੇ ਦੇਸ਼ ਨੇ ਆਪਣੀ ਆਜ਼ਾਦੀ ਨੂੰ ਕਾਇਮ ਰਖਿਆ ਅਤੇ ਮਜ਼ਬੂਤ ਬਣਾਇਆ ਹੈ। ਆਪਣੇ ਸਭਿਆਚਾਰਕ ਅਤੇ ਕਲਾਤਮਕ ਵਿਰਸਿਆਂ ਨੂੰ

ਸਾਂਭਿਆ ਹੈ । ਸਨਅੱਤ ਵਿਚ ਉੱਨਤੀ ਹੋਈ ਹੈ। ਮਜ਼ਦੂਰਾਂ ਕਿਸਾਨਾਂ ਨੂੰ ਸਹੂਲਤਾਂ ਮਿਲੀਆਂ ਹਨ । ਲੋਕ-ਸ਼ਾਹੀ ਅਧਿਕਾਰ ਮਿਲੇ ਹਨ, ਸਿਰ ਉੱਚਾ ਕਰ ਕੇ ਤੁਰਨ ਦੀ ਸਮਰੱਥਾ ਹੋਈ ਹੈ। ਤੂੰ ਵੇਖਿਆ ਨਹੀਂ ਲੁਧਿਆਣੇ ਕਿਵੇਂ ਘਰ ਘਰ ਮਸ਼ੀਨਾਂ ਚਲ ਰਹੀਆਂ ਹਨ ? ਇਹ ਮੰਨਿਆਂ ਕਿ ਹਾਲੇ ਬਹੁਤ ਕੁਝ ਕਰਨਾ ਹੈ। ਨਹਿਰੂ ਦਾ ਸਮਾਜਵਾਦ ਦਾ ਆਦਰਸ਼ ਹਾਲੇ ਕੇਵਲ ਸੁਪਨਾ ਹੀ ਜਾਪਦਾ ਹੈ, ਪਰ ਇਸ ਨੇ ਦੇਸ਼ ਦੇ ਲੋਕਾਂ ਨੂੰ ਇਕ ਨਵੀਂ ਚੇਤਨਾ ਦਿਤੀ ਹੈ । ਛੋਟੇ ਛੋਟੇ ਮਜ਼੍ਹਬਾਂ, ਜ਼ਾਤ-ਪਾਤ ਅਤੇ ਪ੍ਰਾਂਤਾਂ ਦੇ ਤਅੱਸਬਾਂ ਤੋਂ ਉਪਰ ਉਠ ਕੇ ਦੇਸ਼-ਵਿਆਪੀ ਏਕਤਾ ਕਾਇਮ ਕਰਨ ਦਾ ਰਾਹ ਦਸਿਆ ਹੈ। ਮਜ਼ਦੂਰਾਂ ਨੂੰ ਆਪਣੀ ਜਥੇਬੰਦੀ ਮਜ਼ਬੂਤ ਕਰਨ ਦੀ ਖੁਲ੍ਹ ਮਿਲੀ ਹੈ। ਇਹ ਸਿੱਖ ਫ਼ਾਇਰਮੈਨ ਵੀ ਤਾਂ ਇਕ ਮਜ਼ਦੂਰ ਹੈ। ਇਹ ਖੇੜਾ ਉਸ ਦੇ ਮੂੰਹ ਉਤੇ ਚੰਗੇਰੇ ਜੀਵਨ ਦੇ ਵਿਸ਼ਵਾਸ ਨੇ ਲਿਆਂਦਾ ਹੈ। ਉਹੀ ਵਿਸ਼ਵਾਸ ਤੇਰੇ ਅੰਦਰ ਵੀ ਹੈ। ਏਸੇ ਗੱਲ ਦੀ ਖ਼ੁਸ਼ੀ ਮਹਿਸੂਸ ਕਰ ਰਿਹਾ ਹੈਂ ਤੂੰ।

ਪਰ ਮੈਨੂੰ ਜ਼ਮੀਰ ਦੀ ਇਸ ਲੈਕਚਰਬਾਜ਼ੀ ਨੇ ਵੀ ਬਹੁਤਾ ਕਾਇਲ ਨਹੀਂ ਕੀਤਾ। ਜੇ "ਦੇਸ਼-ਭਗਤੀ" ਕੇਵਲ ਇਕ ਨਸ਼ਾ ਅਤੇ ਸ੍ਵੈ-ਛਲਾਵਾ ਹੈ ਤਾਂ "ਲੋਕ-ਵਾਦ" ਅਤੇ "ਸਮਾਜਵਾਦ" ਵੀ ਇਕ ਨਸ਼ਾ ਅਤੇ ਛਲਾਵਾ ਸਿੱਧ ਹੋ ਸਕਦੇ ਹਨ। ਬਚਪਨ ਵਿਚ ਆਰੀਆ ਸਮਾਜ ਦੇ ਉਪਦੇਸ਼ਕਾਂ ਕੋਲੋਂ ਸੁਣ ਸੁਣ ਕੇ ਦਿਲ ਵਿਚ ਯਕੀਨ ਬੈਠ ਗਿਆ ਸੀ ਕਿ ਮਰਨ ਤੋਂ ਬਾਅਦ ਮਨੁੱਖ ਦੀ ਆਤਮਾ ਸਵਰਗ ਵਿਚ ਚਲੀ ਜਾਂਦੀ ਹੈ। ਜਦੋਂ ਮੇਰੀ ਭੈਣ ਮੋਈ, ਮੈਂ ਮੂਰਖਾਂ ਵਾਂਗਰ ਕੂਕਦਾ ਫਿਰਦਾ ਸਾਂ, "ਤੁਸੀਂ ਸਾਰੇ ਰੋਂਦੇ ਕਿਉਂ ਹੋ ? ਤੁਹਾਨੂੰ ਤਾਂ ਖ਼ੁਸ਼ ਹੋਣਾ ਚਾਹੀਦਾ ਹੈ ਕਿ ਉਹ ਸਵਰਗ ਵਿਚ ਚਲੀ ਗਈ ਹੈ।......" ਕੀ ਪਤਾ ਮੇਰੀ ਖ਼ੁਸ਼ੀ ਦਾ ਕਾਰਨ ਕੇਵਲ ਇਹ ਹੋਵੇ ਕਿ ਇਸ ਵੇਲੇ ਮੇਰਾ ਹਿਰਦਾ ਆਪਣੀ ਜਨਮ-ਧਰਤ ਦੀ ਪੰਦਰਾਂ ਦਿਨ ਸੈਰ ਕਰ ਕੇ ਮਉਲਿਆ ਹੋਇਆ ਹੈ। ਮੈਂ ਰਜਿਆ-ਪੁਜਿਆ ਅਤੇ ਸੰਪੂਰਨ ਹਾਂ। ਏਸ ਵਿਛੋੜੇ ਦੀ ਅਸਲੀਅਤ ਅਜੇ ਮਨ ਵਿਚ ਖੁਭੀ ਨਹੀਂ। ਵੇਖੀਏ ਵਾਘਿਓਂ ਪਾਰ ਜਾ ਕੇ ਕੀ ਹੁੰਦਾ ਹੈ ?

ਸਚ ਮੁਚ ਹੁਣ ਖ਼ੁਸ਼ੀ ਹੌਲੇ ਹੌਲੇ ਘਟਦੀ ਜਾ ਰਹੀ ਸੀ । ਪ੍ਰਾਪਤੀ ਅਪ੍ਰਾਪਤੀ

ਵਿਚ ਤਬਦੀਲ ਹੁੰਦੀ ਜਾ ਰਹੀ ਸੀ । ਵਾਘੇ ਨੇ ਆਉਣਾ ਈ ਸੀ । ਉਹਨੂੰ ਆਉਣੋਂ ਕੋਈ ਰੋਕ ਨਹੀਂ ਸੀ ਸਕਦਾ । ਅਚਾਨਕ ਅਸਮਾਨ ਜਿਡੇ ਉਚੇ ਕਾਲੇ ਸਿਆਹ ਫ਼ੌਲਾਦੀ ਦਰਵਾਜ਼ੇ ਵਿਕਰਾਲ ਧਮਾਕੇ ਨਾਲ ਆਪਸ ਵਿਚ ਟਕਰਾਂਦੇ ਤੇ ਬੰਦ ਹੁੰਦੇ ਪਰਤੀਤ ਹੋਏ । ਮੈਂ ਹੁਣ ਉਹਨਾਂ ਤੋਂ ਬਾਹਰ ਆ ਚੁਕਿਆ ਸਾਂ । ਹੁਣ ਮੈਂ ਪਿਛੇ ਮੁੜ ਕੇ ਨਹੀਂ ਸਾਂ ਵੇਖ ਸਕਦਾ । ਮੇਰੀ ਹਾਲਤ ਉਸ ਆਦਮੀ ਵਰਗੀ ਹੋ ਗਈ ਜੋ ਗ਼ਮ ਗ਼ਲਤ ਕਰਨ ਲਈ ਟਿਕਟ ਖ਼ਰੀਦ ਕੇ ਸਿਨਮੇ ਵਿਚ ਜਾ ਬੈਠਦਾ ਹੈ । ਜਿਤਨੀ ਦੇਰ ਫ਼ਿਲਮ ਚਲਦੀ ਹੈ ਉਸ ਦਾ ਦਿਲ ਵਰਚਿਆ ਰਹਿੰਦਾ ਹੈ । ਸ਼ੋ ਦੇ ਖ਼ਾਤਮੇ ਤੇ ਉਹ ਬਾਹਰ ਆ ਜਾਂਦਾ ਹੈ ਅਤੇ ਗ਼ਮ ਫੇਰ ਉਹਨੂੰ ਘੇਰ ਲੈਂਦੇ ਹਨ । ਮਿੱਤਰਾਂ ਦੇ ਸਾਹਮਣੇ ਨਹੀਂ ਸਾਂ ਰੋਇਆ । ਹੁਣ ਕੰਪਾਰਟਮੈਂਟ ਵਿਚ ਇਕੱਲਾ ਬੈਠਾ ਹੰਝੂ ਕੇਰਨ ਲਗ ਪਿਆ ।

† † †

ਇੰਜ, ਜਿਵੇਂ ਆਇਆ ਸੀ, ਬਲਰਾਜ ਸਾਹਨੀ ਪਾਕਿਸਤਾਨੋਂ ਰੁਖ਼ਸਤ ਹੋ ਗਿਆ । ਪਰ ਅਹਿਮਦ ਰਾਹੀ ਉਹ ਸਭ ਭੁੱਲ ਨਹੀਂ ਸਕਿਆ ਜੋ ਵਿਛੜਨ ਵੇਲੇ ਸਟੇਸ਼ਨ ਉਪਰ ਉਸ ਨੇ ਬਲਰਾਜ ਦੇ ਚਿਹਰੇ ਉਪਰ ਵੇਖਿਆ ਸੀ । ਸਾਰੀ ਦੁਪਹਿਰ ਤੇ ਸਾਰੀ ਸ਼ਾਮ ਰਾਹੀ ਦਾ ਕਿਸੇ ਕੰਮ ਵਿਚ ਦਿਲ ਨਹੀਂ ਲੱਗਾ । ਰਾਤ ਨੂੰ ਵੀ ਉਹ ਬੜਾ ਚਿਰ ਸੌਂ ਨਹੀਂ ਸਕਿਆ । ਕਿਸੇ ਹੀਲੇ ਆਪਣੇ ਮਨ ਨੂੰ ਸ਼ਾਂਤ ਕਰਨ ਲਈ ਉਸ ਨੇ ਬਲਰਾਜ ਦੇ ਨਾਂ ਇਕ ਕਵਿਤਾ ਲਿਖੀ, ਅਤੇ ਰਾਤੋ ਰਾਤ ਹੀ ਉਹਨੂੰ ਜਾ ਕੇ ਡਾਕ ਦੇ ਸਪੁਰਦ ਕਰ ਆਇਆ :

ਬਲਰਾਜ ਸਾਹਨੀ ਨੂੰ

ਤੇਰੇ ਲਈ ਪਰਦੇਸ ਏ ਦੇਸ ਮੇਰਾ
ਮੇਰੇ ਲਈ ਪਰਦੇਸ ਏ ਦੇਸ ਤੇਰਾ
ਚਿੱਟ-ਵੇਸੀਆ ਜੋਗੀਆ ਵਸਦਾ ਰਹਿ
ਇਥੇ ਤੇਰਾ ਡੇਰਾ ਓਥੇ ਮੇਰਾ ਡੇਰਾ ।
ਨੀਰ ਡੁੱਲ੍ਹਦੇ ਜਗ ਨੇ ਲੱਖ ਵੇਖੇ
ਮੈਂ ਉਹ ਨੀਰ ਵੇਖੇ ਜਿਹੜੇ ਡੁੱਲ੍ਹੇ ਵੀ ਨਾ
ਭਾਵੇਂ ਇਹਨਾਂ ਦਾ ਕਿਸੇ ਨਹੀਂ ਮੁੱਲ ਪਾਇਆ
ਮੋਤੀ ਅੱਖੀਆਂ ਦੇ ਅਣਮੁੱਲੇ ਵੀ ਨਾ

ਜਿਹੜੇ ਯਾਦਾਂ ਦੀ ਕੈਦ ਵਿਚ ਬੰਦ ਹੋਏ
ਉਹ ਦਿਲ ਕੈਦੀ ਕਦੇ ਖੁਲ੍ਹੇ ਵੀ ਨਾ
ਜਿਹੜੇ ਸਮੇਂ ਹਵਾਵਾਂ ਦੇ ਨਾਲ ਉਡੇ ।
ਅਸਾਂ ਲੱਖ ਭੁਲਾਏ ਉਹ ਭੁੱਲੇ ਵੀ ਨਾ ।

ਤੂੰ ਹੈਂ ਦੇਸ ਗਿਓਂ ਕਿ ਤੂੰ ਗਿਓਂ ਦੇਸੋਂ
ਗਿਓਂ ਜਦੋਂ ਦਾ ਇਹੋ ਹੈ ਸੋਚ ਮੈਨੂੰ
ਜਿਹੜੀ ਸੋਚ ਨੇ ਖਸ ਲਈ ਨੀਂਦ ਮੇਰੀ
ਜੀਣ ਦੇਵਸੀ ਕਦੋਂ ਉਹ ਸੋਚ ਤੈਨੂੰ ?

ਬੇੜੀ ਅਸਾਂ ਦੀ ਅੱਧ ਦਰਿਆ ਡੁੱਬੀ
ਕੁਝ ਡੁੱਬ ਗਏ ਕੁਝ ਤਰੇ ਵੀ ਨਾ ।
ਮੇਰੀ ਪੀੜ ਦੇ ਅਜ਼ਲੀ ਸਾਂਝੀਆ ਓਏ
ਤੇਰੇ ਜ਼ਖ਼ਮ ਹਰੇ ਮੇਰੇ ਭਰੇ ਵੀ ਨਾ ।

ਮੇਰੇ ਦੇਸ ਵਸੇਂਦੇ ਪਰਦੇਸੀਆ ਓਏ
ਜਿਹੜਾ ਦਰਦ ਮੇਰਾ ਓਹੋ ਦਰਦ ਤੇਰਾ
ਏਥੋਂ ਜਾਂਦਿਆਂ ਚੀਕੀ ਸੀ ਰੂਹ ਤੇਰੀ
ਓਥੋਂ ਆਂਦਿਆਂ ਰੋਇਆ ਸੀ ਦਿਲ ਮੇਰਾ ।

ਏਦੂੰ ਵਧ ਕੇ ਹੋਰ ਕੀ ਦੁਖ ਹੋਸੀ
ਤੇਰੀ ਅੱਖ ਇਥੇ ਮੇਰੀ ਅੱਖ ਓਥੇ
ਟੁੱਟੇ ਦਿਲਾਂ ਦਾ ਕੀ ਸ਼ੁਮਾਰ ਕਰੀਏ
ਕਈ ਲੱਖ ਇਥੇ ਕਈ ਲੱਖ ਉਥੇ
ਇਹੋ ਜਿਹਾ ਉਜਾੜਿਆ ਆਲ੍ਹਣਾ ਨੇ
ਕੋਈ ਕੱਖ ਇਥੇ ਕੋਈ ਕੱਖ ਉਥੇ ।

(੨੬ ਅਕਤੂਬਰ, ੧੯੬੨, ਰਾਤ ਦੇ ੧੧ ਵਜੇ)

ਪੁਨਰਪੀ......

ਬੰਬਈ ੯ ਜੁਲਾਈ, ੧੯੬੭......

ਜਲੂਸ ਨਿਕਲ ਰਿਹਾ ਹੈ। ਖ਼ਿਲਾਫ਼ਤ ਹਾਊਸ, ਭਾਈਖਲਾ ਤੋਂ।

ਮੇਜ਼ ਤੇ ਖੜੇ ਹੋ ਕੇ ਇਕ ਆਗੂ ਹਿਦਾਇਤਾਂ ਕਰਦਾ ਹੈ। ਜਲੂਸ ਚਾਰ ਚਾਰ ਦੀਆਂ ਕਤਾਰਾਂ ਬਣਾ ਕੇ ਤੁਰੇਗਾ। ਨਾਅਰੇ ਕੇਵਲ ਉਹੀ ਮਾਰੇ ਜਾਣਗੇ ਜਿਨ੍ਹਾਂ ਦੀ ਲਿਸਟ ਵਾਲੰਟੀਅਰਾਂ ਨੂੰ ਦਿਤੀ ਗਈ ਹੈ। ਜਿਵੇਂ ਕਿ —

ਇਜ਼ਰਾਈਲ ਮੁਰਦਾਬਾਦ
ਅਰਬ-ਹਿੰਦ ਦੋਸਤੀ ਜ਼ਿੰਦਾਬਾਦ
ਐਂਗਲੋ-ਅਮਰੀਕਨ ਸਾਮਰਾਜ ਮੁਰਦਾਬਾਦ
ਸਦਰ ਨਾਸਰ ਜ਼ਿੰਦਾਬਾਦ
ਸਹਿਰਾਏ ਸੀਨਾਈ ਛੋੜ ਦੋ
ਬੈਤੁਲਮੁਕੱਦਸ ਛੋੜ ਦੋ

ਫੇਰ ਬਿੱਲੇ ਵੰਡੇ ਜਾਂਦੇ ਹਨ, ਕਾਲੇ ਝੰਡੇ ਹੱਥ ਫੜਾਏ ਜਾਂਦੇ ਹਨ। ਭਾਵੇਂ ਜਿਤਨੀ ਬਾਰਸ਼ ਹੋਵੇ ਕਿਸੇ ਛਤਰੀ ਨਹੀਂ ਖੋਲ੍ਹਣੀ, ਤੇ ਨਾ ਹੀ ਲਾਈਨ ਤੋੜਨੀ ਹੈ। ਅੰਦਾਜ਼ਨ ਦੋ ਕੁ ਹਜ਼ਾਰ ਦੀ ਹਾਜ਼ਰੀ ਹੋਵੇਗੀ। ਇਸ ਵਿਚ ਹਿੰਦੂ ਕੇਵਲ ਦੋ ਹਨ, ਇਕ ਸ੍ਰੀ ਗੰਗਾ ਰਾਮ ਜੋਸ਼ੀ, ਜੋ ਬੰਬਈ ਦੇ ਮੇਅਰ ਰਹਿ ਚੁਕੇ ਹਨ, ਤੇ ਦੂਜਾ ਮੈਂ। ਬਾਕੀ ਸਭ ਮੁਸਲਮਾਨ। ਇਕ ਤੀਵੀਂ ਵੀ ਹੈ। ਮੇਰੇ ਮਿੱਤਰ, ਮਸ਼ਹੂਰ ਕਵੀ, ਅਲੀ ਸਰਦਾਰ ਜਾਫ਼ਰੀ ਕੋਲ੍ਹ ਖੜੀ ਗੱਲਾਂ ਕਰ ਰਹੀ ਹੈ। ਜਾਮਨੀ ਰੰਗ ਦੀ ਸਾੜ੍ਹੀ ਉਸ ਦੇ ਗੋਰੇ ਸੁਡੋਲ ਬਦਨ ਤੇ ਖ਼ੂਬ ਫਬ ਰਹੀ ਹੈ। ਸਰੂ ਵਰਗਾ ਕੱਦ, ਕੱਕੇ ਕੱਕੇ ਵਾਲਾਂ ਦੀ ਲੰਮੀ ਗੁੱਤ। ਮੈਂ ਇਹਨੂੰ ਪਹਿਲਾਂ ਵੇਖਿਆ ਹੋਇਆ ਹੈ, ਪਰ ਕਦੋਂ ਅਤੇ ਕਿਥੇ, ਯਾਦ ਨਹੀਂ। ਪਰ ਮੁਸਲਮਾਨ ਹੈ, ਇਤਨਾ ਜ਼ਰੂਰ ਜਾਣਦਾ ਹਾਂ।

ਫਾਟਕ ਤੋਂ ਬਾਹਰ ਆ ਕੇ ਜਲੂਸ ਨੂੰ ਤਰਤੀਬ ਦੇਣ ਦੀ ਕੋਸ਼ਸ਼ ਕੀਤੀ ਜਾਂਦੀ ਹੈ, ਪਰ ਵਿਅਰਥ। ਖ਼ੁਦ ਵਾਲੰਟੀਅਰਾਂ ਵਿਚ ਤਨਜ਼ੀਮ ਅਤੇ ਆਤਮ-ਵਿਸ਼ਵਾਸ ਦਾ ਨਾਮ-ਨਿਸ਼ਾਨ ਨਹੀਂ। ਬਾਕੀ ਲੋਕ ਵੀ ਇੰਜ ਠਿਲ੍ਹ ਪਏ ਹਨ ਜਿਵੇਂ ਉਹਨਾਂ ਨੂੰ ਨਹੀਂ ਪਤਾ ਉਹ ਕੀ ਕਰ ਰਹੇ ਹਨ। ਇਹ ਇਕ ਅਕਲੀਅਤ ਦਾ ਜਲੂਸ ਹੈ, ਇਕ ਐਸੀ ਅਕਲੀਅਤ ਜੋ ਪਾਕਿਸਤਾਨ ਬਣਨ ਨਾਲ ਬੈਠਿਆਂ

ਬਿਠਾਇਆਂ ਆਪਣੇ ਦੇਸ਼ ਵਿਚ ਪਰਾਈ ਹੋ ਗਈ ਹੈ। ਉਹ ਇਕ ਐਸੇ ਦਰਖ਼ਤ ਵਾਂਗ ਹੈ ਜਿਸ ਦੀਆਂ ਖੜੇ ਖਲੋਤੇ ਹੇਠੋਂ ਜੜ੍ਹਾਂ ਕਟ ਦਿਤੀਆਂ ਗਈਆਂ ਹੋਣ। ਦੋ ਦਹਾਕਿਆਂ ਤੋਂ ਉਹ ਜੀਵਨ ਨਾਲੋਂ ਟੁੱਟੀ ਹੋਈ ਇਕ ਖੂੰਜੇ ਪਈ ਹੋਈ ਹੈ। ਇਸ ਅਕਲੀਅਤ ਨੂੰ ਮੁਜ਼ਾਹਰੇ ਕਰਨ ਦੀਆਂ, ਆਪਣੇ ਹੱਕ ਮੰਗਣ ਦੀਆਂ ਜਲੂਸ ਕਢਣ ਦੀਆਂ ਜਾਚਾਂ ਕਦੋਂ ਦੀਆਂ ਭੁੱਲ ਚੁਕੀਆਂ ਹਨ।

ਅਜ ਪਾਕਿਸਤਾਨ ਵਿਚ ਮੁਸਲਮਾਨਾਂ ਦੇ ਜਲੂਸ ਨਿਕਲ ਰਹੇ ਹੋਣਗੇ, ਮੈਂ ਸੋਚਿਆ। ਪਰ ਉਹ ਵੱਖਰੀ ਕਿਸਮ ਦੇ ਮੁਸਲਮਾਨ ਹਨ। ਅਕਸਰੀਅਤ ਵਾਲੇ ਸੁਰੱਖਿਅਤ, ਅਧਿਕਾਰਾਂ ਦੇ ਮਾਲਕ, ਤਕੜੇ ਤਾਜ਼ੇ। ਮਾਨਸਿਕ ਸੁਰੱਖਿਅਤਾ ਨਾ ਹੋਵੇ ਤਾਂ ਚਿਹਰੇ ਬੇਹੇ ਹੋ ਜਾਂਦੇ ਹਨ। ਉਹਨਾਂ ਜਲੂਸਾਂ ਦੀ ਹੋਰ ਈ ਸ਼ਾਨ ਹੋਵੇਗੀ। ਇੰਤਜਾਮ ਵੀ ਠਾਠ ਦਾ। ਬਲੰਦ ਹੌਸਲੇ। ਨਾਅਰੇ ਮਾਰਨ ਲਈ ਕਿਸੇ ਨੂੰ ਉਕਸਾਣ ਦੀ ਲੋੜ ਨਹੀਂ ਪੈਂਦੀ ਹੋਣੀ ਜਿਵੇਂ ਇਥੇ ਪੈ ਰਹੀ ਹੈ।

ਮੂਹਰਲੀ ਸਫ਼ ਵਿਚ ਅਲੀ ਸਰਦਾਰ ਜਾਫ਼ਰੀ, ਮੈਂ, ਗੰਗਾ ਰਾਮ ਜੋਸ਼ੀ, ਉਹ ਤੀਵੀਂ, ਕਾਮਰੇਡ ਸਾਬਿਰ ਅਤੇ ਕੁਝ ਹੋਰ ਬੰਦੇ ਸ਼ਾਨਾਂ ਬਸ਼ਾਨਾਂ ਚਲ ਰਹੇ ਹਾਂ। ਜਦੋਂ ਵੀ ਜ਼ਰਾ ਪੱਛੜ ਜਾਈਏ ਪਿਛਲੀ ਕਤਾਰ ਵਾਲੇ ਸਾਨੂੰ ਧੱਕ ਕੇ ਫੇਰ ਅਗਾਂਹ ਕਰ ਦੇਂਦੇ ਹਨ, ਜਿਵੇਂ ਜਲੂਸ ਦੀ ਜ਼ਿਮੇਂਦਾਰੀ ਸਾਡੇ ਉਪਰ ਸੁੱਟ ਰਹੇ ਹੋਣ। ਸਾਥੋਂ ਉਹਨਾਂ ਨੂੰ ਹੌਂਸਲਾ ਮਿਲਦਾ ਹੈ। ਸਾਡੇ ਤਰੱਕੀ-ਪਸੰਦ ਹੋਣ ਦੀ ਉਹਨਾਂ ਨੂੰ ਕਦਰ ਮਹਿਸੂਸ ਹੋ ਰਹੀ ਹੈ। ਸਾਨੂੰ ਵੀ ਇਸ ਗੱਲ ਦਾ ਮਾਣ ਹੈ।

ਕੀ ਪਾਕਿਸਤਾਨੀ ਜਲੂਸਾਂ ਵਿਚ ਵੀ ਕੋਈ ਤਰੱਕੀ-ਪਸੰਦ ਕਲਾਕਾਰ ਮੂਹਰਲੀਆਂ ਸਫ਼ਾਂ ਵਿਚ ਟੁਰ ਰਹੇ ਹਨ, ਮੈਂ ਕਿਆਸ ਦੁੜਾਇਆ ? ਕੀ ਅਲੀ ਸਰਦਾਰ ਜਾਫ਼ਰੀ ਵਾਂਗ ਮੇਰਾ ਹਮ-ਜਮਾਤ ਫ਼ੈਜ਼ ਅਹਿਮਦ ਫ਼ੈਜ਼ ਵੀ ਕਿਸੇ ਜਲੂਸ ਦੀ ਰਾਹਨੁਮਾਈ ਕਰ ਰਿਹਾ ਹੋਵੇਗਾ ? ਕਿਤੇ ਉਥੋਂ ਦੇ ਤਰੱਕੀ-ਪਸੰਦ ਅਜੇ ਵੀ ਡਰੀ ਤੇ ਸਹਿਮੀਂ ਹੋਈ ਅਕਲੀਅਤ ਤਾਂ ਨਹੀਂ ?

ਵੀਅਤਨਾਮ ਉਪਰ ਵਰ੍ਹਦਾ ਸਾਮਰਾਜੀ ਕਹਿਰ ਹਿੰਦੁਸਤਾਨੀਆਂ ਪਾਕਿਸਤਾਨੀਆਂ ਨੂੰ ਬਹੁਤਾ ਨਹੀਂ ਪੋਹਿਆ। ਉਹ ਉਨ੍ਹਾਂ ਦੇ ਅਨੁਭਵ ਤੋਂ ਦੁਰਾਡੀ ਚੀਜ਼ ਸੀ। ਪਰ ਵਸਤ-ਏਸ਼ੀਆ ਦੇ ਦੇਸ਼ ਸਾਡੇ ਗਵਾਂਢੀ ਹਨ। ਅਰਬਾਂ ਨਾਲ ਜੁਗਾਂ ਜੁਗਾਂ ਤੋਂ ਸਾਡੀਆਂ ਸਭਿਅਕ ਅਤੇ ਵਿਚਾਰਧਾਰਕ ਸਾਂਝਾਂ ਹਨ। ਉਹਨਾਂ ਉਪਰ ਆਈ ਦਾ ਪੋਹਣਾ ਸੁਭਾਵਕ ਹੈ, ਖ਼ਾਸ ਕਰ ਕੇ ਮੁਸਲਮ ਵੀਰਾਂ ਨੂੰ। ਸਾਮਰਾਜ ਬੇਨਕਾਬ ਹੋ ਕੇ ਸਾਹਮਣੇ ਆਇਆ ਹੈ।

ਭੂਤਕਾਲ ਵਿਚ ਸਾਡੀ ਕੌਮੀ ਤਹਿਰੀਕ ਸਾਮਰਾਜ ਨਾਲ ਜੂਝਦੀ ਆਈ ਹੈ। ਇੰਦਰਾ ਗਾਂਧੀ ਦੇ ਪਰਵਾਰ ਨੇ ਤਿੰਨ ਪੁਸ਼ਤਾਂ ਤੋਂ ਇਸ ਲੜਾਈ ਵਿਚ ਕੁਰਬਾਨੀਆਂ ਦਿਤੀਆਂ ਹਨ। ਉਸ ਦਾ ਬਾਪ ਅਤੇ ਸਦਰ ਨਾਸਰ ਬਾਂਹ ਵਿਚ ਬਾਂਹ ਪਾ ਕੇ ਟੁਰ ਚੁਕੇ ਹਨ। ਨਹਿਰ ਸੁਏਜ਼ ਦੇ ਹਮਲੇ ਵੇਲੇ ਨਹਿਰੂ ਨੇ ਨਾਸਰ ਦਾ ਸਾਥ ਦਿਤਾ ਸੀ, ਅਤੇ ਗੋਆ ਵੇਲੇ ਨਾਸਰ ਨੇ ਸੁਏਜ਼ ਨਹਿਰ ਵਿਚੋਂ ਪੁਰਤਗਾਲੀ ਜਹਾਜ਼ਾਂ ਦਾ ਲੰਘਣਾ ਝਟ ਬੰਦ ਕਰ ਦਿਤਾ ਸੀ। ਏਸ ਵੇਲੇ ਹਿੰਦ ਸਰਕਾਰ ਦਾ ਅਰਬਾਂ ਦੀ ਮਦਦ ਤੇ ਆਉਣਾ ਉਸੇ ਪਰੰਪਰਾ ਦਾ ਹਿੱਸਾ ਹੈ। ਇਸ ਨਾਲ ਸਦਰ ਨਾਸਰ ਜਾਂ ਅਰਬਾਂ ਦੇ ਮੁਸਲਮਾਨ ਹੋਣ ਦਾ ਕੋਈ ਸਬੰਧ ਨਹੀਂ।

ਕੀ ਪਾਕਿਸਤਾਨ ਦੀ ਸਰਕਾਰ ਅਤੇ ਅਵਾਮ ਵੀ ਇਸ ਮਸਲੇ ਨੂੰ ਉਸੇ ਸੈਕੂਲਰ ਰੂਪ ਵਿਚ ਵੇਖਦੇ ਹਨ ? ਜਾਂ ਫੇਰ ਕਿਤੇ 'ਇਸਲਾਮ ਖ਼ਤਰੇ ਮੇਂ ਹੈ' ਦੀ ਹੱਦ ਤਕ ਪਹੁੰਚ ਕੇ ਈ ਰੁਕ ਜਾਣਗੇ ? ਕੀ ਪਾਕਿਸਤਾਨ ਇਸ ਮੌਕੇ ਨੂੰ ਵੇਖ ਕੇ ਸੀਟੋ ਅਤੇ ਸੈਂਟੋ ਵਰਗੀਆਂ ਸਾਮਰਾਜੀ ਗੁਟ-ਬੰਦੀਆਂ ਵਿਚੋਂ ਨਿਕਲ ਆਉਣ ਦਾ ਹੀਲਾ ਕਰ ਸਕੇਗਾ ? ਅਦਨ ਦੇ ਅਰਬ ਆਪਣੀ ਧਰਤ ਤੋਂ ਅੰਗਰੇਜ਼ੀ ਫ਼ੌਜੀ ਅੱਡੇ ਖ਼ਤਮ ਕਰਨ ਲਈ ਲਹੂ ਵੀਟ ਰਹੇ ਹਨ। ਕੀ ਪਾਕਿਸਤਾਨੀ ਵੀ ਆਪਣੀ ਸਰਜ਼ਮੀਨ ਤੋਂ ਅਮਰੀਕੀ ਫ਼ੌਜੀ ਅੱਡੇ ਚੁੱਕਣ ਦੀ ਮੰਗ ਕਰਨਗੇ ?

ਵਕਤ ਨੇ ਆਪ-ਮੁਹਾਰੇ ਹਿੰਦੁਸਤਾਨ ਤੇ ਪਾਕਿਸਤਾਨ ਨੂੰ ਇਕੋ ਕਤਾਰ ਵਿਚ ਲਿਆ ਖੜਾ ਕੀਤਾ ਹੈ। ਕੀ ਉਹ ਇਸ ਮੌਕੇ ਦੀ ਇਤਿਹਾਸਕ ਅਹਿਮੀਅਤ ਨੂੰ ਪਛਾਨਣਗੇ ? ਕੀ ਗੰਭੀਰਤਾ ਨਾਲ ਆਪਣੀਆਂ ਪਿਛਲੀਆਂ ਪਾਲਿ[illegible] ਦੀ ਸਵੈ-ਆਲੋਚਨਾ ਕਰਨਗੇ ? ਕੀ ਅਗੋਂ ਲਈ ਕੋਈ ਅਜਿਹੀ ਰਾਹ ਫੜਨਗੇ ਜਿਸ [illegible] ਇਸ ਮਹਾਜ਼ ਨੂੰ ਹੋਰ ਵੀ ਮਜ਼ਬੂਤ ਕੀਤਾ ਜਾ ਸਕੇ ?

ਕੀ ਸਾਡੇ ਨੇਤਾ ਹੁਣ ਵੇਖ [illegible] ਕਿ ਸਾਮਰਾਜ ਅੱਜ ਅਰਬਾਂ ਨਾਲ ਉਹੀ ਕੁਝ ਕਰ ਰਿਹਾ ਹੈ ਜੋ ਉਸ ਨੇ ਸਾਡੇ ਨਾਲ ਸੰਨ [illegible] ਵਿਚ ਕੀਤਾ ਸੀ ?

ਪਹਿਲੀ ਵਡੀ ਲਾਮ ਪਿਛੋਂ, ਤੁਰਕੀ ਦੀ ਹਾਰ ਕਾਰਨ, [illegible] ਫਿਲਸਤੀਨ ਦੇ 'ਜ਼ਾਮਨ' ਬਣ ਗਏ। ਉਸ ਵੇਲੇ ਉਥੇ ਯਹੂਦੀਆਂ ਦੀ ਤਾਦਾਦ ਅ[illegible] ਵਿਚ ਲੂਣ ਬਰਾਬਰ ਸੀ। ਹਜ਼ਾਰਾਂ ਵਰ੍ਹਿਆਂ ਤੋਂ ਉਹ ਅਰਬਾਂ ਨਾਲ ਅਰਬ ਹੋ ਕੇ ਰਹਿੰਦੇ ਆਏ ਸਨ, ਇਕੋ ਜ਼ਬਾਨ, ਇਕੋ ਪਹਿਰਾਵਾ, ਇਕੋ ਰਹਿਣੀ ਬਹਿਣੀ ਤੇ ਸਭਿਆਚਾਰ। ਪਰ ਅੰਗਰੇਜ਼ਾਂ ਨੂੰ ਪਤਾ ਸੀ ਉਹਨਾਂ ਦੀ 'ਜ਼ਾਮਨੀ' ਸਦਾ ਨਹੀਂ ਚਲਣੀ। ਇਕ ਨਾ ਇਕ ਦਿਨ ਫਿਲਸਤੀਨ ਛਡਣਾ ਹੀ ਪਏਗਾ।

ਪਰ ਇਕ ਵਾਰੀ ਕਬਜ਼ਾ ਕਰ ਕੇ ਸਾਮਰਾਜੀ ਹਾਈਂ ਮਾਈਂ ਕਿਥੇ ਛਡਦਾ ਹੈ, ਖ਼ਾਸ ਕਰ ਉਹ ਧਰਤ ਜਿਹੜੀ ਪੈਟਰੋਲ ਵਰਗੀਆਂ ਅਖੁਟ ਦੌਲਤਾਂ ਪਈ ਉਗਲਦੀ ਹੋਵੇ ? ਅਜਿਹੇ ਵੇਲੇ ਉਹਨੂੰ ਪਾੜੂ ਨੀਤੀਆਂ ਸੁਝਦੀਆਂ ਹਨ, ਤਾਂ ਜੋ ਇਕ ਹੱਥ ਦਾ ਦਿਤਾ ਦੂਜੇ ਹੱਥ ਨਾਲ ਵਾਪਸ ਲੈ ਸਕੇ। ਪਰ ਪਾੜੂ ਨੀਤੀਆਂ ਚਲਾਉਣ ਲਈ ਪਹਿਲਾਂ ਯਹੂਦੀਆਂ ਦੀ ਸੰਖਿਅਕ ਨਾਬਰਾਬਰੀ ਦੂਰ ਕਰਨੀ ਅਵੱਸ਼ਕ ਸੀ। ਏਸੇ ਮਨੋਰਥ ਨੂੰ ਸਾਹਮਣੇ ਰਖ ਕੇ, ਅਤੇ ਤਰ੍ਹਾਂ ਤਰ੍ਹਾਂ ਦੇ ਚੋਗੇ ਸੁੱਟ ਸੁੱਟ ਕੇ, ਯੋਰਪ ਦੇ ਦੇਸ਼ਾਂ ਵਿਚੋਂ ਉਹਨੇ ਹਜ਼ਾਰਾਂ ਤੇ ਲੱਖਾਂ ਦੀ ਤਾਦਾਦ ਵਿਚ ਯਹੂਦੀਆਂ ਨੂੰ ਫ਼ਿਲਸਤੀਨ ਵਿਚ ਲਿਆ ਕੇ ਵਸਾਇਆ। ਦਵੈਸ਼ ਦੀਆਂ ਅੱਗਾਂ ਬਾਲਣ ਲਈ ਅਰਬਾਂ ਨੂੰ ਧੱਕੇ ਮਾਰ ਮਾਰ ਕੇ ਘਰੋਂ ਬੇ-ਘਰ ਕੀਤਾ। ਹਿਟਲਰ ਦੀ ਬਰਬਰਤਾ ਨੇ ਅੱਗੋਂ ਕੰਮ ਹੋਰ ਵੀ ਸੌਖਾ ਕਰ ਦਿਤਾ। ਫ਼ਿਲਸਤੀਨ ਵਿਚ ਯਹੂਦੀਆਂ ਦੀ ਸੰਖਿਆ ਵੇਖਦਿਆਂ ਹੀ ਵੇਖਦਿਆਂ ਵੀਹ ਹਜ਼ਾਰ ਤੋਂ ਵੀਹ ਲੱਖ ਹੋ ਗਈ। ਯੋਰਪ ਦੀਆਂ ਕੀਤੀਆਂ ਅਰਬਾਂ ਨੂੰ ਭਰਨੀਆਂ ਆ ਗਈਆਂ।

ਪਰ ਇਕ ਲਿਹਾਜ਼ ਨਾਲ ਅਰਬੀ ਨੇਤਾ ਸਾਡੇ ਨੇਤਾਵਾਂ ਤੋਂ ਸਿਆਣੇ ਸਾਬਤ ਹੋਏ। ਪਹਿਲੇ ਦਿਨ ਤੋਂ ਲੈ ਕੇ ਅਜ ਤੀਕਰ ਉਹਨਾਂ ਸਾਮਰਾਜ ਨਾਲ ਸਮਝੌਤਾ ਕਰਨ ਦੀ ਕਦੇ ਕੋਸ਼ਸ਼ ਨਹੀਂ ਕੀਤੀ। ਨਾ ਕਦੇ ਫ਼ਿਲਸਤੀਨ ਦੀ ਵੰਡ ਨੂੰ ਸਵੀਕਾਰ ਕੀਤਾ ਤੇ ਨਾ ਹੀ ਇਜ਼ਰਾਈਲ ਦੇ ਵਜੂਦ ਵਿਚ ਆਉਣ ਨੂੰ। ਭਾਵੇਂ ਨੀਆਂ ਉਹਨਾਂ ਨੂੰ ਠੀਕ ਆਖੇ ਭਾਵੇਂ ਗ਼ਲਤ, ਉਹ ਆਪਣੀ ਥਾਉਂ ਟਸ ਮਸ ਹੋਣ ਲਈ ਤਿਆਰ ਨਹੀਂ। ਇਥੋਂ ਤਕ ਕਿ ਹਾਰਿਆਂ ਹੋਇਆਂ ਵੇਖ ਕੇ ਵੀ ਦੁਨੀਆਂ ਲਈ ਉਹਨਾਂ ਨੂੰ ਹਾਰੀ ਹੋਈ ਕੌਮ ਆਖਣਾ ਮੁਸ਼ਕਲ ਹੋ ਰਿਹਾ ਹੈ।

ਇਸ ਦੇ ਮੁਕਾਬਲੇ ਸਾਡੀ ਆਪਣੀ ਕਰਤੂਤ ਕੀ ਹੈ — ਅਸੀਂ ਜਿਹੜੇ ਅਰਬਾਂ ਦੀ ਹਮਦਰਦੀ ਵਿਚ ਜਲੂਸ ਕਢ ਰਹੇ ਹਾਂ ?

ਸਾਡੇ ਲੀਡਰਾਂ ਨੇ ਅੰਗਰੇਜ਼ੀ ਸਾਮਰਾਜ ਅਗੇ ਆਪ ਗੋਡੇ ਟੇਕ ਕੇ ਦੇਸ਼ ਦੇ ਬਟਵਾਰੇ ਦੀ ਮੰਗ ਕੀਤੀ ? ਵੰਡ ਦੀਆਂ ਹੱਦਾਂ ਵੀ ਇਕ ਅੰਗਰੇਜ਼ ਦੇ ਹੱਥੋਂ ਮੁਕਰਰ ਕਰਾਈਆਂ ? ਸਾਮਰਾਜ ਨੂੰ ਦੋਸਤ ਬਣਾਇਆ ਅਤੇ ਆਪਣੇ ਵੀਰਾਂ ਨੂੰ ਦੁਸ਼ਮਣ, ਜਿਨ੍ਹਾਂ ਨਾਲ ਨਹੁੰ ਮਾਸ ਦਾ ਰਿਸ਼ਤਾ ਸੀ, ਜਿਨ੍ਹਾਂ ਨਾਲ ਜੁਗਾਂ ਜੁਗਾਂ ਤੋਂ ਅਸੀਂ ਇਕ ਪਰਵਾਰ ਹੋ ਕੇ ਵਸਦੇ ਆਏ ਸਾਂ। ਇਥੇ ਹੀ ਬਸ ਨਹੀਂ ਕੀਤੀ, ਸਗੋਂ ਇਕ ਦੂਜੇ ਨੂੰ ਸਫ਼ਾ-ਏ-ਹਸਤੀ ਤੋਂ ਹੀ ਮਿਟਾਣ ਲਈ ਤੁੱਲ ਗਏ, ਅਤੇ ਅਜੇ ਤੀਕਰ ਤੁੱਲੇ ਹੋਏ ਹਨ। ਹਿੰਦੁਸਤਾਨੀਆਂ ਪਾਕਿਸਤਾਨੀਆਂ ਨੂੰ ਹੋਰ ਕਿਸੇ

ਨਾਲ ਉਤਨੀ ਨਫ਼ਰਤ ਨਹੀਂ ਜਿਤਨੀ ਇਕ ਦੂਜੇ ਨਾਲ ਹੈ।

ਫ਼ਿਲਸਤੀਨ ਦੀ ਵੰਡ ਅਰਬ ਕਿਸੇ ਸੂਰਤ ਮੰਨਣ ਨੂੰ ਤਿਆਰ ਨਹੀਂ, ਪਰ ਅਸੀਂ ਆਪਣੇ ਦੇਸ਼ ਵਿਚ ਸਾਮਰਾਜ ਦੀ ਕੀਤੀ ਵੰਡ ਨੂੰ ਇਤਨਾ ਪਵਿੱਤਰ ਸਮਝਣ ਲਗ ਪਏ ਹਾਂ, ਜਿਵੇਂ ਖ਼ੁਦ ਭਗਵਾਨ ਨੇ ਕੀਤੀ ਹੋਵੇ। ਇਸ ਨੂੰ ਨਿੰਦਣ, ਜਾਂ ਵਿਰੋਧਣ ਦਾ ਸਾਨੂੰ ਖਿਆਲ ਵੀ ਨਹੀਂ ਆ ਸਕਦਾ।

ਲਗਭਗ ਹਿੰਦੁਸਤਾਨ ਦੀ ਵੰਡ ਵੇਲੇ ਹੀ ਜਰਮਨੀ, ਕੋਰੀਆ, ਚੀਨ ਅਤੇ ਵੀਅਤਨਾਮ ਆਦਿਕ ਦੇਸ਼ ਵੀ ਵੰਡੇ ਗਏ। ਪਰ ਇਹਨਾਂ ਵਿਚੋਂ ਕੋਈ ਵੀ ਆਪਣੀ ਵੰਡ ਨੂੰ ਸਦੀਵੀ ਤਸਲੀਮ ਕਰਨ ਨੂੰ ਤਿਆਰ ਨਹੀਂ। ਆਪਣੀ ਸਾਂਝੀ ਸੰਸਕ੍ਰਿਤੀ ਅਤੇ ਕੌਮੀਅਤ ਦੇ ਆਧਾਰ ਤੇ ਉਹ ਕਦੇ ਨਾ ਕਦੇ ਫਿਰ ਇਕ ਹੋ ਜਾਣ ਦੇ ਖੁਲ੍ਹਮ-ਖੁਲ੍ਹਾ ਦਾਅਵੇ ਕਰਦੇ ਹਨ। ਪਰ ਪਾਕਿਸਤਾਨ ਹਿੰਦੁਸਤਾਨ ਵਿਚ ਜੇ ਕੋਈ ਮੁੜ ਕੇ ਇਕ ਹੋ ਜਾਣ ਦੀ ਗੱਲ ਕਰੇ ਉਹ ਗ਼ੱਦਾਰ ਹੈ, ਦੇਸ਼-ਧਰੋਹੀ ਹੈ।

ਇਹ ਜਲੂਸ ਕਢ ਕੇ ਅਸੀਂ ਅਰਬ ਸ਼ਰਨਾਰਥੀਆਂ ਨੂੰ ਧਰਵਾਸ ਦੇ ਰਹੇ ਹਾਂ। ਪਰ ਕਦੇ ਸਾਡਾ ਦਿਲ ਉਹਨਾਂ ਬਦਨਸੀਬਾਂ ਲਈ ਵੀ ਤੜਫਿਆ ਹੈ, ਜਿਨ੍ਹਾਂ ਦੀ ਜ਼ਿੰਦਗੀ ਵੰਡ-ਲੀਕ ਦੇ ਦੋਵੇਂ ਪਾਸੇ ਜੀਂਦਿਆਂ ਜਾਗਦਿਆਂ ਮੌਤ ਬਰਾਬਰ ਹੋ ਗਈ ਹੈ ? ਉਹਨਾਂ ਦੀ ਸੰਖਿਆ ਇਤਨੀ ਵਡੀ ਹੈ ਕਿ ਇਕੱਲਾ ਫ਼ਿਲਸਤੀਨ ਕੀ ਸਾਰੇ ਦੇ ਸਾਰੇ ਅਰਬ ਦੇਸ਼ ਹੀ ਉਸ ਵਿਚ ਸਮਾ ਜਾਣ।

ਇਹ ਜਲੂਸ ਵੀ ਤਾਂ ਅਜਿਹੇ ਸ਼ਰਨਾਰਥੀਆਂ ਦਾ ਹੀ ਹੈ। ਇਹ ਅੱਜ ਆਪਣਾ ਦੁਖ ਭੁਲਾ ਕੇ ਅਰਬਾਂ ਦੇ ਦੁਖ ਵਿਚ ਸ਼ਰੀਕ ਹੋ ਰਹੇ ਹਨ। ਕੀ ਇਹਨਾਂ ਨੂੰ ਆਪਣੀ ਨਿਹੱਕੀ ਹਾਲਤ ਦਾ ਅਹਿਸਾਸ ਨਹੀਂ ?

ਖ਼ਿਆਲਾਂ ਵਿਚ ਡੁੱਬਿਆ ਮੈਂ ਤੁਰੀ ਜਾ ਰਿਹਾ ਹਾਂ।......

ਜਲੂਸ ਹੈ ਵੀ ਮੁਸਲਮਾਨਾਂ ਦਾ, ਅਤੇ ਲੰਘ ਵੀ ਮੁਸਲਮਾਨੀ ਇਲਾਕੇ ਵਿਚੋਂ ਰਿਹਾ ਹੈ। ਜਿਵੇਂ ਬੰਬਈ ਦਾ ਆਪਣਾ ਵਖਰਾ ਪਾਕਿਸਤਾਨ ਹੋਵੇ।

ਨਾਗਪਾੜੇ ਅਤੇ ਮਦਨਪੁਰੇ ਦਾ ਫੇਰਾ ਮਾਰ ਕੇ ਜਲੂਸ ਮੁਹੰਮਦ ਅਲੀ ਰੋਡ ਅਪੜਿਆ। ਹੁਣ ਸੰਖਿਆ ਦੋ ਹਜ਼ਾਰ ਤੋਂ ਵਧ ਕੇ ਦਸ ਹਜ਼ਾਰ, ਸ਼ੌਰੇ ਉਸ ਤੋਂ ਵੀ ਵਧ ਹੋ ਗਈ ਹੈ। ਕੋਈ ਅੰਤ ਸਿਰਾ ਨਜ਼ਰ ਨਹੀਂ ਆਉਂਦਾ। ਅਤੇ ਉਸੇ ਅਨੁਸਾਰ ਹੌਂਸਲੇ ਵੀ ਮਜ਼ਬੂਤ ਹੋ ਗਏ ਹਨ। ਸਮੂਹਤਾ ਦੇ ਅਹਿਸਾਸ ਨੇ ਵਿਅਕਤੀ ਸਵੈ-ਹੀਣਤਾ ਦੇ ਅਹਿਸਾਸ ਉਪਰ ਆਰਜ਼ੀ ਤੌਰ ਤੇ ਗ਼ਲਬਾ ਪਾ ਲਿਆ ਹੈ। ਅਤੇ ਉਸੇ ਮਿਕਦਾਰ ਵਿਚ ਸਿਆਸੀ ਨਾਅਰਿਆਂ ਦੀ ਥਾਂ ਮਜ਼ਹਬੀ ਅਤੇ ਸ਼ਖ਼ਸੀ

ਨਾਅਰਿਆਂ ਨੇ ਲੈ ਲਈ ਹੈ :

ਨਾਅਰਾ ਏ ਤਕਬੀਰ, ਅੱਲਾ ਹੋ ਅਕਬਰ
ਇਸਲਾਮ ਜ਼ਿੰਦਾਬਾਦ
ਬੈਤੁਲ-ਮੁਕੱਦਸ ਹਮਾਰਾ ਹੈ
ਸਹਿਰਾਏ ਸੀਨਾਈ, ਲੇ ਕੇ ਰਹੇਂਗੇ
ਐਸ. ਕੇ. ਪਾਟਲ ਚੋਰ ਹੈ
ਜਾਰਜ ਫ਼ਰਨਾਂਡਿਜ਼ ਧੋਖੇਬਾਜ਼ ਹੈ।

ਜਲੂਸ ਦੇ ਆਗੂ ਇਸ ਤਬਦੀਲੀ ਉਪਰ ਖ਼ਫ਼ਾ ਹਨ, ਇਹਨਾਂ ਨਾਅਰਿਆਂ ਨੂੰ ਨਾਪਸੰਦ ਕਰ ਰਹੇ ਹਨ। ਉਹ ਘੂਰ ਘੂਰ ਕੇ ਆਲੇ ਦੁਆਲੇ ਵੇਖਦੇ ਹਨ, ਕਦੇ ਕਦੇ ਸਾਫ਼ ਲਫ਼ਜ਼ਾਂ ਵਿਚ ਟੋਕ ਵੀ ਦੇਂਦੇ ਹਨ। ਉਹ ਨਹੀਂ ਚਾਹੁੰਦੇ ਕੋਈ ਗ਼ਲਤ-ਫ਼ਹਿਮੀ ਪੈਦਾ ਹੋਵੇ, ਕਿਸੇ ਦੀ ਦਿਲਾਜ਼ਾਰੀ ਹੋਵੇ। ਪਰ ਪ੍ਰਸਥਿਤੀ ਉਹਨਾਂ ਦੇ ਵਸ ਦੀ ਨਹੀਂ। ਕੋਈ ਲਾਭ ਨਹੀਂ ਕਿਸੇ ਨੂੰ ਮਨ੍ਹਾਂ ਕਰਨ ਦਾ। ਹਜ਼ਾਰਾਂ ਦੀ ਭੀੜ ਵਿਚ ਕਿਸ ਕਿਸ ਨੂੰ ਮਨ੍ਹਾਂ ਕਰਨਗੇ ?

ਨਾਅਰੇ ਮਾਰਨ ਵਾਲਿਆਂ ਦਾ ਵੀ ਕੀ ਕਸੂਰ ਜਦ ਕਿਸੇ ਨੇ ਉਹਨਾਂ ਦੀ ਸੋਚ ਪੱਧਰ ਨੂੰ ਜੀਵਨ ਦੀਆਂ ਅਸਲੀਅਤਾਂ ਤਕ ਲਿਆਉਣ ਦੀ ਕਦੇ ਕੋਸ਼ਸ਼ ਈ ਨਹੀਂ ਕੀਤੀ। ਅੱਜ ਇਕ ਲੀਡਰ ਪਿਛੇ, ਕਲ੍ਹ ਦੂਜੇ ਪਿਛੇ ਦੌੜ ਪੈਣਾ, ਅੱਜ ਇਕ ਨੂੰ, ਕਲ੍ਹ ਦੂਜੇ ਨੂੰ ਗਾਲ੍ਹਾਂ ਕਢ ਛਡਣੀਆਂ, ਉਹਨਾਂ ਦੀ ਰਾਜਨੀਤਕ ਸੂਝ ਇਥੋਂ ਤਕ ਈ ਸੀਮਿਤ ਰਹਿੰਦੀ ਹੈ। ਕੀ ਕਿਸੇ ਨੇ ਖੇਚਲ ਕੀਤੀ ਹੈ, ਇਹਨਾਂ ਨੂੰ ਅਰਬ-ਇਜ਼ਰਾਈਲ ਝਗੜੇ ਦੇ ਬੁਨਿਆਦੀ ਰਮੂਜ਼ ਦਸਣ ਦੀ ? ਅਰਬ ਮੁਸਲਮਾਨ ਹਨ, ਇਹ ਵੀ ਮੁਸਲਮਾਨ ਹਨ, ਬਸ ਗੱਲ ਮੁਕ ਗਈ। ਜਿਨ੍ਹਾਂ ਲੀਡਰਾਂ ਦੇ ਇਹ ਭਾਸ਼ਨ ਸੁਣਦੇ ਹਨ, ਜਿਨ੍ਹਾਂ ਸਿਆਣਿਆਂ ਨੂੰ ਮਾਰਗ-ਦਰਸ਼ਕ ਮੰਨਦੇ ਹਨ, ਜਿਨ੍ਹਾਂ ਅਖ਼ਬਾਰਾਂ ਦਾ ਵਡੇ ਵੇਲੇ ਉਠ ਕੇ ਮੁਤਾਲਿਆ ਕਰਦੇ ਹਨ, ਉਹਨਾਂ ਬਸ ਇਤਨਾਂ ਹੀ ਦਸਿਆ ਹੈ।

ਉਸੇ ਤਰ੍ਹਾਂ ਹਿੰਦੂ ਅਖ਼ਬਾਰਾਂ ਨੇ ਇਜ਼ਰਾਈਲ ਦੀ ਕੇਵਲ ਇਸ ਲਈ ਪੱਖ-ਪੂਰਨਾ ਕੀਤੀ ਹੈ ਕਿ ਉਹ ਮੁਸਲਿਮ ਮਲੇਛਾਂ ਦੇ ਦੰਦ ਖੱਟੇ ਕਰ ਰਿਹਾ ਹੈ। ਸਭ ਮੁਸਲਮਾਨ ਇਕੋ ਰੱਸੇ ਨਾਲ ਫਾਹੇ ਦੇਣ ਜੋਗੇ ਹਨ, ਭਾਵੇਂ ਅਰਬ ਹੋਣ, ਭਾਵੇਂ ਹਿੰਦੁਸਤਾਨੀ ਜਾਂ ਪਾਕਿਸਤਾਨੀ। ਇਹ ਨਹਿਰੂ ਪ੍ਰਵਾਰ ਤਾਂ ਸਦਾ ਤੋਂ ਸੱਪਾਂ ਨੂੰ ਦੁੱਧ ਪਿਲਾਂਦਾ ਆਇਆ ਹੈ। ਏਸੇ ਕਰ ਕੇ ਤਾਂ ਇੰਦਰਾ ਨੇ ਇਕ

ਮੁਸਲਮਾਨ ਨੂੰ ਰਾਸ਼ਟਰਪਤੀ ਪਦ ਤੇ ਲਿਆ ਬਿਠਾਇਆ ਹੈ। ਉਸ ਦੀ ਭੂਆ ਨਹੀਂ ਸੀ ਭਲਾ ਇਕ ਮੁਸਲਮਾਨ ਨਾਲ ਨਿਕਲ ਜਾਣ ਦੇ ਸੁਪਨੇ ਵੇਖਦੀ ਰਹੀ ?

ਜੇ ਜਨਤਾ ਦੀਆਂ ਸੋਚਾਂ ਫ਼ਿਰਕੂਪੁਣੇ ਤੋਂ ਆਜ਼ਾਦ ਹੋ ਚੁਕੀਆਂ ਹੁੰਦੀਆਂ ਤਾਂ ਕੀ ਇਹ ਕੇਵਲ ਮੁਸਲਮਾਨਾਂ ਦਾ ਜਲੂਸ ਹੋਣਾ ਸੀ ? ਇਸ ਵਿਚ ਹਿੰਦੂ ਨਾ ਹੁੰਦੇ, ਸਿੱਖ ਨਾ ਹੁੰਦੇ, ਪਾਰਸੀ ਈਸਾਈ ਨਾ ਹੁੰਦੇ ? ਉਹਨਾਂ ਨੂੰ ਸ਼ਾਮਲ ਹੋਣ ਤੋਂ ਕਿਸੇ ਰੋਕਿਆ ਤਾਂ ਨਹੀਂ ਸੀ। ਜੇ ਰੋਕਿਆ ਵੀ ਹੁੰਦਾ ਤਾਂ ਵੀ ਕੀ ਪਰਵਾਹ ਸੀ, ਜਦ ਕਿ ਜਲੂਸ ਦਾ ਮਕਸਦ ਆਪਣੇ ਦੇਸ਼ ਦੀਆਂ ਪਾਲਿਸੀਆਂ ਦਾ ਸਮਰਥਨ ਕਰਨਾ ਹੈ ?

ਅਸੀਂ ਸੁਸਿਖਿਅਤ ਲੋਕ ਆਪਣੇ ਆਪ ਨੂੰ ਫ਼ਿਰਕੂ ਸੋਚਾਂ ਤੋਂ ਬਾਲਾਤਰ ਸਮਝਦੇ ਹਾਂ। ਨਿਰਪੱਖ ਅਤੇ ਉਦਾਰ ਬਿਰਤੀਆਂ ਵਾਲੇ ਆਖਦੇ ਹਾਂ। ਅਸੀਂ ਅੰਗਰਜ਼ੀ ਜ਼ਬਾਨ ਦੇ ਸੰਜੀਦਾ ਤੇ ਮੁਦੱਬਰ ਅਖ਼ਬਾਰ ਪੜ੍ਹਦੇ ਹਾਂ। ਪਰ ਇਹ ਅਖ਼ਬਾਰ ਵੀ ਕੀ ਸਦਾ ਸੱਚ ਬੋਲਦੇ ਹਨ ?

ਇਹ ਕਰੋੜਪਤੀ ਸਰਮਾਏਦਾਰਾਂ ਦੀਆਂ ਅਖ਼ਬਾਰਾਂ ਹਨ। ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ਾਂ ਦੀਆਂ ਸਨ। ਜਨਤਕ ਲਹਿਰਾਂ ਅੱਜ ਵੀ ਇਹਨਾਂ ਨੂੰ ਉਤਨੀਆਂ ਹੀ ਮੱਥਿਉਂ ਦੁਖਦੀਆਂ ਹਨ, ਜਿਤਨੀਆਂ ਪਹਿਲਾਂ ਦੁਖਦੀਆਂ ਸਨ। ਆਜ਼ਾਦੀ ਅਤੇ ਨਿਆਉਂ ਲਈ ਲੜਨ ਵਾਲਿਆਂ ਨੂੰ ਇਹ ਉਦੋਂ ਵੀ ਫ਼ਸਾਦੀ ਖ਼ਰੂਦੀ ਦਾ ਲਕਬ ਦੇਂਦੀਆਂ ਸਨ, ਤੇ ਅੱਜ ਵੀ ਦੇਂਦੀਆਂ ਹਨ। ਇਹਨਾਂ ਦੇ ਕਥਨ ਅਨੁਸਾਰ ਅਮਰੀਕਾ ਨਿੱਕੇ ਜਿਹੇ ਦੇਸ਼ ਵੀਅਤਨਾਮ ਨੂੰ ਪੈਰਾਂ ਹੇਠ ਨਹੀਂ ਮਸਲ ਰਿਹਾ, ਉਸ ਦੀ ਕਮਿਊਨਿਜ਼ਮ ਤੋਂ ਰਖਸ਼ਾ ਕਰ ਰਿਹਾ ਹੈ। ਭਾਵੇਂ ਕੁਲ ਸੰਸਾਰ ਦੇ ਚਿੰਤਕ ਅਤੇ ਨੀਤੀਵਾਨ, ਅਤੇ ਖ਼ੁਦ ਅਮਰੀਕਾ ਦੀ ਜਨਤਾ, ਥੂ ਥੂ ਕਰ ਰਹੀ ਹੋਵੇ ਇਹਨਾਂ ਅਖ਼ਬਾਰਾਂ ਦੀਆਂ ਸਾਮਰਾਜੀ ਖ਼ਬਰ-ਏਜੰਸੀਆਂ ਨੂੰ ਕੋਈ ਫ਼ਰਕ ਨਹੀਂ ਪੈਂਦਾ। ਅਮਰੀਕਨ ਸ਼ਹਿਰਾਂ ਵਿਚ ਲੁੱਟ-ਮਾਰ ਨੀਗਰੋ ਹੀ ਕਰਦੇ ਹਨ, ਵਿਚਾਰੀ ਪੁਲਸ ਉਹਨਾਂ ਹੱਥੋਂ ਹਮੇਸ਼ਾਂ ਘਾਇਲ ਈ ਹੁੰਦੀ ਹੈ। ਅਮਰੀਕਨ ਹਵਾਈ ਜਹਾਜ਼ਾਂ ਦੇ ਸੁੱਟੇ ਬੰਬਾਂ ਨਾਲ ਜਿਤਨੇ ਵੀ ਵੀਅਤਨਾਮੀ ਔਰਤਾਂ ਮਰਦ ਬੱਚੇ ਮਰਦੇ ਹਨ, ਉਹ ਸਭ ਕਮਿਊਨਿਸਟ ਈ ਹੁੰਦੇ ਹਨ।......ਸਚਿਆਈ ਉਪਰ ਪੜਦਾ ਪਾਉਣ ਦੇ ਜੋ ਚਲਿੱਤਰ ਇਹਨਾਂ ਵਡੀਆਂ ਵਡੀਆਂ ਅਖ਼ਬਾਰਾਂ ਨੂੰ ਆਉਂਦੇ ਹਨ ਕੀ ਉਸ ਦਾ ਕੋਈ ਹੱਦ-ਹਿਸਾਬ ਹੈ ? ਇਨ੍ਹਾਂ ਚਲਿੱਤਰਾਂ ਦੀ ਕਾਮਯਾਬੀ ਦਾ ਸਬੂਤ ਇਸ ਤੋਂ ਬਿਹਤਰ ਕੀ ਹੋ ਸਕਦਾ ਹੈ ਕਿ ਅੰਗਰੇਜ਼ਾਂ ਦੀ ਗੁਲਾਮੀ

ਵਲ ਦੀਆਂ ਪਰੰਪਰਾਵਾਂ ਨੂੰ ਮੁਸਲਸਲ ਕਾਇਮ ਰਖਣਾ ਵੀ ਇਹਨਾਂ ਅਖ਼ਬਾਰਾਂ ਦੀ 'ਉਦਾਰਤਾ ਅਤੇ 'ਨਿਰਪੱਖਤਾ ਦਾ ਸੂਚਕ ਬਣ ਗਿਆ ਹੈ।

ਭਾਰਤੀ ਕਰੋੜਪਤੀਆਂ ਨੂੰ ਚਾਅ ਹੈ ਅੰਗਰੇਜ਼ ਅਤੇ ਅਮਰੀਕੀ ਕਰੋੜ-ਪਤੀਆਂ ਦੀ ਬਗ਼ਲ ਵਿਚ ਬੈਠਣ ਦਾ। ਫੇਰ ਉਹਨਾਂ ਦੇ ਅਖ਼ਬਾਰ ਸਾਮਰਾਜ ਦਾ ਵਿਰੋਧ ਕਿਵੇਂ ਕਰ ਸਕਦੇ ਹਨ? ਸਾਮਰਾਜ ਇਜ਼ਰਾਈਲ ਦਾ ਸਮਰਥਕ ਹੈ, ਇਹ ਸਾਮਰਾਜ ਦੇ ਸਮਰਥਕ। ਇਹ ਅਰਬਾਂ ਦੇ ਸਮਰਥਕ ਕਿਵੇਂ ਹੋਣ ਜਦ ਕਿ ਮਿਸਰ, ਅਲਜੀਰੀਆ, ਸੀਰੀਆ ਅਤੇ ਇਰਾਕ ਵਰਗੇ ਦੇਸ਼ ਸਰਮਾਏਦਾਰੀ ਦੀ ਰਾਹ ਛਡ ਕੇ ਸਮਾਜਵਾਦ ਦੀ ਰਾਹ ਤੇ ਤੁਰਨ ਦੀਆਂ ਧਮਕੀਆਂ ਦੇ ਰਹੇ ਹਨ? ਏਸੇ ਕਸੂਰ ਬਦਲੇ ਹੀ ਤਾਂ ਇਹਨਾਂ ਅਖ਼ਬਾਰਾਂ ਨੇ ਹਮਲਾਵਰ ਨੂੰ ਮਜ਼ਲੂਮ ਅਤੇ ਮਜ਼ਲੂਮ ਨੂੰ ਹਮਲਾਵਰ ਬਣਾ ਛਡਿਆ ਹੈ।

ਦਰਅਸਲ ਦੇਸੀ ਜ਼ਬਾਨਾਂ ਦੇ ਫ਼ਿਰਕੂ ਅਖਬਾਰ ਵੀ ਤਾਂ, ਜਿਨ੍ਹਾਂ ਨੂੰ 'ਜਾਹਿਲ' ਜਨਤਾ ਪੜ੍ਹਦੀ ਹੈ, ਇਹਨਾਂ ਕਰੋੜਪਤੀਆਂ ਦੇ ਈ ਹਨ। ਜਿਹੋ ਜਿਹਾ ਮੂੰਹ ਵੇਖਦੇ ਹਨ, ਉਹੋ ਜਿਹੀ ਇਹ ਚਪੇੜ ਮਾਰਦੇ ਹਨ।

ਇਹੋ ਕਰੋੜਪਤੀ ਚੋਣਾਂ ਵਿਚ ਆਪਣੇ ਜ਼ਰ-ਖ਼ਰੀਦ ਨੁਮਾਇੰਦੇ ਖੜੇ ਕਰਦੇ ਹਨ। ਵਡੇ ਵਡੇ ਅਫ਼ਸਰਾਂ ਤੇ ਵਜ਼ੀਰਾਂ ਦੇ ਨੱਕ ਵਿਚ ਨਕੇਲ ਪਾਉਂਦੇ ਹਨ। ਵਡੇ ਵਡੇ ਨੇਤਾ, ਵਡੇ ਵਡੇ ਚਿੰਤਕ, ਵਡੇ ਵਡੇ ਪੰਡਤ, ਵਡੇ ਵਡੇ ਮੁਲਵਾਣੇ, ਇਹਨਾਂ ਦੇ ਹੀ ਤਾਂ ਟੁਕੜਿਆਂ ਤੇ ਪਲਦੇ ਹਨ।

ਇਸ ਕਰੋੜਪਤੀ ਵਰਗ ਦਾ ਦੇਸ਼ ਦੀ ਵੰਡ ਪਿਛੇ ਕਿਤਨਾਂ ਕੁ ਹੱਥ ਰਿਹਾ ਹੈ, ਇਹ ਤਾਂ ਇਤਿਹਾਸ ਦਸੇਗਾ, ਪਰ ਇਸ ਵਿਚ ਕੋਈ ਸ਼ਕ ਨਹੀਂ ਕਿ ਆਜ਼ਾਦੀ ਦੀ ਚਾਟੀ ਵਿਚੋਂ ਮੱਖਣ ਕਢ ਕਢ ਕੇ ਏਸੇ ਵਰਗ ਨੇ ਖਾਧਾ ਹੈ। ਗ਼ਰੀਬ ਅਵਾਮ ਨੇ ਇਕ ਦੂਜੇ ਦਾ ਲਹੂ ਵੀਟਣ ਤੋਂ ਸਿਵਾ ਅਜੇ ਤਕ ਕੁਝ ਨਹੀਂ ਖੱਟਿਆ!......

ਕੋਈ ਅੰਤ ਨਹੀਂ ਹੁਣ ਭੀੜਾਂ ਦਾ। ਟ੍ਰੈਫ਼ਿਕ ਜਾਮ ਹੋ ਚੁਕਿਆ ਹੈ। ਪੁਲਿਸ ਅਫ਼ਸਰਾਂ ਅਤੇ ਸਿਪਾਹੀਆਂ ਨੂੰ ਵੀ ਹਫੜਾ ਤਫੜੀ ਜਿਹੀ ਪੈ ਗਈ ਹੈ। ਬਿਲਡਿੰਗਾਂ ਦੀਆਂ ਛੱਤਾਂ, ਬਾਰੀਆਂ, ਬਾਲਕੋਨੀਆਂ ਤੋਂ, ਸੜਕ ਦੇ ਦੋਵੇਂ ਪਾਸੀਂ ਲੋਕੀਂ ਉੱਲਰ ਉੱਲਰ ਕੇ ਵੇਖ ਰਹੇ ਹਨ। ਹਰ ਪਾਸਿਉਂ ਹੱਥ ਚੁੱਕ ਚੁੱਕ ਕੇ ਇਸ਼ਾਰੇ ਹੋ ਰਹੇ ਹਨ। ਉਹੀ ਕਲਾਕਾਰ ਜਿਸ ਨੂੰ ਭਾਂਤ ਭਾਂਤ ਰੂਪ ਵਿਚ ਉਹ ਸਿਨੇਮਾ ਦੇ ਪੜਦੇ ਤੇ ਵੇਖਦੇ ਹਨ, ਉਹਨਾਂ ਦੇ ਸਾਹਮਣੇ ਪੈਦਲ ਤੁਰਦਾ ਜਾ ਰਿਹਾ

ਹੈ। ਬੜੀ ਅਨੋਖੀ ਗੱਲ ਹੈ ਉਹਨਾਂ ਲਈ । ਹਰ ਚਿਹਰੇ ਤੇ ਪਿਆਰ ਹੈ, ਮੁਸਕਰਾਹਟ ਹੈ। ਇਸ ਪਿਆਰ ਦਾ ਕੋਈ ਮੁੱਲ ਨਹੀਂ। ਇਸ ਦਾ ਕੋਈ ਮਜ਼ਹਬ ਨਹੀਂ। ਇਸ ਦਾ ਤੁਅੱਲਕ ਸਿਰਫ਼ ਇਨਸਾਨ ਦੇ ਦਿਲ ਨਾਲ ਹੈ, ਜਜ਼ਬਾਤ ਨਾਲ ਹੈ। ਅਤੇ 'ਜਾਹਿਲ' ਜਨਤਾ ਦੇ ਦਿਲ ਵਿਚ ਪਿਆਰ ਲਈ ਇਤਨੀ ਥਾਂ ਹੈ ਕਿ ਉਸ ਵਿਚ ਸੱਤੇ ਸਾਗਰ ਸਮੋ ਸਕਦੇ ਹਨ।

ਕਿਹੜੇ ਮਜ਼ਹਬ ਦਾ ਬਾਨੀ ਪਿਆਰ ਦਾ ਰੂਪ ਨਹੀਂ ਸੀ ? ਜੇ ਮੈਂ ਗ਼ਲਤੀ ਨਹੀਂ ਕਰਦਾ ਤਾਂ ਕੁਰਾਨ ਸ਼ਰੀਫ਼ ਵਿਚ ਆਇਆ ਹੈ, "ਜੋ ਸ਼ਖ਼ਸ ਇਕ ਇਨਸਾਨ ਦਾ ਖ਼ੂਨ ਕਰਦਾ ਹੈ ਉਹ ਦਰਅਸਲ ਸਾਰੇ ਬਨੀ-ਨੂਅ ਇਨਸਾਨ ਦਾ ਕਾਤਿਲ ਹੈ।"

ਕੀ ਮੇਰੇ ਆਪਣੇ ਪੰਜਾਬ ਦੇ ਪਰਮ-ਮਨੁੱਖ ਗੁਰੂ ਗੋਬਿੰਦ ਸਿੰਘ ਨੇ, ਜਿਸ ਦਾ ਸਾਰਾ ਪਰਵਾਰ ਮੁਸਲਿਮ ਹਾਕਮਾਂ ਹੱਥੋਂ ਸ਼ਹੀਦ ਹੋਇਆ ਸੀ, ਨਹੀਂ ਸੀ ਕਿਹਾ?—

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ਼ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭਰਮਾਓ ਹੈ।
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਓ ਹੈ।
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖ਼ਾਕ ਬਾਦ ਆਤਸ਼ ਔ ਆਬ ਕੋ ਰਲਾਓ ਹੈ।
ਅੱਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਓ ਹੈ।

ਫ਼ਰੰਗੀ ਦੇ ਭਰਮ-ਜਾਲ ਵਿਚ ਫਸ ਕੇ ਕਿਵੇਂ ਵਿਸਾਰ ਸੁੱਟੀਆਂ ਅਸਾਂ ਆਪਣੇ ਦੇਸ਼ ਦੀਆਂ ਸੁਹਣੀਆਂ ਰਵਾਇਤਾਂ !

ਪਿਛੇ ਜਿਹੇ ਮੈਂ ਚਿਤੌੜ ਦਾ ਕਿਲ੍ਹਾ ਵੇਖਣ ਗਿਆ ਸਾ, ਜਿਸ ਦਾ ਚੱਪਾ ਚੱਪਾ ਰਾਜਪੂਤਾਂ ਨਾਲ ਪਠਾਣਾਂ, ਤੁਰਕਾਂ ਅਤੇ ਮੁਗ਼ਲਾਂ ਦੀਆਂ ਹੋਈਆਂ ਲੜਾਈਆਂ ਨਾਲ ਝਰੀਟਿਆ ਪਿਆ ਹੈ। ਏਥੇ ਇਕ ਵਿਜੈ-ਸਤੰਭ ਵੇਖਿਆ, ਜੋ ਕਿਸੇ ਰਾਣੇ ਨੇ ਬਾਰ੍ਹਵੀਂ ਜਾਂ ਤੇਰ੍ਹਵੀਂ ਸਦੀ ਵਿਚ ਬਣਵਾਇਆ ਸੀ। ਇਸ ਦੇ ਥੰਮਿਆਂ ਤੇ ਹਰ ਥਾਂ ਸ਼ਿਵ, ਬ੍ਰਹਮਾ, ਅਤੇ ਵਿਸ਼ਨੂੰ ਦੇ ਨਾਗਰੀ ਲਿਪੀ ਵਿਚ ਉਕਰੇ ਨਾਵਾਂ ਨਾਲ ਅਰਬੀ ਵਿਚ 'ਅੱਲਾ' ਵੀ ਉਕਰਿਆ ਵੇਖਿਆ। ਰਾਣੇ ਦੀ ਨਿਗਾਹ

ਵਿਚ ਈਸ਼ਵਰ ਦਾ ਹਰ ਨਾਉਂ ਇਕੋ ਜਿਤਨਾ ਹੀ ਪਵਿੱਤਰ ਸੀ। ਰਾਜਨੀਤਕ ਲੜਾਈ ਝਗੜੇ ਦਾ ਰੱਬ ਦੇ ਨਾਂ ਨਾਲ ਕੋਈ ਤੁਅੱਲਕ ਨਹੀਂ ਸੀ।

ਓਥੇ ਹੀ ਮੀਰਾ ਬਾਈ ਦਾ ਮੰਦਰ ਵੀ ਵੇਖਿਆ ਜਿਸ ਦੇ ਲਿਖੇ ਭਗਤੀ ਗੀਤ ਹਜ਼ਰਤ ਨਿਜ਼ਾਮੁੱਦੀਨ ਔਲੀਆ, ਅਤੇ ਹੋਰ ਕਿਤਨੇ ਹੀ ਸੂਫ਼ੀ ਪੀਰ ਮੁਰਸ਼ਦ ਸੁਣ ਸੁਣ ਕੇ ਸਿਰ ਹਿਲਾਂਦੇ ਤੇ ਵਜਦ ਵਿਚ ਆਉਂਦੇ ਸਨ। ਅਮੀਰ ਖ਼ੁਸਰੋ ਵੀ ਇਹਨਾਂ ਵਿਚੋਂ ਹੀ ਇਕ ਸੂਫ਼ੀ ਮੁਰੀਦ ਸੀ, ਜਿਸ ਨੇ ਸਾਡੇ ਸੰਗੀਤ ਨੂੰ 'ਖ਼ਿਆਲ' ਦੀ ਦਾਤ ਬਖ਼ਸ਼ੀ। ਕੀ ਉਸ ਦਾਤ ਵਿਚ ਵੀ ਅਸੀਂ ਕਿਸੇ ਰੈੱਡ ਕਲਿਫ਼ ਦੇ ਹੱਥੋਂ ਵੰਡ ਦੀ ਲੀਕ ਪੁਆ ਸਕਦੇ ਹਾਂ ?

ਤੁਲਸੀ ਦਾਸ ਦੀ ਰਾਮਾਇਣ ਹਿੰਦੂਆਂ ਦਾ ਪਵਿੱਤਰ ਧਰਮ-ਗ੍ਰੰਥ ਹੈ। ਪਰ ਇਸ ਨੂੰ ਲਿਖਣ ਦੀ ਪਰੇਰਣਾ ਤੁਲਸੀ ਦਾਸ ਨੂੰ ਇਕ ਮੁਸਲਮਾਨ ਕਵੀ ਤੋਂ ਮਿਲੀ, ਜਿਸ ਦਾ ਨਾਉਂ ਸੀ ਮਲਿਕ ਮੁਹੰਮਦ ਜਾਇਸੀ। ਜਾਇਸੀ ਦਾ ਲਿਖਿਆ "ਪਦਮਾਵਤ" ਹਿੰਦੀ ਸਾਹਿੱਤ ਵਿਚ ਸਭ ਤੋਂ ਪਹਿਲਾ ਮਹਾਂਕਾਵਿ ਹੈ। ਜਾਇਸੀ ਦੇ ਨਕਸ਼ੇ-ਕਦਮ ਤੇ ਚਲ ਕੇ ਹੀ ਤੁਲਸੀ ਨੇ ਰਾਮ ਚਰਿਤਮਾਨਸ ਦੀ ਪੂਣੀ ਛੋਹੀ ਸੀ!

ਪਰ ਹੁਣ ਹਿੰਦੀ ਅਮੀਰ ਖ਼ੁਸਰੋ, ਮਲਿਕ ਮੁਹੰਮਦ ਜਾਇਸੀ, ਅਬਦੁਲ ਰਹੀਮ ਖ਼ਾਨੇ ਖ਼ਾਨਾਂ, ਅਤੇ ਕਬੀਰ ਦੀ ਭਾਸ਼ਾ ਨਹੀਂ ਰਹੀ। ਉਹ ਕੇਵਲ ਹਿੰਦੂਆਂ ਦੀ ਭਾਸ਼ਾ ਰਹਿ ਗਈ ਹੈ।

ਇਸੇ ਤਰ੍ਹਾਂ ਉਰਦੂ ਰਤਨ ਨਾਥ ਸਰਸ਼ਾਰ, ਫ਼ਰਾਕ ਗੋਰਖਪੁਰੀ, ਸੂਰਜ ਨਰਾਇਣ ਮਿਹਰ, ਪ੍ਰੇਮ ਚੰਦ ਅਤੇ ਕ੍ਰਿਸ਼ਨ ਚੰਦਰ ਦੀ ਭਾਸ਼ਾ ਨਹੀਂ ਰਹੀ। ਉਹ ਕੇਵਲ ਮੁਸਲਮਾਨਾਂ ਦੀ ਭਾਸ਼ਾ ਹੋ ਗਈ ਹੈ!

ਹਿੰਦੁਸਤਾਨ ਵਿਚ ਹਿੰਦੀ ਦੀ ਜਖਨਾ ਪੁੱਟੀ ਜਾ ਰਹੀ ਹੈ ਸੰਸਕ੍ਰਿਤ ਵਾੜ ਵਾੜ ਕੇ, ਪਾਕਿਸਤਾਨ ਵਿਚ ਉਰਦੂ ਦਾ ਗਲਾ ਘੋਪਿਆ ਜਾ ਰਿਹਾ ਹੈ ਫ਼ਾਰਸੀ ਤੁੰਨ ਤੁੰਨ ਕੇ!

ਕੈਸੇ ਕੈਸੇ ਬੇਤੁੱਕੇ ਵਹਿਮ ਸਾਡੇ ਦਿਲਾਂ ਵਿਚ ਵਾੜ ਵਾੜ ਕੇ ਚਲਾ ਗਿਆ ਹੈ ਫ਼ਰੰਗੀ! ਮੁਸਲਮਾਨ ਮਾਸ ਖਾਂਦੇ ਹਨ, ਇਸ ਲਈ ਤਗੜੀ ਤੇ ਬਹਾਦਰ ਕੌਮ ਹਨ। ਹਿੰਦੂ ਧੋਤੀ ਬੰਨ੍ਹਦੇ ਹਨ, ਇਸ ਲਈ ਕਮਜ਼ੋਰ ਤੇ ਲਿੱਸੇ ਹਨ! ਖੌਰੇ ਪਾਕਿਸਤਾਨੀ ਪੰਜਾਬ ਦੇ ਮੁਸਲਮਾਨਾਂ ਦੀ ਹੈਰਾਨਗੀ ਦਾ ਕੀ ਆਲਮ ਹੋਇਆ ਹੋਵੇਗਾ, ਜਦੋਂ ਪਹਿਲੋਂ ਪਹਿਲ ਧੋਤੀ ਬੰਨ੍ਹਣ ਵਾਲੇ ਮੁਸਲਿਮ ਮਹਾਜਰ ਇਧਰੋਂ ਗਏ ਹੋਣਗੇ? ਬੰਬਈ ਇਕ ਵਾਰੀ ਫ਼ਸਾਦਾਂ ਦੇ ਦਿਨਾਂ ਵਿਚ ਕ੍ਰਿਸ਼ਨ ਚੰਦਰ ਨੂੰ ਹਿੰਦੂ

ਛੁਰਾ ਮਾਰਨ ਲਗੇ ਸਨ ਕਿਉਂਕਿ ਉਹਨੇ ਸਲਵਾਰ ਪਾਈ ਹੋਈ ਸੀ। ਓਦੋਂ ਤਕ ਏਥੋਂ ਦੇ ਹਿੰਦੂਆਂ ਦਾ ਵਿਸ਼ਵਾਸ ਸੀ ਕਿ ਸਲਵਾਰ ਇਸਲਾਮੀ ਪਹਿਰਾਵਾ ਹੈ। ਜਦੋਂ ਹਜ਼ਾਰਾਂ ਸ਼ਰਨਾਰਥੀ "ਭਾਪੇ" ਗਰਾਂਚ ਰੋਡ, ਕਲਿਆਨ, ਅਤੇ ਸਾਇਨ ਕੋਲੀਵਾੜਾ ਵਿਚ ਰੁਲਣ ਲਗ ਪਏ ਤਾਂ ਕਿਤੇ ਗੁਜਰਾਤੀਆਂ ਮਰਾਠੀਆਂ ਨੂੰ ਪਤਾ ਲਗਿਆ ਕਿ ਸਲਵਾਰ ਦਾ ਇਸਲਾਮ ਨਾਲ ਕੋਈ ਸੰਬੰਧ ਨਹੀਂ।

ਮਦਰਾਸ ਦੇ ਮੁਸਲਮਾਨਾਂ ਨੇ ਕਾਲੀ ਬੁਰਦਾਰ ਟੋਪੀ ਅਤੇ ਰੰਗੀਨ ਤਹਿਮਤ ਨੂੰ ਇਸਲਾਮੀ ਪਹਿਰਾਵਾ ਮੁਕਰਰ ਕਰ ਛਡਿਆ ਹੈ। ਜਦੋਂ ਉਹਨਾਂ ਨੂੰ ਕੋਈ ਦੱਸੇ ਕਿ ਬੁਰਦਾਰ ਟੋਪੀਆਂ ਅਤੇ ਰੰਗੀਨ ਤਹਿਮਤਾਂ ਪੰਜਾਬ ਦੇ ਹਿੰਦੂ ਵੀ ਬੜੇ ਸ਼ੌਕ ਨਾਲ ਪਾਉਂਦੇ ਹਨ ਤਾਂ ਉਹ ਹੈਰਾਨ ਹੁੰਦੇ ਹਨ।

ਕੀ ਕਦੇ ਸਾਡੇ ਪੁਰਖਿਆਂ ਨੇ ਵੀ ਜ਼ਬਾਨ, ਖ਼ੁਰਾਕ, ਜਾਂ ਲਿਬਾਸ ਦੇ ਮਾਮਲਿਆਂ ਵਿਚ ਮਜ਼ਹਬ ਨੂੰ ਘੁਸੇੜਿਆ ਸੀ ? ਪੁਰਾਣੀ ਚਿੱਤਰਕਲਾ ਨੂੰ ਵੇਖੋ, ਪੁਰਾਣੀਆਂ ਕਿਤਾਬਾਂ ਨੂੰ ਪੜ੍ਹੋ, ਸਾਫ਼ ਪਤਾ ਚਲ ਜਾਵੇਗਾ ਕਿ ਹਿੰਦੁਸਤਾਨ ਦੇ ਹਰ ਪ੍ਰਾਂਤ ਵਿਚ ਆਪਣੀ ਸਾਂਝੀ ਬੋਲੀ, ਸਾਂਝਾ ਲਿਬਾਸ ਅਤੇ ਸਾਂਝਾ ਰਹਿਨ ਸਹਿਨ ਹੁੰਦਾ ਸੀ।

ਪੰਜਾਬ ਦੀ ਆਪਣੀ ਬੋਲੀ ਸੀ। ਸ਼ੇਖ਼ ਫ਼ਰੀਦ, ਗੁਰੂ ਨਾਨਕ, ਵਾਰਿਸ, ਬੁੱਲੇਸ਼ਾਹ, ਦਮੋਦਰ, ਹਾਸ਼ਮ, ਕਾਦਰ ਯਾਰ, ਸ਼ਾਹ ਮੁਹੰਮਦ ਸਭਨਾਂ ਪੰਜਾਬੀਆਂ ਦੇ ਦਿਲਾਂ ਦੇ ਤਾਰ ਛੇੜਦੇ ਸਨ, ਕਿਸੇ ਇਕ ਜਮਾਤ ਦੇ ਨਹੀਂ ਅਤੇ ਸਦਾ ਸਦਾ ਛੇੜਦੇ ਰਹਿਣਗੇ !

ਗੰਗਾ-ਜਮਨੀਂ ਖਿੱਤੇ ਦੀ ਬੋਲੀ ਹਿੰਦੁਸਤਾਨੀ ਸੀ, ਭਾਵੇਂ ਉਹਨੂੰ ਹਿੰਦੀ ਆਖੋ ਭਾਵੇਂ ਉਰਦੂ। ਗ਼ਾਲਿਬ, ਮੀਰ, ਸੂਰਦਾਸ, ਤੁਲਸੀ ਦਾਸ, ਮੀਰਾ ਬਾਈ ਇਸ ਪ੍ਰਦੇਸ਼ ਦੇ ਲੋਕਾਂ ਦਾ ਸਾਂਝਾ ਵਿਰਸਾ ਹਨ, ਅਤੇ ਸਦਾ ਰਹਿਣਗੇ।

ਪੰਜਾਬੀਆਂ ਤੋਂ ਪੰਜਾਬੀ ਕੋਈ ਨਹੀਂ ਖੋਹ ਸਕਦਾ, ਅਤੇ ਨਾ ਹੀ ਗੰਗਾ-ਜਮਨੀਂ ਪ੍ਰਦੇਸ਼ ਦੇ ਲੋਕਾਂ ਨੂੰ ਪਿਛੇ ਧੱਕ ਕੇ ਕੋਈ ਹੋਰ ਉਰਦੂ-ਉਰਦੂ-ਹਿੰਦੀ ਦਾ ਠੇਕੇਦਾਰ ਬਣ ਸਕਦਾ ਹੈ। ਈਂ ਖ਼ਯਾਲ ਅਸਤੋ ਮਹਾਲ ਅਸਤੋ ਜਨੂਨ ਅਸਤ !

ਪਰ ਦਾਦ ਦੇਣੀ ਪੈਂਦੀ ਹੈ ਫ਼ਰੰਗੀ ਨੂੰ। ਕਿਸ ਅਕਾਬਰੀ ਨਾਲ ਜ਼ਬਾਨ ਦੇ ਮਾਮਲੇ ਵਿਚ ਮਜ਼ਹਬੀ ਤਅੱਸਬ ਦਾ ਵਿਸ ਘੋਲ ਕੇ ਉਨ੍ਹਾਂ ਨਾ ਕੇਵਲ ਦੋ ਪ੍ਰਾਂਤਾਂ ਨੂੰ ਬਲਕਿ ਸਾਰੇ ਦੇਸ਼ ਨੂੰ ਉਲਟੇ ਨਾਚ ਨਚਵਾ ਦਿਤੇ। ਸਾਡੀ ਅਕਲ ਤੇ ਪੜਦਾ ਪਾ ਕੇ ਕੁੱਤਿਆਂ ਵਾਂਗ ਸਾਥੋਂ ਇਕ ਦੂਜੇ ਦੀਆਂ ਆਂਦਰਾਂ ਪੜਵਾ

ਦਿਤੀਆਂ। ਅਜ ਆਜ਼ਾਦ ਹੋ ਕੇ ਵੀ ਅਸੀਂ ਅੰਨ੍ਹੇਵਾਹ ਉਨ੍ਹਾਂ ਹੀ ਕੂੜੀਆਂ ਤੇ ਕੁਚੱਜੀਆਂ ਰਾਹਾਂ ਤੇ ਭਟਕ ਰਹੇ ਹਾਂ। ਜਰਮਨ ਫ਼ਿਲਾਸਫ਼ਰ ਬਰਗਸਾਨ ਨੇ ਇਕ ਥਾਂ ਕਿਹਾ ਹੈ ਕਿ ਜੇ ਪਹਾੜ ਤੋਂ ਡਿਗਦੇ ਪੱਥਰ ਵਿਚ ਚੇਤਨਾ ਹੋਵੇ ਤਾਂ ਉਹ ਇਹ ਨਹੀਂ ਕਹੇਗਾ ਮੈਂ ਡਿਗ ਰਿਹਾ ਹਾਂ। ਉਹ ਕਹੇਗਾ ਮੈਂ ਸੈਰ ਕਰਨ ਜਾ ਰਿਹਾ ਹਾਂ। ਬਸ ਇਹੋ ਹਾਲ ਸਾਡਾ ਹੈ। ਸਾਡੀ ਅਕਲ ਤੇ ਵੀ ਉਵੇਂ ਹੀ ਪੱਥਰ ਪੈ ਗਏ ਹਨ। ਘਰ ਫੂਕ ਤਮਾਸ਼ਾ ਦੇਖ, ਇਹੋ ਸਾਡਾ ਜੀਵਨ-ਆਦਰਸ਼ ਬਣ ਗਿਆ ਹੈ।......

ਇਸ ਜਲੂਸ ਵਿਚ ਵੀ ਵਹਿਮਾਂ ਦੀਆਂ ਇਲਾਮਤਾਂ ਸਾਫ਼ ਨਜ਼ਰ ਆਉਂਦੀਆਂ ਹਨ। ਹਰ ਕੋਈ ਬੜੀ ਸੁਜਤਾ ਉਰਦੂ ਬੋਲਣ ਦੇ ਹਾਸੋਹੀਣੇ ਜਤਨ ਕਰ ਰਿਹਾ ਹੈ, ਹਾਲਾਂਕਿ ਟਾਵੇਂ ਟਾਵੇਂ ਬੰਦਿਆਂ ਨੂੰ ਛਡ ਕੇ ਉਰਦੂ ਇਥੇ ਕਿਸੇ ਦੀ ਮਾਤ-ਬੋਲੀ ਨਹੀਂ। ਕੋਈ ਗੁਜਰਾਤੀ ਹੈ, ਕੋਈ ਮਹਾਰਾਸ਼ਟਰੀ ਕੋਈ ਦੱਖਣ ਭਾਰਤੀ। ਘਰ ਭਾਵੇਂ ਇਹ ਆਪਣੀ ਮਾਤਬੋਲੀ ਬੋਲਦੇ ਹੋਣ, ਪਰ ਬਾਹਰ ਆ ਕੇ ਇਨ੍ਹਾਂ ਨੂੰ ਆਪਣੀ ਮਾਤ-ਕੌਮੀਅਤ ਅਤੇ ਮਾਤ-ਬੋਲੀ ਨੂੰ ਕਬੂਲਦਿਆਂ ਗਿਲਾਨੀ ਜਿਹੀ ਮਹਿਸੂਸ ਹੋਣ ਲਗ ਪੈਂਦੀ ਹੈ। ਆਪਣੇ ਆਪ ਨੂੰ ਉਰਦੂ-ਦਾਨ ਜ਼ਾਹਰ ਕਰਨਾ ਕਰਤੱਵ ਜਿਹਾ ਬਣ ਜਾਂਦਾ ਹੈ। ਪਠਾਣ ਨੂੰ ਆਪਣੇ ਪਠਾਣੀਂ-ਪਣੇ ਦੀ ਲੱਜ ਨਹੀਂ। ਪੰਜਾਬੀ ਮੁਸਲਮਾਨ ਵੀ ਧੜੱਲੇ ਨਾਲ ਆਪਣੇ ਆਪ ਨੂੰ ਪੰਜਾਬੀ ਕਹਿੰਦੇ ਹਨ, ਇਵੇਂ ਹੀ, ਬੰਗਾਲੀ। ਕਿਉਂਕਿ ਆਪਣੇ ਆਪਣੇ ਪ੍ਰਾਂਤ ਵਿਚ ਉਨਾਂ ਦੀ ਬਹੁਗਿਣਤੀ ਹੈ। ਪਰ ਗੁਜਰਾਤੀ, ਮਰਾਠੀ, ਜਾਂ ਤਾਮਿਲ ਮੁਸਲਮਾਨ ਕੋਲੋਂ ਪੁੱਛੋ ਉਸ ਦੀ ਕੀ ਕੌਮੀਅਤ ਹੈ। ਆਮ ਤੌਰ ਤੇ ਜਵਾਬ ਦੇਵੇਗਾ ਉਹ ਮੁਸਲਮਾਨ ਹੈ। ਅਕਲੀਅਤ ਹੋਣ ਦੇ ਖ਼ੌਫ ਤੋਂ ਉਹ ਆਪ ਹੀ ਆਪਣੇ ਆਪ ਨੂੰ ਆਪਣੇ ਸਮਾਜ ਤੋਂ ਕਟ ਲੈਂਦਾ ਹੈ। ਉਹਨੂੰ ਵਹਿਮ ਹੈ ਕਿ ਇਸੇ ਵਿਚ ਉਸ ਦੀ ਸੁਰਖਿਅਤਾ ਹੈ, ਉਸ ਦੀ ਇਸਲਾਮੀ ਕਲਚਰ ਮਹਿਫੂਜ਼ ਹੁੰਦੀ ਹੈ, ਹਾਲਾਂ ਕਿ ਹਕੀਕਤ ਇਸ ਦੇ ਐਨ ਉਲਟ ਹੈ। ਕਲਚਰ ਤੇ ਸੁਰਖਿਅਤਾ ਦੋਵੇਂ ਢੱਠੇ ਖੂਹ ਵਿਚ ਪੈਂਦੀਆਂ ਹਨ।

ਇਸਲਾਮੀ ਕਲਚਰ ਹਿੰਦੁਸਤਾਨ ਵਿਚ ਡੇਢ ਹਜ਼ਾਰ ਸਾਲ ਤੋਂ ਪ੍ਰਫੁਲਤ ਹੁੰਦੀ ਆ ਰਹੀ ਸੀ, ਹਰ ਪ੍ਰਾਂਤ ਵਿਚ ਉਸ ਦੀ ਸਾਂਝੀ ਬੋਲੀ ਰਾਹੀਂ, ਫ਼ਕੀਰਾਂ ਸੰਤਾਂ ਦੀ ਬਾਣੀ ਰਾਹੀਂ, ਜਨਤਾ ਦੇ ਪਰਸਪਰ ਮੇਲ-ਮਿਲਾਪ ਰਾਹੀਂ, ਕਵਿਤਾ ਅਤੇ ਸੰਗੀਤ ਰਾਹੀਂ, ਚਿੱਤਰ-ਕਲਾ ਅਤੇ ਇਮਾਰਤ-ਕਲਾ ਰਾਹੀਂ, ਸਾਂਝੀ ਹੱਥ ਦੀ

ਮਿਹਨਤ ਰਾਹੀਂ। ਮਜ਼ਹਬ ਦੇ ਨਾਂ ਤੇ ਵੱਖਰੀ ਕੌਮ, ਜ਼ਬਾਨ, ਅਤੇ ਤਹਿਜ਼ੀਬ ਖੜੀ ਕਰਨ ਦੇ ਆਹਰ ਨੇ ਹਿੰਦੁਸਤਾਨ ਅਤੇ ਪਾਕਿਸਤਾਨ ਦੋਨੀਂ ਥਾਈਂ ਮੁਸਲਿਮ ਅਵਾਮ ਪਛੜੇਵਿਆਂ ਅਤੇ ਭੰਭਲਭੂਸਿਆਂ ਦੀ ਰਾਹ ਤੇ ਪਾ ਛਡਿਆ ਹੈ। ਇਹ ਗੱਲ ਇਕ ਨਾ ਇਕ ਦਿਨ ਤਸਲੀਮ ਕਰਨੀ ਹੀ ਪਏਗੀ।

ਬੜੀ ਸੋਚ ਸੋਚ ਤੇ ਸੰਭਲ ਸੰਭਲ ਕੇ ਉਰਦੂ ਬੋਲ ਰਹੇ ਨੇ ਸਾਰੇ, ਕਿਤੇ ਅਚਿੰਤੇ ਕੋਈ ਗਲਤੀ ਨਾ ਹੋ ਜਾਏ। ਕਿਤਾਬੀ ਜਿਹਾ, ਬੇਜਾਨ ਜਿਹਾ ਵਾਰਤਾਲਾਪ ਹੋ ਰਿਹਾ ਹੈ, ਉਖੜਿਆ ਉਖੜਿਆ, ਭੀਰਿਆ ਭੀਰਿਆ। ਇਸ ਵਿਚ ਕੋਈ ਰਸ ਨਹੀਂ, ਕੋਈ ਨਿੱਘ ਨਹੀਂ, ਕੋਈ ਸੁਛੰਦਤਾ ਨਹੀਂ।

ਇਹਨਾਂ ਮੁਸਲਿਮ ਮਹੱਲਿਆਂ ਵਿਚ ਕਦੇ ਕਦੇ ਮੁਸ਼ਾਇਰੇ ਵੀ ਹੁੰਦੇ ਹਨ। ਮੈਂ ਵੀ ਸੁਣਨ ਜਾਂਦਾ ਹਾਂ, ਪਰ ਇਕ ਅਜੀਬ ਜਿਹੀ ਪ੍ਰਸਥਿਤੀ ਦ੍ਰਿਸ਼ਟੀਗੋਚਰ ਹੁੰਦੀ ਹੈ। ਇਨਾਂ ਮੁਸ਼ਾਇਰਿਆਂ ਵਿਚ ਦਾਦ ਸਿਰਫ਼ ਗੈਰ-ਮੁਕਾਮੀ ਸ਼ੁਹਰਤ-ਯਾਫ਼ਤਾ ਸ਼ਾਇਰਾਂ ਨੂੰ ਮਿਲਦੀ ਹੈ ਜਿਹੜੇ ਉੱਤਰੀ ਭਾਰਤ ਤੋਂ ਆਏ ਹੁੰਦੇ ਹਨ, ਉਰਦੂ ਜਿਨ੍ਹਾਂ ਦੀ ਮਾਤ ਬੋਲੀ ਹੁੰਦੀ ਹੈ। ਮਕਾਮੀ ਸ਼ਾਇਰਾਂ ਨੂੰ ਮੈਂ ਸ਼ਾਜ਼ੋ-ਨਾਜਰ ਹੀ ਕਦੇ ਚਮਕਦਿਆਂ ਵੇਖਿਆ ਹੈ। ਆਮ ਤੌਰ ਤੇ ਆਪਣੇ ਹੀ ਮਹੱਲੇਦਾਰ ਉਹਨਾਂ ਨੂੰ ਬੋਲੀਆਂ ਮਾਰ ਕੇ ਉਡਾ ਛਡਦੇ ਹਨ। ਇਹਨਾਂ ਵਿਚੋਂ ਕਿਤਨੇ ਹੋਣਗੇ ਜੋ ਆਪਣੀ ਮਾਂ-ਬੋਲੀ ਵਿਚ ਸਿਖਰਾਂ ਛੋਹ ਸਕਦੇ ਹਨ, ਰੱਜਵੀਆਂ ਰਚਨਾਤਮਕ ਰੀਝਾਂ ਮਾਣ ਸਕਦੇ ਹਨ। ਪਰ ਗਲਤ ਕਦਰਾਂ ਨੇ ਉਹਨਾਂ ਦੀ ਸਾਰੀ ਪ੍ਰਤਿਭਾ ਨੂੰ ਕੁਫ਼ਲ-ਬੰਦ ਕਰ ਛਡਿਆ ਹੈ। ਬਹੁਤਾ ਕਰ ਕੇ ਇਹਨਾਂ ਮੁਸ਼ਾਇਰਿਆਂ ਵਿਚ ਮਕਾਮੀ ਨੌਜਵਾਨਾਂ ਦਾ ਕੰਮ ਟਾਟ ਵਿਛਾਣਾ ਤੇ ਜੁੱਤੀਆਂ ਸਾਂਭਣਾ ਹੀ ਰਹਿ ਜਾਂਦਾ ਹੈ।

ਅਤੇ ਇਸੇ ਤਰ੍ਹਾਂ ਦਾ ਨਜ਼ਾਰਾ ਮੈਂ ਲਾਹੌਰ ਵੇਖਿਆ ਸੀ, ਜਦੋਂ ਪੰਜ ਸਾਲ ਪਹਿਲਾਂ ਮੈਂ ਪਾਕਿਸਤਾਨ ਦਾ ਚੱਕਰ ਮਾਰਿਆ। ਮਿਲਣੀਆਂ ਦਾ ਬੇਪਨਾਹ ਸੁਆਦ ਸੀ, ਪਰ ਜਿਥੋਂ ਤੀਕਰ ਹੁੰਦਾ ਅਸੀਂ ਆਪਸ ਵਿਚ ਪੰਜਾਬੀ ਬੋਲਦੇ। ਜਿਉਂ ਹੀ ਸਭਾ ਬਾਕਾਇਦਾ ਅਰੰਭ ਹੁੰਦੀ ਸਾਰੇ ਉਰਦੂ ਬੋਲਣ ਲਗ ਜਾਂਦੇ, ਮੁਸ਼ਕਲ ਜਿਹੀ, ਪੜ੍ਹਾਕਲ ਜਿਹੀ, ਅਤੇ ਅਚਾਨਕ ਅਸੀਂ ਇਕ ਦੂਜੇ ਤੋਂ ਦੂਰ ਜਿਹੇ, ਓਪਰੇ ਜਿਹੇ ਹੁੰਦੇ ਜਾਪਦੇ। ਤੇ ਜੇ ਕਦੇ ਬੋਲਣ ਵਾਲਿਆਂ ਵਿਚੋਂ ਕੋਈ ਦਿੱਲੀ ਲਖਨਊ ਤੋਂ ਆਇਆ ਮਹਾਜਰ ਉਠ ਪੈਂਦਾ ਤਾਂ ਉਰਦੂ ਵਿਚ ਜਾਨ ਪੈ ਜਾਂਦੀ, ਜਿਵੇਂ ਕੁਮਲਾਏ ਬੂਟੇ ਨੂੰ ਪਾਣੀ ਦਾ ਤਰੌਂਕਾ ਨਸੀਬ ਹੋ ਗਿਆ ਹੋਵੇ।

ਤੇ ਮੈਂ ਸੋਚਦਾ। ਇਹ ਠੀਕ ਹੈ ਕਿ ਵੀਹਵੀਂ ਸਦੀ ਦੇ ਆਗਾਜ਼ ਤੋਂ ਅੰਗਰੇਜ਼ ਨੇ ਪੰਜਾਬ ਨੂੰ ਉਰਦੂ ਦਾ ਠੇਕੇਦਾਰ ਬਣਾ ਛੱਡਿਆ। ਕੁਦਰਤੀ ਗੱਲ ਹੈ ਕਿ ਪੱਛਮੀ ਅਤੇ ਪੂਰਬੀ ਪਾਕਿਸਤਾਨ ਵਿਚ ਉਰਦੂ ਦੇ ਸਭ ਤੋਂ ਵਡੇ ਪਰਚਾਰਕ ਅਤੇ ਦਾਅਵੇਦਾਰ ਪੰਜਾਬੀ ਈ ਹੋ ਸਕਦੇ ਹਨ। ਪਰ ਹੁਣ ਜ਼ਮਾਨਾ ਬਹੁਤ ਬਦਲ ਚੁੱਕਿਆ ਹੈ। ਕੀ ਹੁਣ ਇੰਜ ਕਰਦਿਆਂ ਪਾਕਿਸਤਾਨੀ ਪੰਜਾਬੀਆਂ ਦੇ ਦਿਲ ਵਿਚ ਖੋਹ ਨਹੀਂ ਪੈਂਦੀ ਕਿ ਵਾਸਤਵ ਵਿਚ ਉਰਦੂ ਉਹਨਾਂ ਲਈ ਵੀ ਉਤਨੀ ਹੀ ਮੰਗੀ ਹੋਈ ਤੇ ਪਰਾਈ ਭਾਸ਼ਾ ਹੈ ਜਿਤਨੀ ਬੰਗਾਲੀਆਂ, ਸਿੰਧੀਆਂ ਜਾਂ ਪਠਾਣਾਂ ਲਈ ? ਉਹ ਕਿਤਨਾ ਚਿਰ ਆਪਣੇ ਆਪ ਨੂੰ ਧੋਖਾ ਦੇਂਦੇ ਰਹਿਣਗੇ ? ਕਿਤਨਾ ਚਿਰ ਆਪਣਾ ਸਾਹਿੱਤਕ, ਕਲਾਤਮਕ ਅਤੇ ਸਭਿਆਚਾਰਕ ਨੁਕਸਾਨ ਕਰਦੇ ਰਹਿਣਗੇ ? ਕੀ ਉਹ ਮਹਿਸੂਸ ਨਹੀਂ ਕਰਦੇ ਕਿ ਉਰਦੂ ਦੀ ਟਕਸਾਲ ਹਮੇਸ਼ਾਂ ਤੋਂ ਦਿੱਲੀ ਲਖਨਊ ਵਿਚ ਰਹੀ ਹੈ ਅਤੇ ਇਸ ਹਕੀਕਤ ਨੂੰ ਬਦਲਣਾ ਉਨਾਂ ਦੇ ਵੱਸ ਦੀ ਗੱਲ ਨਹੀਂ ? ਕੀ ਉਹਨਾਂ ਨੂੰ ਨਹੀਂ ਦਿਸਦਾ ਕਿ ਇਕ ਦਿਨ ਫੇਰ ਵਾਰਸ ਤੇ ਬੁੱਲੇ ਸ਼ਾਹ ਵਾਂਗ, ਉਹਨਾਂ ਨੂੰ ਆਪਣੀ ਪੰਜਾਬੀ ਬੋਲੀ ਦਾ ਦਾਮਨ ਫੜਨਾ ਹੀ ਪਏਗਾ ?

ਨਿਰਸੰਦੇਹ ਹਿੰਦੁਸਤਾਨ ਵਿਚ ਇਕ ਕੌਮ ਨਹੀਂ ਵਸਦੀ ਕਈ ਕੌਮਾਂ ਵਸਦੀਆਂ ਹਨ, ਪੰਜਾਬੀ, ਬੰਗਾਲੀ, ਕਸ਼ਮੀਰੀ, ਤਾਮਿਲ, ਮਰਾਠੀ, ਗੁਜਰਾਤੀ, ਕੇਰਲੀ, ਆਂਧਰੀ ਅਤੇ ਅਨੇਕਾਂ ਹੋਰ। ਕਿਤਨਾ ਚੰਗਾ ਹੁੰਦਾ ਜੇ ਅਜ ਅਸੀਂ ਇਹਨਾਂ ਸਾਰੀਆਂ ਕੌਮਾਂ ਦੀ ਆਜ਼ਾਦ ਸੁਛੰਦ ਸਾਂਝੀਵਾਲਤਾ ਨੂੰ ਹਿੰਦੁਸਤਾਨ ਆਖਦੇ ? ਜੇ ਪਾਕਿਸਤਾਨ ਬਣਨਾ ਈ ਸੀ ਤਾਂ ਕਿਸੇ ਕੌਮੀਅਤ ਨੂੰ ਅਧਿਓਂ ਚੀਰ ਕੇ ਤਾਂ ਨਾ ਬਣਦਾ ? ਫੇਰ ਅਸੀਂ ਵਖ ਹੋ ਕੇ ਵੀ ਕਿਤਨਾ ਇਕ ਦੂਜੇ ਦੇ ਨੇੜੇ ਰਹਿ ਸਕਦੇ ਸਾਂ ?......ਕਿਤਨੀਆਂ ਤੇਜ ਪਲਾਂਘਾਂ ਭਰ ਕੇ ਹਰ ਦਿਸ਼ਾ ਵਿਚ ਅਗੇ ਵਧ ਸਕਦੇ ਸਾਂ ?......ਕਰੋੜਾਂ ਦੀ ਸੰਖਿਆ ਵਿਚ ਅਕਲੀਅਤਾਂ ਨੂੰ ਮਹਿਰੂਮੀਅਤ ਦਾ ਸ਼ਿਕਾਰ ਤਾਂ ਨਾ ਹੋਣਾ ਪੈਂਦਾ ? ......ਇਤਨੀਆਂ ਸਦੀਵੀ ਦੁਸ਼ਮਣੀਆਂ ਤਾਂ ਨਾ ਪੈਂਦੀਆਂ ?......

ਕਸ਼ਮੀਰ ਦਾ ਨਾਉਂ ਫੜ ਕੇ ਮਨ ਵਿਚ ਹੋਰ ਕਿਸਮ ਦੀ ਤਕਰਾਰ ਸ਼ੁਰੂ ਹੋ ਗਈ। ਕਿਤੇ ਮੈਂ ਆਪ ਯਕਤਰਫ਼ੀ, ਮੁਤਅੱਸਬ ਅਤੇ ਮੁਸਲਿਮ-ਵਿਰੋਧੀ ਸੋਚਾਂ ਦਾ ਸ਼ਿਕਾਰ ਤਾਂ ਨਹੀਂ ਹੋ ਰਿਹਾ ?

ਕੁਝ ਸਾਲ ਪਹਿਲਾਂ ਦੀ ਗੱਲ ਹੈ ਰਾਜਿੰਦਰ ਸਿੰਘ ਬੇਦੀ ਨੇ ਦਸਿਆ,

ਪਾਕਿਸਤਾਨ ਦੇ ਇਕ ਉੱਘੇ ਤਰੱਕੀ ਪਸੰਦ ਸਾਹਿੱਤਕਾਰ ਨੇ ਉਨਾਂ ਨੂੰ ਕਿਹਾ ਸੀ, "ਜਵਾਹਰ ਲਾਲ ਨਹਿਰੂ ਬੜਾ ਮੱਕਾਰ ਹੈ। ਦਰਅਸਲ ਉਹ ਪਾਕਿਸਤਾਨ ਨਾਲ ਤਅੱਲਕਾਤ ਸੁਧਾਰਨਾ ਚਾਹੁੰਦਾ ਈ ਨਹੀਂ। ਜੇ ਉਹ ਕਸ਼ਮੀਰ ਪਾਕਿਸਤਾਨ ਦੇ ਹਵਾਲੇ ਕਰ ਦੇਵੇ ਤਾਂ ਤਅੱਲਕਾਤ ਇਕ ਦਿਨ ਵਿਚ ਸੁਧਰ ਸਕਦੇ ਹਨ।"

ਸੁਣ ਕੇ ਮੇਰੀ ਛਾਤੀ ਵਿਚ ਮੁਕਾ ਜਿਹਾ ਵੱਜਿਆ ਸੀ। ਉਹ ਪਾਕਿਸਤਾਨੀ ਅਦੀਬ ਮੇਰਾ ਵੀ ਅਜ਼ੀਜ਼ ਦੋਸਤ ਹੈ, ਅਤੇ ਉਸ ਦੇ ਅਗਾਂਹ ਵਧੂ ਵਿਚਾਰਾਂ ਦੀ ਬੜੀ ਕਦਰ ਹੈ। ਯਕੀਨ ਨਹੀਂ ਸੀ ਆਉਂਦਾ ਕਿ ਉਹ ਨਹਿਰੂ ਲਈ ਅਜਿਹੇ ਸ਼ਬਦ ਵਰਤ ਸਕਦਾ ਹੈ। ਰਾਤੀਂ ਕਿਤਨਾ ਚਿਰ ਮੈਨੂੰ ਨੀਂਦ ਨਾ ਆਈ, ਕਿਉਂਕਿ ਮੈਂ ਜਾਣਦਾ ਸਾਂ ਕਿ ਇਕ ਉਹੀ ਨਹੀਂ ਅਨੇਕਾਂ ਹੋਰ ਸੁਸਿਖਸ਼ਤ ਲੋਕ ਕਸ਼ਮੀਰ ਦੀ ਸਮੱਸਿਆ ਬਾਰੇ ਇਹੋ ਜਿਹਾ ਵਿਚਾਰ ਰਖਦੇ ਹਨ।

ਕਸ਼ਮੀਰ ਵਿਚ ਹਿੰਦੂ ਵੀ ਹਜ਼ਾਰਾਂ ਵਰ੍ਹਿਆਂ ਤੋਂ ਰਹਿੰਦੇ ਆਏ ਹਨ। ਜੇ ਅੱਜ ਅਕਲੀਅਤ ਹੋਣ ਕਾਰਨ ਕਸ਼ਮੀਰ ਉਪਰ ਉਹਨਾਂ ਦਾ ਕੋਈ ਹੱਕ ਨਹੀਂ ਰਿਹਾ ਤਾਂ ਅਸੀਂ ਯਹੂਦੀਆਂ ਨੂੰ ਕਿਵੇਂ ਦੋਸ਼ ਦੇ ਸਕਦੇ ਹਾਂ ਜਿਨ੍ਹਾਂ ਅਰਬ ਮੁਸਲਮਾਨਾਂ ਦੀ ਮਾਤ-ਭੂਮੀ ਖੋਹ ਕੇ ਉਹਨਾਂ ਨੂੰ ਬਾਹਰ ਕਢ ਦਿਤਾ? ਜੇ ਕਸ਼ਮੀਰੀ ਹਿੰਦੂਆਂ ਨੂੰ ਕਿਹਾ ਜਾਏ ਕਿ ਪਾਕਿਸਤਾਨੀ ਹੋ ਕੇ ਵੀ ਉਹ ਉਤਨੇ ਹੀ ਸੁਰਖਿਅਤ ਰਹਿਣਗੇ ਤਾਂ ਉਹ ਵਿਸ਼ਵਾਸ ਕਿਵੇਂ ਕਰ ਸਕਦੇ ਹਨ ਜਦ ਕਿ ਵੰਡ ਕੀਤੀ ਹੀ ਮਜ਼ਹਬੀ ਵਿਤਕਰੇ ਦੇ ਆਧਾਰ ਤੇ ਜਾ ਰਹੀ ਹੋਵੇ? ਜਦ ਉਹਨਾਂ ਤੋਂ ਆਪਣੀ ਮਾਤ-ਭੂਮ ਦੇ ਮਾਲਕ ਹੋਣ ਦਾ ਹੱਕ ਈ ਖੋਹਿਆ ਜਾ ਰਿਹਾ ਹੋਵੇ?

ਕਿਸੇ ਤੋਂ ਉਸ ਦਾ [illegible] ਲਓ ਤੇ ਫੇਰ ਉਹਨੂੰ ਵਿਸ਼ਵਾਸ ਦਿਲਾਓ ਕਿ ਮਹਿਮਾਨ ਬਣ ਕੇ ਵੀ ਉ[illegible]ਤਨਾ ਹੀ ਸੁਖੀ ਰਹੇਗਾ, ਉਹ ਕਿਤਨਾ ਕੂ ਇਤਬਾਰ ਕਰੇਗਾ?

ਫੇਰ ਉਸੇ ਮੰਤਕ ਅਨੁਸਾਰ ਹਿੰਦੁਸਤਾਨ ਦੇ ਬਾਕੀ ਪ੍ਰਾਂਤਾਂ ਵਿਚ ਰਹਿੰਦੇ ਕਰੋੜਾਂ ਮੁਸਲਮਾਨਾਂ ਦਾ ਕੀ ਹਾਲ ਹੋਵੇਗਾ? ਓਹ ਕਿਥੇ ਜਾਣਗੇ? ਜਦ ਪਹਿਲੀ ਵੰਡ ਨੇ ਉਨਾਂ ਦੀ ਇਤਨੀ ਤਰਸਯੋਗ ਹਾਲਤ ਕਰ ਛੱਡੀ ਹੈ, ਫੇਰ ਦੂਜੀ ਵੰ: ਉਹਨਾਂ ਲਈ ਕੀ ਪਰਲੋ ਲਿਆਵੇਗੀ, ਇਹ ਵੀ ਸੋਚਣਾ ਬਣਦਾ ਹੈ ਕਿ ਨਹੀਂ।

ਕਈ ਵਾਰ ਮੈਂ ਸੋਚਦਾ ਹਾਂ, ਹਿੰਦੁਸਤਾਨ ਦੀ ਵੰਡ ਕਿਤੇ ਮੁਸਲਮਾਨਾਂ ਨੂੰ

ਟੋਟੇ ਟੋਟੇ ਕਰਨ ਲਈ ਤਾਂ ਨਹੀਂ ਸੀ ਕੀਤੀ ਗਈ ? ਇਕ ਟੋਟਾ ਪੂਰਬ ਵਿਚ, ਦੂਜਾ ਦੋ ਹਜ਼ਾਰ ਮੀਲ ਪੱਛਮ ਵਿਚ। ਤੀਜਾ ਵਿਚਕਾਰ ਫਸਿਆ ਹੋਇਆ। ਤਿੰਨਾਂ ਦਾ ਨਾ ਕੋਈ ਮੇਲ ਨਾ ਮਿਲਾਪ। ਇਹ ਤਾਂ ਇਵੇਂ ਸਮਝੋ ਕਿ ਨਿੱਕੇ ਭਰਾ ਨੇ ਮੌਰੂਸੀ ਜਾਇਦਾਦ ਵਿਚ ਆਪਣਾ ਹੱਕ ਮੰਗਿਆ ਤੇ ਵੱਡੇ ਨੇ ਧੱਕੇ ਮਾਰ ਕੇ ਉਹਨੂੰ ਘਰੋਂ ਹੀ ਬਾਹਰ ਕਢ ਛਡਿਆ ਹੋਵੇ।

ਜੇ ਕਸ਼ਮੀਰ ਲਈ ਤਾਂਘਣ ਵਾਲੇ ਪਾਕਿਸਤਾਨੀ ਵੀਰਾਂ ਦਾ ਧਿਆਨ ਇਹਨਾਂ ਗੱਲਾਂ ਵਲ ਨਹੀਂ ਜਾਂਦਾ ਤਾਂ ਨਿਰਸੰਦੇਹ ਉਹਨਾਂ ਨੂੰ ਕਸ਼ਮੀਰ ਦੀਆਂ ਸੈਰਗਾਹਾਂ ਚਾਹੀਦੀਆਂ ਹਨ, ਪਹਾੜ ਚਾਹੀਦੇ ਹਨ, ਝੀਲਾਂ ਚਾਹੀਦੀਆਂ ਹਨ। ਮੁਲਕ-ਵੰਡ ਦੀ ਅਸਲ ਕੀਮਤ ਕਿਸ ਨੂੰ ਅਦਾ ਕਰਨੀ ਪਈ ਹੈ, ਕੋਈ ਪੁੱਛੇ ਹਿੰਦੁਸਤਾਨ ਵਿਚ ਵਸਦੇ ਮੁਸਲਮਾਨਾਂ ਨੂੰ ਜਾਂ ਪਾਕਿਸਤਾਨ ਵਿਚ ਵਸਦੇ ਹਿੰਦੂਆਂ ਨੂੰ।......

ਗ਼ਲਤ ਰਾਹ ਤੇ ਪਿਆ ਹੋਇਆ ਬੰਦਾ ਦਿਨੋ ਦਿਨ ਆਪਣੀ ਮੰਜ਼ਲ ਤੋਂ ਦੂਰ ਹੋਈ ਜਾਂਦਾ ਹੈ। ਪਹਿਲਾਂ ਮੁਸਲਿਮ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਲਈ ਪਾਕਿਸਤਾਨ ਬਣਿਆਂ, ਲੱਖਾਂ ਬੇਦੋਸ਼ਿਆਂ ਦੀ ਬਲੀ ਦੇ ਕੇ ਫੇਰ ਪਾਕਿਸਤਾਨ ਨੂੰ ਸੰਪੂਰਨ ਕਰਨ ਲਈ ਕਸ਼ਮੀਰ ਹਾਸਲ ਕਰਨਾ ਅਵੱਸ਼ਕ ਹੋ ਗਿਆ। ਉਸ ਪਿਛੋਂ ਸ਼ਾਇਦ ਪਾਕਿਸਤਾਨ ਦੇ ਦੋਨਾਂ ਸਿਰਿਆਂ ਨੂੰ ਜੋੜਨ ਲਈ ਹਿੰਦੁਸਤਾਨ ਵਿਚੋਂ ਦੋ ਸੌ ਮੀਲ ਚੌੜੇ ਲਾਂਘੇ ਦੀ ਮੰਗ ਹੱਕ ਬਜਾਨਬ ਜਾਪਣ ਲਗ ਜਾਏ। ਮੁਮਕਿਨ ਹੈ ਸੰਪੂਰਨਤਾ ਦਾ ਅਹਿਸਾਸ ਫੇਰ ਵੀ ਨਾ ਹੋਵੇ। ਭਲਾ ਤਾਜ ਮਹਿਲ ਅਤੇ ਕੁਤਬ ਮੀਨਾਰ ਵਰਗੇ ਇਸਲਾਮੀ ਅਜ਼ਮਤ ਦੇ ਨਿਸ਼ਾਨ ਹਿੰਦੂਆਂ ਦੇ ਹੱਥ ਵਿਚ ਛਡ ਕੇ ਸੰਪੂਰਨਤਾ ਕਿਵੇਂ ਮਹਿਸੂਸ ਹੋ ਸਕਦੀ ਹੈ ? ਕਦੇ ਸਾਰੇ ਹਿੰਦ ਉਪਰ ਹੀ ਤਾਂ ਮੁਸਲਮਾਨਾਂ ਦਾ ਰਾਜ ਸੀ ? ਪਾਕਿਸਤਾਨ ਨੂੰ ਸੰਪੂਰਨਤਾ ਹਿੰਦੁਸਤਾਨ ਨੂੰ ਮੁੜ ਫ਼ਤਹਿ ਕਰ ਕੇ, ਮੁਸਲਿਮ ਰਾਜ ਨੂੰ ਪੁਨਰ-ਸਥਾਪਿਤ ਕਟ ਕੇ ਹੀ ਮਿਲ ਸਕਦੀ ਹੈ। ਆਪਣੇ ਆਪ ਨੂੰ ਧੋਖਾ ਦੇਣ ਲਈ ਬਹਾਨੇ ਲਭਣਾ ਕਦੇ ਔਖਾ ਨਹੀਂ ਹੁੰਦਾ ?

ਫ਼ਰਜ਼ ਕਰੋ ਅਜਿਹੀ ਸੰਪੂਰਨਤਾ ਪਾਕਿਸਤਾਨ ਨੂੰ ਮਿਲ ਵੀ ਜਾਏ, ਕਿ ਉਸ ਹਾਲਤ ਵਿਚ ਪਾਕਿਸਤਾਨ ਆਪਣੇ ਅਵਾਮ ਸੁਖੀ ਹੋ ਜਾਣਗੇ ? ਇਸਲਾਮ ਦੇ ਇਸ਼ਤਰਾਕੀਅਤ ਦੇ ਅਸੂਲਾਂ ਉਪਰਹੁਣ ਤੀਕਰ ਕਿਤਨਾ ਕੁ ਅਮਲ ਕੀਤਾ ਜਾ ਚੁਕਿਆ ਹੈ ? ਜਿਹੜੇ ਸਪੂਤ ਆਪਣੇ ਪੁਰਖਿਆਂ ਡੀ ਮਾਤ-ਭੂਮੀ ਨੂੰ ਮਾਤ-ਭੂਮੀ ਮੰਨਣ ਲਈ ਤਿਆਰ ਨਾ ਹੋਣ, ਉਸ ਉਪਰ ਤਲਵਾਰਾਂ ਚੁਕ ਚੁਕ ਉਠ ਦੌੜਨੇ

ਦੀਆਂ ਧਮਕੀਆਂ ਦੇਣ. ਉਹਨਾਂ ਨੂੰ ਮਾਤ-ਭੂਮੀ ਦੇ ਜਾਇਆਂ ਨਾਲ ਕੀ ਉਨਸ ਹੋ ਸਕਦੀ ਹੈ ?

ਅਜਿਹੀ "ਸੰਪੂਰਨਤਾ" ਸਾਮਰਾਜੀ ਰਾਹਾਂ ਤੇ ਤੁਰ ਕੇ ਹੀ ਨਸੀਬ ਹੋ ਸਕਦੀ ਹੈ। ਜਿਸ ਸਿਆਸਤ ਵਿਚ ਮਨੁੱਖੀ ਹਮਦਰਦੀ ਦਾ ਦਖ਼ਲ ਨਾ ਹੋਵੇ, ਉਸੇ ਨੂੰ ਸਾਮਰਾਜੀ ਸਿਆਸਤ ਆਖਦੇ ਨੇ। ਇਹਨੂੰ ਹਾਸਲ ਕਰਨ ਲਈ ਸਾਮਰਾਜ ਅਗੇ ਗੋਡੇ ਟੇਕੀ ਰਖਣਾ ਲਾਜ਼ਮੀ ਹੈ — ਉਹੀ ਸਾਮਰਾਜ ਜੋ ਇਜ਼ਰਾਈਲ ਦੀ ਆੜ ਲੈ ਕੇ ਅੱਜ ਅਰਬਾਂ ਤੇ ਚੜ੍ਹ ਦੌੜਿਆ ਹੈ। ਉਹੀ ਸਾਮਰਾਜ ਜਿਸ ਨੇ ਮਜ਼ਹਬ ਦੇ ਨਾਂ ਤੇ ਹਿੰਦੁਸਤਾਨ ਦੇ ਦੋ ਟੁਕੜੇ ਕਰਵਾਏ, ਅਤੇ ਹੁਣ ਯਹੂਦਿਸਤਾਨ ਖੜਾ ਕਰ ਕੇ ਅਰਬਾਂ ਨੂੰ ਖੱਸੀ ਕਰਨਾ ਲੋਚ ਰਿਹਾ ਹੈ......

ਜਲੂਸ ਕਾਰਫ਼ੋਰਡ ਮਾਰਕਿਟ ਦਾ ਚੱਕਰ ਮਾਰਦਾ ਨੱਲ ਬਾਜ਼ਾਰ ਦੀ ਭੀੜੀ ਸੜਕ ਵਿਚੋਂ ਲੰਘ ਰਿਹਾ ਹੈ; ਘਰਾਂ ਵਾਲੇ ਜਲੂਸ ਵਾਲਿਆਂ ਦੇ ਨਾਲ ਜਿਵੇਂ ਇਕ ਮਿਕ ਹੋ ਗਏ ਹਨ। ਦਿਲ ਨੂੰ ਹੁਲਾਰਾ ਦੇਣ ਵਾਲਾ ਦ੍ਰਿਸ਼ ਹੈ। ਅੱਗੇ ਵਧ ਵਧ ਕੇ ਲੋਕੀਂ ਸਾਨੂੰ ਕੋਕਾ ਕੋਲਾ, ਸ਼ਰਬਤ ਅਤੇ ਚਾਹ ਪਿਲਾ ਰਹੇ ਹਨ। ਸਦਾ ਇਵੇਂ ਹੁੰਦਾ ਹੈ। ਇੰਜ ਲਗਦਾ ਹੈ, ਜਿਵੇਂ ਇਕ ਪਰਵਾਰ ਇਕੱਠਾ ਜੁੜ ਬੈਠਾ ਹੋਵੇ। ਹਜ਼ਾਰਾਂ ਮਿੱਤਰ ਚਿਹਰਿਆਂ ਦੇ ਅੱਕਸ ਮੇਰਾ ਦਿਲ ਮੁਨੱਵਰ ਕਰ ਰਹੇ ਹਨ। ਜਨਤਾ ਨੂੰ ਇੰਜ ਗਲਵਕੜੀ ਮਾਰਨ ਤੋਂ ਵਧ ਖ਼ੁਸ਼ੀ ਇਕ ਕਲਾਕਾਰ ਨੂੰ ਕੀ ਮਿਲ ਸਕਦੀ ਹੈ ?

ਇਹ ਉਨਮਾਦ ਇਹਨਾਂ ਸੜਕਾਂ ਤੇ ਕਦੇ 'ਰਸ਼ੀਦ ਡੇ' ਵਾਲੇ ਦਿਨ ਵੇਖਿਆ ਸੀ, ਜਦੋਂ 'ਆਜ਼ਾਦ ਹਿੰਦ ਫ਼ੌਜ' ਦੀ ਬਾਂਹ ਫੜਨ ਲਈ ਬੰਬਈ ਸ਼ਹਿਰ ਦਾ ਬੱਚਾ ਬੱਚਾ ਉੱਠ ਖਲੋਤਾ ਸੀ। ਇਹੀ ਵਲਵਲੇ ਜਹਾਜ਼ੀਆਂ ਦੀ ਬਗ਼ਾਵਤ ਵੇਲੇ ਵੇਖਣ ਵਿਚ ਆਏ ਸਨ, ਜਦੋਂ ਹਿੰਦੂਆਂ ਮੁਸਲਮਾਨਾਂ ਨੇ ਰਲ ਕੇ ਗੋਰੀਆਂ ਫ਼ੌਜਾਂ ਨਾਲ ਲੋਹਾ ਲਿਆ ਸੀ। ਇਹਨਾਂ ਹੀ ਸੜਕਾਂ ਤੇ ਫ਼ਿਲਮ ਅਤੇ ਨਾਟਕ ਕਲਾਕਾਰਾਂ ਨੇ ਅਮਨ-ਜਲੂਸ ਕਢਿਆ ਸੀ, ਜਿਸ ਦੇ ਫਲ-ਸਰੂਪ ਬੰਬਈ ਸ਼ਹਿਰ ਵਿਚ ਫ਼ਸਾਦਾਂ ਦੀ ਨਹੂਸਤ ਸਿਰ ਨਾ ਚੁਕ ਸਕੀ। ਇਹਨਾਂ ਹੀ ਗਲੀਆਂ ਵਿਚ 'ਇਪਟਾ' ਦੇ ਅਸੀਂ ਡਰਾਮੇ ਖੇਡਦੇ ਸਾਂ। ਖ਼ੁਦ ਆਪਣੀ ਅੱਖੀਂ ਵੇਖਦੇ ਸਾਂ, ਜਨਤਾ ਦੇ ਦਿਲਾਂ ਵਿਚ ਅਗਾਂਹ-ਵਧੂ ਵਿਚਾਰਾਂ ਲਈ, ਜੀਵਨ ਨੂੰ ਸੰਵਾਰਨ ਅਤੇ ਸੁਧਾਰਨ ਲਈ, ਇਲਮ ਦੀ ਦੌਲਤ ਲਈ, ਕਿਤਨੀ ਤੀਬਰ ਅਤੇ ਡੂੰਘੀ ਲਾਲਸਾ ਹੈ। ਮੇਰੇ ਜੀਵਨ ਦੀਆਂ ਸਭ ਤੋਂ ਪਵਿੱਤਰ ਤੇ ਸੋਹਣੀਆਂ ਯਾਦਾਂ ਹਨ ਉਹ। ਉਹ ਯਾਦਾਂ

ਮੈਨੂੰ ਘੇਰ ਰਹੀਆਂ ਹਨ। ਅਜ ਦਾ ਜਲੂਸ ਵੀ ਤਾਂ ਉਹਨਾਂ ਹੀ ਪਰੰਪਰਾਵਾਂ ਨੂੰ ਸੁਰਜੀਤ ਕਰ ਰਿਹਾ ਹੈ, ਜਿਵੇਂ ਉਹ ਦਿਨ ਫੇਰ ਮੁੜ ਆਏ ਹੋਣ। ਜਦੋਂ ਵੀ ਅਲੀ ਸਰਦਾਰ ਜ਼ਾਫ਼ਰੀ ਨਾਲ ਅੱਖ ਮਿਲਦੀ ਹੈ, ਇਹੋ ਸੁਨੇਹੇ ਮੈਨੂੰ ਉਸ ਵਲੋਂ ਆਉਂਦੇ ਪਰਤੀਤ ਹੁੰਦੇ ਹਨ। ਕਾਸ਼, ਅੱਜ ਫੇਰ ਪ੍ਰਿਥਵੀ ਰਾਜ ਕਪੂਰ ਸਾਡੇ ਨਾਲ ਹੁੰਦੇ, ਦਲੀਪ ਕੁਮਾਰ ਹੁੰਦਾ, ਸਾਹਿਰ, ਮਜਰੂਹ, ਪ੍ਰੇਮ ਧਵਨ, ਰਾਜਿੰਦਰ ਸਿੰਘ ਬੇਦੀ ਤੇ ਖ਼ਵਾਜਾ ਅਹਿਮਦ ਅੱਬਾਸ ਹੁੰਦੇ। ਉਹਨਾਂ ਦੇ ਦਿਲ ਤਾਂ ਸਾਡੇ ਨਾਲ ਹੀ ਹਨ। ਅਖ਼ਬਾਰਾਂ ਵਿਚ ਬਿਆਨ ਵੀ ਅਸਾਂ ਇਕੱਠਿਆਂ ਹੀ ਦਿਤੇ ਸਨ।

ਰਾਵਲਪਿੰਡੀ ਦੇ ਫ਼ਸਾਦਾਂ ਵਿਚ ਅਨੁਭਵ ਕੀਤੀਆਂ ਅੱਲਾ ਹੋ ਅਕਬਰ ਦੇ ਨਾਅਰੇ ਦੀਆਂ ਮਾਰੂ ਸਹਿਮਾਂ ਮੈਨੂੰ ਭੁੱਲਣ ਲਗ ਪਈਆਂ। ਮੈਨੂੰ ਪਿਆਰਾ ਪਿਆਰਾ ਲਗਣ ਲਗ ਪਿਆ ਇਹ ਨਾਅਰਾ। ਅੱਜ ਉਹ ਮੇਰੇ ਦੇਸ਼ ਦੀ ਸੈਕੂਲਰ ਵਿਚਾਰਧਾਰਾ ਦਾ ਪ੍ਰਤੀਕ ਬਣ ਗਿਆ ਸੀ, ਜਿਸ ਵਿਚ ਭਗਵਾਨ ਦਾ ਨਾਮ ਹਰ ਰੂਪ ਵਿਚ ਪਵਿੱਤਰ ਹੈ, ਕੇਵਲ ਕਾਗਜ਼ ਉਪਰ ਨਹੀਂ, ਬਲਕਿ ਅਮਲ ਵਿਚ, ਪੂਰੇ ਧੜੱਲੇ ਨਾਲ। ਕਿਤਨੀ ਖ਼ੁਸ਼ੀ ਹੋ ਰਹੀ ਸੀ, ਮੁਸਲਿਮ ਅਕਲੀਅਤ ਨੂੰ ਨਿਸੰਗ ਹੋ ਕੇ ਆਪਣਾ ਜਨਮ-ਸਿੱਧ ਅਧਿਕਾਰ ਵਰਤਦਿਆਂ ਵੇਖ ਵੇਖ ਕੇ। ਸਦਾ ਸੁਖੀ ਰਹਿਣ ਇਹ। ਇਹਨਾਂ ਨੂੰ ਕਦੇ ਤੱਤੀ 'ਵਾ ਨਾ ਲਗੇ। ਮੇਰੇ ਦੇਸ਼ ਦਾ ਰਾਸ਼ਟਰਪਤੀ ਵੀ ਤਾਂ ਏਸੇ ਅਕਲੀਅਤ ਦਾ ਸਪੂਤ ਹੈ। ਦੇਸ਼-ਕਲਿਆਣ ਦੀਆਂ ਦਾਤਾਂ ਮੰਗਣ ਵੇਲੇ ਉਹ ਵੀ ਤਾਂ ਅੱਲਾਹ ਦੀ ਦਰਗਾਹ ਵਿਚ ਸਿਜਦਾ ਕਰਦਾ ਹੈ।

ਲੱਖ ਸੈ ਮੁਬਾਰਕਾਂ ਬੰਬਈ ਦੇ ਮੁਸਲਿਮ ਨਾਗਰਿਕਾਂ ਨੂੰ, ਜਿਨ੍ਹਾਂ ਸਭ ਤੋਂ ਅੱਗੇ ਵਧ ਕੇ ਆਪਣਾ ਸਾਮਰਾਜ-ਵਿਰੋਧੀ ਕਰਤੱਵ ਨਿਭਾਇਆਂ। ਜੇ ਨਮੋਸ਼ੀ ਹੈ, ਤਾਂ ਕੇਵਲ ਇਸ ਗੱਲ ਦੀ ਕਿ ਹਿੰਦੂਆਂ ਨੇ ਆਪਣਾ ਫ਼ਰਜ਼ ਨਹੀਂ ਪਛਾਣਿਆਂ ਜਦ ਕਿ ਹਿੰਦ-ਸਰਕਾਰ ਦੀ ਨਿਆਉਂ-ਪੂਰਨ ਪਾਲਿਸੀ ਦਾ ਸਮਰਥਨ ਕਰਨ ਲਈ ਉਹਨਾਂ ਨੂੰ ਸਭ ਤੋਂ ਅੱਗੇ ਹੋਣਾ ਚਾਹੀਦਾ ਸੀ......

ਹੌਲੀ ਹੌਲੀ ਫੇਰ ਨਿਰਾਸ਼ਤਾ ਮਨ ਨੂੰ ਘੇਰਨ ਲਗ ਪੈਂਦੀ ਹੈ। ਸਤਹਿ ਤੋਂ ਕਿਤਨਾ ਕੁ ਡੂੰਘਾ ਹੈ ਸਾਡਾ ਸੈਕੂਲਰਵਾਦ, ਜਿਸ ਉਪਰ ਮੈਂ ਇਤਨਾ ਅਭਿਮਾਨ ਕਰ ਰਿਹਾ ਹਾਂ। ਬਿਲਫ਼ਰਜ਼ ਜੇ ਹਿੰਦੂ ਵੀ ਸ਼ਾਮਲ ਹੁੰਦੇ, ਅਤੇ ਉਹਨਾਂ ਦੀ ਕੋਈ ਟੋਲੀ "ਅੱਲਾ ਹੋ ਅਕਬਰ" ਦੇ ਜਵਾਬ ਵਿਚ "ਹਰ ਹਰ ਮਹਾਂਦੇਵ" ਦਾ ਨਾਅਰਾ ਚੁਕ ਲੈਂਦੀ, ਪਤਾ ਨਹੀਂ ਕਿਥੇ ਕੀ ਭਾਣਾ ਵਰਤ ਜਾਂਦਾ ? ਇਹੋ

ਗਲੀ ਰੱਬ ਦੇ ਨਾਂ ਤੇ ਕਿਤਨਿਆਂ ਬੇਦੋਸਿਆਂ ਦੇ ਖ਼ੂਨ ਨਾਲ ਰੰਗੀ ਜਾਂਦੀ ?

ਇੰਜ ਲਗਿਆ, ਜਿਵੇਂ ਅਵਾਮ ਨੂੰ ਮੂਰਖਤਾ ਦੀ ਦਲਦਲ ਵਿਚ ਖੋਭੀ ਰਖਣ ਦੀ ਕੋਈ ਮਹਾਨ ਸਾਜ਼ਸ਼ ਚਲ ਰਹੀ ਹੋਵੇ। ਕਲ੍ਹ ਇਸ ਗਲੀ ਦੀ ਜ਼ਿੰਦਗੀ ਫੇਰ ਆਪਣੀ ਪੁਰਾਣੀ ਟੋਰ ਚਲ ਪਏਗੀ। ਹਰ ਕਿਸੇ ਨੂੰ ਆਪੋ ਆਪਣੀ ਪੈ ਜਾਵੇਗੀ। ਇਕ ਦੂਜੇ ਦੇ ਦੁਖ ਦਰਦ ਦਾ ਕਿਸੇ ਨੂੰ ਕੋਈ ਧਿਆਨ ਨਹੀਂ ਰਹੇਗਾ। ਜਿਹੜਾ ਵੀ ਭੁੱਖ ਦਾ, ਬੇਰੁਜ਼ਗਾਰੀ ਦਾ, ਅਨਿਆਉਂ ਦਾ, ਬੁਢਾਪੇ ਦਾ, ਸ਼ਿਕਾਰ ਹੋ ਕੇ ਰਾਹ ਵਿਚ ਡਿੱਗ ਪਏਗਾ, ਪੈਰਾਂ ਹੇਠ ਕੁਚਲ ਕੇ ਲੋਕੀਂ ਉਹਨੂੰ ਲੰਘ ਜਾਣਗੇ। ਕਿਸੇ ਨੂੰ ਅੱਖ ਚੁਕ ਕੇ ਉਸ ਪਾਸੇ ਵੇਖਣ ਦੀ ਫ਼ੁਰਸਤ ਨਹੀਂ ਹੋਵੇਗੀ। ਬਾਰਸ਼ਾਂ ਕਾਰਨ ਡਿੱਗੇ ਮਕਾਨਾਂ ਹੇਠ ਦੱਬ ਕੇ ਮਰ ਜਾਣ ਵਾਲਿਆਂ ਦੀਆਂ ਖ਼ਬਰਾਂ, ਹੋਟਲਾਂ ਵਿਚ ਭੋਜਨ ਦੀ ਥਾਂ ਜ਼ਹਿਰ ਖਾ ਕੇ ਮਰ ਜਾਣ ਵਾਲਿਆਂ ਦੀਆਂ ਖ਼ਬਰਾਂ, ਹਕੂਮਤ ਦੀ "ਕਾਮਯਾਬ" ਦਾਰੂਬੰਦ ਪਾਲਿਸੀ ਸਦਕੇ ਵਾਰਨਿਸ਼ ਤੇ ਸਪਿਰਟ ਪੀ ਪੀ ਕੇ ਮਰ ਜਾਣ ਵਾਲਿਆਂ ਦੀਆਂ ਖ਼ਬਰਾਂ, ਫੁਟਪਾਥ ਉਪਰ ਸੁੱਤਿਆਂ ਦੇ ਟਰੱਕਾਂ ਹੇਠ ਕੁਚਲ ਕੇ ਮਰ ਜਾਣ ਦੀਆਂ ਖ਼ਬਰਾਂ, ਇਹਨਾਂ ਨੂੰ ਖ਼ੁਸ਼ਕ ਤੇ ਅਕਾਵੀਆਂ ਜਾਪਣਗੀਆਂ। ਇਹ ਸ਼ੌਕ ਨਾਲ ਪੜ੍ਹਨਗੇ ਲੀਡਰਾਂ ਦੇ ਗਰਮ ਗਰਮ ਭਾਸ਼ਣ, ਅਮੀਰਾਂ ਦੀਆਂ ਅੱਯਾਸ਼ੀਆਂ ਦੇ ਲੱਜ਼ਤਦਾਰ ਕਿੱਸੇ, ਫ਼ਿਲਮ ਸਟਾਰਾਂ ਦੇ ਤਲਿਸਮੀਂ ਮੁਆਸ਼ਕਿਆਂ ਦੇ ਹਾਲਾਤ। ਇਹ ਇਸ ਗਲੀ ਦੀ ਗੰਦਗੀ ਨੂੰ ਨਹੀਂ ਵੇਖਣਗੇ। ਇਹਨਾਂ ਦੀ ਕਲਪਨਾ ਵਿਚਰੇਗੀ, ਮਾਲਾਬਾਰ ਹਿੱਲ ਦੇ ਤੀਹ ਤੀਹ ਮੰਜ਼ਲੇ ਏਅਰਕੰਡੀਸ਼ਨ ਮਹਿਲਾਂ ਵਿਚ।

ਮੇਰੀਆਂ ਨਜ਼ਰਾਂ ਉੱਡ ਉੱਡ ਕੇ ਹਜੂਮ ਵਲ ਜਾਂਦੀਆਂ ਹਨ। ਇਕ ਇਕ ਮਕਾਨ ਨੂੰ, ਬਾਰੀਆਂ ਅਤੇ ਛੱਜਿਆਂ ਉਤੋਂ ਉਲਰੇ ਹੋਏ ਇਕ ਇਕ ਚਿਹਰੇ ਨੂੰ ਮੈਂ ਗਹੁ ਨਾਲ ਵੇਖਦਾ ਹਾਂ। ਉਸ ਦੀ ਮਾਸੂਮੀਅਤ, ਉਸ ਦੀ ਅਗਿਆਨਤਾ, ਉਸ ਦੀ ਬੇਚਾਰਗੀ ਮੈਨੂੰ ਵਿੰਨ੍ਹਦੀ ਹੈ। ਘੁਪ-ਹਨੇਰੇ, ਗੰਦੇ, ਕੁਰਬਲ ਕੁਰਬਲ ਕਰਦੇ ਕਮਰਿਆਂ ਵਿਚ ਨਰਕ ਭੋਗਦੇ ਜੀਆਂ ਦੇ ਪੀਲੇ ਪੀਲੇ ਲਿੱਸੇ ਲਿੱਸੇ ਚਿਹਰੇ। ਤੰਗੀਆਂ ਅਤੇ ਚਿੰਤਾਵਾਂ ਨਾਲ ਮੁਰਝਾਏ ਹੋਏ, ਹਰਾਸਾਂ ਪਰੇਸ਼ਾਨ ਚਿਹਰੇ। ਲੱਭੀਂਦੀਆਂ ਰੌਣਕਾਂ ਅਤੇ ਸਹੂਲਤਾਂ ਤੋਂ ਮਹਿਰੂਮ ਉਦਾਸ ਬੱਚੇ। ਕਿਤਨਾਂ ਗ਼ਰੀਬ, ਕਿਤਨਾ ਪਛੜਿਆ ਹੋਇਆ ਹੈ ਮੇਰਾ ਦੇਸ਼। ਕਿਵੇਂ ਡਿਗੂੰ ਡਿਗੂੰ ਕਰ ਰਹੀਆਂ ਹਨ ਇਮਾਰਤਾਂ। ਇਕ ਨੂੰ ਛੱਜੇ ਥੱਲੇ ਲੱਕੜੀ ਦੀਆਂ ਸ਼ਤੀਰੀਆਂ ਅਟਕਾ ਕੇ ਡਿੱਗਣ ਤੋਂ ਬਚਾਇਆ ਹੋਇਆ ਸੀ। ਰੋਜ਼ ਅਜਿਹੇ ਮਕਾਨਾਂ ਦੇ

ਡਿੱਗ ਪੈਣ ਦੀਆਂ ਖ਼ਬਰਾਂ ਛਪਦੀਆਂ ਹਨ। ਕਿਤਨੇ ਲੋਕ ਮਲਬੇ ਹੇਠ ਕੀੜਿਆਂ ਮਕੌੜਿਆਂ ਵਾਂਗ ਦਬ ਕੇ ਮਰ ਜਾਂਦੇ ਹਨ। ਪਰ ਜੀਵਨ ਉਵੇਂ ਹੀ ਤੁਰੀ ਜਾਂਦਾ ਹੈ। ਵੀਹ ਸਾਲ ਹੋਏ ਮੁਲਕ ਨੂੰ ਆਜ਼ਾਦ ਹੋਇਆਂ, ਪਰ ਪੀਲਾ ਹਾਊਸ ਤੇ ਨੱਲ ਬਾਜ਼ਾਰ ਦੀ ਰਿਹਾਇਸ਼ ਵਿਚ ਕੋਈ ਫ਼ਰਕ ਨਹੀਂ ਆਇਆ, ਸਗੋਂ ਹੋਰ ਕੁਚੀਲ ਤੇ ਗੰਦੀ ਹੋ ਗਈ ਹੈ। ਹਾਂ ਅਲਬੱਤਾ ਉਹਨਾਂ ਇਲਾਕਿਆਂ ਦੀ ਸ਼ਾਨ ਦਸ ਗੁਣਾਂ ਵਧ ਗਈ ਹੈ, ਜਿਨ੍ਹਾਂ ਵਿਚ ਵਜ਼ੀਰ, ਲੀਡਰ, ਅਤੇ ਉਹਨਾਂ ਦੇ ਸਰਪ੍ਰਸਤ ਰਹਿੰਦੇ ਹਨ।

ਫੇਰ ਵੀ ਅਵਾਮ ਦੀਆਂ ਨਿਗਾਹਾਂ ਲੀਡਰਾਂ ਉਪਰ ਹੀ ਟਿੱਕੀਆਂ ਰਹਿੰਦੀਆਂ ਹਨ, ਜਿਵੇਂ ਅਚਾਨਕ ਕਿਸੇ ਦਿਨ ਕੋਈ ਜਾਦੂ ਮੰਤਰ ਕਰ ਕੇ ਸਾਰੀਆਂ ਮੁਸ਼ਕਲਾਂ ਹਲ ਕਰ ਦੇਣਗੇ -- ਉਹੀ ਲੀਡਰ, ਜਿਨ੍ਹਾਂ ਦੀਆਂ ਮੁੱਢਲੀਆਂ ਪਰੇਰਨਾਵਾਂ ਸਦਾ ਤੋਂ ਵਿਅਕਤੀ ਅਤੇ ਕਟੰਬੀ ਰਸੂਖ, ਤਰੱਕੀ, ਅਤੇ ਪੈਸੇ ਦੇ ਲਾਲਚਾਂ ਵਿਚ ਘਿਰੀਆਂ ਰਹੀਆਂ ਹਨ। ਜੋ ਆਪ ਵੀ ਗੁਮਰਾਹ ਹਨ, ਅਤੇ ਜਨਤਾ ਨੂੰ ਵੀ ਹਨੇਰੀਆਂ ਰਾਹਾਂ ਤੇ ਧੱਕੀ ਜਾ ਰਹੇ ਹਨ।

ਕੋਈ ਤੁਰੇ ਏਸ ਜਲੂਸ ਨਾਲ ਫੇਰ ਹਕੀਕਤਾਂ ਸਮਝ ਵਿਚ ਆਉਣ। ਕੋਈ ਵੇਖੇ ਕਿਵੇਂ ਗਰਾਂਟ ਰੋਡ ਦੇ ਗ਼ੈਰ-ਮੁਸਲਿਮ ਇਲਾਕੇ ਵਿਚ ਦਾਖ਼ਲ ਹੁੰਦਿਆਂ ਤਕ ਜਲੂਸ ਅੱਧਾ ਰਹਿ ਗਿਆ ਸੀ। ਕਦਮ ਕਿਵੇਂ ਫੇਰ ਸੁਸਤ ਹੋ ਗਏ ਸਨ। ਆਤਮ-ਵਿਸ਼ਵਾਸ ਕਿਵੇਂ ਮੁੜ ਗ਼ਾਇਬ ਹੋਣ ਲਗ ਪਿਆ ਸੀ। ਕਿਵੇਂ ਨਾਅਰੇ ਮਾਰਨ ਲਈ ਮੁੜ ਉਕਸਾਣ ਦੀ ਲੋੜ ਪੈਣ ਲਗ ਪਈ ਸੀ। ਉਹੀ ਰਾਹਗੁਜ਼ਰੂ ਜੋ ਗਾਂਧੀ ਜਯੰਤੀ ਵਾਲੇ ਦਿਨ ਬੜੀ ਸ਼ਰਧਾ ਨਾਲ :

"ਈਸ਼ਵਰ ਅੱਲਾ ਤੇਰੇ ਨਾਮ
ਸਭ ਕੋ ਸੁਮਤੀ ਦੇ ਭਗਵਾਨ।"

ਗਾਂਦੇ ਹਨ, ਏਸ ਵੇਲੇ ਅੱਲਾ ਹੋ ਅਕਬਰ ਦਾ ਨਾਅਰਾ ਸੁਣ ਕੇ ਇੰਜ ਚਮਕ ਜਾਂਦੇ ਸਨ, ਜਿਵੇਂ ਅਕਸਮਾਤ ਉਹਨਾਂ ਦੇ ਪਿੰਡੇ ਤੇ ਕਿਸੇ ਚਾਬਕ ਕੱਢ ਮਾਰੀ ਹੋਵੇ। ਜਿਵੇਂ ਖੜਿਆਂ ਖਲੋਤਿਆਂ ਉਹਨਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਹੋਵੇ......

ਗਰਾਂਟ ਰੋਡ ਦਾ ਪੁਲ ਪਾਰ ਕਰ ਕੇ ਜਲੂਸ ਗਵਾਲੀਆ ਟੈਂਕ ਮੈਦਾਨ ਪਹੁੰਚਿਆ। ਅਸਮਾਨ ਦੇ ਸਾਰੇ ਛਿਦਰ ਖੋਲ੍ਹ ਕੇ ਗੋਤੇਗੋਤ ਕੀਤਾ ਹੋਇਆ ਸੀ, ਸਾਨੂੰ ਬਾਰਸ਼ ਨੇ। ਥੋੜੇ ਚਿਰ ਬਾਅਦ ਬਾਰਸ਼ ਰੁਕੀ। ਜਲਸਾ ਸ਼ੁਰੂ ਹੋਇਆ।

ਜਨਤਾ ਗਿੱਲੀ ਧਰਤ ਤੇ ਬਹਿ ਗਈ। ਅਸੀਂ ਨੇਤਾ ਗਣ ਮੰਚ ਉਪਰ ਡਠੀਆਂ ਕੁਰਸੀਆਂ ਤੇ ਬਿਰਾਜਮਾਨ ਹੋਏ। ਖ਼ੌਰੇ ਕਲ੍ਹ ਇਸ ਮਜਮੇ ਵਿਚੋਂ ਕਿਤਨਿਆਂ ਨੂੰ ਜ਼ੁਕਾਮ ਹੋਵੇਗਾ ਅਤੇ ਕਿਤਨਿਆਂ ਨੂੰ ਫ਼ਲੂ। ਖ਼ੌਰੇ ਕਿਤਨਿਆਂ ਕੋਲ ਦਵਾਈ ਖ਼ਰੀਦਣ ਦੀ ਵੀ ਤੌਫ਼ੀਕ ਨਹੀਂ ਹੋਵੇਗੀ।

ਉਹ ਰੂਪਮਤੀ ਮਹਿਲਾ, ਜਲੂਸ ਦੀ ਇਕਲੌਤੀ ਲਾਡਲੀ, ਮੇਰੇ ਨਾਲ ਦੀ ਕੁਰਸੀ ਤੇ ਬਹਿ ਗਈ। ਜਲੂਸ ਵਿਚ ਕਾਫ਼ੀ ਚਿਰ ਮੇਰੀਆਂ ਨਜ਼ਰਾਂ ਤੋਂ ਗੁਆਚੀ ਰਹੀ ਸੀ। ਮੈਂ ਅੰਦਾਜ਼ਾ ਕੀਤਾ ਸੀ, ਥੋੜਾ ਚਿਰ ਹਾਜ਼ਰੀ ਦੇ ਕੇ ਆਪਣੇ ਘਰ ਪਰਤ ਗਈ ਹੋਵੇਗੀ। ਪਰ ਗਰਾਂਟ ਰੋਡ ਤੇ, ਜਦੋਂ ਭੀੜ ਕਿਰ ਗਈ ਸੀ, ਫੇਰ ਉਸ ਦੇ ਦਰਸ਼ਨ ਹੋਏ ਸਨ। ਹੁਣ ਉਸ ਨੇ ਸਾੜ੍ਹੀ ਉਪਰ ਪਤਲਾ ਜਿਹਾ ਚਿੱਟਾ ਪਲਾਸਟਕ ਦਾ ਕੋਟ, ਸ਼ਾਇਦ ਰਾਹ ਵਿਚ ਕਿਸੇ ਤੋਂ ਮੰਗ ਕੇ, ਪਾ ਲਿਆ ਸੀ, ਜਿਸ ਵਿਚ, ਗਿੱਲੇ ਵਾਲਾਂ ਕਾਰਨ, ਉਹ ਹੋਰ ਵੀ ਸੁਹਣੀ ਲਗਣ ਲਗ ਪਈ ਸੀ। ਮੈਂ ਆਪਣੇ ਸਿਰ ਤੇ ਸਾਰਾ ਵਕਤ ਇਕ ਲਾਲ ਜਿਹੀ ਕਪੜੇ ਦੀ ਹੈਟ ਪਾਈ ਰਖੀ ਸੀ, ਜਿਸ ਦਾ ਰੰਗ ਬਾਰਸ਼ ਵਿਚ ਖ਼ੁਰ ਖ਼ੁਰ ਕੇ ਮੇਰੀ ਚਿੱਟੀ ਬੁਸ਼ਰਟ ਨੂੰ ਰੰਗ ਰਿਹਾ ਸੀ। ਮੈਨੂੰ ਵੇਖ ਕੇ ਉਹ ਬੇਸਾਖ਼ਤਾ ਹੱਸ ਪਈ ਸੀ, ਅੰਗਰੇਜ਼ੀ ਵਿਚ ਕਹਿਣ ਲਗੀ —

"ਤੂੰ ਆਪਣਾ ਵਾਹ ਵਾਹ ਇੰਤਜ਼ਾਮ ਕਰ ਕੇ ਘਰੋਂ ਨਿਕਲਿਆ ਏਂ। ਬੂਟ ਵੀ ਫ਼ੌਜੀ ਪਾਏ ਹੋਏ ਨੀ।"

"ਅਸਾਂ ਫ਼ਿਲਮ ਐਕਟਰਾਂ ਨੂੰ ਜਲੂਸਾਂ ਦਾ ਬੜਾ ਤਜਰਬਾ ਹੈ।"

ਉਹ ਫੇਰ ਹੱਸ ਪਈ। ਹੁਣ ਮੈਂ ਵੇਖਿਆ ਕਿ ਉਸ ਦੀ ਚੱਪਲ ਟੁੱਟ ਗਈ ਹੈ, ਅਤੇ ਉਹ ਪੈਰ ਘੜੀਸ ਘੜੀਸ ਕੇ ਟੁਰ ਰਹੀ ਹੈ। ਉਹ ਵੀ ਜਲੂਸ ਨਾਲ ਪੂਰੇ ਛੇ ਮੀਲ ਟੁਰੀ ਸੀ। ਮੈਂ ਉਸ ਨੂੰ ਬੜੀ ਇੱਜ਼ਤ ਦੀਆਂ ਨਜ਼ਰਾਂ ਨਾਲ ਵੇਖਣ ਲਗ ਪਿਆ ਸਾਂ।......

ਤਕਰੀਰਾਂ ਸ਼ੁਰੂ ਹੋਈਆਂ। ਨਿਰੋਲ ਮਜ਼ਹਬੀ ਜੋਸ਼ ਵਾਲੀਆਂ ਵੀ, ਅਤੇ ਕਦਰੇ ਸੂਝਵਾਨ ਵੀ। ਇਕ ਵਕਤਾ ਨੇ ਕਿਹਾ —

"ਤਵਾਰੀਖ਼ ਸ਼ਹਿਦ ਹੈ ਯਿਹ ਯਹੂਦੀ ਹਮੇਸ਼ਾ ਮੱਕਾਰ ਰਹੇ ਹੈਂ"......

ਅਤੇ ਮੇਰੀਆਂ ਅੱਖਾਂ ਅਗੇ ਹਿਟਲਰ ਦੇ ਮਨੁੱਖੀ ਬੁੱਚੜਖ਼ਾਨਿਆਂ ਦੀਆਂ ਤਸਵੀਰਾਂ ਫਿਰ ਗਈਆਂ ਜਿਨ੍ਹਾਂ ਵਿਚ ੩੦ ਲੱਖ ਨਿਰਦੋਸ਼ ਯਹੂਦੀ ਮਰਦਾਂ, ਔਰਤਾਂ ਅਤੇ ਬੱਚਿਆਂ ਨੂੰ ਅਕਹਿ ਤਸੀਹੇ ਦੇ ਦੇ ਕੇ ਯਮਲੋਕ ਪਹੁੰਚਾਇਆ

ਗਿਆ ਸੀ, ਜੋ ਮਾਨਵਤਾ ਦੇ ਚਿਹਰੇ ਤੇ ਇਕ ਅਜਿਹਾ ਕਲੰਕ ਹਨ, ਜਿਹੜਾ ਉਹ ਕਦੀ ਮੇਟ ਨਹੀਂ ਸਕੇਗੀ। ਪਤਾ ਨਹੀਂ ਕਿਹੜੀ ਮੁੱਸੀ ਹੋਈ ਦੁਨੀਆਂ ਵਿਚ ਰਹਿੰਦੇ ਹਨ ਇਹ ਮਜ਼ਹਬੀ ਠੇਕੇਦਾਰ। ਪਰਾਏ ਮਜ਼ਹਬਾਂ ਲਈ ਝਟ ਇਹਨਾਂ ਦੀਆਂ ਜ਼ਬਾਨਾਂ ਤੇ ਗਾਲ੍ਹਾਂ ਚੜ੍ਹ ਆਉਂਦੀਆਂ ਹਨ।

ਇਕ ਹੋਰ ਵਕਤਾ ਨੇ ਕਿਹਾ, "ਯਹੂਦੀ ਕਹਿਤੇ ਹੈਂ ਕਿ ਆਜ ਸੇ ਡੇਢ ਹਜ਼ਾਰ ਸਾਲ ਪਹਿਲੇ ਉਨ ਕੇ ਆਬਾਓ-ਅਜਦਾਦ ਫ਼ਿਲਸਤੀਨ ਮੇਂ ਰਹਤੇ ਥੇ, ਇਸ ਲੀਏ ਕੁਲ ਦੁਨੀਆਂ ਕੇ ਯਹੂਦੀਓਂ ਕੋ ਹੱਕ ਹੈ ਕਿ ਵੋਹ ਨਏ ਸਿਰੇ ਸੇ ਫ਼ਿਲਸਤੀਨ, ਪਰ ਆਪਣੀ ਨੌਆਬਾਦੀਆਂ ਬਨਾਏਂ, ਖ਼ਾਹ ਵੋਹ ਅਮਰੀਕਨ ਹੋਂ, ਯਾ ਜਰਮਨ, ਯਾ ਕੁਛ ਔਰ। ਅਜੀਬ ਮੰਤਕ ਹੈ ਸਾਹਬ। ਫਿਰ ਤੋ ਤਿੱਬਤੀਉਂ ਕੋ ਭੀ ਯਿਹ ਕਹਿਣੇ ਕਾ ਹੱਕ ਹੈ ਕਿ ਉਨ ਕੇ ਪੈਗੰਬਰ ਭਗਵਾਨ ਬੁੱਧ ਚੂੰਕਿ ਗਯਾ ਮੇਂ ਪੈਦਾ ਹੂਏ ਥੇ ਇਸ ਲੀਏ ਬਿਹਾਰ ਕਾ ਸੂਬਾ ਉਨ ਕੇ ਹਵਾਲੇ ਕਰ ਦੇਣਾ ਚਾਹੀਏ......"

ਅਤੇ ਮੈਂ ਦਿਲ ਵਿਚ ਸੋਚਦਾ ਹਾਂ, ਜੇ ਇਹ ਮੰਤਕ ਹਾਸੋਹੀਣਾ ਹੈ ਤਾਂ ਕੀ ਮੇਰੇ ਪੰਜਾਬ ਨੂੰ ਮਜ਼ਹਬ ਦੇ ਨਾਂ ਤੇ ਟੋਟੇ ਕਰਨਾ ਹਾਸੋਹੀਣਾ ਮੰਤਕ ਨਹੀਂ ਸੀ? ਮੇਰੀ ਮਾਂ ਬੰਬਈ ਵਿਚ ਬੈਠੀ ਅਜੇ ਵੀ ਪਿੰਡੀ ਦਾ ਨਾਂ ਲੈ ਲੈ ਕੇ ਕੁਰਲਾਂਦੀ ਹੈ। ਕੀ ਮਜ਼ਹਬ ਦੀ ਦੁਹਾਈ ਦੇ ਕੇ ਉਹਨੂੰ ਉਥੋਂ ਨਠਾਣਾ ਹਾਸੋਹੀਣਾ ਮੰਤਕ ਨਹੀਂ ਸੀ? ਕੀ ਪੰਜਾਬੀਆਂ ਦੀ ਕੋਈ ਸਾਂਝੀ ਕੋਮੀਅਤ ਨਹੀਂ ਸੀ? ਕੋਈ ਸਾਂਝੀ ਕਲਚਰ ਨਹੀਂ ਸੀ?

ਡੇਢ ਹਜ਼ਾਰ ਸਾਲ ਦੇਸ਼ ਨਿਕਾਲੇ ਦੀ ਹਾਲਤ ਵਿਚ ਰਹਿ ਕੇ ਵੀ ਯਹੂਦੀ ਫ਼ਿਲਸਤੀਨ ਨੂੰ ਨਾ ਭੁੱਲ ਸਕੇ। ਇਸ ਨੂੰ ਵਕਤਾ ਹਾਸੋਹੀਣਾ ਮੰਤਕ ਆਖ ਰਿਹਾ ਸੀ। ਪਰ ਉਹਨਾਂ ਹੋਸ਼ਮੰਦਾਂ ਦਾ ਕੀ ਆਖ ਜਿਹੜੇ ਡੇਢ ਹਜ਼ਾਰ ਸਾਲ ਹਿੰਦੁਸਤਾਨ ਵਿਚ ਵੱਸ ਕੇ ਆਪਣੀ ਮਰਜ਼ੀ ਨਾਲ ਹਿੰਦੁਸਤਾਨ 'ਚੋਂ ਬਾਹਰ ਚਲੇ ਗਏ? ਉਸ ਮਾਦਰੇ ਵਤਨ ਨਾਲ ਜਿਸ ਦੇ ਚੱਪੇ ਚੱਪੇ ਤੇ ਉਹਨਾਂ ਦੇ ਪੁਰਖਿਆਂ ਦੀ ਛਾਪ ਸੀ ਕੱਤਾ-ਤਅੱਲਕ ਕਰ ਲਿਆ? ਕੀ ਉਸ ਵਿਰਸੇ ਤੋਂ ਕਦੀ ਵੀ ਉਹ ਆਪਣੇ ਆਪ ਨੂੰ ਅਲਹਿਦਾ ਕਰ ਸਕਦੇ ਹਨ?

ਅਤੇ ਮੇਰੇ ਮੂੰਹ ਵਿਚ ਕੁੜਿੱਤਣ ਜਿਹੀ ਘੁਲ ਗਈ। ਪਰਾਇਆਂ ਦੇ ਤਾਂ ਅਸੀਂ ਸਦਾ ਤੋਂ ਮਦਦਗਾਰ ਰਹੇ ਹਾਂ। ਆਪਣੇ ਮਦਦਗਾਰ ਕਦੋਂ ਬਣਾਂਗੇ?...

ਫੇਰ ਉਹ ਤੀਵੀਂ ਬੋਲਣ ਲਈ ਮਾਈਕ ਤੇ ਆਈ। ਸਾਹਿਬੇ ਸਦਰ ਨੇ

ਤੁਆਰਫ਼ ਕਰਾਂਦਿਆਂ ਦਸਿਆ। ਉਸ ਦਾ ਨਾਂ ਬੇਗਮ ਕਮਾਲ ਅਹਿਮਦ ਸੀ। ਸੰਯੁਕਤ ਰਾਸ਼ਟਰ ਦੀਆਂ ਸਭਾਵਾਂ ਵਿਚ ਉਹ ਭਾਰਤ ਦੀ ਪ੍ਰਤਿਨਿਧ ਬਣ ਕੇ ਜਾਂਦੀ ਰਹੀ ਸੀ।

ਤਕਰੀਰ ਸ਼ੁਰੂ ਕਰਦਿਆਂ ਸਾਰ ਉਹਨੇ ਫ਼ਿਰਕੂ ਸੋਚਾਂ ਦੀਆਂ ਧੱਜੀਆਂ ਉਡਾ ਦਿਤੀਆਂ। ਇਕ ਇਕ ਨੁਕਤੇ ਨੂੰ ਫੜਕੇ ਸੰਸਾਰ ਭਰ ਦੀਆਂ ਸਾਮਰਾਜੀ ਸਾਜ਼ਿਸ਼ਾਂ ਨੂੰ ਨੰਗਾ ਕੀਤਾ। ਦਸਿਆ ਕਿਵੇਂ ਯਹੂਦੀ ਅਵਾਮ ਵੀ ਉਤਨੇ ਹੀ ਇਹਨਾਂ ਸਾਜ਼ਸ਼ਾਂ ਦਾ ਸ਼ਿਕਾਰ ਹਨ, ਜਿਤਨੇ ਅਰਬ, ਹਿੰਦੁਸਤਾਨੀ, ਪਾਕਿਸਤਾਨੀ ਵੀਅਤਨਾਮੀ ਅਵਾਮ। ਕਿਵੇਂ ਗਿਣਤੀ ਦੇ ਧਨ-ਕੁਬੇਰ ਆਪਣੀਆਂ ਥੈਲੀਆਂ ਦੀ ਹਿਫ਼ਾਜ਼ਤ ਖ਼ਾਤਰ ਅਪਣੇ ਦੇਸ਼ ਦੇ, ਅਪਣੇ ਅਵਾਮ ਦੇ, ਮਫ਼ਾਦ ਨਾਲ ਧ੍ਰੋਹ ਕਰਦੇ ਹਨ। ਖ਼ਾਨਾਂ ਜੰਗੀਆਂ ਕਰਵਾਉਂਦੇ ਹਨ। ਆਪ ਦੇਸ਼-ਭਗਤੀ ਦੀ ਰਾਹ ਤੋਂ ਹਟ ਕੇ, ਤਰ੍ਹਾਂ ਤਰ੍ਹਾਂ ਦੀਆਂ ਚਲਾਕੀਆਂ ਨਾਲ ਅਵਾਮ ਦੇ ਦਿਲਾਂ ਵਿਚੋਂ ਵੀ ਦੇਸ਼-ਭਗਤੀ ਦੀਆਂ ਭਾਵਨਾਵਾਂ ਨੂੰ, ਕਦੇ ਮਜ਼ਹਬ ਦੇ ਨਾਂ ਤੇ, ਅਤੇ ਕਿਸੇ ਹੋਰ ਬਹਾਨੇ, ਖ਼ਾਰਜ ਕਰਨ ਦੀ ਕੋਸ਼ਸ਼ ਕਰਦੇ ਹਨ,। ਉਸ ਦਾ ਇਕ ਇਕ ਸ਼ਬਦ ਦੇਸ਼-ਪ੍ਰੇਮ ਨਾਲ ਓਤ-ਪੋਤ ਸੀ। ਜੋ ਜੋ ਮੈਂ ਰਾਹ ਵਿਚ ਸੋਚਦਾ ਆਇਆ ਸਾਂ ਨਿਧੜਕ ਉਸ ਦੇ ਬੁੱਲ੍ਹਾਂ ਤੇ ਆ ਰਿਹਾ ਸੀ। ਇਕ ਸਰੂਰ ਜਿਹਾ ਆਤਮ-ਵਿਸ਼ਵਾਸ ਦਾ ਉਸ ਦੇ ਚਿਹਰੇ ਤੇ ਖੇਡ ਰਿਹਾ ਸੀ। ਇੰਜ ਲਗਦਾ ਸੀ ਜਿਵੇਂ ਇੰਦਰਾ ਗਾਂਧੀ ਦੀ ਆਪਣੀ ਇਕ ਭੈਣ ਉਸ ਦਾ ਪੈਗਾਮ ਸੁਣਾਉਣ ਲਈ ਦਿੱਲੀਓਂ ਟੁਰ ਕੇ ਆਈ ਹੋਵੇ। ਜਿਵੇਂ ਪੁਰਾਣੇ ਦਿਨ ਫੇਰ ਪਰਤ ਆਏ ਹਣ। ਜਿਵੇਂ ਦੇਸ਼ ਦੀ ਆਜ਼ਾਦੀ ਲਈ ਜੂਝਣ ਵਾਲੇ ਸਾਰੇ ਸ਼ਹੀਦ ਅੱਜ ਜਲੂਸ ਵਿਚ ਸਾਡੇ ਨਾਲ ਟੁਰੇ ਹੋਣ। ਜਿਵੇਂ ਹਨੇਰਿਆਂ ਦੀ ਚਾਦਰ ਪਾੜ ਕੇ ਸੂਰਜ ਫੇਰ ਚਮਕਣ ਲਗ ਪਿਆ ਹੋਵੇ।

ਵੇਖਦਿਆਂ ਵੇਖਦਿਆਂ ਜਲਸੇ ਦੀ ਹਾਜ਼ਰੀ ਵਧਣੀ ਸ਼ੁਰੂ ਹੋ ਗਈ। ਜਿਵੇਂ ਜਿਵੇਂ ਕੋਈ ਅਦ੍ਰਿਸ਼ ਬਰਕੀ ਤਾਕਤ ਲੋਕਾਂ ਨੂੰ ਖਿਚ ਖਿਚ ਕੇ ਲਿਆ ਰਹੀ ਹੋਵੇ। ਉਹਨਾਂ ਦੇ ਕਦਮਾਂ ਨੂੰ ਆਪਣੇ ਆਪ ਗਵਾਲੀਆ ਟੈਂਕ ਮੈਦਾਨ ਵਲ ਪਰੇਰ ਰਹੀ ਹੋਵੇ। ਹਾਜ਼ਰੀ ਦੂਣੀ ਚੌਣੀ ਹੋ ਗਈ। ਹੁਣ ਇਹ ਜਲਸਾ ਕੇਵਲ ਮੁਸਲਮਾਨਾਂ ਦਾ ਨਹੀਂ ਸੀ। ਇਸ ਵਿਚ ਹਿੰਦੂਆਂ, ਪਾਰਸੀਆਂ, ਸਿੱਖਾਂ ਦੀਆਂ ਭੀੜਾਂ ਵੀ ਸ਼ਾਮਲ ਹੋ ਗਈਆਂ ਸਨ। ਸੱਚੇ ਮਾਅਨਿਆਂ ਵਿਚ ਇਹ ਹਿੰਦੁਸਤਾਨੀਆਂ ਦਾ ਜਲਸਾ ਬਣ ਗਿਆ ਸੀ। ਮੇਰਾ ਦਿਲ ਗ਼ਰੂਰ ਨਾਲ ਭਰ ਗਿਆ ਸੀ। ... ...

ਜਦੋਂ ਘਰ ਵਾਪਸ ਗਿਆ ਤਾਂ "ਆਰਸੀ" ਦੇ ਸੰਪਾਦਕ ਸਰਦਾਰ ਪ੍ਰੀਤਮ ਸਿੰਘ ਦੀ ਚਿੱਠੀ ਮਿਲੀ। ਇਸ ਵਿਚ ਉਹਨਾਂ ਮੇਰੇ ਪਾਕਿਸਤਾਨੀ ਸਫਰਨਾਮੇ ਨੂੰ, ਜੋ ਕਦੇ "ਪ੍ਰੀਤ ਲੜੀ" ਵਿਚ ਛਪਿਆ ਸੀ, ਪੰਜਾਬੀ ਵਿਚ ਪ੍ਰਕਾਸ਼ਿਤ ਕਰਨ ਦੀ ਖ਼ਾਹਸ਼ ਜ਼ਾਹਰ ਕੀਤੀ ਸੀ।

ਇਹ ਸਫ਼ਰਨਾਮਾ ਹਿੰਦੀ ਉਰਦੂ ਵਿਚ ਕਦੋਂ ਦਾ ਛਪ ਚੁਕਿਆ ਹੈ। ਮੈਨੂੰ ਇਸ ਗੱਲ ਦੀ ਗਿਲਾਨੀ ਸੀ ਕਿ ਜਿਸ ਜ਼ਬਾਨ ਵਿਚ ਮੈਂ ਲਿਖਿਆ ਉਸ ਵਿਚ ਪਹਿਲਾਂ ਨਾ ਛਪਿਆ। ਪਰ ਇਸ ਵਿਚ ਹੈਰਾਨੀ ਦੀ ਕੀ ਗੱਲ ਜਦ ਕਿ ਅਜੇ ਵੀ ਪੰਜਾਬੀਆਂ ਦੀ ਬਹੁ ਸੰਖਿਆ ਆਪਣੀ ਮਾਤ-ਭਾਸ਼ਾ ਨੂੰ ਸਭਿਆ ਬੋਲੀ ਦਾ ਦਰਜਾ ਦੇਣ ਲਈ ਤਿਆਰ ਨਹੀਂ? ਪੰਜਾਬੀ ਵਿਚ ਛਪਵਾਣ ਦਾ ਸ਼ੌਕ ਹੁਣ ਤੀਕਤ ਮੇਰਾ ਮਰ ਚੁਕਿਆ ਸੀ।

ਪਰ ਅਜ ਦੀਆਂ ਘਟਨਾਵਾਂ ਨੇ ਉਸ ਸ਼ੌਕ ਨੂੰ ਫਿਰ ਜਾਗਰਤ ਕਰ ਦਿਤਾ। ਮੈਨੂੰ ਮੌਕਾ ਮਿਲ ਗਿਆ ਕੁਝ ਨਵਾਂ ਮਸਾਲਾ ਭਰ ਕੇ ਪੰਜਾਬੀ ਐਡੀਸ਼ਨ ਵਿਚ ਅਣੋਖਤਾ ਲੈ ਆਉਣ ਦਾ। ਅਤੇ ਮੈਂ ਪ੍ਰੀਤਮ ਸਿੰਘ ਜੀ ਦਾ ਨਿਮੰਤਰਣ ਸਵੀਕਾਰ ਕਰ ਲਿਆ।

ਹਿੰਦੀ ਉਰਦੂ ਦੇ ਅਨੁਵਾਦਿਤ ਐਡੀਸ਼ਨਾਂ ਨੂੰ ਮੈਂ ਕਿਸੇ ਵਿਅਕਤੀ ਦੀ ਭੇਟਾ ਨਹੀਂ ਸੀ ਕੀਤਾ। ਪਰ ਪੰਜਾਬੀ ਐਡੀਸ਼ਨ ਸਮਰਪਣ ਕਰਨ ਲਈ ਅਜ ਇਕ ਵਿਅਕਤੀ ਲਭ ਪਿਆ ਸੀ।

ਬੜੇ ਪਿਆਰ, ਸਤਿਕਾਰ, ਤੇ ਮਾਣ ਨਾਲ, ਉਸ ਨਿਰਾਲੇ ਜਲੂਸ ਦੀ ਯਾਦ ਵਿਚ, ਮੈਂ ਇਹ ਨਾਚੀਜ਼ ਪੁਸਤਕ ਬੇਗਮ ਕਮਾਲ ਅਹਿਮਦ ਨੂੰ ਅਰਪਣ, ਕਰਦਾ ਹਾਂ।

●